ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

22-28 ਨਵੰਬਰ 2023

ਸਾਲ 14ਵਾਂ - ਅੰਕ 48
email : info@sadelok.com
Ph. : 510-706-1300
Fax : 925-373-1300

## ਕਿਸਾਨਾਂ ਵੱਲੋਂ ਜਲੰਧਰ-ਦਿੱਲੀ ਹਾਈਵੇਅ ਜਾਮ



(ਦੇਖੋ ਸਫ਼ਾ 23 'ਤੇ)

## ਦੋ ਸਿੱਖ ਜੱਜਾਂ ਦੇ ਨਾਵਾਂ ਨੂੰ ਮਨਜ਼ੂਰੀ ਨਾ ਦੇਣ ਲਈ ਸੁਪਰੀਮ ਕੋਰਟ ਨੇ ਕੇਂਦਰ ਦੀ ਕੀਤੀ ਖਿਚਾਈ

### ਨਿਯੁਕਤੀ ਰੋਕਣਾ ਗੁਲਾਮੀ ਦਾ ਅਹਿਸਾਸ ਕਰਵਾਉਣ ਬਰਾਬਰ: ਸਿੰਘ ਸਾਹਿਬ ਜਥੇਦਾਰ ਗਿ. ਰਘਬੀਰ ਸਿੰਘ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦੇਸ਼ ਦੀ ਸਰਵਉੱਚ ਅਦਾਲਤ ਵਲੋਂ ਕੀਤੀਆਂ ਸਿਫਾਰਿਸ਼ਾਂ ਦੇ ਬਾਵਜੂਦ ਦੋ ਯੋਗ ਸਿੱਖ ਉਮੀਦਵਾਰਾਂ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਨਿਯੁਕਤ ਨਾ ਕੀਤੇ ਜਾਣ ਨੂੰ ਭਾਰਤ ਵਿਚ ਸਿੱਖਾਂ ਵਾਸਤੇ ਗੁਲਾਮੀ ਦਾ ਅਹਿਸਾਸ ਕਰਵਾਉਣ ਵਾਲੀ ਘਟਨਾ ਕਰਾਰ ਦਿੱਤਾ ਹੈ।

ਉਨ੍ਹਾਂ ਆਖਿਆ ਕਿ ਸਿੱਖਾਂ ਨੂੰ ਉਨ੍ਹਾਂ ਦੀ ਯੋਗਤਾ ਅਤੇ ਕਾਬਲੀਅਤ ਦੇ ਬਾਵਜੂਦ ਦੇਸ਼ ਦੇ ਉੱਚ ਅਹੁਦਿਆਂ 'ਤੇ ਨਿਯੁਕਤ ਕਰਨ ਤੋਂ ਮਿਥ ਕੇ ਰੋਕਣਾ ਸਿੱਖ ਕੌਮ ਦਾ ਅਪਮਾਨ ਕਰਨਾ ਹੈ ਜਦਕਿ ਦੇਸ਼ ਦੀ ਆਜ਼ਾਦੀ ਲਈ

(ਦੇਖੋ ਸਫ਼ਾ 21 'ਤੇ)



ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਜੱਜਾਂ ਦੀ ਨਿਯੁਕਤੀ ਅਤੇ ਬਦਲੀ ਲਈ ਕਾਲੇਜੀਅਮ ਦੀ ਸਿਫ਼ਾਰਸ਼ ਨੂੰ ਮਨਜ਼ੂਰੀ ਦੇਣ ਵਿਚ ਕੇਂਦਰ ਦੇ ਰਵੱਈਏ ਨੂੰ ਮਨਮਰਜ਼ੀ ਵਾਲੇ ਢੰਗ ਨਾਲ ਚੋਣਵਾਂ ਕਰਾਰ ਦਿੰਦਿਆਂ ਕਿਹਾ ਕਿ

(ਦੇਖੋ ਸਫ਼ਾ 21 'ਤੇ)

### ਸਿੱਖ ਵਕੀਲਾਂ ਦੀ ਜੱਜ ਵਜੋਂ ਨਿਯੁਕਤੀ ਰੋਕ ਕੇ ਸਿੱਖਾਂ ਨਾਲ ਵਿਤਕਰਾ ਕੀਤਾ ਜਾ ਰਿਹੈ: ਸ੍ਰ. ਹਰਜਿੰਦਰ ਸਿੰਘ ਧਾਮੀ

ਅੰਮ੍ਰਿਤਸਰ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜਾਂ ਦੀ ਨਿਯੁਕਤੀ ਮੌਕੇ ਸੁਪਰੀਮ ਕੋਰਟ ਦੀਆਂ ਸਿਫ਼ਾਰਸ਼ਾਂ ਵਿੱਚੋਂ ਦੋ ਸਿੱਖ ਉਮੀਦਵਾਰ ਵਕੀਲਾਂ ਨੂੰ ਅਣਡਿੱਠਾ ਕੀਤੇ ਜਾਣ ਦਾ ਸਿੱਖ ਜਥੇਬੰਦੀਆਂ ਨੇ ਵਿਰੋਧ ਕੀਤਾ ਹੈ। ਸਿੱਖ ਜਥੇਬੰਦੀਆਂ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਚੀਫ਼ ਖ਼ਾਲਸਾ ਦੀਵਾਨ ਨੇ ਕੇਂਦਰ ਸਰਕਾਰ ਦੀ ਇਸ ਕਾਰਵਾਈ ਨੂੰ ਸਿੱਖਾਂ ਨਾਲ ਵਿਤਕਰਾ ਕਰਾਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਸਿੱਖਾਂ ਨਾਲ ਵਿਤਕਰਾ ਕਰਾਰ ਦਿੰਦਿਆਂ ਕਿਹਾ ਕਿ ਕੇਂਦਰ ਸਰਕਾਰ ਦੋਵਾਂ ਸਿੱਖ ਜੱਜਾਂ ਦੀ ਨਿਯੁਕਤੀ ਤੁਰੰਤ ਕਰੇ। ਉਨ੍ਹਾਂ ਕਿਹਾ ਕਿ

(ਦੇਖੋ ਸਫ਼ਾ 21 'ਤੇ)

## ਛੀਬਾਂ ਜਾਤ ਕਾਹੇ ਕੋ ਲਿਆਇਆ



17

ਅੰਦਾਜ਼ਾ ਲਗਾਉ ਉਸ ਸਮੇਂ ਕੀ ਹਾਲਤ ਹੋਣਗੇ ਜਦੋਂ ਭਗਤ ਨਾਮਦੇਵ ਜੀ ਨੇ ਇਹ ਕਿਹਾ ਕੀ

**'ਛੀਬਾਂ ਜਾਤ ਕਾਹੇ ਕੋ ਲਿਆਇਆ'**

ਇਲਾਹੀ ਤੇ ਇਨਕਲਾਬੀ ਜੋਤ ਜਿਸ ਮਹਾਪੁਰਖ ਨੇ ਉਸ ਸਮੇਂ ISIS ਤੋਂ ਵੀ ਖਤਰਨਾਕ ਜਾਤਪਾਤ ਖਿਲਾਫ ਆਖਰੀ ਸਾਹ ਤੱਕ ਨਿਧੱੜਕ ਲੜਾਈ ਲਈ ਅਤੇ ਰੱਬ ਨਾਲ ਸੱਚੀ ਸ਼ਰਧਾ ਤੇ ਮਨੁੱਖਤਾ ਨਾਲ ਪ੍ਰੇਮ ਪ੍ਰਤੀ ਬਾਣੀ ਰਚੀ ਜਿਸਨੂੰ ਸਰਬਸਾਂਝੀ ਗੁਰਬਾਣੀ 'ਚ ਗੁਰੂ ਅਤੇ ਇਲਾਹੀ ਬਾਣੀ ਦਾ ਦਰਜਾ ਦਿੱਤਾ ਗਿਆ, ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਉਪਰ ਲੱਖ ਲੱਖ ਵਧਾਈ ਹੋਏ। -ਸਤਨਾਮ ਸਿੰਘ ਖਾਲਸਾ

## ਬਰਤਾਨੀਆ ਦੇ ਸਿੱਖ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ ਨੂੰ ਮਿਲੀ ਜਾਨੋ ਮਾਰਨ ਦੀ ਧਮਕੀ



12

## ਸਿਲਕਿਆਰਾ ਸੁਰੰਗ 'ਚ ਫਸੇ 41 ਮਜ਼ਦੂਰਾਂ ਨੂੰ ਬਚਾਉਣ ਦੁਨੀਆ ਭਰ ਤੋਂ ਮਦਦ ਅਤੇ ਅਰਦਾਸਾਂ

### ਦੀਵਾਲੀ ਵਾਲੇ ਦਿਨ ਦੇ ਹਨ੍ਹੇਰੇ 'ਚ ਫਸੇ ਮਜਦੂਰਾਂ ਲਈ ਖਾਣਾ ਪਹੁੰਚਾਉਣ 'ਚ ਇੰਜੀਨੀਅਰ ਹੋਏ ਕਾਮਯਾਬ



(ਦੇਖੋ ਸਫ਼ਾ 22 'ਤੇ)

## ਜਗਤ ਗੁਰੂ, ਗੁਰੂ ਬਾਬਾ ਨਾਨਕ

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧ ਜਗ ਚਾਨਣ ਹੋਆ।
ਫਿਰ ਉਠੀ ਹੈ ਸਦਾ ਤੌਹੀਦ ਕੀ ਪੰਜਾਬ ਸੇ

ਕਿ ਹਿੰਦ ਕੋ ਏਕ ਮਰਦ-ਏ-ਕਾਮਲ ਨੇ
ਜਗਾਇਆ ਖ਼ੁਆਬ ਸੇ
ਦੀਨ ਦੁਨੀਆ ਦੇ ਵਾਲੀ ਸਭ ਦੇ ਸਾਂਝੇ



ਪੀਰ, ਮਨੁੱਖਤਾ ਦੇ ਗੁਰੂ, ਸਦੀਆਂ ਬਾਅਦ ਭਾਰਤ ਦੀ ਧਰਤੀ ਉਪਰ ਇਲਾਹੀ ਨਾਦ ਦਾ ਹੋਕਾ ਦੇਣ ਵਾਲੇ ਜਾਤਾਂ-ਪਾਤਾਂ, ਉਚ ਨੀਚ 'ਚ ਲਿਬੜੀ ਤੇ ਮਰ ਚੁੱਕੀ ਭਾਰਤੀ ਸਭਿਅਤਾ ਨੂੰ ਘਰ ਘਰ ਭਰਮਣ ਕਰਕੇ ਮੁੜ ਜਿਊਂਦਾ ਕਰਨ ਵਾਲੇ ਸਦੀਆਂ ਤੋਂ ਗੁਲਾਮ ਭਾਰਤ ਦੇ ਦੁਰਕਾਰੇ ਤੇ ਲਿਤਾੜੇ ਲੋਕਾਂ 'ਚ ਫਿਰ ਤੋਂ ਰੂਹ ਫੂਕਣ ਵਾਲੇ ਅਤੇ ਧਾੜਵੀ ਜਾਲਮ ਮੁਗਲ ਹੁਕਮਰਾਨ ਨੂੰ ਲਲਕਾਰਨ ਵਾਲੇ ਜਗਤ ਗੁਰੂ, ਗੁਰੂ ਬਾਬਾ ਨਾਨਕ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਉਪਰ ਸਾਰੇ ਸੰਸਾਰ ਨੂੰ ਲੱਖ-ਲੱਖ ਵਧਾਈਆਂ ਹੋਵਣ ਜੀ।

ਸਤਨਾਮ ਸਿੰਘ ਖਾਲਸਾ

(ਦੇਖੋ ਸਫ਼ਾ 26 'ਤੇ)

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ
www.khalsaaffairs.com
510-706-1300

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Bhatia & Co, Inc
Certified Public Accountants
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities (Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara-Pleasanton-Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigration Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu Attorney at Law 510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ 'ਚ ਔਰਤ ਨੇ ਪਤੀ ਨੂੰ ਮਾਰਿਆ ਚਾਕੂ, ਬੱਚਿਆਂ ਸਮੇਤ ਕਾਰ ਝੀਲ 'ਚ ਸੁੱਟੀ

ਨਿਊਯਾਰਕ : ਅਮਰੀਕਾ ਦਾ ਇਕ ਦਿਲ ਦਹਿਲਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਬੀਤੇ ਦਿਨੀ ਟੈਕਸਾਸ ਦੀ ਔਰਤ ਨੇ ਪਹਿਲਾਂ ਆਪਣੇ ਪਤੀ ਨੂੰ ਚਾਕੂ ਮਾਰਿਆ ਤੇ ਫਿਰ ਆਪਣੇ 3 ਬੱਚਿਆਂ ਨੂੰ ਵੀ ਮਾਰਨ ਦੀ ਕੋਸ਼ਿਸ਼ ਕੀਤੀ। ਇਸ ਲਈ ਔਰਤ ਆਪਣੇ ਤਿੰਨ ਬੱਚਿਆਂ ਨੂੰ ਆਪਣੀ ਕਾਰ 'ਚ ਬਿਠਾ ਕੇ ਕਾਰ ਨੂੰ ਝੀਲ 'ਚ ਲੈ ਗਈ। ਨਿਊਯਾਰਕ ਪੋਸਟ ਨੇ ਇਸ ਘਟਨਾ ਦੀ ਜਾਣਕਾਰੀ ਦਿੱਤੀ।



ਪੀੜਤਾ ਦੇ ਪਤੀ ਨੇ ਕੈਰੋਲਟਨ ਪੁਲਸ ਨੂੰ ਫ਼ੋਨ ਕੀਤਾ ਅਤੇ ਦੱਸਿਆ ਕਿ ਉਸਦੀ ਪਤਨੀ ਨੇ ਚਾਕੂ ਮਾਰਿਆ ਹੈ। ਪੁਲਸ ਨੂੰ ਛੁਰੇਬਾਜ਼ੀ ਵਾਲੀ ਥਾਂ ਨੇੜੇ ਇੱਕ ਝੀਲ ਵਿੱਚ ਇੱਕ ਕਾਰ ਵੀ ਮਿਲੀ। ਲੁਈਸਵਿਲੇ ਪੁਲਸ ਨੇ ਦੱਸਿਆ ਕਿ ਕਾਰ ਚਲਾ ਰਹੀ ਔਰਤ ਨੇ ਆਪਣੇ ਪਤੀ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਸੀ। ਉਸ ਦੇ ਨਾਲ ਕਾਰ ਵਿੱਚ ਉਸਦੇ ਤਿੰਨ ਬੱਚੇ ਸਨ, ਜਿੰਨ੍ਹਾਂ ਦੀ ਉਮਰ 8, 9 ਅਤੇ 12 ਸਾਲ ਸੀ। ਪੁਲਸ ਅਤੇ ਹੋਰ ਲੋਕਾਂ ਨੇ ਪਰਿਵਾਰ ਦੀ ਭਾਲ ਕੀਤੀ। ਕਾਰ ਨੂੰ ਝੀਲ ਦੇ ਪਾਣੀ 'ਚੋਂ ਬਾਹਰ ਕੱਢਿਆ ਗਿਆ। ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦਾ ਜਾਨੀ ਨੁਕਸਾਨ ਤੋਂ ਬਚਾਉਣ ਲਈ ਸਥਾਨਕ ਹਸਪਤਾਲ ਲਿਜਾਇਆ ਗਿਆ। ਡਾਕਟਰਾਂ ਨੇ ਕਿਹਾ ਕਿ ਇੱਕ ਬੱਚਾ ਬੁਰੀ ਤਰ੍ਹਾਂ ਨਾਲ ਜ਼ਖਮੀ ਹੋਇਆ ਹੈ ਅਤੇ ਉਹ ਬਚ ਨਹੀਂ ਸਕਦਾ। ਪੁਲਸ ਨੇ ਔਰਤ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਕਿਹਾ ਕਿ ਉਸ ਨੇ ਜੋ ਕੀਤਾ ਉਸ ਲਈ ਉਹ ਕਈ ਸਾਲ ਜੇਲ੍ਹ ਵਿੱਚ ਬਿਤਾ ਸਕਦੀ ਹੈ। ਪੁਲਸ ਨੇ ਔਰਤ, ਉਸ ਦੇ ਪਤੀ ਅਤੇ ਬੱਚਿਆਂ ਦੇ ਨਾਂ ਜਨਤਕ ਨਹੀਂ ਕੀਤੇ। ਪਰ ਉਸ ਨੇ ਅਜਿਹੀ ਘਟਨਾ ਕਿਉਂ ਕੀਤੀ ? ਗ਼ਲਤ ਕੰਮਾਂ ਲਈ ਬੱਚਿਆਂ ਦੀ ਬਲੀ ਦੇਣ ਲਈ ਕੌਣ ਤਿਆਰ ਹੈ ? ਵੇਰਵਿਆਂ ਦਾ ਪਤਾ ਨਹੀਂ ਚੱਲ ਸਕਿਆ ਹੈ ਪਰ ਇਸ ਘਟਨਾ ਨਾਲ ਸਥਾਨਕ ਪੱਧਰ 'ਤੇ ਹੜਕੰਪ ਮਚ ਗਿਆ।

# ਅਮਰੀਕਾ ਦੇ ਇਕ ਹਸਪਤਾਲ 'ਚ ਚੱਲੀ ਗੋਲੀ, ਇਕ ਮੌਤ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਨਿਊ ਹੈਂਪਸ਼ਾਇਰ ਰਾਜ ਦੀ ਰਾਜਧਾਨੀ ਕੋਨਕਾਰਡ ਦੇ ਇਕ ਹਸਪਤਾਲ ਵਿਚ ਵਾਪਰੀ ਗੋਲੀਬਾਰੀ ਦੀ ਇਕ ਘਟਨਾ ਵਿਚ ਇਕ ਵਿਅਕਤੀ ਦੀ ਮੌਤ ਹੋਣ ਤੇ ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜੀ ਪੁਲਿਸ ਦੀ ਕਾਰਵਾਈ ਵਿਚ ਸ਼ੱਕੀ ਹਮਲਾਵਰ ਵੀ ਮਾਰੇ ਜਾਣ ਦੀ ਖਬਰ ਹੈ। ਕਰਨਲ ਮਾਰਕ ਹਾਲ ਡਾਇਰੈਕਟਰ ਡਵੀਜ਼ਨ ਆਫ ਸਟੇਟ ਪੁਲਿਸ ਨੇ ਇਕ ਪ੍ਰੈਸ ਬਿਆਨ ਵਿਚ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਮਾਨਸਿਕ ਬਿਮਾਰੀਆਂ ਸਬੰਧੀ ਹਸਪਤਾਲ ਵਿਚ ਗੋਲੀ ਚੱਲਣ ਦੀ ਸੂਚਨਾ ਮਿਲਣ 'ਤੇ ਦੁਪਹਿਰ ਬਾਅਦ 3.38 ਵਜੇ ਦੇ ਆਸ ਪਾਸ ਪੁਲਿਸ ਮੌਕੇ 'ਤੇ ਪੁੱਜੀ ਤਾਂ ਇਕ ਪੁਲਿਸ ਅਫਸਰ ਵੱਲੋਂ ਕੀਤੀ ਜਵਾਬੀ ਕਾਰਵਾਈ ਵਿਚ ਸ਼ੱਕੀ ਹਮਲਵਾਰ ਮਾਰਿਆ ਗਿਆ। ਉਨਾਂ ਕਿਹਾ ਕਿ ਸ਼ੱਕੀ ਵੱਲੋਂ ਚਲਾਈ ਗੋਲੀ ਨਾਲ ਜਖਮੀ ਹੋਏ ਵਿਅਕਤੀ ਨੂੰ ਕੋਨਕਾਰਡ ਦੇ ਇਕ ਹੋਰ ਹਸਪਤਾਲ ਵਿਚ ਲਿਜਾਇਆ ਗਿਆ ਪਰੰਤੂ ਉਸ ਨੂੰ ਬਚਾਇਆ ਨਹੀਂ ਜਾ ਸਕਿਆ। ਮਾਰਕ ਹਾਲ ਨੇ ਮ੍ਰਿਤਕ ਵਿਅਕਤੀ ਤੇ ਮਾਰੇ ਗਏ ਸ਼ੱਕੀ ਬਾਰੇ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ।

### ਫੈਸ਼ਨ ਸ਼ੋਅ 'ਚ ਦਿਖਿਆ ਸਿੱਖੀ ਸਰੂਪ

# ਕਲਾਨੌਰ ਦੀ ਜੰਮਪਲ ਪ੍ਰਭਦੀਪ ਕੌਰ ਨੇ ਲੰਡਨ 'ਚ ਦਸਤਾਰ ਸਜਾ ਕੇ ਲਿਆ ਹਿੱਸਾ

ਲੰਡਨ : ਇਤਿਹਾਸਿਕ ਕਸਬਾ ਕਲਾਨੌਰ ਦੀ ਜੰਮਪਲ ਪ੍ਰਭਦੀਪ ਕੌਰ ਕੈਲੀਫੋਰਨੀਆ ਨੇ ਲੰਡਨ ਦੇ ਲੈਕਮੇ ਫੈਸ਼ਨ ਸ਼ੋਅ ਵੀਕ 'ਚ ਪਹਿਲੀ ਵਾਰ ਸਿੱਖੀ ਸਰੂਪ ਵਿਚ ਦਸਤਾਰ ਬੰਨ੍ਹ ਕੇ ਸ਼ੋਅ ਵਿਚ ਜਲਵਾ ਦਿਖਾ ਕੇ ਸਿੱਖ ਕੌਮ ਦਾ ਨਾਂ ਦੁਨੀਆਂ ਭਰ ਵਿਚ ਰੋਸ਼ਨ ਕੀਤਾ ਹੈ। ਇਥੇ ਦੱਸਣਯੋਗ ਹੈ ਕਿ ਪ੍ਰਭਦੀਪ ਕੌਰ ਕਸਬਾ ਕਲਾਨੌਰ ਦੇ ਸੇਵਾਮੁਕਤ ਹੈਲਥ ਇੰਸਪੈਕਟਰ ਦਿਲਬਾਗ ਸਿੰਘ ਸੰਧੂ ਦੀ ਧੀ ਹੈ। ਹਾਲ ਹੀ ਵਿਚ ਕੈਲੀਫੋਰਨੀਆ ਤੋਂ ਜਾ ਕੇ ਲੰਡਨ ਵਿਚ ਲੈਕਮੇ ਫੈਸ਼ਨ ਵੀਕ ਸ਼ੋਅ ਵਿਚ ਦਸਤਾਰ ਸਜਾ ਕੇ ਭਾਗ ਲੈਣ ਵਾਲੀ ਪ੍ਰਭਦੀਪ ਕੌਰ ਨੇ ਦੱਸਿਆ ਕਿ ਲੰਡਨ ਵਿਚ ਲੈਕਮੇ ਫੈਸ਼ਨ ਵੀਕ ਸ਼ੋਅ ਵਿਚ ਦਸਤਾਰ ਸਜਾ ਕੇ ਭਾਗ ਲੈਣ ਤੇ ਲੰਡਨ ਦੇ ਸਿੱਖਾਂ ਵੱਲੋਂ ਜਿੱਥੇ ਉਹਨਾਂ ਨੂੰ ਪੂਰਾ ਮਾਣ ਸਤਿਕਾਰ ਦਿੱਤਾ, ਉੱਥੇ ਵੱਖ-ਵੱਖ ਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਵੱਲੋਂ ਵੀ ਸਿੱਖੀ ਦੀ ਪਛਾਣ ਦਸਤਾਰ ਸਜਾ ਕੇ ਸ਼ੋਅ ਵਿਚ ਭਾਗ ਲੈਣ ਦੀ ਪ੍ਰਸ਼ੰਸਾ ਕੀਤੀ ਹੈ।

ਪ੍ਰਭਦੀਪ ਕੌਰ ਨੇ ਦੱਸਿਆ ਕਿ ਉਹ ਬਚਪਨ ਤੋਂ ਹੀ ਆਪਣੀ ਇੱਛਾ ਅਨੁਸਾਰ ਦਸਤਾਰ ਸਜਾ ਕੇ ਸਕੂਲ ਜਾਂਦੀ ਸੀ ਜਿਸ ਸਬੰਧੀ ਸਕੂਲ ਅਧਿਆਪਕਾਂ ਵੱਲੋਂ ਕਈਵਾਰ ਉਸ ਦੀ ਮਾਤਾ ਨੂੰ ਦਸਤਾਰ ਸਜਾਉਣ ਸਬੰਧੀ ਵੀ ਕਿਹਾ ਗਿਆ ਸੀ ਅਤੇ ਮੇਰੀ ਮਾਂ ਨੇ ਹਮੇਸ਼ਾ ਇਹ ਕਿਹਾ ਸੀ ਕਿ ਇਹ ਮੇਰੀ ਧੀ ਦੀ ਆਪਣੇ ਦਿਲ ਦੀ ਖ਼ਾਹਿਸ਼ ਹੈ। ਪ੍ਰਭਦੀਪ ਕੌਰ ਨੇ ਕਿਹਾ ਕਿ ਉਸ ਦਾ ਸਪਨਾ ਸੀ ਕਿ ਗੁਰੂਆਂ ਦੀ ਬਖ਼ਸ਼ਿਸ਼ ਦਾਤ ਵਜੋਂ ਪ੍ਰਾਪਤ ਹੋਈ ਦਸਤਾਰ (ਪਗੜੀ) ਦੀ ਪਛਾਣ ਦੁਨੀਆਂ ਦੇ ਕੋਨੇ-ਕੋਨੇ 'ਚ ਹੋਵੇ। ਪ੍ਰਭਦੀਪ ਕੌਰ ਨੇ ਕਿਹਾ ਕਿ ਕੈਲੀਫੋਰਨੀਆ ਵਿਚ ਉਹ ਸਾਊਥ ਇੰਡੀਆ ਨਾਲ ਸਬੰਧਿਤ ਪਰਨੀਤੀ ਦੇ ਸਹਿਯੋਗ ਨਾਲ ਹੀ ਲੰਡਨ ਵਿਚ ਦਸਤਾਰ ਫੈਸ਼ਨ ਸ਼ੋਅ ਵਿਚ ਭਾਗ ਲੈ ਚੁੱਕੀ ਹੈ। ਉਸ ਨੇ ਕਿਹਾ ਕਿ ਇਸ ਸ਼ੋਅ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਉਸ ਨੂੰ ਕਈ ਪ੍ਰਕਾਰ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਪਰੰਤੂ ਉਸਨੇ ਹਿੰਮਤ ਨਹੀਂ ਹਾਰੀ। ਉਸ ਨੇ ਦੱਸਿਆ ਕਿ ਫੈਸ਼ਨ ਸ਼ੋਅ ਦੌਰਾਨ ਉਸ ਨੂੰ ਮੇਕਅਪ ਕਰਦੇ ਸਮੇਂ ਕਈ ਵਾਰ ਪੱਗ ਉਤਾਰ ਕੇ ਪਾਸੇ ਰੱਖਣੀ ਪੈਂਦੀ ਸੀ। ਉਸਨੇ ਨੇ ਦੱਸਿਆ ਕਿ ਉਹ ਕੈਲੀਫੋਰਨੀਆ ਦੇ ਕਾਊਂਟੀ ਹਸਪਤਾਲ ਤੋਂ ਇਲਾਵਾ ਮਟੀਕਾ ਵਿਚ ਹਸਪਤਾਲ 'ਚ ਨਰਸ ਦਾ ਕੰਮ ਕਰਦੀ ਹੈ ਅਤੇ ਉਸ ਨੇ ਪੈਸਿਆਂ ਦੀ ਖ਼ਾਤਰ ਨਹੀਂ ਆਪਣੀ ਸਿੱਖ ਕੌਮ ਦੀ ਪਛਾਣ ਦਸਤਾਰ ਨੂੰ ਦੁਨੀਆਂ ਭਰ ਵਿਚ ਪ੍ਰਫੁੱਲਤ ਕਰਨ ਦੇ ਮਨੋਰਥ ਨਾਲ ਫੈਸ਼ਨ ਸ਼ੋਅ ਵਿਚ ਭਾਗ ਲਿਆ ਹੈ। ਉਸਨੇ ਨੌਜਵਾਨ ਵਰਗ ਨੂੰ ਅਪੀਲ ਕੀਤੀ ਕਿ ਸਾਨੂੰ ਤਰੱਕੀ ਦੀਆਂ ਬੁਲੰਦੀਆਂ 'ਤੇ ਪਹੁੰਚਣ ਲਈ ਕਦੇ ਵੀ ਹਿੰਮਤ ਨਹੀਂ ਹਾਰਨੀ ਚਾਹੀਦੀ। ਲੰਡਨ ਵਿਚ ਲੈਕਮੇ ਫੈਸ਼ਨ ਸ਼ੋਅ ਵਿਚ ਦਸਤਾਰ ਸਬੰਧੀ ਫੈਸ਼ਨ ਸ਼ੋਅ ਕਰ ਕੇ ਉਹ ਖ਼ੁਦ ਨੂੰ ਖ਼ੁਸ਼ਨਸੀਬ ਸਮਝਦੀ ਹੈ ਅਤੇ ਉਹ ਸਿੱਖੀ ਨੂੰ ਪ੍ਰਫੁੱਲਤ ਕਰਨ ਲਈ ਹਮੇਸ਼ਾ ਯਤਨਸ਼ੀਲ ਹੈ।



# ਆਸਟ੍ਰੇਲੀਆ 'ਚ ਰਹਿੰਦੇ ਸਿੱਖ ਰੈਸਟੋਰੈਂਟ ਮਾਲਕ ਜਿੰਮੀ ਸਿੰਘ ਤੇ ਹੋਇਆ ਨਸਲੀ ਹਮਲਾ, ਕਿਹਾ ਭਾਰਤੀ ਘਰ ਆਪਣੇ ਜਾਓ

ਮੈਲਬੌਰਨ : ਆਸਟ੍ਰੇਲੀਆ ਵਿਚ 15 ਸਾਲਾਂ ਤੋਂ ਰਹਿ ਰਹੇ ਇਕ ਸਿੱਖ ਰੈਸਟੋਰੈਂਟ ਦੇ ਮਾਲਕ ਨੂੰ ਉਸ ਸਮੇਂ ਸਦਮਾ ਲੱਗਾ ਜਦੋਂ ਉਸ ਦੀ ਕਾਰ ਨੂੰ ਲਗਾਤਾਰ ਕਈ ਦਿਨਾਂ ਤੋਂ ਮਲ-ਮੂਤਰ ਨਾਲ ਬਦਬੂਦਾਰ ਪਾਇਆ ਗਿਆ ਅਤੇ ਉਸ ਨੂੰ ਆਸਟ੍ਰੇਲੀਆ ਛੱਡਣ ਲਈ ਨਸਲੀ ਚਿੱਠੀਆਂ ਮਿਲੀਆਂ



ਅਤੇ ਧਮਕੀ ਵਿੱਚ ਲਿਖਿਆ ਸੀ, 'ਘਰ ਜਾਓ, ਭਾਰਤੀ।' ਤਸਮਾਨੀਆ ਦੇ ਹੋਬਾਰਟ 'ਚ ਦਾਵਤ - ਦਿ ਇਨਵੀਟੇਸ਼ਨ ਰੈਸਟੋਰੈਂਟ ਚਲਾਉਣ ਵਾਲੇ ਜਰਨੈਲ ਜਿੰਮੀ ਸਿੰਘ ਨੇ ਕਿਹਾ ਕਿ ਉਸ ਨੂੰ ਪਿਛਲੇ ਦੋ, ਤਿੰਨ ਮਹੀਨਿਆਂ ਤੋਂ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜਿੰਮੀ ਸਿੰਘ ਨੇ ਨਿਊਜ਼ ਏਜੰਸੀ ਨੂੰ ਦੱਸਿਆ, 'ਜਦੋਂ ਤੁਹਾਡੇ ਘਰ ਦੀ ਗੱਲ ਆਉਂਦੀ ਹੈ, ਅਤੇ ਖਾਸ ਤੌਰ 'ਤੇ ਇਸ 'ਤੇ ਤੁਹਾਡਾ ਨਾਮ ਹੋਣਾ ਬਹੁਤ ਮਾਨਸਿਕ ਤਣਾਅ ਹੁੰਦਾ ਹੈ।' ਕੁਝ ਤਾਂ ਕਰਨਾ ਹੀ ਪਵੇਗਾ। ਰਿਪੋਰਟ ਦੇ ਅਨੁਸਾਰ, ਜਿੰਮੀ ਸਿੰਘ ਨੇ ਸ਼ੁਰੂ ਵਿੱਚ ਇਹ ਮੰਨਿਆ ਕਿ ਇਹ ਪੱਤਰ ਇੱਕ ਸ਼ਰਾਰਤੀ ਨੌਜਵਾਨ ਦੁਆਰਾ ਲਿਖਿਆ ਗਿਆ ਸੀ ਅਤੇ ਇਸ ਨੂੰ ਨਜ਼ਰਅੰਦਾਜ਼ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਪਹਿਲੀ ਘਟਨਾ ਨੂੰ ਯਾਦ ਕਰਦੇ ਹੋਏ, ਉਸਨੇ ਕਿਹਾ ਕਿ ਉਸਨੂੰ ਲਗਾਤਾਰ ਚਾਰ ਜਾਂ ਪੰਜ ਦਿਨ ਉਸਦੀ ਕਾਰ ਦੇ ਦਰਵਾਜ਼ੇ ਦੇ ਹੈਂਡਲ 'ਤੇ ਕੁੱਤੇ ਦੀ ਮਲ ਮਲੀ ਹੋਈ ਮਿਲੀ ਸੀ, ਜਿਸ ਤੋਂ ਬਾਅਦ ਉਸਦੇ ਡਰਾਈਵਵੇਅ ਵਿੱਚ ਇੱਕ ਨਸਲਵਾਦੀ ਪੱਤਰ ਲਿਖਿਆ ਗਿਆ ਸੀ, ਜਿਸ ਵਿੱਚ ਉਸਨੂੰ ਘਰ, ਭਾਰਤ ਜਾਣ ਲਈ ਕਿਹਾ ਗਿਆ ਸੀ। ਉਨ੍ਹਾਂ ਵਲੋਂ ਇਹ ਘਟਨਾਵਾਂ ਪੁਲਿਸ ਦੇ ਧਿਆਨ ਵਿੱਚ ਲਿਆਂਦੀਆਂ ਗਈਆਂ ਅਤੇ ਉਸਦੀ ਜਾਇਦਾਦ 'ਤੇ ਵੀਡੀਓ ਕੈਮਰੇ ਲਗਾਏ ਗਏ ਸਨ, ਪਰ ਨਫ਼ਰਤੀ ਪੱਤਰ ਆਉਂਦੇ ਰਹੇ। ਉਸਨੇ ਨਿਊਜ਼ ਏਜੰਸੀ ਨੂੰ ਦੱਸਿਆ ਕਿ ਅਗਲਾ ਪੱਤਰ ਲਗਭਗ ਇੱਕ ਮਹੀਨੇ ਬਾਅਦ ਪ੍ਰਾਪਤ ਹੋਇਆ ਸੀ, ਅਤੇ ਇਹ ਪਹਿਲੇ ਨਾਲੋਂ ਵੀ ਵੱਧ ਹਮਲਾਵਰ ਸੀ ਜਿਸ ਅੰਦਰ ਲਿਖਿਆ ਗਿਆ ਕਿ ਤੁਸੀਂ ਭਾਰਤ ਵਾਪਸ ਜਾ ਸਕਦੇ ਹੋ ਵਰਗੀਆਂ ਟਿੱਪਣੀਆਂ ਵੀ ਸ਼ਾਮਲ ਸਨ। ਉਸ ਦੀ ਕਾਰ ਨੂੰ ਕੰਮ ਵਾਲੀ ਥਾਂ ਦੇ ਬਾਹਰ ਵੀ ਰਗੜਿਆ ਗਿਆ। ਜਿੰਮੀ ਸਿੰਘ ਨੇ ਅਫਸੋਸ ਜਤਾਇਆ ਕਿ ਇਸ ਤਰ੍ਹਾਂ ਦੇ ਵਰਤਾਰੇ ਨੂੰ ਰੋਕਣ ਦੀ ਲੋੜ ਹੈ। ਇਸ ਮਾਮਲੇ ਬਾਰੇ ਤਸਮਾਨੀਆ ਪੁਲਿਸ ਕਮਾਂਡਰ ਜੇਸਨ ਐਲਮਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਘਟਨਾਵਾਂ ਦੀ ਪੁਲਿਸ ਨੂੰ ਸੂਚਨਾ ਦੇ ਦਿੱਤੀ ਗਈ ਹੈ ਅਤੇ ਜਾਂਚ ਕੀਤੀ ਜਾ ਰਹੀ ਹੈ। ਉਸ ਨੇ ਕਿਹਾ ਕਿ ਮੌਜੂਦਾ ਕਾਨੂੰਨ ਅਦਾਲਤਾਂ ਨੂੰ ਇਹ ਵਿਚਾਰ ਕਰਨ ਦੀ ਇਜਾਜ਼ਤ ਦਿੰਦਾ ਹੈ ਕਿ ਕੀ ਨਸਲੀ ਨਫ਼ਰਤ ਜਾਂ ਪੱਖਪਾਤ ਦੀ ਪ੍ਰੇਰਣਾ ਸਜ਼ਾ ਸੁਣਾਉਣ ਵਿੱਚ ਸਹਾਇਕ ਹੋ ਸਕਦੀ ਹੈ। ਕਮਾਂਡਰ ਐਲਮਰ ਨੇ ਕਿਹਾ ਕਿ ਕਮਿਊਨਿਟੀ ਵਿੱਚ ਕਿਸੇ ਵੀ ਤਰ੍ਹਾਂ ਦੀ ਜ਼ੁਬਾਨੀ ਜਾਂ ਸਰੀਰਕ ਪਰੇਸ਼ਾਨੀ ਲਈ ਕੋਈ ਬਹਾਨਾ ਨਹੀਂ ਹੈ, ਅਤੇ ਲੋਕਾਂ ਨੂੰ ਤੁਰੰਤ ਪੁਲਿਸ ਨਾਲ ਸੰਪਰਕ ਕਰਨ ਲਈ ਉਤਸ਼ਾਹਿਤ ਕੀਤਾ ਜੇਕਰ ਉਹ ਮਹਿਸੂਸ ਕਰਦੇ ਹਨ ਕਿ ਉਹ ਕਿਸੇ ਪੱਖਪਾਤ ਨਾਲ ਸਬੰਧਤ ਘਟਨਾ ਦਾ ਸ਼ਿਕਾਰ ਹੋਏ ਹਨ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿੰਮੀ ਕਾਰਟਰ ਦੀ ਪਤਨੀ ਰੋਸਲਿਨ ਕਾਰਟਰ ਦਾ ਦਿਹਾਂਤ



ਵਾਸ਼ਿੰਗਟਨ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿੰਮੀ ਕਾਰਟਰ ਦੀ ਪਤਨੀ ਰੋਜ਼ਲਿਨ ਕਾਰਟਰ ਦਾ ਬੀਤੇ ਦਿਨ ਦਿਹਾਂਤ ਹੋ ਗਿਆ। ਉਨ੍ਹਾਂ ਨੇ 96 ਸਾਲ ਦੀ ਉਮਰ ਵਿੱਚ ਆਖਰੀ ਸਾਹ ਲਿਆ। ਉਸ ਦੀ ਮੌਤ ਨਾਲ ਅਮਰੀਕਾ ਵਿਚ ਸੋਗ ਦੀ ਲਹਿਰ ਦੌੜ ਗਈ। ਰੋਜ਼ਲਿਨ ਕਾਰਟਰ ਨੇ ਮਾਨਸਿਕ ਸਿਹਤ ਸੁਧਾਰਕ ਅਤੇ ਸਮਾਜ ਸੇਵਕ ਵਜੋਂ ਸੇਵਾ ਕੀਤੀ। ਜ਼ਿਕਰਯੋਗ ਹੈ ਕਿ ਅਮਰੀਕਾ 'ਚ ਘੱਟ ਹੀ ਦੇਖਣ ਨੂੰ ਮਿਲਣ ਵਾਲੀ ਸ਼ਾਦੀਸ਼ੁਦਾ 77 ਸਾਲਾਂ ਦੀ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਕਾਫੀ ਸਨਮਾਨਜਨਕ ਬਣ ਰਹੀ ਸੀ। ਆਪਣੀ ਪਤਨੀ ਦੀ ਮੌਤ ਤੋਂ ਬਾਅਦ ਜਿੰਮੀ ਕਾਰਟਰ ਬਹੁਤ ਭਾਵੁਕ ਹੋ ਗਏ ਸਨ। ਉਨ੍ਹਾਂ ਨੇ ਦੱਸਿਆ ਕਿ ਰੋਜ਼ਲਿਨ ਜ਼ਿੰਦਗੀ ਦੇ ਕਈ ਉਤਰਾਅ-ਚੜ੍ਹਾਅ 'ਚ ਲਗਾਤਾਰ ਉਨ੍ਹਾਂ ਦਾ ਸਾਥ ਦੇ ਰਹੀ ਸੀ। 77 ਸਾਲਾਂ ਦੇ ਆਪਣੇ ਵਿਆਹੁਤਾ ਜੀਵਨ ਦੌਰਾਨ ਉਹ ਕਿਊਬਾ, ਸੂਡਾਨ ਅਤੇ ਉੱਤਰੀ ਕੋਰੀਆ ਸਮੇਤ ਕਈ ਦੇਸ਼ਾਂ ਦੀ ਯਾਤਰਾ ਵਿੱਚ ਉਨ੍ਹਾਂ ਦੇ ਨਾਲ ਰਹੇ। ਜਿੰਮੀ ਕਾਰਟਰ ਨੂੰ 2002 ਵਿੱਚ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਜਿੰਮੀ ਕਾਰਟਰ 1977 ਤੋਂ 1981 ਤੱਕ ਰਾਸ਼ਟਰਪਤੀ ਰਹੇ। ਇਸ ਦੌਰਾਨ ਰੋਜ਼ਲਿਨ ਕਾਰਟਰ ਨੇ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਨੇ ਇੱਕ ਚੈਰਿਟੀ ਸੰਸਥਾ 'ਰੋਜ਼ਲਿਨ ਕਾਰਟਰ ਸੈਂਟਰ' ਦੀ ਸਥਾਪਨਾ ਕੀਤੀ। ਜਿਸ ਰਾਹੀਂ ਉਹ ਦਿਵਿਆਂਗਾਂ, ਗਰੀਬਾਂ ਆਦਿ ਦੀ ਮਦਦ ਕਰਦੀ ਸੀ। ਪਿਛਲੇ ਸਾਲ ਮਈ 'ਚ ਉਨ੍ਹਾਂ ਨੂੰ ਡਿਮੇਂਸ਼ੀਆ ਹੋਣ ਦਾ ਪਤਾ ਲੱਗਾ ਸੀ, ਜਿਸ ਤੋਂ ਉਹ ਠੀਕ ਨਹੀਂ ਹੋ ਸਕੀ ਸੀ। ਆਖਰਕਾਰ 96 ਸਾਲ ਦੀ ਉਮਰ ਵਿੱਚ ਉਨ੍ਹਾਂ ਦਾ ਦਿਹਾਂਤ ਹੋ ਗਿਆ। ਉਨ੍ਹਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਜਿੰਮੀ ਕਾਰਟਰ ਨੇ ਕਿਹਾ ਕਿ ਰੋਜ਼ਲਿਨ ਮੈਂ ਜ਼ਿੰਦਗੀ 'ਚ ਜੋ ਕੁਝ ਹਾਸਲ ਕੀਤਾ ਹੈ, ਉਸ ਦਾ ਅੱਧਾ ਹਿੱਸਾ ਹੈ। ਉਸ ਨੇ ਮੁਸੀਬਤ ਦੇ ਸਮੇਂ ਵਿੱਚ ਲਗਾਤਾਰ ਮੇਰਾ ਮਾਰਗਦਰਸ਼ਨ ਕੀਤਾ ਅਤੇ ਮੈਨੂੰ ਹੌਸਲਾ ਦਿੱਤਾ। ਜਿੰਮੀ ਕਾਰਟਰ ਦਾ ਵਿਆਹੁਤਾ ਜੀਵਨ ਅੱਜ ਦੇ ਅਮਰੀਕੀ ਮਾਪਦੰਡਾਂ ਤੋਂ ਹੈਰਾਨੀਜਨਕ ਰਿਹਾ ਹੈ।

ਉਸ ਦੀ ਜ਼ਿੰਦਗੀ ਦਾ ਇੱਕ ਹੋਰ ਹੈਰਾਨੀ ਕਿਤਾਬ 'ਯੂਐਫਓ ਇਨ ਦ ਮਿਸਟਰੀ ਸੀਰੀਜ਼' ਵਿੱਚ ਦਰਸਾਇਆ ਗਿਆ ਹੈ। ਇਹ ਆਪਣੀ ਪ੍ਰਧਾਨਗੀ ਦੇ ਦੌਰਾਨ ਸੀ ਕਿ ਜਿੰਮੀ ਕਾਰਟਰ ਨੇ ਯੂਐਫਓ ਦੇਖੇ, ਜਿਸ ਬਾਰੇ ਕਿਹਾ ਗਿਆ ਸੀ ਉਸ ਦਾ ਜ਼ਿਕਰ ਹੈ। ਇਸ ਤਰ੍ਹਾਂ ਕਾਰਟਰ ਦਾ ਵਿਆਹੁਤਾ ਜੀਵਨ ਅਮਰੀਕਾ ਵਿਚ ਉਹਨਾਂ ਹੀ ਹੈਰਾਨੀਜਨਕ ਹੈ ਜਿੰਨਾ ਯੂਐਫਓ ਬਾਰੇ ਉਸ ਦੇ ਦਾਅਵਿਆਂ ਵਿਚ।

# ਯਾਦਗਾਰੀ ਹੋ ਨਿਬੜੀ ਮੰਗਲ ਹਠੂਰ ਦੀ ਫਰਿਜਨੋ ਵਾਲੀ ਮਹਿਫ਼ਲ

ਫਰਿਜਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ) : ਫਰਿਜਨੋ ਸ਼ਹਿਰ ਪੰਜਾਬੀਆਂ ਦੀ ਸੰਘਣੀ ਵੱਸੋਂ ਵਾਲਾ ਸ਼ਹਿਰ ਹੋਣ ਕਰਕੇ ਮਿੰਨੀ ਪੰਜਾਬ ਦੇ ਤੌਰ ਤੇ ਜਾਣਿਆ ਜਾਂਦਾ ਹੈ, ਇੱਥੇ ਬਹੁਤ ਸਾਰੇ ਸ਼ਾਇਰ, ਸਹਿਤਕਾਰ ਵੱਸਦੇ ਨੇ 'ਤੇ ਹਰ ਕਿਸੇ ਕਲਾਕਾਰ ਦੀ ਚਾਹ ਹੁੰਦੀ ਹੈ ਕਿ ਮੇਰਾ ਪ੍ਰੋਗ੍ਰਾਮ ਫਰਿਜਨੋ ਜ਼ਰੂਰ ਹੋਵੇ। ਇਸੇ ਚੀਜ਼ ਨੂੰ ਮੁੱਖ ਰੱਖਕੇ ਗੀਤਕਾਰ ਮੰਗਲ ਹਠੂਰ ਦੇ ਗੀਤਾਂ ਦੀ ਮਹਿਫ਼ਲ ਬਾਈ ਮਿੰਟੂ ਉੱਪਲੀ (ਵਿਸਟਰਨ ਟਰੱਕਿੰਗ) ਦੇ ਦਫ਼ਤਰ ਵਿਖੇ ਬੜੀ ਸ਼ਾਨੋ-ਸ਼ੌਕਤ ਨਾਲ ਰੱਖੀ ਗਈ। ਇਸ ਮੌਕੇ ਲੋਕਲ ਗਾਇਕ ਪੱਪੀ ਭਦੌੜ, ਕਮਲਜੀਤ ਬੈਨੀਪਾਲ, ਗੋਗੀ ਸੰਧੂ, ਰਾਜ ਬਰਾੜ ਅਤੇ ਬਹਾਦਰ ਸਿੱਧੂ ਨੇ ਵੀ ਖ਼ੂਬਸੂਰਤ ਗੀਤਾਂ ਨਾਲ ਚੰਗਾ ਸਮਾਂ ਬੰਨਿਆ। ਅਖੀਰ ਵਿੱਚ ਗੀਤਕਾਰ ਮੰਗਲ ਹਠੂਰ ਨੇ ਆਪਣੇ ਨਵੇਂ ਪੁਰਾਣੇ ਗੀਤਾ ਨਾਲ ਐਸਾ ਸਮਾਂ ਬੰਨਿਆ ਕਿ ਹਰਕੋਈ ਉਹਨਾਂ ਦੀ ਸ਼ਾਇਰੀ ਦੀ ਤਰੀਫ਼ ਕਰਦਾ ਨਜ਼ਰ ਆਇਆ। ਇਸ ਮੌਕੇ



ਉਹਨਾਂ ਦੀ ਪੁਸਤਕ "ਪਿੰਡ ਦਾ ਗੇੜਾ" ਵੀ ਪਤਵੰਤਿਆਂ ਦੀ ਹਾਜ਼ਰੀ ਵਿੱਚ ਰਲੀਜ਼ ਕੀਤੀ ਗਈ। ਇਸ ਮੌਕੇ ਇੰਡੋ ਯੂ. ਐਸ. ਫੌਰਮ ਦੇ ਕਨਵੀਨਰ ਸ. ਸਾਧੂ ਸਿੰਘ ਸੰਘਾ, ਖਜ਼ਾਨਚੀ ਮਨਜੀਤ ਕੁਲਾਰ, ਪਵਿੱਤਰ ਸਿੰਘ, ਦੇ ਨਾਲ ਨਾਲ ਟਰਾਸਪੋਰਟਰ ਜਸਪਾਲ ਸਿੰਘ ਧਾਲੀਵਾਲ (ਬਿਲਾਸਪੁਰ), ਖੇਡ ਲੇਖਕ ਅਮਰਜੀਤ ਸਿੰਘ ਦੌਧਰ, ਢਿੱਲੋ ਟਰੱਕਿੰਗ ਵਾਲੇ ਦਵਿੰਦਰ ਸਿੰਘ ਢਿੱਲੋਂ (ਬੁੱਟਰ), ਮਹਿੰਦਰ ਸਿੰਘ ਹਠੂਰ, ਕਾਰੋਬਾਰੀ ਸੁੱਖਦੇਵ ਸਿੰਘ ਗਰੇਵਾਲ, ਆਈਸਕ੍ਰੀਮ ਵਿਕਰੇਤਾ ਰਾਜੂ ਵਕੀਲਾਵਾਲਾ ਆਦਿ ਸੱਜਣਾਂ ਤੋ ਬਿਨਾ ਹੋਰ ਵੀ ਬਹੁਤ ਸਾਰੇ ਸੰਗੀਤ ਪ੍ਰੇਮੀ ਮਜੂਦ ਰਹੇ। ਇਸ ਪ੍ਰੋਗ੍ਰਾਮ ਲਈ ਮਿੰਟੂ ਉੱਪਲੀ ਦੇ ਨਾਲ ਬਿੱਟੂ ਖੰਨੇਵਾਲਾ (ਮਕੈਨਿੰਕ) ਦਾ ਬੇਹੱਦ ਯੋਗਦਾਨ ਰਿਹਾ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗ੍ਰਾਮ ਯਾਦਗਾਰੀ ਹੋ ਨਿੱਬੜਿਆ। ਪ੍ਰਬੰਧਕਾਂ ਵੱਲੋਂ ਸਾਰੇ ਸੱਜਣਾਂ ਜਿਹੜੇ ਆਪਣੇ ਕੀਮਤੀ ਸਮੇਂ 'ਚੋਂ ਸਮਾਂ ਕੱਢਕੇ ਪਹੁੰਚੇ, ਉਹਨਾਂ ਸਾਰਿਆਂ ਦਾ ਦਿਲ ਦੀਆਂ ਗਹਿਰਾਈਆਂ 'ਚੋਂ ਧੰਨਵਾਦ ਕੀਤਾ ਗਿਆ।

# 81 ਸਾਲ ਦੇ ਹੋਏ ਅਮਰੀਕਾ ਦੇ ਰਾਸ਼ਟਪਰਤੀ, ਚੋਣਾਂ 'ਚ ਉਮਰ ਦਾ ਮੁੱਦਾ ਬਣਿਆ ਚਰਚਾ ਦਾ ਵਿਸ਼ਾ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਸੋਮਵਾਰ ਨੂੰ 81 ਸਾਲ ਦੇ ਹੋ ਗਏ ਹਨ। ਇੱਕ ਮੀਲ ਪੱਥਰ ਜਿਸ ਨੇ ਹੁਣ ਤੱਕ ਦੇ ਸਭ ਤੋਂ ਬਜ਼ੁਰਗ ਵਿਅਕਤੀ ਵਜੋਂ ਉਨ੍ਹਾਂ ਦੇ ਰੁਤਬੇ ਵੱਲ ਸਭ ਦਾ ਧਿਆਨ ਖਿੱਚਿਆ ਹੈ। ਓਪੀਨੀਅਨ ਪੋਲ ਦੇ ਨਾਲ-ਨਾਲ ਅਮਰੀਕੀਆਂ ਨੂੰ ਚਿੰਤਾ ਹੈ ਕਿ ਉਹ ਜਿਸ ਅਹੁਦੇ ਲਈ ਦੁਬਾਰਾ ਚੋਣ ਦੀ ਮੰਗ ਕਰ ਰਹੇ ਹਨ, ਉਸ ਲਈ ਉਹ ਬਹੁਤ ਬਜ਼ੁਰਗ ਹੋ ਗਏ ਹਨ। ਓਪੀਨੀਅਨ ਪੋਲ ਲਗਾਤਾਰ ਉਨ੍ਹਾਂ ਦੀ ਉਮਰ ਬਾਰੇ ਚਿੰਤਾਵਾਂ ਦਰਸਾਉਂਦੇ ਆ ਰਹੇ ਹਨ। ਬਾਈਡੇਨ ਦੀ ਰਾਸ਼ਟਰਪਤੀ ਅਹੁਦੇ ਦੀਆਂ ਕਠੋਰਤਾਵਾਂ ਨੂੰ ਸੰਭਾਲਣ ਦੀ ਯੋਗਤਾ ਬਾਰੇ ਚਰਚਾ ਤੇਜ਼ ਹੋ ਗਈ ਹੈ। ਆਲੋਚਕ ਦਲੀਲ ਦਿੰਦੇ ਹਨ ਕਿ ਬਾਈਡੇਨ ਦੀਆਂ ਅੰਤਰਰਾਸ਼ਟਰੀ ਯਾਤਰਾਵਾਂ ਅਤੇ ਮੁਸ਼ਕਲ ਕੰਮਕਾਜੀ ਪ੍ਰੋਗਰਾਮ ਉਮਰ ਦੀ ਸਮਰੱਥਾ ਕਾਰਨ ਪ੍ਰਭਾਵਿਤ ਹੋ ਸਕਦੇ ਹਨ।



ਕੁਝ ਲੋਕ ਸੰਭਾਵੀ ਯਾਤਰਾਵਾਂ ਅਤੇ ਨਤੀਜੇ ਨੂੰ ਰੋਕਣ ਲਈ ਜ਼ਿਆਦਾ ਰੱਖਿਆਤਮਕ ਪਹੁੰਚ ਦਾ ਸੁਝਾਅ ਦਿੰਦੇ ਹਨ, ਜਿਸਨੂੰ ਹਾਸੇ ਵਿੱਚ 'ਬਬਲ ਰੈਪ' ਰਣਨੀਤੀ ਦਾ ਨਾਮ ਦਿੱਤਾ ਗਿਆ ਹੈ, ਜੋ ਰਾਸ਼ਟਰਪਤੀ ਦੀ ਯੋਗਤਾ ਬਾਰੇ ਸ਼ੰਕਿਆਂ ਨੂੰ ਹੋਰ ਮਜ਼ਬੂਤ ਕਰ ਸਕਦੀ ਹੈ।

ਉਮਰ ਦਾ ਮੁੱਦਾ ਪ੍ਰਮੁੱਖਤਾ ਨਾਲ ਵੱਧ ਰਿਹਾ ਹੈ ਕਿਉਂਕਿ ਮਾਰਚ 2024 ਵਿੱਚ ਆਉਣ ਵਾਲੀਆਂ ਚੋਣਾਂ ਬਾਈਡੇਨ ਦੀ ਦੂਜੀ ਕਾਰਜਕਾਲ ਲਈ ਚਰਚਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਦੂਜੇ ਪਾਸੇ ਵ ?ਹਾਈਟ ਹਾਊਸ ਦੇ ਅਧਿਕਾਰੀਆਂ ਨੇ ਬਾਈਡੇਨ ਦੇ ਊਰਜਾਵਾਨ ਅਤੇ ਮਾਨਸਿਕ ਤੌਰ 'ਤੇ ਤਿੱਖੇ ਪ੍ਰਦਰਸ਼ਨ 'ਤੇ ਜ਼ੋਰ ਦਿੰਦੇ ਹੋਏ, ਉਮਰ-ਸਬੰਧਤ ਚਰਚਾਵਾਂ ਨੂੰ ਮੀਡੀਆ ਦੇ ਜਨੂੰਨ ਵਜੋਂ ਖਾਰਜ ਕਰ ਦਿੱਤਾ ਹੈ। ਇਸ ਦੇ ਨਾਲ ਹੀ ਜਨਤਕ ਚਿੰਤਾਵਾਂ ਬਰਕਰਾਰ ਹਨ। ਪੋਲ ਦਰਸਾਉਂਦੇ ਹਨ ਕਿ ਡੈਮੋਕਰੇਟਸ ਸਮੇਤ ਵੋਟਰਾਂ ਦੀ ਵੱਡੀ ਬਹੁਗਿਣਤੀ, ਬਾਈਡੇਨ ਨੂੰ ਰਾਸ਼ਟਰਪਤੀ ਬਣਨ ਲਈ ਬਹੁਤ ਬਜ਼ੁਰਗ ਮੰਨਦੇ ਹਨ।


American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver With 2 Year Experience




(209) 405-1544

127 Darcy Parkway, Lathrop, CA 95330

# BASRA
## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

## AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377




# Dirt Haulers Inc

**We Provide The Best Service In The Industry**

5500 Stewart Ave , Fremont CA 94538

(510) 399-9417 | (574 340 1669)

Email : dirthaulersinc@gmail.com | Web : dirthaulersinc.com

## Our Services

- Debris Removal & Land Clearing
- Commercial Waste Removal
- Site Management & Handling
- Moving & Foreclosure Clean Outs

Clean DMV Record
2 years Experience Must
Good Pay and Weekly Pay
40-48 Hours Minimum
Nights Shift Available
Bonus offer upto $500-1000

### TRUCK DRIVER NEEDED



- Candidate must have a valid drivers license
- Candidate must have minimum 2 years of experience

Starting wage : $28 - $35/- hour, ad per experience
By Area Leading Company

Handling Calls
English/Spanish Must
Local Dump Truck Driver
East Bay within 75 miles

## Our Trucks Utilize 100% Sustainable Fuel

Our trucks utilize inventive fuel that cuts ozone harming substance outflows by up to 80% and fundamentally lessens tailpipe discharges. Inexhaustible diesel is produced using 100% inexhaustible and reasonable crude materials. It's anything but a fossil fuel. It is made of non-oil inexhaustible assets and is delegated a hydrotreated vegetable oil (HVO).

Heavy Transport Facility
We Provide different types of heavy transport facility.

Payment Methods
We accept CREDIT CARDS, VISA AMERICAN, ACH, WIRE TRANSFER

Service Support
We Provide best Service Support.

On-Time Delivery
We get it there ASAP.



ਸ੍ਰ. ਜੇ.ਪੀ. ਸਿੰਘ ਅਤੇ ਸਮੂਹ ਪਰਿਵਾਰ

# ਅਮਰੀਕਾ ਦੀ ਇਕ ਜੇਲ ਵਿਚ ਚੋਰੀ ਦੇ ਮਾਮਲੇ 'ਚ ਕੈਦ ਕੱਟ ਰਹੇ 22 ਸਾਲਾ ਨੌਜਵਾਨ ਦੀ ਰਿਹਾਈ ਵਾਲੇ ਦਿਨ ਹੋਈ ਮੌਤ

## *ਪਿਤਾ ਨੇ ਨਿਆਂ ਦੀ ਕੀਤੀ ਮੰਗ*

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਅਲਾਬਾਮਾ ਰਾਜ ਦੀ ਇਕ ਜੇਲ (ਸੁਧਾਰ ਘਰ) ਵਿਚ ਚੋਰੀ ਦੇ ਇਕ ਮਾਮਲੇ ਵਿਚ ਇਕ ਸਾਲ ਦੀ ਕੈਦ ਕੱਟਣ ਉਪਰੰਤ ਰਿਹਾਈ ਵਾਲੇ ਦਿਨ ਇਕ 22 ਸਾਲਾ ਨੌਜਵਾਨ ਦੀ ਹੋਈ ਮੌਤ ਕਾਰਨ ਉਸ ਦਾ ਪਰਿਵਾਰ ਗਹਿਰੇ ਸਦਮੇ ਵਿਚ ਹੈ। ਡੈਨੀਐਲ ਟੈਰੀ ਵਿਲੀਅਮਜ ਨਾਮੀ ਨੌਜਵਾਨ ਦੀ ਮੌਤ ਬਾਰੇ ਅਲਬਾਮਾ ਡਿਪਾਟਰਮੈਂਟ ਆਫ ਕੋਰੈਕਸ਼ਨਜ ਨੇ ਕਿਹਾ ਹੈ ਕਿ ਇਹ ਮੌਤ ਸੰਭਾਵੀ ਤੌਰ 'ਤੇ ਕੈਦੀਆਂ ਦੀ ਆਪਸ ਵਿਚ ਹੋਈ ਲੜਾਈ ਦਾ ਸਿੱਟਾ ਹੋ ਸਕਦੀ ਹੈ। ਡੈਨੀਐਲ ਦੇ ਪਿਤਾ ਟੈਰੀ ਵਿਲੀਅਮਜ ਨੇ ਕਿਹਾ ਹੈ ਕਿ ਜਦੋਂ ਉਸ ਨੇ ਜੇਲ ਵਾਰਡਨ ਨੂੰ ਇਸ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਡੈਨੀਐਲ ਦੀ ਮੌਤ "ਓਵਰਡੋਜ਼" ਕਾਰਨ ਹੋਈ ਹੈ। ਪਿਤਾ ਦਾ ਵਿਸ਼ਵਾਸ਼ ਹੈ ਕਿ ਜੇਲ ਵਾਰਡਨ ਨੇ ਝੂਠ ਬੋਲਿਆ ਹੈ। ਉਸ ਦਾ



ਕਹਿਣਾ ਹੈ ਕਿ ਡੈਨੀਐਲ ਦੇ ਸਰੀਰ ਉਪਰ ਸੱਟਾਂ ਦੇ ਨਿਸ਼ਾਨ ਸਨ ਤੇ ਸਾਰੇ ਸਰੀਰ 'ਤੇ ਨੀਲ ਪਏ ਹੋਏ ਸਨ। ਉਸ ਨੇ ਕਿਹਾ ਕਿ ਜੇਲ ਵਿਚਲੇ ਕੈਦੀਆਂ ਨਾਲ ਗਲਬਾਤ ਕਰਨ 'ਤੇ ਉਹ ਵਿਸ਼ਵਾਸ਼ ਨਾਲ ਕਹਿ ਸਕਦਾ ਹੈ ਕਿ ਹਸਪਤਾਲ ਲਿਜਾਣ ਤੋਂ ਪਹਿਲਾਂ ਡੈਨੀਐਲ ਉਪਰ ਹਮਲਾ ਕਰਕੇ ਉਸ ਨੂੰ ਬੁਰੀ ਤਰਾਂ ਮਾਰਿਆ ਕੁੱਟਿਆ ਗਿਆ। ਦੂਸਰੇ ਪਾਸੇ ਜੇਲ ਵਿਭਾਗ ਨੇ ਕਿਹਾ ਹੈ ਕਿ ਲਾਅ ਇਨਫੋਰਸਮੈਂਟ ਸਰਵਿਸਜ ਡਵੀਜਨ ਮਾਮਲੇ ਦੀ ਜਾਂਚ ਕਰ ਰਿਹਾ ਹੈ। ਮ੍ਰਿਤਕ ਨੌਜਵਾਨ ਦੇ 2 ਸਾਲ ਤੋਂ ਵੀ ਘੱਟ ਉਮਰ ਦੇ ਦੋ ਬੱਚੇ ਹਨ।

# ਕੈਲੋਫਿਰਨੀਆ 'ਚ ਰੈਲੀ ਦੌਰਾਨ ਯਹੂਦੀ ਵਿਅਕਤੀ ਦੀ ਹੋਈ ਮੌਤ ਦੇ ਮਾਮਲੇ ਵਿਚ ਸ਼ੱਕੀ ਵਿਅਕਤੀ ਗ੍ਰਿਫਤਾਰ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਦੱਖਣੀ ਕੈਲੀਫੋਰਨੀਆ ਵਿਚ ਇਸ ਮਹੀਨੇ ਦੇ ਸ਼ੁਰੂ ਵਿਚ ਇਸਰਾਈਲ ਤੇ ਫਲਸਤੀਨ ਪੱਖੀ ਹੋਈਆਂ ਦੋ ਰੈਲੀਆਂ ਦੌਰਾਨ ਹੋਏ ਝਗੜੇ ਵਿੱਚ ਇਕ ਯਹੂਦੀ ਵਿਅਕਤੀ ਪੌਲ ਕੇਸਲਰ ਦੀ ਹੋਈ ਮੌਤ ਦੇ ਮਾਮਲੇ ਵਿਚ ਪੁਲਿਸ ਵੱਲੋਂ ਇਕ ਸ਼ੱਕੀ ਵਿਅਕਤੀ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਡਿਸਟ੍ਰਿਕਟ ਅਟਾਰਨੀ ਦੇ ਦਫਤਰ ਨੇ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਥਾਊਜੈਂਡ ਓਕਸ, ਵੈਂਟੂਰਾ ਕਾਊਂਟੀ ਵਿਚ ਕੇਸਲਰ ਦੀ ਹੋਈ ਮੌਤ ਦੇ ਮਾਮਲੇ ਵਿਚ ਸ਼ੱਕੀ ਲੋਆਈ ਅਲਨਾਜੀ (50) ਨੂੰ ਗ੍ਰਿਫਤਾਰ ਕਰਕੇ ਉਸ ਵਿਰੁੱਧ ਗੈਰ ਇਰਾਦਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਸ਼ੈਰਿਫ ਦਫਤਰ ਅਨੁਸਾਰ ਅਲਨਾਜੀ ਦੀ ਜਮਾਨਤ ਲਈ 10 ਲੱਖ ਡਾਲਰ ਰਕਮ ਤੈਅ ਕੀਤੀ ਗਈ ਹੈ। 69 ਸਾਲਾ ਕੇਸਲਰ ਦੀ ਸਿਰ ਵਿਚ ਸੱਟ ਵੱਜਣ ਕਾਰਨ ਮੌਤ ਹੋ ਗਈ ਸੀ।

# ਅਮਰੀਕਾ ਵਿਚ ਫਲਸਤੀਨੀ ਸਕਾਰਫ ਪਹਿਣੀ ਭਾਰਤੀ ਮੂਲ ਦੇ ਵਿਅਕਤੀ 'ਤੇ ਗਰਮ ਕੌਫੀ ਦਾ ਕੱਪ ਸੁੱਟਣ ਵਾਲੀ ਔਰਤ ਦੇ ਗ੍ਰਿਫਤਾਰੀ ਵਾਰੰਟ ਜਾਰੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਕ ਖੇਡ ਮੈਦਾਨ ਵਿਚ ਇਕ ਭਾਰਤੀ ਅਮਰੀਕੀ ਵਿਅਕਤੀ ਅਤੇ ਉਸ ਦੇ 18 ਮਹੀਨਿਆਂ ਦੇ ਪੁੱਤਰ ਉਪਰ ਇਕ ਔਰਤ ਵੱਲੋਂ ਕੌਫੀ ਦਾ ਗਰਮ ਕੱਪ ਸੁੱਟੇ ਜਾਣ ਦੀ ਖਬਰ ਹੈ। ਪੁਲਿਸ ਨੇ ਉਸ ਔਰਤ ਦੀ ਪਛਾਣ ਕਰ ਲਈ ਹੈ ਤੇ ਉਸ ਦੀ ਗ੍ਰਿਫਤਾਰੀ ਲਈ ਵਾਰੰਟ ਜਾਰੀ ਕਰ ਦਿੱਤੇ ਹਨ। ਇਹ ਘਟਨਾ ਬਰੁੱਕਲਿਨ ਦੇ ਐਡਮੌਂਡਜ ਖੇਡ ਮੈਦਾਨ ਵਿਚ ਉਸ ਵੇਲੇ ਵਾਪਰੀ ਜਦੋਂ ਅਸ਼ੀਸ਼ ਪ੍ਰਾਸ਼ਰ (40) ਆਪਣੇ 18 ਮਹੀਨਿਆਂ ਦੇ ਪੁੱਤਰ ਨਾਲ ਖੇਡ ਰਿਹਾ ਸੀ। ਪ੍ਰਾਸ਼ਰ ਅਨੁਸਾਰ ਇਕ ਔਰਤ ਜਿਸ ਨੇ ਆਪਣੇ ਆਪ ਨੂੰ ਅਮਰੀਕੀ



ਯਹੂਦੀ ਦੱਸਿਆ, ਨੇ ਉਸ ਦੇ ਰਵਾਇਤੀ ਫਲਸਤੀਨੀ ਸਕਾਰਫ ਪਾਇਆ ਹੋਇਆ ਵੇਖਿਆ ਤਾਂ ਉਹ ਚਿੜ ਗਈ ਤੇ ਉਸ ਨੇ ਮੇਰੇ ਤੇ ਮੇਰੇ ਪੁੱਤਰ ਉਪਰ ਹਮਲਾ ਕਰ ਦਿੱਤਾ। ਇਕ ਪੋਸਟ ਵਿਚ ਪ੍ਰਾਸ਼ਰ ਨੇ ਜਾਣਕਾਰੀ ਦਿੱਤੀ ਹੈ ਕਿ ਔਰਤ ਦੇ ਗ੍ਰਿਫਤਾਰੀ ਵਾਰੰਟ ਜਾਰੀ ਹੋ ਗਏ ਹਨ ਤੇ ਅਸੀਂ ਉਸ ਦੀ ਗ੍ਰਿਫਤਾਰੀ ਦੀ ਉਡੀਕ ਵਿਚ ਹਾਂ। ਹਮਲਾ ਕਰਨ ਤੋਂ ਪਹਿਲਾਂ ਔਰਤ ਨੇ ਕਿਹਾ ਤੁਸੀਂ ਹਮਾਸ ਦਾ ਸਮਰਥਨ ਕਰਦੇ ਹੋ? ਕੀ ਤੁਸੀਂ ਜਾਣਦੇ ਹੋ ਕਿ ਉਹ ਅੱਤਵਾਦੀ ਹਨ? ਜਦੋਂ ਪ੍ਰਾਸ਼ਰ ਨੇ ਆਪਣੇ ਫੋਨ 'ਤੇ ਘਟਨਾ ਨੂੰ ਰਿਕਾਰਡ ਕਰਨ ਦਾ ਯਤਨ ਕੀਤਾ ਤਾਂ ਔਰਤ ਨੇ ਪਹਿਲਾਂ ਆਪਣਾ ਫੋਨ ਉਸ ਦੇ ਮਾਰਿਆ ਤੇ ਫਿਰ ਗਰਮ ਕੌਫੀ ਦਾ ਕੱਪ ਉਸ ਵੱਲ ਮਾਰਿਆ ਪਰੰਤੂ ਇਸ ਹਮਲੇ ਵਿਚ ਪ੍ਰਾਸ਼ਰ ਤੇ ਉਸ ਦਾ ਪੁੱਤਰ ਵਾਲ ਵਾਲ ਬਚ ਗਏ। ਪੁਲਿਸ ਨੇ ਔਰਤ ਦਾ ਨਾਂ ਨਹੀਂ ਦੱਸਿਆ ਹੈ ਤੇ ਕਿਹਾ ਹੈ ਕਿ ਉਹ ਸਥਾਨਕ ਵਾਸੀ ਹੈ।

# ਅਮਰੀਕਾ ਦੇ ਫਲੋਰਿਡਾ ਰਾਜ 'ਚ ਲਾਪਤਾ ਔਰਤ ਦੀ ਲਾਸ਼ ਗੁਦਾਮ 'ਚੋਂ ਮਿਲੀ

## ਪੁਲਿਸ ਨੇ ਮੁੱਖ ਸ਼ੱਕੀ ਦੋਸ਼ੀ ਵਜੋਂ ਪਤੀ ਨੂੰ ਕੀਤਾ ਨਾਮਜ਼ਦ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਫਲੋਰਿਡਾ ਰਾਜ ਵਿਚ ਪਿਛਲੇ ਦਿਨਾਂ ਤੋਂ ਲਾਪਤਾ ਔਰਤ ਜਿਸ ਦੀ ਪੁਲਿਸ ਭਾਲ ਕਰ ਰਹੀ ਸੀ, ਦੀ ਲਾਸ਼ ਇਕ ਗੁਦਾਮ ਵਿਚੋਂ ਮਿਲਣ ਦੀ ਖਬਰ ਹੈ ਜੋ ਗੁਦਾਮ ਉਸ ਦੇ ਪਤੀ ਦੇ ਨਾਂ 'ਤੇ ਹੈ ਜੋ ਉਸ ਨਾਲ ਕਿਸੇ ਗੱਲ ਨੂੰ ਲੈ ਕੇ ਨਰਾਜ ਸੀ। ਪਰਿਵਾਰ ਨੇ ਸ਼ਾਕੀਰਾ ਯੋਨੇ ਰਕਰ ਦੇ ਲਾਪਤਾ ਹੋਣ ਦੀ ਰਿਪੋਰਟ ਵਿੰਟਰ ਸਪਰਿੰਗਜ ਪੁਲਿਸ ਵਿਭਾਗ ਕੋਲ ਲਿਖਵਾਈ ਸੀ ਜਿਸ ਵਿਚ ਪਰਿਵਾਰ ਨੇ ਕਿਹਾ ਸੀ ਕਿ ਉਨਾਂ ਨੇ ਸ਼ਾਕੀਰਾ ਨੂੰ ਆਖਰੀ ਵਾਰ 11 ਨਵੰਬਰ ਨੂੰ ਵੇਖਿਆ ਸੀ। ਉਸ ਦਿਨ



ਸ਼ਾਕੀਰਾ ਯੋਨੇ ਰਕਰ ਤੇ ਕੋਰੀ ਹਿੱਲ

ਉਹ ਆਪਣੇ ਪਤੀ ਕੋਰੀ ਹਿੱਲ ਨਾਲ 7.30 ਵਜੇ ਸ਼ਾਮ ਦੇ ਆਸਪਾਸ ਕਿਸੇ ਅਗਿਆਤ ਜਗਾ 'ਤੇ ਗਈ ਸੀ। ਪਰਿਵਾਰ ਅਨੁਸਾਰ ਕੋਰੀ ਹਿੱਲ ਦੇ ਸ਼ਾਕੀਰਾ ਨਾਲ ਸਬੰਧ ਠੀਕ ਨਹੀਂ ਸਨ। ਪੁਲਿਸ ਅਨੁਸਾਰ ਪਰਿਵਾਰ ਨੇ ਉਸ ਦਿਨ ਤੋਂ ਬਾਅਦ ਸ਼ਾਕੀਰਾ ਨੂੰ ਨਹੀਂ ਵੇਖਿਆ ਤੇ ਨਾ ਹੀ ਉਸ ਨਾਲ ਕੋਈ ਗੱਲ ਹੋਈ। ਪਰਿਵਾਰ ਦਾ ਵਿਸ਼ਵਾਸ਼ ਸੀ ਕਿ ਉਸ ਦੀ ਜਾਨ ਨੂੰ ਖਤਰਾ ਹੋ ਸਕਦਾ ਹੈ। ਵਿੰਟਰ ਸਪਰਿੰਗਜ ਪੁਲਿਸ ਮੁੱਖੀ ਮੈਥੀਊ ਟਰਾਚਟ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਸ਼ਾਕੀਰਾ ਨੂੰ ਲੱਭਣ ਲਈ ਐਫ ਬੀ ਆਈ ਸਮੇਤ ਹੋਰ ਲਾਅ ਇਨਫੋਰਸਮੈਂਟ ਏਜੰਸੀਆਂ ਮਦਦ ਕਰ ਰਹੀਆਂ ਸਨ। ਔਰੇਂਜ ਕਾਊਂਟੀ ਸ਼ੈਰਿਫ ਜੌਹਨ ਮੀਨਾ ਨੇ ਦਸਿਆ ਕਿ ਓਰਲੈਂਡੋ ਦੇ ਉਤਰ ਪੱਛਮ ਵਿਚ ਤਕਰੀਬਨ 20 ਮੀਲ ਦੂਰ ਅਪੋਪਕਾ ਵਿਚ ਇਕ ਗੁਦਾਮ ਵਿਚੋਂ ਬਦਬੂ ਆਉਣ ਬਾਰੇ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ 'ਤੇ ਪੁੱਜੇ । ਜਦੋਂ ਗੁਦਾਮ ਨੂੰ ਖੋਲਿਆ ਗਿਆ ਤਾਂ ਉਥੋਂ ਇਕ ਔਰਤ ਦੀ ਲਾਸ਼ ਬਰਾਮਦ ਹੋਈ ਜਿਸ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਲਾਸ਼ ਦੀ ਬਾਅਦ ਵਿਚ ਪਛਾਣ ਸ਼ਾਕੀਰਾ ਵਜੋਂ ਹੋਈ। ਪੁਲਿਸ ਨੇ ਹਿੱਲ ਨੂੰ ਮੁੱਖ ਸ਼ੱਕੀ ਦੋਸ਼ੀ ਵਜੋਂ ਨਾਮਜ਼ਦ ਕੀਤਾ ਹੈ। ਸ਼ੈਰਿਫ ਨੇ ਕਿਹਾ ਕਿ ਪੁਲਿਸ ਦਾ ਵਿਸ਼ਵਾਸ਼ ਹੈ ਕਿ ਗੋਲੀਆਂ ਗੁਦਾਮ ਵਿਚ ਹੀ ਮਾਰੀਆਂ ਗਈਆਂ ਹਨ।




# ਰਾਜਨੀਤਕ ਸੰਸਕ੍ਰਿਤੀ ਤੇ ਅੱਧੀ ਆਬਾਦੀ

ਜੇ ਰਾਜਨੀਤਕ ਸੰਸਕ੍ਰਿਤੀ ਵਿਚ ਆ ਰਹੀ ਗਿਰਾਵਟ 'ਤੇ ਲਗਾਮ ਨਹੀਂ ਲੱਗੀ ਤਾਂ ਮਹਿਲਾ ਜਨ-ਪ੍ਰਤੀਨਿਧੀਆਂ ਦੀ ਗਿਣਤੀ ਵਧਣ ਦੇ ਬਾਵਜੂਦ ਸਾਡੇ ਲੋਕਤੰਤਰ ਦਾ ਮੂੰਹ-ਮੱਥਾ ਖ਼ਰਾਬ ਹੋ ਜਾਵੇਗਾ।

ਰਾਜਨੀਤੀ ਵਿਚ ਮਹਿਲਾਵਾਂ ਨੂੰ ਲੈ ਕੇ ਫ਼ਿਲਹਾਲ ਤਿੰਨ ਮੁੱਦੇ ਚਰਚਾ ਵਿਚ ਹਨ। ਵਿਧਾਨ ਪਾਲਿਕਾ ਵਿਚ ਉਨ੍ਹਾਂ ਨੂੰ ਰਾਖਵਾਂਕਰਨ ਦੀ ਸੰਵਿਧਾਨਕ ਤਰਮੀਮ, ਤ੍ਰਿਣਮੂਲ ਕਾਂਗਰਸ ਦੀ ਸੰਸਦ ਮੈਂਬਰ ਮਹੂਆ ਮੋਇਤਰਾ ਵੱਲੋਂ ਪੈਸੇ ਲੈ ਕੇ ਪ੍ਰਸ਼ਨ ਪੁੱਛਣ ਦਾ ਕਾਂਡ ਅਤੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਦੁਆਰਾ ਜਨਸੰਖਿਆ 'ਤੇ ਕਾਬੂ ਪਾਉਣ ਨੂੰ ਲੈ ਕੇ ਵਿਧਾਨ ਸਭਾ ਵਿਚ ਔਰਤਾਂ 'ਤੇ ਕੀਤੀ ਗਈ ਭੱਦੀ ਟਿੱਪਣੀ। ਭਾਰਤੀ ਸਮਾਜ ਮਹਿਲਾਵਾਂ ਨੂੰ ਲੈ ਕੇ ਸੰਵਦਨਸ਼ੀਲ ਹੈ। ਜਨਤਕ ਜੀਵਨ ਵਿਚ ਜਨਤਾ ਔਰਤਾਂ ਪ੍ਰਤੀ ਦੁਰ-ਵਿਵਹਾਰ ਨੂੰ ਮਾੜਾ, ਅਨੈਤਿਕ, ਅਪਮਾਨਜਨਕ ਅਤੇ ਅਪ੍ਰਵਾਨਯੋਗ ਮੰਨਦੀ ਹੈ। ਮਹਿਲਾਵਾਂ ਨੂੰ 'ਅੱਧੀ ਆਬਾਦੀ' ਕਿਹਾ ਜਾਂਦਾ ਹੈ। ਰਾਜਨੀਤੀ ਵਿਚ ਉਨ੍ਹਾਂ ਦੀ ਪ੍ਰਭਾਵਸ਼ੀਲਤਾ ਸਵੈਮ ਸਿੱਧ ਹੈ। ਅੱਜ ਤੋਂ ਤਿੰਨ ਦਹਾਕੇ ਪਹਿਲਾਂ ਸੰਨ 1992 ਵਿਚ ਭਾਰਤ ਦੁਨੀਆ ਦਾ ਪਹਿਲਾ ਲੋਕਤੰਤਰ ਬਣਿਆ ਜਿੱਥੇ ਪੰਚਾਇਤਾਂ ਅਤੇ ਲੋਕਲ ਬਾਡੀਜ਼ ਵਿਚ ਸਾਰੇ ਪੱਧਰਾਂ 'ਤੇ ਸਾਰੇ ਅਹੁਦਿਆਂ 'ਤੇ ਔਰਤਾਂ ਲਈ ਇਕ ਤਿਹਾਈ ਸੀਟਾਂ ਰਾਖਵੀਆਂ ਰੱਖੀਆਂ ਗਈਆਂ। ਸੰਸਦ ਦੇ ਪਿਛਲੇ ਸੈਸ਼ਨ ਵਿਚ ਸੰਵਿਧਾਨ ਦੀ 106ਵੀਂ ਤਰਮੀਮ ਦੇ ਮਾਧਿਅਮ ਨਾਲ ਨਾਰੀ ਸ਼ਕਤੀ ਵੰਦਨ ਐਕਟ, 2023 ਦੁਆਰਾ ਔਰਤਾਂ ਨੂੰ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿਚ ਵੀ 33 ਪ੍ਰਤੀਸ਼ਤ ਰਾਖਵਾਂਕਰਨ ਦੇਣ ਦੀ ਸਵਾਗਤਯੋਗ ਪਹਿਲ ਮੋਦੀ ਸਰਕਾਰ ਦੁਆਰਾ ਕੀਤੀ ਗਈ ਜਿਸ ਦਾ ਸਾਰੀਆਂ ਪਾਰਟੀਆਂ ਨੇ ਸਮਰਥਨ ਕੀਤਾ। ਮਹਿਲਾਵਾਂ ਨਾਲ ਜੁੜੇ ਇਹ ਤਿੰਨੇ ਮੁੱਦੇ ਅਸਲ ਵਿਚ ਭਾਰਤੀ ਸਿਆਸਤ ਦੀਆਂ ਤਿੰਨ ਬਿਰਤੀਆਂ ਦਾ ਪ੍ਰਗਟਾਵਾ ਕਰਦੇ ਹਨ। ਵਿਧਾਨ ਪਾਲਿਕਾ ਵਿਚ ਰਾਖਵਾਂਕਰਨ ਮਹਿਲਾ ਸਸ਼ਕਤੀਕਰਨ ਵੱਲ ਇਸ਼ਾਰਾ ਕਰਦਾ ਹੈ। ਸਾਰਿਆਂ ਦਾ ਮੰਨਣਾ ਹੈ ਕਿ ਸੰਸਕ੍ਰਿਤਕ, ਸਮਾਜਿਕ ਅਤੇ ਆਰਥਿਕ ਆਦਿ ਅੜਿੱਕਿਆਂ ਕਾਰਨ ਔਰਤਾਂ ਦਾ ਚੋਣ ਲੜਨਾ ਅਤੇ ਸਫਲ ਹੋਣਾ ਪੁਰਸ਼ਾਂ ਦੇ ਮੁਕਾਬਲੇ ਮੁਸ਼ਕਲ ਹੈ। ਰਾਖਵਾਂਕਰਨ ਦੁਆਰਾ ਰਾਜਨੀਤਕ ਸੰਸਥਾਵਾਂ ਵਿਚ ਉਨ੍ਹਾਂ ਦੀ 'ਸਪੇਸ' ਸੁਰੱਖਿਅਤ ਕੀਤੀ ਗਈ ਹੈ। ਭਾਰਤ ਵਿਚ 14-15 ਪ੍ਰਤੀਸ਼ਤ ਦੇ ਮੁਕਾਬਲੇ ਆਲਮੀ ਪੱਧਰ 'ਤੇ ਲੋਕ-ਪ੍ਰਤੀਨਿਧਤਾ ਵਾਲੀਆਂ ਸੰਸਥਾਵਾਂ ਵਿਚ ਮਹਿਲਾਵਾਂ ਦਾ ਔਸਤ 24 ਪ੍ਰਤੀਸ਼ਤ ਹੈ ਪਰ ਨਵੀਂ ਪਹਿਲ ਜ਼ਰੀਏ ਭਾਰਤ ਵਿਸ਼ਵ ਵਿਚ ਪਹਿਲੇ ਨੰਬਰ 'ਤੇ ਆਉਣ ਦੀ ਸਥਿਤੀ ਵਿਚ ਆ ਗਿਆ ਹੈ। ਇਹ ਸਹੀ ਹੈ ਕਿ ਕੁਝ ਪ੍ਰਕਿਰਿਆਤਮਕ ਅੜਿੱਕਿਆਂ ਕਾਰਨ ਇਸ ਦੇ ਲਾਗੂ ਹੋਣ ਵਿਚ ਕੁਝ ਸਮਾਂ ਲੱਗੇਗਾ ਪਰ ਇਸ ਦਾ ਅਮਲੀ ਰੂਪ ਲੈਣਾ ਬੇਹੱਦ ਜ਼ਰੂਰੀ ਹੈ। ਇਸ ਦੌਰਾਨ ਇਕ ਸਵਾਲ ਇਹ ਵੀ ਹੈ ਕਿ ਪੰਚਾਇਤਾਂ ਅਤੇ ਲੋਕਲ ਬਾਡੀਜ਼ ਵਿਚ ਔਰਤਾਂ ਨੂੰ ਮਿਲੇ ਰਾਖਵੇਂਕਰਨ ਤੋਂ ਤੀਹ ਸਾਲਾਂ ਬਾਅਦ ਵੀ ਕੀ ਔਰਤਾਂ ਖ਼ੁਦਮੁਖਤਾਰ ਹੋ ਕੇ ਸਿਆਸਤ ਕਰਨ ਵਿਚ ਕਾਮਯਾਬ ਹੋ ਰਹੀਆਂ ਹਨ ਜਾਂ ਉਨ੍ਹਾਂ ਦੇ ਘਰ-ਪਰਿਵਾਰ ਦੇ ਪੁਰਸ਼ ਹੀ ਉਨ੍ਹਾਂ ਦੇ ਨਾਮ 'ਤੇ ਰਾਜਨੀਤੀ ਕਰ ਰਹੇ ਹਨ?

ਪੰਚਾਇਤਾਂ ਵਿਚ ਮਹਿਲਾ ਰਾਖਵਾਂਕਰਨ ਦਾ ਵੀ ਇਹੋ ਜਿਹਾ ਹਾਲ ਹੈ। ਰਾਖਵੀਆਂ ਸੀਟਾਂ 'ਤੇ ਜਿੱਤਣ ਵਾਲੀਆਂ ਔਰਤਾਂ ਦੀ ਬਜਾਏ ਉਨ੍ਹਾਂ 'ਚੋਂ ਬਹੁਤੀਆਂ ਦੇ ਖਾਵੰਦ ਹੀ ਸਰਪੰਚੀ ਕਰਦੇ ਦਿਸਦੇ ਹਨ। ਦਿਹਾਤੀ ਤੇ ਸ਼ਹਿਰੀ ਪੱਧਰ 'ਤੇ ਤਾਂ ਇਹ ਚੱਲ ਗਿਆ ਪਰ ਵਿਧਾਨ ਸਭਾ ਅਤੇ ਲੋਕ ਸਭਾ ਦੇ ਪੱਧਰ 'ਤੇ ਇਹ ਨਹੀਂ ਚੱਲੇਗਾ। ਉੱਥੇ ਸਾਨੂੰ ਰਾਜਨੀਤੀ ਪ੍ਰਤੀ ਸਮਰਪਿਤ ਯੋਗ ਅਤੇ ਕੁਸ਼ਲ ਮਹਿਲਾ ਸਿਆਸਤਦਾਨਾਂ ਦੀ ਲੋੜ ਹੈ। ਇਸ ਲਈ ਸਾਰੀਆਂ ਸਿਆਸੀ ਪਾਰਟੀਆਂ ਨੂੰ ਆਗਾਮੀ ਇਕ ਦਹਾਕੇ ਦੌਰਾਨ ਹਰੇਕ ਵਿਧਾਨ ਸਭਾ ਅਤੇ ਲੋਕ ਸਭਾ ਖੇਤਰ ਵਿਚ ਕੁਝ ਮਹਿਲਾਵਾਂ ਨੂੰ ਹੁਣੇ ਤੋਂ ਤਿਆਰ ਕਰਨਾ ਹੋਵੇਗਾ। ਸੰਨ 2026 ਤੋਂ ਬਾਅਦ ਹੋਣ ਵਾਲੀ ਜਨਗਣਨਾ ਅਤੇ ਹੱਦਬੰਦੀ ਤੋਂ ਬਾਅਦ ਲੋਕ ਸਭਾ ਵਿਚ ਲਗਪਗ 200 ਸੀਟਾਂ ਵਧ ਸਕਦੀਆਂ ਹਨ। ਉੱਥੇ ਹੀ, ਜੇ ਲੋਕ ਸਭਾ ਦੀਆਂ ਮੌਜੂਦਾ ਸੀਟਾਂ 'ਤੇ ਹੀ 33 ਪ੍ਰਤੀਸ਼ਤ ਰਾਖਵਾਂਕਰਨ ਲਾਗੂ ਕੀਤਾ ਜਾਵੇ ਤਾਂ 181 ਲੋਕ ਸਭਾ ਸੀਟਾਂ ਔਰਤਾਂ ਲਈ ਰਾਖਵੀਆਂ ਹੋ ਜਾਣਗੀਆਂ। ਇਸ ਕਾਨੂੰਨ ਦੇ ਅਮਲ ਵਿਚ ਆਉਣ ਨਾਲ ਜਿੱਥੇ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿਚ ਔਰਤਾਂ ਦੀ ਗਿਣਤੀ ਵਧੇਗੀ, ਉੱਥੇ ਹੀ ਉਨ੍ਹਾਂ ਲਈ ਸਦਨ ਦੇ ਅੰਦਰ ਪ੍ਰਗਟਾਵੇ, ਭਾਸ਼ਾਈ ਅਤੇ ਵਿਵਹਾਰ ਸਬੰਧੀ ਚੁਣੌਤੀਆਂ ਵੀ ਵਧਣਗੀਆਂ ਕਿਉਂਕਿ ਧਾਰਾ 105(2) ਮੁਤਾਬਕ ਸੰਸਦ ਅਤੇ ਧਾਰਾ 194(2) ਅਨੁਸਾਰ ਵਿਧਾਇਕ ਨੂੰ ਆਪੋ-ਆਪਣੇ ਸਦਨ ਵਿਚ 'ਕੁਝ ਵੀ' (ਮਹਿਲਾ ਵਿਰੁੱਧ ਵੀ) ਕਹਿਣ 'ਤੇ ਉਸ ਵਿਰੁੱਧ ਕਿਸੇ ਵੀ ਅਦਾਲਤ ਵਿਚ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ। ਸਮਾਜ ਵਿਚ ਜਿਸ ਤਰ੍ਹਾਂ ਮਾੜੀ ਸੰਸਕ੍ਰਿਤੀ ਦਾ ਪ੍ਰਸਾਰ ਹੋਇਆ ਹੈ, ਉਸ ਨੇ ਪੁਰਸ਼ਾਂ ਅਤੇ ਔਰਤਾਂ ਦੋਵਾਂ ਦੇ ਕਾਰਜ-ਕਥਨ-ਚਿੰਤਨ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਇਸ ਲਈ ਇਸ 'ਤੇ ਧਿਆਨ ਦੇਣਾ ਹੋਵੇਗਾ ਕਿ ਅਨੈਤਿਕ, ਗ਼ੈਰ-ਕਾਨੂੰਨੀ ਅਤੇ ਰਾਸ਼ਟਰ-ਵਿਰੋਧੀ ਸਰਗਰਮੀਆਂ ਵਿਚ ਲਿਪਤ ਕੋਈ ਵੀ ਲੋਕ ਪ੍ਰਤੀਨਿਧੀ 'ਮਹਿਲਾ-ਢਾਲ' ਦਾ ਇਸਤੇਮਾਲ ਕਰ ਕੇ ਕਾਨੂੰਨ ਦੇ ਸ਼ਿਕੰਜੇ ਤੋਂ ਨਾ ਬਚ ਸਕੇ। ਇਸ ਵਾਸਤੇ ਸਮੁੱਚੀ ਰਾਜਨੀਤਕ ਸੰਸਕ੍ਰਿਤੀ ਨੂੰ ਨਵੇਂ ਸਿਰੇ ਤੋਂ ਸਿਰਜਣ ਦੀ ਜ਼ਰੂਰਤ ਹੋਵੇਗੀ। ਜਿੱਥੇ ਤੱਕ ਮਹੂਆ ਮੋਇਤਰਾ ਕਾਂਡ ਦੀ ਗੱਲ ਤਾਂ ਉਹ ਇਹੀ ਸੰਕੇਤ ਕਰਦਾ ਹੈ ਕਿ ਰਾਜਨੀਤੀ ਵਿਚ ਆਉਣ ਵਾਲੀਆਂ ਮਹਿਲਾਵਾਂ ਦਾ ਪ੍ਰਯੋਗ, ਉਪਯੋਗ ਜਾਂ ਦੁਰਉਪਯੋਗ ਰਾਜਨੀਤਕ, ਸਨਅਤੀ, ਵਿਵਹਾਰਕ, ਸਮਾਜ ਵਿਰੋਧੀ ਅਤੇ ਰਾਸ਼ਟਰ ਵਿਰੋਧੀ ਤੱਤ ਵੀ ਕਰ ਸਕਦੇ ਹਨ। ਗ਼ੈਰ-ਕਾਨੂੰਨੀ ਕੰਮ ਕਰਨ 'ਤੇ ਸੰਵਿਧਾਨ ਇਸਤਰੀ-ਪੁਰਸ਼ ਦੇ ਆਧਾਰ 'ਤੇ ਕੋਈ ਫ਼ਰਕ ਨਹੀਂ ਕਰਦਾ। ਮਹਿਲਾਵਾਂ ਵੀ ਅਪਰਾਧ ਕਰਦੀਆਂ ਹਨ। ਉਨ੍ਹਾਂ ਨੂੰ ਵੀ ਨਿਆਇਕ ਪ੍ਰਕਿਰਿਆ 'ਚੋਂ ਗੁਜ਼ਰਨਾ ਪੈਂਦਾ ਹੈ ਅਤੇ ਨਿਆਇਕ ਤੰਤਰ ਉਨ੍ਹਾਂ ਨੂੰ ਸਜ਼ਾ ਵੀ ਦਿੰਦਾ ਹੈ। ਅਜਿਹੇ ਵਿਚ, ਕੀ ਕਿਸੇ ਔਰਤ ਨੂੰ ਇਹ ਅਧਿਕਾਰ ਮਿਲਣਾ ਚਾਹੀਦਾ ਹੈ ਕਿ ਉਹ ਆਪਣੇ ਵਿਰੁੱਧ ਕੀਤੀ ਜਾਣ ਵਾਲੀ ਜਾਂਚ ਨੂੰ ਮਹਿਲਾ ਸਨਮਾਨ ਵਿਰੋਧੀ ਗਰਦਾਨ ਕੇ 'ਉਲਟਾ ਚੋਰ ਕੋਤਵਾਲ ਕੋ ਡਾਂਟੇ' ਵਾਲੀ ਕਹਾਵਤ ਸਹੀ ਸਿੱਧ ਕਰ ਕੇ ਉਸ ਦਾ ਬੇਵਜ੍ਹਾ ਲਾਹਾ ਲੈਣ ਦੀ ਕੋਸ਼ਿਸ਼ ਕਰੇ? ਐਥਿਕਸ ਕਮੇਟੀ ਦੇ ਸਾਹਮਣੇ ਆਪਣਾ ਪੱਖ ਰੱਖਣ ਦੀ ਥਾਂ ਮੋਇਤਰਾ ਨੇ ਕਮੇਟੀ ਦੇ ਪ੍ਰਧਾਨ 'ਤੇ ਹੀ ਦੋਸ਼ ਲਗਾ ਕੇ ਉਸ ਦਾ ਬਾਈਕਾਟ ਕਰ ਦਿੱਤਾ। ਇਹ ਚਿੰਤਾ ਵਾਲੀ ਗੱਲ ਹੈ ਕਿ ਕਮੇਟੀ ਦੇ ਮੈਂਬਰ ਪਾਰਟੀਬਾਜ਼ੀ ਦੇ ਆਧਾਰ 'ਤੇ ਮੋਇਤਰਾ ਦੇ ਪੱਖ-ਵਿਰੋਧ ਵਿਚ ਵੰਡੇ ਹੋਏ ਹਨ ਅਤੇ ਉਸ ਦੀ ਕਾਰਵਾਈ ਜਨਤਕ ਕੀਤੀ। ਜਦਕਿ ਸੰਸਦੀ ਕਮੇਟੀਆਂ ਪਾਰਟੀਬਾਜ਼ੀ ਵਾਲੀ ਰਾਜਨੀਤੀ ਤੋਂ ਉੱਪਰ ਉੱਠ ਕੇ ਕੰਮ ਕਰਦੀਆਂ ਹਨ। ਨੇਤਾਵਾਂ ਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਰਾਜਨੀਤੀ ਵਿਚ ਉਨ੍ਹਾਂ ਦਾ ਨਿੱਜੀ ਜੀਵਨ ਵੀ ਜਨਤਕ ਹੋ ਜਾਂਦਾ ਹੈ। ਨਿਤਿਸ਼ ਕੁਮਾਰ ਨੇ ਜਨਸੰਖਿਆ ਨੂੰ ਨੱਥ ਪਾਉਣ ਨੂੰ ਲੈ ਕੇ ਜਿਸ ਭਾਸ਼ਾ ਅਤੇ ਅੰਦਾਜ਼ ਵਿਚ ਔਰਤਾਂ ਦੀ ਸੈਕਸ ਐਜੂਕੇਸ਼ਨ 'ਤੇ ਬਿਆਨਬਾਜ਼ੀ ਕੀਤੀ, ਉਹ ਰਾਜਨੀਤੀ ਵਿਚ ਭਾਸ਼ਾਈ ਮਰਿਆਦਾ ਅਤੇ ਮਹਿਲਾਵਾਂ ਪ੍ਰਤੀ ਗ਼ੈਰ-ਸੰਵੇਦਨਸ਼ੀਲਤਾ ਦੇ ਸਿਖ਼ਰ ਨੂੰ ਜ਼ਾਹਰ ਕਰਦੀ ਹੈ। ਜਦ ਕਿਸੇ ਸੂਬੇ ਦੇ ਮੁਖੀ ਦੀ ਭਾਸ਼ਾ, ਸੋਚ ਅਤੇ ਪ੍ਰਗਟਾਵੇ ਦਾ ਅਜਿਹਾ ਪੱਧਰ ਹੈ ਤਾਂ ਉਸ ਦੇ ਸਹਿਯੋਗੀਆਂ ਦੀ ਮਾਨਸਿਕਤਾ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਉਸ ਬਿਆਨ ਲਈ ਨਿਤਿਸ਼ ਚਾਹੇ ਜਿੰਨੀ ਮਰਜ਼ੀ ਮਾਫ਼ੀ ਮੰਗਣ ਪਰ ਮਹਿਲਾਵਾਂ ਪ੍ਰਤੀ ਉਨ੍ਹਾਂ ਦੇ ਅਭੱਦਰ ਤੇ ਅਸ਼ਲੀਲ ਸ਼ਬਦ ਇਤਿਹਾਸ ਵਿਚ ਹਮੇਸ਼ਾ ਲਈ ਦਰਜ ਹੋ ਗਏ। ਉਂਜ, ਇਹ ਮਿਸਾਲ ਕਿਸੇ ਇਕ ਨੇਤਾ ਜਾਂ ਪਾਰਟੀ 'ਤੇ ਹੀ ਲਾਗੂ ਨਹੀਂ ਹੁੰਦੀ। ਇਹ ਬਿਮਾਰੀ ਬੇਲਗਾਮ ਹੈ। ਰਾਜਨੀਤਕ ਸੰਸਕ੍ਰਿਤੀ ਵਿਚ ਜੋ ਗਿਰਾਵਟ ਬੀਤੇ 75 ਸਾਲਾਂ ਵਿਚ ਆਈ ਹੈ, ਜੇ ਰਾਜਨੀਤਕ ਪਾਰਟੀਆਂ ਨੇ ਉਸ 'ਤੇ ਲਗਾਮ ਲਗਾਉਣ ਦਾ ਯਤਨ ਨਹੀਂ ਕੀਤਾ ਤਾਂ ਮਹਿਲਾ ਜਨ-ਪ੍ਰਤੀਨਿਧੀਆਂ ਦੀ ਗਿਣਤੀ ਵਧਣ ਦੇ ਬਾਵਜੂਦ ਨਾ ਸਿਰਫ਼ ਸਾਡੇ ਲੋਕਤੰਤਰ ਦਾ ਸਰੂਪ ਖ਼ਰਾਬ ਹੋ ਜਾਵੇਗਾ ਸਗੋਂ ਲੋਕਤੰਤਰ ਵਿਚ ਜਨਤਾ ਦੀ ਆਸਥਾ 'ਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਸਕਦਾ ਹੈ।

ਔਰਤਾਂ ਦਾ ਮਾਣ-ਤਾਣ ਆਮ ਜਨ-ਜੀਵਨ ਦੇ ਨਾਲ-ਨਾਲ ਘਰਾਂ, ਦਫ਼ਤਰਾਂ ਅਤੇ ਜਨਤਕ ਸਥਾਨਾਂ 'ਤੇ ਵੀ ਹੋਵੇ, ਇਹ ਯਕੀਨੀ ਬਣਾਉਣ ਲਈ ਉਦਮ ਜ਼ਰੂਰ ਹੋਣੇ ਚਾਹੀਦੇ ਹਨ। ਅਜਿਹੇ ਯਤਨ ਸਿਰਫ਼ ਸਰਕਾਰ ਦੇ ਪੱਧਰ 'ਤੇ ਹੀ ਨਹੀਂ, ਸਗੋਂ ਸਮਾਜਿਕ ਪੱਧਰ 'ਤੇ ਵੀ ਹੋਣੇ ਜ਼ਰੂਰੀ ਹਨ। ਹੁਣ ਜਦੋਂ ਔਰਤਾਂ ਦੇ ਸਸ਼ਕਤੀਕਰਨ ਦੀ ਗੱਲ ਕੀਤੀ ਜਾਂਦੀ ਹੈ ਤਾਂ ਉਸ ਨੂੰ ਅਮਲੀ ਰੂਪ ਦੇਣ ਦੀ ਜ਼ਰੂਰਤ ਹੈ। ਸਿਆਸੀ ਆਗੂਆਂ ਨੂੰ ਇਸ ਮਾਮਲੇ 'ਚ ਪਹਿਲ ਕਰਨੀ ਚਾਹੀਦੀ ਹੈ। ਉਨ੍ਹਾਂ ਵੱਲੋਂ ਜੇ ਅਜਿਹੀਆਂ ਕੋਤਾਹੀਆਂ ਕੀਤੀਆਂ ਜਾਣਗੀਆਂ ਤਾਂ ਉਸ ਦਾ ਸਮਾਜ 'ਤੇ ਨਿਸ਼ਚਤ ਤੌਰ 'ਤੇ ਮਾੜਾ ਅਸਰ ਪੈਂਦਾ ਹੈ। ਦਰਅਸਲ, ਲੋਕ ਆਪਣੇ ਆਗੂਆਂ ਨੂੰ ਹੀ ਆਦਰਸ਼ ਮੰਨ ਕੇ ਜੀਵਨ 'ਚ ਅੱਗੇ ਵਧਦੇ ਹਨ। ਇਸੇ ਲਈ ਜਿੰਨੀ ਵੀ ਸਾਵਧਾਨੀ ਵਰਤੀ ਜਾਵੇ, ਓਨੀ ਹੀ ਘੱਟ ਹੈ।

-ਡਾ. ਏ. ਕੇ. ਵਰਮਾ

# ਪਰਾਲੀ ਦੀ ਅੱਗ ਕਿਵੇਂ ਬੁਝੇ ?

**ਟੀ ਕੇ ਅਰੁਣ**



ਸੀਨੀਅਰ ਸਰਕਾਰੀ ਅਫਸਰ ਯਕੀਨਨ ਕੁਆਂਟਮ ਕਣਾਂ ਤੋਂ ਬਹੁਤ ਵੱਖਰੀ ਤਰ੍ਹਾਂ ਦੇ ਹੁੰਦੇ ਹਨ। ਇਸ ਦੇ ਬਾਵਜੂਦ ਦੋਵਾਂ ਵਿਚ ਸਾਂਝਾ ਗੁਣ ਹੁੰਦਾ ਹੈ: ਜਦੋਂ ਉਨ੍ਹਾਂ ਨੂੰ ਘੋਖਿਆ ਜਾਂਦਾ ਹੈ ਤਾਂ ਉਨ੍ਹਾਂ ਦੀ ਸਥਿਤੀ ਬਦਲ ਜਾਂਦੀ ਹੈ, ਘੋਖਣ ਦਾ ਕਾਰਜ ਹੀ ਤਬਦੀਲੀ ਨੂੰ ਪ੍ਰੇਰਿਤ ਕਰਦਾ ਹੈ। ਹੁਣ ਜਦੋਂ ਸੁਪਰੀਮ ਕੋਰਟ ਨੇ ਉੱਤਰੀ ਭਾਰਤੀ ਸੂਬਿਆਂ ਦੇ ਅਧਿਕਾਰੀਆਂ ਨੂੰ ਪਰਾਲੀ ਨੂੰ ਅੱਗ ਲਾਉਣ ਦਾ ਰੁਝਾਨ ਰੋਕਣ ਦੀ ਹਦਾਇਤ ਦਿੱਤੀ ਹੈ ਤੇ ਅਜਿਹਾ ਕਿਵੇਂ ਕਰਨਾ ਹੈ, ਇਹ ਉਨ੍ਹਾਂ ਉਤੇ ਹੀ ਛੱਡ ਦਿੱਤਾ ਹੈ ਤਾਂ ਅਸੀਂ ਕੁਝ ਕਾਰਵਾਈ ਹੁੰਦੀ ਦੇਖਣ ਦੀ ਉਮੀਦ ਕਰ ਸਕਦੇ ਹਾਂ। ਇਸ ਮਾਮਲੇ ਵਿਚ ਕਿਸਾਨਾਂ ਨਾਲ ਕੋਈ ਟਕਰਾਅ ਪੈਦਾ ਕੀਤੇ ਬਿਨਾਂ ਅਦਾਲਤੀ ਹੁਕਮ ਲਾਗੂ ਕਰਨ ਲਈ ਕਿਵੇਂ ਕਾਰਵਾਈ ਕੀਤੀ ਜਾ ਸਕਦੀ ਹੈ, ਇਸ ਬਾਰੇ ਕੁਝ ਸੁਝਾਅ ਦਿੱਤੇ ਜਾ ਰਹੇ ਹਨ। ਅਗਲੀ ਫ਼ਸਲ ਬੀਜਣ ਲਈ ਖੇਤ ਵਿਚੋਂ ਵੱਢੀ ਪਹਿਲੀ ਫ਼ਸਲ ਦੀ ਰਹਿੰਦ-ਖੂੰਹਦ ਸਾਫ਼ ਕਰਨੀ ਜ਼ਰੂਰੀ ਹੁੰਦੀ ਹੈ।

ਸੰਸਾਰ ਦੇ ਪੰਜ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿਚ ਚਾਰ ਸ਼ਹਿਰ ਲਾਹੌਰ, ਦਿੱਲੀ, ਮੁੰਬਈ ਅਤੇ ਢਾਕਾ ਦੱਖਣੀ ਏਸ਼ੀਆ ਵਿਚ ਹਨ। ਖੇਤਾਂ ਵਿਚ ਅਨਾਜ ਦੇ ਬੂਟਿਆਂ ਤੋਂ ਅਨਾਜ ਵਾਲੇ ਸਿੱਟੇ ਵੱਢਣ ਤੋਂ ਬਾਅਦ ਬਚਿਆ ਨਾੜ/ਪਰਾਲੀ ਸਾੜਨ ਦੀ ਪ੍ਰਥਾ ਜੋ ਭਾਰਤ-ਪਾਕਿਸਤਾਨ ਸਰਹੱਦ ਦੇ ਦੋਹੀਂ ਪਾਸੀਂ ਪ੍ਰਚਲਿਤ ਹੈ, ਨੂੰ ਆਮ ਕਰ ਕੇ ਇਸ ਪ੍ਰਦੂਸ਼ਣ ਲਈ ਦੋਸ਼ੀ ਕਰਾਰ ਦਿੱਤਾ ਜਾਂਦਾ ਹੈ ਪਰ ਹਕੀਕਤ ਇਹ ਹੈ ਕਿ ਹਵਾ ਵਿਚ ਮਹੀਨ ਸੰਘਣੀ ਕਾਲਖ ਪੈਦਾ ਕਰਨ ਪੱਖੋਂ ਇਸ ਦਾ ਹਿੱਸਾ ਵੱਧ ਤੋਂ ਵੱਧ 40 ਫ਼ੀਸਦੀ ਹੈ। ਮੌਸਮ ਦੀ ਖ਼ਾਸ ਬਣਤਰ ਹਵਾ ਦੀ ਗੁਣਵੱਤਾ ਵਿਚ ਬਹੁਤ ਜ਼ਿਆਦਾ ਗਿਰਾਵਟ ਅਤੇ ਪ੍ਰਦੂਸ਼ਣ ਵਿਚ ਇਜ਼ਾਫ਼ੇ ਦਾ ਕਾਰਨ ਬਣਦੀ ਹੈ ਜਿਹੜੀ ਲੰਮਾ ਚਿਰ ਹਵਾ ਦੀ ਰਫ਼ਤਾਰ ਨੂੰ ਬਿਲਕੁਲ ਰੋਕ ਦਿੰਦੀ ਹੈ ਤੇ ਭਾਰੀ ਮੀਂਹ ਵੀ ਨਹੀਂ ਪੈਣ ਦਿੰਦੀ।

ਪ੍ਰਦੂਸ਼ਣ ਦਾ ਬਹੁਤਾ ਹਿੱਸਾ ਵਾਹਨਾਂ ਦੀ ਆਵਾਜਾਈ ਅਤੇ ਨਾਲ ਹੀ ਉਸਾਰੀ ਕਾਰਜਾਂ ਕਰ ਕੇ ਉੱਠਣ ਵਾਲੀ ਧੂੜ ਕਾਰਨ ਪੈਦਾ ਹੁੰਦਾ ਹੈ ਪਰ ਪ੍ਰਦੂਸ਼ਣ ਦੇ ਇਨ੍ਹਾਂ ਸਰੋਤਾਂ ਨੂੰ ਰੋਕਣਾ ਬਹੁਤ ਔਖਾ ਹੈ। ਵਾਹਨਾਂ ਤੋਂ ਪੈਦਾ ਹੋਣ ਵਾਲਾ ਪ੍ਰਦੂਸ਼ਣ ਖ਼ਤਮ ਕਰਨ ਲਈ ਖਣਜਿ ਤੇਲਾਂ ਦੇ ਬਾਲਣ ਨਾਲ ਚੱਲਣ ਵਾਲੇ ਅੰਦਰੂਨੀ ਕੰਬਸ਼ਚਨ ਇੰਜਣਾਂ ਦੀ ਥਾਂ ਬਜਿਲੀ ਨਾਲ ਚੱਲਣ ਵਾਲੇ ਵਾਹਨਾਂ ਦੀ ਵਰਤੋਂ ਕਰਨੀ ਪਵੇਗੀ। ਜਦੋਂ ਤੱਕ ਅਜਿਹਾ ਨਹੀਂ ਹੋ ਜਾਂਦਾ, ਉਦੋਂ ਤੱਕ ਵਧੇਰੇ ਸਾਫ਼ ਬਾਲਣ ਅਤੇ ਬਿਹਤਰ ਇੰਜਣਾਂ ਦਾ ਇਸਤੇਮਾਲ ਮਦਦਗਾਰ ਹੋ ਸਕਦਾ ਹੈ। ਪ੍ਰਦੂਸ਼ਣ ਕਰਨ ਵਾਲੇ ਵਾਹਨਾਂ ਦੀ ਸਫ਼ਾਈ ਅਤੇ ਉਨ੍ਹਾਂ ਨੂੰ ਬਦਲਣ ਦੀ ਪ੍ਰਕਿਰਿਆ ਜਾਰੀ ਹੈ ਪਰ ਇਸ ਨੂੰ ਕਾਫ਼ੀ ਸਮਾਂ ਲੱਗੇਗਾ। ਵਾਹਨਾਂ ਵੱਲੋਂ ਸੜਕਾਂ ਤੋਂ ਪੈਦਾ ਕੀਤੀ ਜਾਣ ਵਾਲੀ ਧੂੜ ਸਾਰੀਆਂ ਸੜਕਾਂ ਪੱਕੀਆਂ ਕਰ ਕੇ ਘਟਾਈ ਜਾ ਸਕਦੀ ਹੈ। ਇਸੇ ਤਰ੍ਹਾਂ ਮਿੱਟੀ ਵਾਲੀਆਂ ਖੁੱਲ੍ਹੀਆਂ ਥਾਵਾਂ ਉਤੇ ਘਾਹ ਲਾਉਣਾ ਅਤੇ ਇਸ ਕਿਸਮ ਦੇ ਰੁੱਖ-ਬੂਟੇ ਲਾਉਣਾ ਵੀ ਮਦਦਗਾਰ ਹੋ ਸਕਦਾ ਹੈ ਜਿਹੜੇ ਆਪਣੇ ਉਤੇ ਪੈਣ ਵਾਲੀ ਧੂੜ ਨੂੰ ਥੋੜ੍ਹੀ ਜਿਹੀ ਹਵਾ ਨਾਲ ਹੀ ਖਿਲਾਰਨ ਦੀ ਥਾਂ ਆਪਣੇ ਉਤੇ ਹੀ ਬਣਾਈ ਰੱਖਣ ਪਰ ਉਸ ਧੂੜ ਦਾ ਬਹੁਤਾ ਕੁਝ ਨਹੀਂ ਕੀਤਾ ਜਾ ਸਕਦਾ ਜਿਸ ਨੂੰ ਰੇਗਿਸਤਾਨ ਤੋਂ ਆਉਣ ਵਾਲੀਆਂ ਹਵਾਵਾਂ ਨਾਲ ਲਿਆਉਂਦੀਆਂ ਹਨ। ਉਸਾਰੀ ਕਾਰਜਾਂ ਕਾਰਨ ਪੈਦਾ ਧੂੜ ਨੂੰ ਸ਼ਹਿਰਾਂ ਵਿਚ ਸਮਿੰਟ ਨੂੰ ਬਰੀਕ ਪਾਊਡਰ ਰੂਪ ਵਿਚ ਵਰਤਣ ਦੀ ਥਾਂ ਅਗਾਊਂ ਤੌਰ 'ਤੇ ਮਿਲਾ ਕੇ ਤਿਆਰ ਕੀਤੀ ਕੰਕਰੀਟ ਦੇ ਇਸਤੇਮਾਲ ਉਤੇ ਜ਼ੋਰ ਦੇ ਕੇ ਘਟਾਇਆ ਜਾ ਸਕਦਾ ਹੈ। ਕੰਕਰੀਟ ਮਿਲਾ ਕੇ ਤਿਆਰ ਕਰਨ ਦੀ ਕਾਰਵਾਈ ਵੀ ਖੁੱਲ੍ਹੇ ਵਿਚ ਕਰਨ ਦੀ ਥਾਂ ਬੰਦ ਥਾਵਾਂ 'ਚ ਕਰਨੀ ਚਾਹੀਦੀ ਹੈ।

ਜਿੱਥੇ ਇਹ ਕਦਮ ਲਾਜ਼ਮੀ ਅਤੇ ਪੂਰੀ ਤਰ੍ਹਾਂ ਵਿਹਾਰਕ ਵੀ ਹਨ, ਤਾਂ ਵੀ ਇਸ ਦਾ ਇਹ ਮਤਲਬ ਨਹੀਂ ਕਿ ਪਰਾਲੀ ਸਾੜਨ ਦੀ ਪ੍ਰੰਪਰਾ ਜਾਰੀ ਰਹਿਣ ਦਿੱਤਾ ਜਾਵੇ। ਇਸ ਨੂੰ ਹੁਣ ਬੰਦ ਕਰਨਾ ਚਾਹੀਦਾ ਹੈ ਪਰ ਕਿਵੇਂ?

ਫ਼ਸਲਾਂ ਦੀ ਪਰਾਲੀ, ਨਾੜ, ਮੁੱਢ ਆਦਿ ਹਰ ਤਰ੍ਹਾਂ ਦੀ ਖੇਤੀ ਰਹਿੰਦ-ਖੂੰਹਦ ਕੁਦਰਤੀ ਤੌਰ 'ਤੇ ਗਲ਼-ਸੜ ਜਾਣੀ ਹੀ ਚੰਗੀ ਹੁੰਦੀ ਹੈ ਤਾਂ ਕਿ ਇਸ ਅੰਦਰਲੀ ਊਰਜਾ ਨਿਕਲ ਸਕੇ ਅਤੇ ਖਾਦ ਪੈਦਾ ਹੋ ਸਕੇ। ਬੂਟੇ ਦੇ ਬਚੇ ਹੋਏ ਹਿੱਸੇ ਪਾਣੀ ਦੀ ਭਾਫ਼, ਕਾਰਬਨ ਡਾਈਆਕਸਾਈਡ, ਹਾਈਡਰੋਜਨ ਸਲਫਾਈਡ, ਗਾਰੇ ਆਦਿ ਨਾਲ ਮਿਲ ਕੇ ਗਲ਼ਣ ਸਦਕਾ ਮੀਥੇਨ ਵਿਚ ਬਦਲ ਜਾਂਦੇ ਹਨ ਜਿਸ ਵਿਚੋਂ ਜ਼ਰੂਰੀ ਹੋਵੇ ਤਾਂ ਠੋਸ ਖਾਦ ਕੱਢੀ ਜਾ ਸਕਦੀ ਹੈ ਪਰ ਇਹ ਆਪਣੇ ਆਪ ਵਿਚ ਵੀ ਵਰਤੋਂ ਲਈ ਤਿਆਰ ਜੈਵਿਕ ਖਾਦ ਹੁੰਦੀ ਹੈ। ਆਮ ਕਰ ਕੇ ਮੀਥੇਨ ਵਰਤਣ ਲਈ ਪਾਈਪ ਵਿਚ ਪਾਉਣ ਤੋਂ ਪਹਿਲਾਂ ਹੋਰ ਗੈਸਾਂ ਤੋਂ ਮੁਕਤ ਕਰ ਦਿੱਤਾ ਜਾਂਦਾ ਹੈ। ਬਾਇਓਗੈਸ ਦੇ ਪਲਾਂਟ ਬਣਾਉਣਾ ਅਤੇ ਉਨ੍ਹਾਂ ਨੂੰ ਚਲਾਉਣਾ ਖੇਤੀ ਤੋਂ ਵੱਖਰੀਆਂ ਸਰਗਰਮੀਆਂ ਹਨ। ਲੋੜ ਇਸ ਗੱਲ ਦੀ ਹੈ ਕਿ ਕਿਸਾਨਾਂ ਨੂੰ ਪਰਾਲੀ/ਨਾੜ ਆਦਿ ਖੇਤ ਵਿਚੋਂ ਇਕੱਠਾ ਕਰ ਕੇ ਗੰਢਾਂ ਬੰਨ੍ਹ ਕੇ ਸਾਂਭਣ ਲਈ ਪ੍ਰੇਰਿਆ ਜਾਵੇ ਤਾਂ ਕਿ ਉਨ੍ਹਾਂ ਨੂੰ ਬਾਇਓ-ਗੈਸ ਪਲਾਂਟ ਚਲਾਉਣ ਵਾਲੇ ਖ਼ਰੀਦ ਕੇ ਉਸ ਦੀ ਖਾਦ ਬਣਾ ਸਕਣ।

ਪਰਾਲੀ ਤੋਂ ਨਜਿਾਤ ਪਾਉਣ ਦਾ ਇਕ ਤਰੀਕਾ ਹੈਪੀ ਸੀਡਰ ਦਾ ਇਸਤੇਮਾਲ ਹੈ। ਇਹ ਮਸ਼ੀਨ ਇਕੋ ਸਮੇਂ ਖੇਤ ਵਿਚੋਂ ਪਰਾਲੀ/ਨਾੜ ਵੀ ਕੱਢ ਲੈਂਦੀ ਹੈ, ਅਗਲੀ ਫ਼ਸਲ ਦੇ ਬੀਜ ਵੀ ਬੀਜ ਦਿੰਦੀ ਹੈ ਅਤੇ ਪਰਾਲੀ ਨੂੰ ਖੇਤ ਵਿਚ ਗਲ਼ਣ ਲਈ ਛੱਡ ਦਿੰਦੀ ਹੈ। ਇਸ ਨੂੰ ਵੱਡੇ ਪੱਧਰ ਉਤੇ ਖ਼ਰੀਦੇ ਜਾਂ ਕਿਰਾਏ ਉਤੇ ਵਰਤੇ ਜਾਣ ਦੀ ਗੱਲ ਸਾਹਮਣੇ ਨਹੀਂ ਆਈ। ਇਕ ਫ਼ਸਲ ਦੀ ਵਾਢੀ ਤੋਂ ਬਾਅਦ ਅਗਲੀ ਫ਼ਸਲ ਬੀਜਣ ਦਰਮਿਆਨ ਬਚਦਾ ਸਮਾਂ ਬਹੁਤ ਘੱਟ ਹੁੰਦਾ ਹੈ। ਕਿਸਾਨਾਂ ਲਈ ਉਸੇ ਸਮੇਂ ਦੌਰਾਨ ਇਕੋ ਵੇਲੇ ਬਜਿਾਈ ਦਾ ਕੰਮ ਕਰਨ ਲਈ ਲੋੜੀਂਦੀ ਗਿਣਤੀ ਵਿਚ ਹੈਪੀ ਸੀਡਰ ਉਪਲਬਧ ਨਹੀਂ। ਇਸ ਲਈ ਪਰਾਲੀ ਦੇ ਕੱਚੇ ਮਾਲ ਵਜੋਂ ਨਬਿੇੜੇ ਲਈ ਬਾਇਓ-ਗੈਸ ਪੈਦਾ ਕਰਨ ਵਾਲੀ ਨਵੀਂ ਸਨਅਤ ਵਾਲਾ ਬਦਲ ਬਚਦਾ ਹੈ। ਇਸ ਨਾਲ ਕਿਸਾਨਾਂ ਨੂੰ ਵੀ ਆਪਣੀ ਫ਼ਸਲ ਦੀ ਰਹਿੰਦ-ਖੂੰਹਦ ਵੇਚ ਕੇ ਕੁਝ ਵਾਧੂ ਆਮਦਨ ਹੋ ਸਕਦੀ ਹੈ ਅਤੇ ਨਾਲ ਹੀ ਉਨ੍ਹਾਂ ਨੂੰ ਰਸਾਇਣਕ ਖਾਦਾਂ ਵਾਲੀ ਹੀ ਕੀਮਤ ਉਤੇ ਆਰਗੈਨਿਕ ਖਾਦ ਵੀ ਮਿਲ ਸਕਦੀ ਹੈ।

ਇਹ ਸੱਚ ਹੈ ਕਿ ਪਰਾਲੀ ਨੂੰ ਵੱਡੇ ਪ੍ਰਦੂਸ਼ਣ ਕਾਰਕ ਤੋਂ ਕਿਸਾਨਾਂ ਲਈ ਵਾਧੂ ਆਮਦਨ ਵਾਲੀ ਲਾਹੇਵੰਦ ਧਾਰਾ ਵਿਚ ਬਦਲਣ ਦਾ ਕੰਮ ਆਪਣੇ ਆਪ ਨਹੀਂ ਹੋਵੇਗਾ। ਇਸ ਲਈ ਕਦਮ ਸਰਕਾਰ ਨੂੰ ਚੁੱਕਣੇ ਪੈਣਗੇ। ਬਾਇਓ-ਡਾਈਜੈਸਟਰ ਉਨ੍ਹਾਂ ਵਿਚ ਕੱਚੇ ਮਾਲ ਵਜੋਂ ਵਰਤੀ ਜਾਣ ਵਾਲੀ ਆਰਗੈਨਿਕ ਸਮੱਗਰੀ ਦੇ ਹਿਸਾਬ ਨਾਲ ਤਕਨੀਕੀ ਵਿਸ਼ੇਸ਼ਤਾ ਦੇ ਵੱਖ-ਵੱਖ ਪੱਧਰਾਂ ਵਾਲੇ ਹੋ ਸਕਦੇ ਹਨ। ਇਕ ਭਾਰਤੀ ਬਹੁਕੌਮੀ ਕੰਪਨੀ ਦੀਆਂ ਬਾਇਓ-ਗੈਸ ਸਬੰਧੀ ਵੱਡੀਆਂ ਯੋਜਨਾਵਾਂ ਹਨ ਅਤੇ ਸੰਭਵ ਤੌਰ 'ਤੇ ਇਹ ਵਧੀਆ ਬਾਇਓ-ਗੈਸ ਪਲਾਂਟ ਬਣਾਉਣ ਤੇ ਸਪਲਾਈ ਕਰਨ ਦਾ ਕੰਮ ਕਰੇਗੀ। ਇਹ ਕੰਪਨੀ ਉੱਤਰ ਪ੍ਰਦੇਸ਼ ਵਿਚ ਗੰਨੇ ਦੀ ਰਹਿੰਦ-ਖੂੰਹਦ ਉਤੇ ਆਧਾਰਿਤ ਅਜਿਹਾ ਪਲਾਂਟ ਪਹਿਲਾਂ ਹੀ ਚਲਾ ਰਹੀ ਹੈ।

ਜੇ ਸਰਕਾਰ ਹਰ ਇਲਾਕੇ ਵਿਚ ਪੈਦਾ ਹੋਣ ਵਾਲੀ ਫ਼ਸਲਾਂ ਦੀ ਰਹਿੰਦ-ਖੂੰਹਦ ਅਤੇ ਅਜਿਹੀ ਹੋਰ ਸਮੱਗਰੀ ਦੀ ਮਾਤਰਾ ਦਾ ਭਰੋਸੇਯੋਗ ਢੰਗ ਨਾਲ ਪਤਾ ਲਾ ਲੈਂਦੀ ਹੈ ਤਾਂ ਉਦਮੀ ਉਸ ਹਿਸਾਬ ਨਾਲ ਲੋੜੀਂਦੇ ਆਕਾਰ ਵਾਲੇ ਬਾਇਓ-ਡਾਈਜੈਸਟਰ ਲਾ ਸਕਦੇ ਹਨ। ਪਲਾਂਟ ਦੀ ਉਸਾਰੀ, ਪਾਈਪ ਲਾਈਨਾਂ ਦਾ ਨੈਟਵਰਕ ਕਾਇਮ ਕਰਨ ਅਤੇ ਇਹ ਫ਼ੈਸਲਾ ਕਰਨ ਵਿਚ ਸਮਾਂ ਲੱਗੇਗਾ ਕਿ ਇਸ ਗੈਸ ਦਾ ਇਸਤੇਮਾਲ ਕਿਵੇਂ ਕਰਨਾ ਹੈ, ਭਾਵੇਂ ਇਸ ਪ੍ਰਕਿਰਿਆ ਨੂੰ ਕੇਂਦਰ ਤੇ ਸੂਬਾਈ ਸਰਕਾਰਾਂ ਵੱਲੋਂ ਸਬਸਿਡੀਆਂ ਦੇ ਰੂਪ ਵਿਚ ਕੋਈ ਹੱਲਾਸ਼ੇਰੀ ਵੀ ਦਿੱਤੀ ਗਈ ਹੋਵੇ।

ਦੂਜੇ ਪਾਸੇ ਅਦਾਲਤ ਦੇ ਹੁਕਮ ਹਨ ਕਿ ਪਰਾਲੀ ਸਾੜਨ ਉਤੇ ਫੌਰੀ ਰੋਕ ਲਾਈ ਜਾਵੇ। ਇਸ ਮਕਸਦ ਲਈ ਪੁਲੀਸ ਦੀ ਵਰਤੋਂ ਦਾ ਰਸਤਾ ਅਖ਼ਤਿਆਰ ਕਰਨ ਦਾ ਲੋਭ ਹੋ ਸਕਦਾ ਹੈ ਪਰ ਇਸ ਨਾਲ ਕਿਸਾਨਾਂ ਜੋ ਵੋਟਰ ਵੀ ਹਨ, ਵਿਚ ਵੱਖਰੀ ਤਰ੍ਹਾਂ ਦੀ ਅੱਗ ਦੇ ਭਾਂਬੜ ਮੱਚਣਗੇ। ਸਿਆਣਪ ਵਾਲਾ ਹੱਲ ਇਹੋ ਹੈ ਕਿ ਕਿਸਾਨਾਂ ਤੋਂ ਪਰਾਲੀ ਖਰੀਦ ਕੇ ਸਾਂਭ ਲਈ ਜਾਵੇ ਅਤੇ ਖ਼ਰੀਦ ਏਜੰਸੀ ਵੱਲੋਂ ਕਿਸਾਨਾਂ ਨੂੰ ਪਰਾਲੀ ਇਕੱਠੀ ਕਰ ਕੇ ਖੇਤ ਤੋਂ ਬਾਹਰ ਕੱਢਣ ਅਤੇ ਉਸ ਦੀਆਂ ਗੰਢਾਂ ਬਣਾ ਕੇ ਢੋਆ-ਢੁਆਈ ਕਰਨ ਦੀ ਲਾਗਤ ਪੂਰੀ ਕਰਨ ਜੋਗੀ ਢੁਕਵੀਂ ਅਦਾਇਗੀ ਕੀਤੀ ਜਾਵੇ।

ਜਦੋਂ ਭਾਖੜਾ-ਨੰਗਲ ਡੈਮ ਦੀ ਉਸਾਰੀ ਚੱਲ ਰਹੀ ਸੀ ਤਾਂ ਕਿਸਾਨਾਂ ਨੇ ਇਸ ਦੀ ਉਸਾਰੀ ਲਈ ਉਨ੍ਹਾਂ ਉਤੇ ਲਾਏ ਸੈੱਸ ਦਾ ਵਿਰੋਧ ਕੀਤਾ। ਇਸ 'ਤੇ ਸਿਆਸੀ ਆਗੂ ਤੇ ਅਫਸਰ ਖ਼ੁਦ ਕਿਸਾਨਾਂ ਕੋਲ ਪੁੱਜੇ ਅਤੇ ਉਨ੍ਹਾਂ ਨੇ ਕਿਸਾਨਾਂ ਨਾਲ ਗੱਲ ਕਰ ਕੇ ਉਨ੍ਹਾਂ ਨੂੰ ਸੈੱਸ ਦੀ ਲੋੜ ਬਾਰੇ ਸਮਝਾਇਆ। ਕਿਸਾਨਾਂ ਨੂੰ ਡੈਮ ਦੀ ਉਸਾਰੀ ਵਾਲੀ ਥਾਂ ਲਜਿਾ ਕੇ ਇਸ ਪੈਦਾ ਹੋ ਰਹੇ ਆਧੁਨਿਕ ਚਮਤਕਾਰ ਨੂੰ ਆਪਣੀ ਅੱਖੀਂ ਦੇਖਣ ਦਾ ਮੌਕਾ ਦਿੱਤਾ ਗਿਆ। ਇਸੇ ਤਰ੍ਹਾਂ ਪੰਜਾਬ ਦੇ ਮੌਕੇ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ, ਖੇਤੀਬਾੜੀ ਸਕੱਤਰ ਆਰਐੱਸ ਰੰਧਾਵਾ ਅਤੇ ਖੇਤੀਬਾੜੀ ਡਾਇਰੈਕਟਰ ਡਾ. ਅਰਜਨ ਸਿੰਘ ਖ਼ੁਦ ਪਿੰਡਾਂ ਵਿਚ ਗਏ ਤੇ ਉਨ੍ਹਾਂ ਕਿਸਾਨਾਂ ਨੂੰ ਵਧੇਰੇ ਅਨਾਜ ਉਗਾ ਕੇ ਤਬਦੀਲੀ ਦੇ ਵਾਹਕ ਬਣਨ ਦੀ ਅਪੀਲ ਕੀਤੀ। ਅੱਜ ਪੰਜਾਬ ਦੇ ਸਿਆਸੀ ਅਤੇ ਪ੍ਰਸ਼ਾਸਕੀ ਆਗੂਆਂ ਕੋਲ ਤਬਦੀਲੀ ਦੇ ਵਾਹਕ ਬਣਨ ਦਾ ਮੌਕਾ ਹੈ ਪਰ ਸਵਾਲ ਹੈ: ਕੀ ਉਹ ਮੌਕੇ ਦਾ ਫ਼ਾਇਦਾ ਉਠਾਉਣ ਲਈ ਅੱਗੇ ਵਧ ਸਕਦੇ ਹਨ?

ਸਾਡੇ ਲੋਕ SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।


ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.

Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com




**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-94

ਬੱਚਿਆਂ ਵਿੱਚ ਰੀੜ ਦੀ ਹੱਡੀ ਦੇ ਰੋਗਾਂ ਵਿੱਚ ਸ਼ਾਮਲ ਹੈ ਸਪਿੰਨਾਬਾਈਫਿਡਾ ਜਿਸ ਵਿੱਚ ਰੀੜ ਦੀ ਬਣਤਰ ਕਈ ਥਾਵਾਂ ਤੋਂ ਕਮਜ਼ੋਰ ਹੋਣ ਕਰਕੇ ਉਹਦੇ ਅੰਦਰ ਦੇ ਸੁਰਾਖ ਸਣੇ ਬਾਹਰ ਵੱਲ ਇਕ ਫੋੜੇ ਦੀ ਸ਼ਕਲ ਵਿੱਚ ਉੱਭਰ ਜਾਂਦੀ ਹੈ। ਇਹ ਸਪਿੰਨਾਬਾਈਫਿਡਾ ਵੀ ਦੋ ਤਰ੍ਹਾਂ ਦਾ ਹੁੰਦਾ ਹੈ। ਪਹਿਲੀ ਕਿਸਮ ਵਿੱਚ ਰੀੜ ਦੀ ਹੱਡੀ ਹੀ ਪੂਰੀ ਗੁਲਾਈ ਵਿੱਚ ਬਾਹਰ ਵੱਲ ਘੁੰਮ ਜਾਂਦੀ ਹੈ ਤੇ ਅੰਦਰ ਦਾ ਸੁਰਾਖ ਤੇ ਇਸ ਅੰਦਰ ਦੀਆਂ ਨਸ਼ਾ ਤੇ ਤਰਲ ਵੀ ਉਸੇ ਤਰਾ ਗੁਲਾਈ ਵਿੱਚ ਘੁੰਮ ਕੇ ਫਿਰ ਰੀੜ ਦੀ ਹੱਡੀ ਸਿੱਧੀ ਹੇਠਾਂ ਵੱਲ ਜਾਂਦੀ ਹੈ। ਇਸ ਨਾਲ ਸਿਰਫ ਰੀੜ ਦੀ ਹੱਡੀ ਦੇ ਅੰਦਰ ਦੀਆਂ ਨਸ਼ਾਂ ਦਾ ਕੰਮ ਹੀ ਪ੍ਰਭਾਵਤ ਹੁੰਦਾ ਹੈ ਇਸਨੂੰ ਮਨਿਗੋਮਾਈਲੋਸਿਲ ਕਹਿੰਦੇ ਹਨ।

ਦੂਸਰੀ ਕਿਸਮ ਸਪਿਨਾਬਾਈਫਿਡਾ ਜਿਸ ਵਿੱਚ ਕਿਸੇ ਜਗ੍ਹਾ ਤੇ ਨਿਊਰਲ ਕਨਾਲ ? ਯਾਨੀ ਰੀੜ ਦੀ ਹੱਡੀ ਦੇ ਅੰਦਰ ਵਾਲਾ ਸੁਰਾਖ ਬਣਾਉਣ ਵਾਲੀਆਂ ਹੱਡੀਆਂ ਪੂਰੀ ਤਰ੍ਹਾਂ ਆਪਸ ਵਿੱਚ ਜੁੜੀਆਂ ਹੀ ਨਹੀਂ ਹੁੰਦੀਆਂ। ਜਿਸ ਵਿੱਚ ਬਾਹਰ ਤੋਂ ਨਿਊਰਲ ਕੈਨਾਲ ਕੇਵਲ ਚਮੜੀ ਨਾਲ ਹੀ ਢੱਕੀ ਹੁੰਦੀ ਹੈ। ਇਹ ਬਹੁਤ ਖ਼ਤਰਨਾਕ ਹਾਲਤ ਹੁੰਦੀ ਹੈ ਤੇ ਕਿਸੇ ਵਕਤ ਵੀ ਚਮੜੀ ਦੇ ਫਟਨ ਕਰਕੇ ਮੌਤ ਦਾ ਕਾਰਨ ਬਣ ਸਕਦੀ ਹੈ। ਇਹਨਾਂ ਹਾਲਾਤਾਂ ਵਿੱਚ ਸਰਜਰੀ ਲਈ ਐਕਸਪਰਟ ਨਿਊਰੋ ਸਰਜਨਾਂ ਦੀ ਦੇਖ-ਰੇਖ ਜ਼ਰੂਰੀ ਹੁੰਦੀ ਹੈ।

ਸੋ ਦੋਹਾ ਹੀ ਹਾਲਤਾਂ ਵਿੱਚ ਇਹ ਬਰਥ ਡਿਫੈਕਟ ਬਹੁਤ ਸੀਰੀਅਸ ਸਮਝ ਕੇ ਇਲਾਜ ਕੀਤਾ ਜਾਣਾ ਚਾਹੀਦਾ ਹੈ ।

ਦੋਹਾਂ ਹੀ ਹਾਲਤਾਂ ਵਿੱਚ ਨਿਊਰਲ ਕੈਨਾਲ ਯਾਨੀ ਰੀੜ ਦੀ ਹੱਡੀ ਦਾ ਸੁਰਾਖ ਇਕ ਗੋਲਾਈ ਦਾ ਮੋੜ ਕੱਟ ਕੇ ਫਿਰ ਸਿੱਧਾ ਅੱਗੇ ਵੱਧਣ ਲਗਦਾ ਹੈ। ਪਰ ਖਾਲੀ ਜਗਾ ਜਿਥੇ ਰੀੜ ਦੀ ਹੱਡੀ ਦੇ ਮਣਕੇ ਆਪਸ ਵਿੱਚ ਖ਼ੁਰਾਕੀ ਕਮੀ ਕਰਕੇ ਨਹੀਂ ਜੁੜ ਸਕੇ ਉੱਥੇ ਕੇਵਲ ਚਮੜੀ ਹੀ ਇਸ ਖਾਲੀ ਥਾ ਨੂੰ ਭਰਦੀ ਹੈ। ਜੋ ਹੱਡੀ ਜਿੰਨੀ ਸੰਭਾਲ ਨਿਊਰਲ ਕੈਨਾਲ ਤੇ ਇਸ ਵਿੱਚ ਮੌਜੂਦ ਨਸ਼ਾਂ ਤੇ ਤਰਲ ਪਦਾਰਥ ਦੀ ਨਹੀਂ ਕਰ ਸਕਦੀ। ਹਰ ਵਕਤ ਇਹਦੇ ਫਟਣ ਦਾ ਖਤਰਾ ਬਣਿਆ ਰਹਿੰਦਾ ਹੈ।

ਸਪਿੰਨਾਬਾਈਫਿਡਾ ਦੇ ਰੀੜ ਦੀ ਹੱਡੀ ਦੇ ਇਸ ਮੋੜ ਨਾਲ ਰੀੜ ਦੀਆਂ ਨਸ਼ਾਂ ਦੀ ਸ਼ਕਤੀ ਘਟਦੀ ਹੈ ਤੇ ਇਸ ਤੋਂ ਹੇਠਲੇ ਅੰਗਾਂ ਵਿੱਚ ਕੰਮ ਕਰਨ ਦੀ ਪੂਰੀ ਤਾਕਤ ਨਹੀਂ ਰਹਿ ਜਾਂਦੀ। ਜਿਸ ਕਰਕੇ ਹੇਠਾਂ ਵਾਲਾ ਧੜ ਪੇਸ਼ਾਪ ਨਾਲ ਸੰਬੰਧਿਤ ਅੰਗ ਤੇ ਗੁਦਾ ਵਾਲਾ ਸਾਰਾ ਹਿੱਸਾ ਪ੍ਰਭਾਵਤ ਹੁੰਦਾ ਹੈ ਜਿਸ ਨਾਲ ਇਹਨਾਂ ਅੰਗਾਂ ਦਾ ਕੰਮ ਪ੍ਰਭਾਵਤ ਹੋਕੇ ਪੇਸ਼ਾਪ ਅਤੇ ਟੱਟੀ ਦੀ ਨਾਰਮਲ ਕਿਰਿਆ ਪ੍ਰਭਾਵਤ ਹੁੰਦੀ ਹੈ। ਬਲਕਿ ਬੇਕਾਬੂ ਯਾਨੀ ਅਨਕੰਟਰੋਲਡ ਹੁੰਦੀ ਹੈ। ਅਜਿਹੀ ਬੇਕਾਬੂ ਕਾਰਕਰਦਗੀ ਦੇ ਨਾਲ ਨਾਲ ਇਸ ਸਪਿਨਾ ਬਾਈਫਿਡਾ ਤੋਂ ਹੇਠਲੇ ਧੜ ਵਿੱਚ ਸੁੰਨਤਾਂ ਹੁੰਦੀ ਹੈ ਭਾਵ ਅਹਿਸਾਸ ਦੀ ਕਮੀ ਹੁੰਦੀ ਹੈ ਭਾਵ ਸੈਂਸਰੀ ਨਰਵਜ ਦਾ ਫੰਕਸ਼ਨ ਪੂਰੀ ਤਰ੍ਹਾਂ ਸਤਰਕ ਨਹੀਂ ਰਹਿੰਦਾ ਜੋ ਸਮੇਂ ਨਾਲ ਘੱਟਦਾ ਹੀ ਜਾਂਦਾ ਹੈ।

ਅਜਿਹੇ ਪਰਿਵਾਰਾਂ ਵਿੱਚ ਜਿਥੇ ਇਕ ਬੱਚਾ ਇੰਜ ਜਨਮ ਸਮੇਂ ਤੋਂ ਹੀ ਸਪਿੰਨਾ ਬਾਈਫਿਡਾ ਦੇ ਨੁਕਸ ਨਾਲ ਪੈਦਾ ਹੋਇਆ ਹੋਵੇ। ਦੂਸਰੇ ਬੱਚੇ ਵਿੱਚ ਵੀ ਅਜਿਹਾ ਹੋਣ ਦੇ ਚਾਨਸ ਜ਼ਿਆਦਾ ਹੁੰਦੇ ਹਨ ਜਦ ਤੱਕ ਕਿ ਬਣਨ ਵਾਲੀ ਮਾਂ ਦੀ ਪੂਰੀ ਸਰੀਰਕ ਜਾਂਚ ਤੋਂ ਬਾਅਦ ਉਹਦਾ ਸਹੀ ਇਲਾਜ ਨਹੀਂ ਕੀਤਾ ਜਾਂਦਾ ਤੇ ਉਹ ਪੂਰੀ ਤਰ੍ਹਾਂ ਮਾਂ ਬਨਣ ਲਈ ਤੰਦਰੁਸਤ ਨਹੀਂ ਹੋ ਜਾਂਦੀ।

ਸਕੋਲੀਓਸਿਸ ਯਾਨੀ ਕਰਵਡ ਸਪਾਈਨ ਸਭ ਤੋਂ ਸਧਾਰਨ ਰੀੜ ਦੀ ਹੱਡੀ ਦਾ ਨੁਕਸ ਕਹਿ ਸਕਦੇ ਹਾਂ ਜਿਸ ਵਿੱਚ ਰੀੜ ਦੀ ਹੱਡੀ ਕਮਾਨ ਵਾਂਗ ਅੱਗੇ ਨੂੰ ਗੋਲ ਹੋਕੇ ਕਮਾਨ ਦੀ ਸ਼ਕਲ ਵਿਚ ਹੁੰਦੀ ਹੈ। ਇਹਨਾਂ ਸਾਰੇ ਹੀ ਜਨਮ ਸਮੇਂ ਤੱਕ ਦੀ ਡਿਵੈਲਪਮੈਂਟ ਵਿੱਚ ਰਹਿ ਗਏ ਨੁਕਸਾ ਕਾਰਨ ਜੀਵਨ ਉਮਰ ਘਟਦੀ ਹੀ ਹੈ ਅਤੇ ਨਾਲ ਹੀ ਨਾਲ ਮਾਨਸਿਕ ਪੱਧਰ ਅਤੇ ਸਰੀਰਕ ਪੱਧਰ ਦੀਆਂ ਕਾਰਵਾਈਆਂ ਵੀ ਸੁਸਤ ਤੇ ਮੁਸ਼ਕਲ ਹੋ ਜਾਂਦੀਆਂ ਹਨ

ਹੋਮਿਓਪੈਥਿਕ ਇਲਾਜ ਪ੍ਰਕਿਰਿਆ ਨਾਲ ਡਿਵੈਲਪਮੈਂਟ ਵਿੱਚ ਰਹਿ ਗਈਆਂ ਬਹੁਤ ਸਾਰੀਆਂ ਕਮੀਆਂ ਨੂੰ ਸਹਿਯੋਗ ਦੇ ਕੇ ਕੰਟਰੋਲ ਕੀਤਾ ਜਾ ਸਕਦਾ ਹੈ ਤੇ ਸਰੀਰਕ ਕਿਰਿਆਵਾਂ ਨੂੰ ਸਹੀ ਕੀਤਾ ਜਾ ਸਕਦਾ ਹੈ।

**ਸਕੋਲੀਓਸਿਸ**

ਰੀੜ ਦੀ ਹੱਡੀ ਦਾ ਉਪਰਲੇ ਹਿੱਸੇ ਤੋ ਸਾਈਡ ਵੱਲ ਅੱਗੇ ਵੱਲ ਝੁਕੇ ਹੋਣਾ। ਪਰ ਸਾਰੀ ਹੱਡੀ ਦੀ ਸ਼ਕਲ ਅੰਗਰੇਜ਼ੀ ਦੇ ਅੱਖਰ S ਜਾਂ C ਵਰਗੀ ਬਣ ਜਾਂਦੀ ਹੈ।

ਲਾਰਡੋਸਿਸ ਯਾਨੀ ਰੀੜ ਦੀ ਹੱਡੀ ਹੇਠਾਂ ਤੋਂ ਅੱਗੇ ਵੱਲ ਜ਼ਿਆਦਾ ਝੁਕੀ ਹੋਈ ਹੋਣਾ।

ਜੇ ਰੀੜ ਦੀ ਹੱਡੀ ਪੰਜਾਹ ਦੇ ਕੋਣ ਤੋ ਵੀ ਜ਼ਿਆਦਾ ਮੁੜੀ ਹੋਈ ਹੋਵੇ ਤਾਂ ਇਸ ਨੂੰ ਕਾਈਫੋਸਿਸ ਕਹਿੰਦੇ ਹਨ। ਭਾਵ ਕਿਸੇ ਦਾ ਕੁੱਬ ਪੂਰੀ ਤਰ੍ਹਾਂ ਦੂਹਰੇ ਹੋਣ ਵਾਂਗ ਹੋ ਜਾਵੇ ਤਾਂ ਉਸ ਨੂੰ ਕਾਈਫੋਸਿਸ ਕਹਿੰਦੇ ਹਨ।

**ਰੀੜ ਦੀ ਹੱਡੀ ਦੇ ਮੁੜੇ ਹੋਣ ਦੇ ਕਾਰਨ**

ਏਕੋਨਡਰੋਪਲੇਸੀਆ ਜਦੋਂ ਰੀੜ ਦੀ ਹੱਡੀ ਦੇ ਮਣਕੇ ਸਹੀ ਢੰਗ ਨਾਲ ਬਰਾਬਰ ਨਾ ਵਧਣ ਤਾਂ ਛੋਟੇ ਰਹਿ ਜਾਣ ਜਿਸ ਨਾਲ ਕੱਦ ਬੌਣਾ ਯਾਨੀ ਹੋ ਜਾਵੇ ਤਾਂ ਉਸ ਨੂੰ ਏਕੋਨਡਰੋਪਲੇਸੀਆ ਕਹਿੰਦੇ ਹਨ

**ਸਪੋਨਡੀਲੋਲਿਸਥੇਸਿਸ**

ਇਕ ਨਾ ਹੈ ਰੀੜ ਦੀ ਹੱਡੀ ਦੀ ਵਿਗੜੀ ਹੋਈ ਬਣਤਰ ਦਾ ਜਿਸ ਵਿੱਚ ਰੀਡ ਦੀ ਹੱਡੀ ਦਾ ਹੇਠਲੇ ਹਿੱਸੇ ਦਾ ਕੋਈ ਇਕ ਮਣਕਾ ਅੱਗੇ ਵੱਲ ਜ਼ਿਆਦਾ ਖਿਸਕ ਜਾਂਦਾ ਹੈ।

ਓਸਟੀਓਪਰੋਸਿਸ ਇਕ ਆਮ ਹੱਡੀ ਦੀ ਭੁਰਨ ਵਾਲੀ ਹਾਲਤ ਵਾਂਗ ਜਿਹੜੀ ਕਿ ਆਮ ਹੀ ਬਜ਼ੁਰਗਾਂ ਦੀਆਂ ਹੱਡੀਆਂ ਵਿੱਚ ਹੋ ਜਾਂਦੀ ਹੈ ਹੱਡੀਆਂ ਕਮਜ਼ੋਰ ਹੋ ਕੇ ਭੁਰਨ ਲੱਗ ਜਾਂਦੀਆਂ ਹਨ ਉਹੀ ਹਾਲਾਤ ਉਮਰ ਤੋਂ ਪਹਿਲਾਂ ਹੀ ਅਗਰ ਕਿਸੇ ਦੀ ਰੀੜ ਦੀ ਹੱਡੀ ਦੇ ਮਣਕਿਆਂ ਵਿੱਚ ਹੋਣੀ ਸ਼ੁਰੂ ਹੋ ਜਾਵੇ ਤਾਂ ਉਸਨੂੰ ਓਸਟੀਓਪਰੋਸਿਸ ਹੀ ਕਹਿੰਦੇ ਹਨ।

ਓਬੇਸਿਟੀ ਯਾਨੀ ਮੋਟਾਪਾ ਜਦ ਬਹੁਤ ਹੀ ਜ਼ਿਆਦਾ ਹੋ ਜਾਵੇ ਤੇ ਰੀੜ ਦੀ ਹੱਡੀ ਸਰੀਰ ਦਾ ਭਾਰ ਸਹਿਣ ਦੇ ਸਮਰੱਥ ਨਾ ਹੋਵੇ ਖ਼ਾਸ ਕਰ ਬਹੁਤ ਜ਼ਿਆਦਾ ਅੱਗੇ ਨੂੰ ਵਧਿਆ ਪੇਟ ਵੀ ਰੀੜ ਦੀ ਹੱਡੀ ਵਿੱਚ ਵਿੰਗ ਪਾ ਦਿੰਦਾ ਹੈ।

ਡੀਸੀਈਟਿਸ ਯਾਨੀ ਰੀੜ ਦੀ ਹੱਡੀ ਦੇ ਮਣਕਿਆਂ ਵਿੱਚ।

(ਚੱਲਦਾ)





CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਦੇਸ਼ ਦੀ ਰੱਖਿਆ 'ਚ ਸਿੱਖਾਂ ਦਾ ਵੱਡਾ ਯੋਗਦਾਨ: ਯੋਗੀ ਆਦਿੱਤਿਆਨਾਥ





ਲਖਨਊ : ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਅੱਜ ਇੱਥੇ ਦੇਸ਼ ਲਈ ਸਿੱਖ ਗੁਰੂਆਂ ਦੇ ਯੋਗਦਾਨ ਅੱਗੇ ਸਿਰ ਝੁਕਾਉਂਦਿਆਂ ਕਿਹਾ ਕਿ ਸਿੱਖ ਗੁਰੂਆਂ ਦਾ ਤਿਆਗ ਅਤੇ ਬਲੀਦਾਨ ਦੇਸ਼-ਧਰਮ ਦੀ ਰੱਖਿਆ ਦੀ ਪ੍ਰੇਰਨਾ ਦਿੰਦਾ ਹੈ। ਮੁੱਖ ਮੰਤਰੀ ਯੋਗੀ ਨੇ ਅੱਜ ਇੱਥੇ ਆਲਮਬਾਗ ਵਿੱਚ ਖ਼ਾਲਸਾ ਚੌਂਕ ਦਾ ਉਦਘਾਟਨ ਕੀਤਾ। ਉੱਤਰ ਪ੍ਰਦੇਸ਼ ਸਰਕਾਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਟੇਢੀ ਪੁਲੀਆ ਦੇ ਨਾਂ ਨਾਲ ਜਾਣਿਆ ਜਾਣ ਵਾਲਾ ਇਹ ਚੌਂਕ ਹੁਣ ਖ਼ਾਲਸਾ ਚੌਂਕ ਦੇ ਨਾਂ ਨਾਲ ਜਾਣਿਆ ਜਾਵੇਗਾ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕਿਹਾ, "ਖ਼ਾਲਸਾ ਪੰਥ ਨੇ ਦੇਸ਼ ਅਤੇ ਧਰਮ ਦੀ ਰੱਖਿਆ ਲਈ ਲਗਾਤਾਰ ਮੋਹਰੀ ਭੂਮਿਕਾ ਨਿਭਾਈ ਹੈ। ਖ਼ਾਲਸਾ ਚੌਂਕ ਦੀ ਸਥਾਪਨਾ ਇਤਿਹਾਸ ਦੀਆਂ ਯਾਦਾਂ ਨੂੰ ਤਾਜ਼ਾ ਕਰਨ ਦਾ ਮੌਕਾ ਹੈ।" ਉਨ੍ਹਾਂ ਕਿਹਾ, "ਸੂਬੇ ਵਿੱਚ ਭਾਜਪਾ ਦੀ ਸਰਕਾਰ ਬਣਨ ਮਗਰੋਂ ਮੁੱਖ ਮੰਤਰੀ ਦਫ਼ਤਰ ਵਿੱਚ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਇਆ ਗਿਆ।" ਸਿੱਖ ਧਰਮ ਦੇ ਦਸਵੇਂ ਗੁਰੂ ਅਤੇ ਖ਼ਾਲਸਾ ਪੰਥ ਦੇ ਸੰਸਥਾਪਕ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਦਿਵਸ ਨੂੰ ਸਮਰਪਿਤ ਸਮਾਰੋਹ ਨੂੰ ਸੰਬੋਧਨ ਕਰਦਿਆਂ ਯੋਗੀ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਭਾਰਤ ਦੇ ਧਰਮ ਅਤੇ ਸੱਭਿਆਚਾਰ ਨੂੰ ਵਿਦੇਸ਼ੀ ਹਮਲਾਵਰਾਂ ਤੋਂ ਬਚਾਉਣ ਲਈ 1699 ਵਿੱਚ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਉਨ੍ਹਾਂ ਕਿਹਾ ਕਿ ਸਿੱਖ ਪੰਥ ਨੇ ਮਾਤ ਭੂਮੀ ਦੀ ਰਾਖੀ ਲਈ ਹਮੇਸ਼ਾ ਮੋਹਰੀ ਭੂਮਿਕਾ ਨਿਭਾਈ ਹੈ। ਯੋਗੀ ਨੇ ਕਿਹਾ ਕਿ ਸਿੱਖ ਗੁਰੂਆਂ ਦਾ ਤਿਆਗ ਅਤੇ ਬਲੀਦਾਨ ਸਾਨੂੰ ਸਭ ਨੂੰ ਦੇਸ਼ ਅਤੇ ਧਰਮ ਦੀ ਰੱਖਿਆ ਦੀ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਗੁਰੂਆਂ ਦਾ ਇਤਿਹਾਸ ਸਾਨੂੰ ਭਾਰਤ ਦੀ ਗੌਰਵਮਈ ਗਾਥਾ ਦੀ ਯਾਦ ਦਿਵਾਉਂਦਾ ਹੈ। ਉਨ੍ਹਾਂ ਸਿੱਖ ਕੌਮ ਦੀ ਕੁਰਬਾਨੀ, ਤਿਆਗ, ਧਰਮ ਪ੍ਰਤੀ ਸਮਰਪਣ ਅਤੇ ਸਮਾਜ ਪ੍ਰਤੀ ਸੇਵਾ ਭਾਵਨਾ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਉਪ ਮੁੱਖ ਮੰਤਰੀ ਬ੍ਰਜੇਸ਼ ਪਾਠਕ ਅਤੇ ਹੋਰ ਆਗੂ ਵੀ ਮੌਜੂਦ ਸਨ।









ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


ਕੈਪਟਨ ਅਮਰਜੀਤ ਸਿੰਘ ਕਾਲੇਕਾ

# ਬਚਪਨ ਤੋਂ ਸ਼ਹੀਦੀ ਤੱਕ ਦਾ ਸ.ਫਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸਤਵੰਤ ਉਸ ਵੇਲੇ ਤਕਰੀਬਨ 6 ਸਾਲ ਦਾ ਸੀ। ਥੋੜ੍ਹਾ ਸਮਾਂ ਗੁਰਦੁਆਰਾ ਪ੍ਰੇਮੀ ਜੱਥਾ ਸਕੂਲ ਵਿਚ ਪੜ੍ਹ ਕੇ ਉਹ ਪਿੰਡ ਆ ਗਿਆ ਤੇ ਕਈ ਸਾਲ ਪਿੰਡ ਦੇ ਮਿਡਲ ਸਕੂਲ ਵਿਚ ਪੜ੍ਹਿਆ। ਸਤਵੰਤ ਕੁਝ ਚਿਰ ਅੰਮ੍ਰਿਤਸਰ ਦੇ ਸਕੂਲ ਫੌਰ ਐੱਸ ਵਿਚ ਵੀ ਪੜ੍ਹਿਆ। ਸਤਵੰਤ ਨੇ ਬੀ.ਏ ਦਾ ਕੁਝ ਹਿੱਸਾ ਰਣਬੀਰ ਕਾਲਜ, ਸੰਗਰੂਰ ਤੋਂ ਕੀਤਾ ਤੇ ਬਾਕੀ ਦੀ ਬੀ.ਏ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪ੍ਰਾਈਵੇਟ ਕੀਤੀ। ਰਣਬੀਰ ਕਾਲਜ ਵਿਚ ਉਸ ਦੇ ਹਰਮਨ ਪਿਆਰੇ ਪ੍ਰੋਫੈਸਰ ਡਾ. ਰਣਬੀਰ ਸਿੰਘ ਸਰਾਓ ਸੀ। ਜਿਹਨਾਂ ਨੇ ਉਸ ਦੀ ਸ਼ਹਾਦਤ ਤੇ ਸਿੰਘ ਸਭਾ, ਪਟਿਆਲਾ ਵਿਖੇ 16 ਅਗਸਤ 2012 ਨੂੰ ਭੋਗ ਦੇ ਸਮਾਗਮ ਤੇ ਸਟੇਜ ਸੰਭਾਲਣ ਦੀ ਸੇਵਾ ਨਿਭਾਈ ਅਤੇ ਅਧਿਆਪਕ ਵਾਲੇ ਸਮੇਂ ਦਾ ਜ਼ਿਕਰ ਵੀ ਕੀਤਾ। ਕਾਲਜ ਪੜ੍ਹਦਿਆਂ ਉਸ ਦੇ ਤਿੰਨ ਹੋਰ ਜਮਾਤੀ ਵੀ ਯਾਦ ਆਉਂਦੇ ਹਨ। ਉਹਨਾਂ ਜਮਾਤੀਆਂ ਦੇ ਨਾਮ ਹਨ, ਰਾਜਿੰਦਰ ਕੌਰ ਭੱਠਲ ਜੋ ਸਾਬਕਾ ਮੁੱਖ ਮੰਤਰੀ ਪੰਜਾਬ ਰਹੇ। ਸ. ਪਰਗਟ ਸਿੰਘ ਜੋ ਪਾਈਲਟ ਬਣੇ ਅਤੇ ਗਵਰਨਰ ਪੰਜਾਬ ਦਾ ਜਹਾਜ਼ ਚਲਾਉਂਦਿਆਂ ਸ਼ਹੀਦ ਹੋ ਗਏ। ਤੀਜੇ ਜਮਾਤੀ ਸ. ਜਰਨੈਲ ਸਿੰਘ ਹਨ ਜੋ ਪੰਜਾਬ ਆਬਕਾਰੀ ਕਰ ਵਿਭਾਗ ਤੋਂ ਡਿਪਟੀ ਕਮਿਸ਼ਨਰ ਰਿਟਾਇਰ ਹੋ ਕੇ ਚੰਡੀਗੜ੍ਹ ਰਹਿ ਰਹੇ ਹਨ। ਸ. ਜਰਨੈਲ ਸਿੰਘ ਪੰਜਾਬ ਦੇ ਨਾਮੀ ਇਮਾਨਦਾਰ ਅਫਸਰ ਜਾਣੇ ਜਾਂਦੇ ਹਨ। ਸਤਵੰਤ ਨੂੰ ਕਵਿਤਾ ਲਿਖਣ ਦਾ ਵੀ ਸ਼ੌਕ ਸੀ। ਉਹ ਪੜ੍ਹਨ ਲਿਖਣ ਵਿਚ ਸ਼ੁਰੂ ਤੋਂ ਹੀ ਦਰਮਿਆਨਾ ਸੀ। ਕੁਝ ਗੁਣ ਜੋ ਉਸ ਵਿਚ ਬਚਪਨ ਤੋਂ ਹੀ ਪ੍ਰਚੰਡ ਸਨ।

**1 ਹੱਠੀ ਹੋਣਾ**

**2 ਧਾਰਮਿਕ**

ਉਹ ਪੜ੍ਹਨ ਵਿਚ ਠੀਕ-ਠਾਕ ਹੀ ਸੀ, ਤੇ ਅੰਗਰੇਜੀ ਵੀ ਪਿੰਡਾਂ ਵਰਗੀ ਹੀ ਬੋਲਦਾ ਸੀ। ਪਰ ਉਸ ਦੀ ਗੱਲਬਾਤ ਵਿਚ ਆਤਮ ਵਿਸ਼ਵਾਸ ਦੀ ਕਮੀ ਮੈਂ ਕਦੇ ਨਹੀਂ ਦੇਖੀ। ਉਸ ਦੀ ਬਿਰਤੀ ਬਚਪਨ ਤੋਂ ਹੀ ਧਾਰਮਿਕ ਸੀ। ਮੈਨੂੰ ਹਾਲੇ ਵੀ ਯਾਦ ਹੈ ਕਿ 1967 ਵਿਚ ਮੈਂ ਕਾਲਕਾ ਵਿਖੇ ਮਿਲਟਰੀ ਪੁਲਿਸ ਵਿਚ ਇਕ ਯੂਨਿਟ ਵਿਚ ਸੈਕੰਡ ਇਨ ਕਮਾਂਡ ਸੀ। ਉਹ ਮੇਰੇ ਕੋਲ ਆਇਆ। ਉਸ ਵੇਲੇ ਉਸ ਦੀ ਉਮਰ 20 ਕੁ ਸਾਲ ਸੀ। ਉਹ ਕਹਿਣ ਲੱਗਾ,"ਪਿੰਡਾਂ ਵਿਚ ਲੋਕ ਸਿੱਖੀ ਨੂੰ ਚੰਗੀ ਤਰ੍ਹਾਂ ਨਹੀਂ ਸਮਝ ਰਹੇ। ਮੈਂ ਪਿੰਡ ਪਿੰਡ ਜਾ ਕੇ ਸਿੱਖੀ ਦਾ ਪ੍ਰਚਾਰ ਕਰਨਾ ਚਾਹੁੰਦਾ ਹਾਂ। ਇਕ ਬੰਦੋਬਸਤ ਮੇਰੇ ਕੋਲ ਹੋ ਗਿਆ ਹੈ। ਮੇਰੇ ਪੁੱਛਣ ਤੇ ਉਸ ਨੇ ਦੱਸਿਆ ਕਿ ਆਪਣੇ ਪਿੰਡ ਦਾ ਇਕ ਲੜਕਾ ਜਿਸ ਦੀ ਇੱਕ ਲੱਤ ਖ਼ਰਾਬ ਹੈ ਮੈਂ ਉਸ ਨੂੰ ਢੋਲਕੀ ਵਜਾਉਣੀ ਸਿਖਾ ਦਿੱਤੀ ਹੈ ਤੇ ਮੇਰਾ ਸੰਗੀਤ ਦਾ ਪ੍ਰੋਗਰਾਮ ਹੋ ਗਿਆ ਹੈ। ਦੋ ਚੀਜ਼ਾ ਮੈਨੂੰ ਹੋਰ ਚਾਹੀਦੀਆਂ ਹਨ। ਉਸ ਨੇ ਦੱਸਿਆ ਕਿ ਪਿੰਡ ਪਿੰਡ ਪ੍ਰਚਾਰ ਕਰਨ ਜਾਣ ਲਈ ਮੈਨੂੰ ਇਕ ਟਾਂਗਾ ਤੇ ਇਕ ਘੋੜਾ ਜਾਂ ਘੋੜੀ ਦੀ ਜ਼ਰੂਰਤ ਹੈ।" ਉਸ ਦੀ ਗੱਲ ਸੁਣ ਮੈਂ ਆਪਣੇ ਮਨ ਵਿਚ ਹੱਸਿਆ।




ਕੁਝ ਚਿਰ ਬਾਅਦ ਸਤਵੰਤ ਖੇਤੀ ਕਰਨ ਲੱਗ ਪਿਆ। ਖੇਤੀ ਵਿਚ ਵੀ ਉਹ ਬਹੁਤ ਤਜ਼ਰਬੇ ਕਰਦਾ ਸੀ। 1970 ਵਿਚ ਅਸੀਂ ਟਰੈਕਟਰ ਲੈ ਲਿਆ। 7,000 ਰੁਪਏ ਘਰੋਂ ਪਾ ਕੇ 18,000 ਅਸੀਂ ਕਰਜ਼ਾ ਲਿਆ। ਸਾਡੀ ਫ਼ਸਲ ਵੀ 200 ਮਣ ਤੋਂ ਵੱਧ ਕੇ 600-700 ਮਣ ਕਣਕ ਹੋ ਗਈ। ਧਾਨ ਦਾ ਹਾਲੇ ਬੋਲਬਾਲਾ ਨਹੀਂ ਸੀ ਹੋਇਆ। ਕਣਕ ਹੀ ਹਾਲੇ ਵੱਡੀ ਫਸਲ ਸੀ। ਇਕ ਵਾਰੀ ਸਤਵੰਤ ਨੇ ਕਿਸੇ ਨੂੰ ਮੰਗਣ ਤੇ ਟਰੈਕਟਰ ਦੇ ਦਿੱਤਾ। ਮੈਂ ਵੀ ਸਾਲ ਕੁ ਫੌਜ ਤੋਂ ਬਾਅਦ ਤੇ ਪ੍ਰੋਫੈਸਰ ਲੱਗਣ ਤੋਂ ਪਹਿਲਾਂ ਪਿੰਡ ਵਿਚ ਰਿਹਾ। ਮੈਂ ਪੁੱਛਿਆ "ਕਾਕਾ ਟਰੈਕਟਰ ਇਥੇ ਖੜ੍ਹਾ ਸੀ।" ਸਤਵੰਤ ਕਹਿਣ ਲੱਗਾ, "ਵੀਰ ਜੀ ਆਪਣੇ ਕੋਲ ਵਿਹਲਾ ਖੜ੍ਹਾ ਸੀ ਤੇ ਗੁਆਂਢੀ ਦਾ ਕੰਮ ਖੜ੍ਹਾ ਸੀ।" ਸਤਵੰਤ ਦਾ ਨਿਰਸਵਾਰਥੀ ਕਿਸਮ ਦਾ ਸੁਭਾਅ ਸੀ।

ਸਤਵੰਤ ਤਕਰੀਬਨ 12 ਸਾਲ (1970-1982) ਪਿੰਡ ਖੇਤੀ ਕਰਦਾ ਰਿਹਾ। ਉਸ ਦਾ ਵਿਆਹ ਮੇਰੀ ਪਤਨੀ ਦੇ ਰਿਸ਼ਤੇਦਾਰਾਂ ਵਿਚ ਹੋਇਆ। ਦੋ ਲੜਕੇ ਪਰਦੀਪ ਅਤੇ ਅਮਰਦੀਪ ਉਸ ਸਮੇਂ ਵਿਚ ਹੀ ਪੈਦਾ ਹੋਏ। 1982 ਵਿਚ ਸਤਵੰਤ ਅਤੇ ਉਸ ਦੀ ਪਤਨੀ ਦੋਵਾਂ ਬੱਚਿਆਂ ਸਮੇਤ ਅਮਰੀਕਾ ਚੱਲੇ ਗਏ। ਪੂਰੇ 30 ਸਾਲ ਬਾਅਦ ਸਤਵੰਤ ਗੁਰਦੁਆਰਾ ਸਾਹਿਬ ਵਿਖੇ 5 ਅਗਸਤ 2012 ਨੂੰ ਪ੍ਰਧਾਨਗੀ ਦੀ ਜ਼ਿੰਮੇਵਾਰੀ ਸਮਝਦਿਆਂ ਅਤੇ ਸੰਗਤਾਂ ਨੂੰ ਬਚਾਉਂਦਾ ਹੋਇਆ ਮਾਈਕਲ ਪੇਜ ਨਾਲ ਯੁੱਧ ਕਰਦਿਆਂ ਆਪਣਾ ਪੁਰਜਾ-ਪੁਰਜਾ ਕਟ ਕੇ ਸ਼ਹੀਦ ਹੋ ਗਿਆ। ਉਸ ਦੀ ਸ਼ਹਾਦਤ ਤੋਂ ਪਹਿਲਾਂ, ਮਾਈਕਲ ਪੇਜ ਨੇ 10 ਸਿੱਖ ਸੰਗਤਾਂ ਤੇ ਗੋਲੀ ਚਲਾਈ। ਪੰਜ ਸ਼ਹੀਦ ਹੋ ਗਏ ਅਤੇ ਇਕ ਹਾਲੇ ਵੀ ਹਸਪਤਾਲ ਵਿਚ ਤਕਰੀਬਨ ਕੌਮੇ ਵਰਗੀ ਹਾਲਤ ਵਿਚ ਹੈ ਅਤੇ ਚਾਰ ਜ਼ਖਮ ਠੀਕ ਹੋ ਗਏ। ਇਸ ਘਟਨਾ ਨੂੰ ਅਮਰੀਕਾ ਸਰਕਾਰ ਨੇ ਬਹੁਤ ਗੰਭੀਰਤਾ ਨਾਲ ਲਿਆ। ਅਮਰੀਕਾ ਦੇ ਚੈਨਲ ਸੀ.ਐੱਨ.ਐੱਨ. ਤੋਂ ਤਿੰਨ ਦਿਨ ਤੱਕ ਕਵਰੇਜ਼ ਹੁੰਦੀ ਰਹੀ। ਸਾਰੀ ਦੁਨੀਆਂ ਦੇ ਸਿੱਖਾਂ ਵਿਚ ਸਤਵੰਤ ਸਿੰਘ ਦਾ ਨਾਮ ਯੋਧੇ ਦੇ ਤੌਰ ਤੇ ਜਾਣਿਆ ਜਾਣ ਲੱਗਾ। ਕੁਝ ਹੀ ਦਿਨਾਂ ਵਿਚ ਓਕ ਕਰੀਕ ਗੁਰਦੁਆਰਾ ਜਿਸ ਦਾ ਪ੍ਰਧਾਨ ਸਤਵੰਤ ਸੀ, ਜਗਤ ਪ੍ਰਸਿੱਧ ਹੋ ਗਿਆ।

(ਚਲਦਾ)




ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸ਼ਫਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

**ਵਿਆਖਿਆ**

ਲਾਹੌਰ ਸ਼ਹਿਰ ਵਿਚ ਹੀ ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ (ਬੱਚਿਆਂ ਨੂੰ ਟੋਟੇ ਟੋਟੇ ਕਰਾ ਕੇ ਗਲਾਂ ਵਿਚ ਹਾਰ ਪਵਾਏ), ਬੰਦ ਬੰਦ ਕਟਾਏ (ਭਾਈ ਮਨੀ ਸਿੰਘ ਜੀ), ਖੋਪਰੀਆਂ ਲੁਹਾਈਆਂ (ਭਾਈ ਤਾਰੂ ਸਿੰਘ ਜੀ) ਅਤੇ ਚਰਖੀਆਂ (ਚਰਖੇ ਦੇ ਅਕਾਰ ਦਾ ਤਸੀਹੇ ਦੇਣ ਦਾ ਯੰਤਰ) 'ਤੇ ਚੜ੍ਹਾ ਕੇ (ਭਾਈ ਸੁਬੇਗ ਸਿੰਘ ਸ਼ਾਹਬਾਜ਼ ਸਿੰਘ ਜੀ) ਨੂੰ ਸ਼ਹੀਦ ਕੀਤਾ ਗਿਆ। ਇਸ ਨੂੰ ਚਰਖੜੀ ਵੀ ਕਿਹਾ ਜਾਂਦਾ ਹੈ ਪਰ ਅਸਲ ਲਫ਼ਜ਼ ਚਰਖੀ ਹੈ। ਕਈ ਚਰ ਕਈ ਫਾਂਸੀ ਮਾਰੇ। ਕਈ ਤੋਪਨ ਕਈ ਛੁਰੀ ਕਟਾਰੇ। (ਪ੍ਰਾਚੀਨ ਪੰਥ ਪ੍ਰਕਾਸ਼)

ਭਾਈ ਸੁਬੇਗ ਸਿੰਘ-ਸ਼ਾਹਬਾਜ਼ ਸਿੰਘ, ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ ਅਤੇ ਸੈਂਕੜੇ ਸਿੱਖਾਂ ਦੇ ਸ਼ਹੀਦੀ ਸਥਾਨ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਸਥਾਨਦੇ ਚੌਗਿਰਦੇ ਹੀ ਮੌਜੂਦ ਹਨ।

**ਸ਼ਮਾ ਭੀ ਕਮ ਨਹੀਂ ਕੁਛ ਇਸ਼ਕ ਮੇਂ ਪਰਵਾਨੇ ਸੇ।**
**ਜਾਨ ਦੇਤਾ ਹੈ ਅਗਰ ਵੋ, ਤੋ ਯੇ ਸਰ ਦੇਤੀ ਹੈ।(ਜੋਸ਼)**

ਤਸੀਹੇ ਦੇ ਕੇ ਸ਼ਹੀਦ ਕਰਨ ਦਾ ਉਹ ਕਿਹੜਾ ਢੰਗ ਤਰੀਕਾ ਹੈ ਜੋ ਸਿੰਘਾਂ, ਸਿੰਘਣੀਆਂ, ਭੁਜੰਗੀਆਂ ਦੇ ਸਰੀਰਾਂ 'ਤੇ ਨਹੀਂ ਵਰਤਿਆ ਗਿਆ।

ਚੌਪਈ॥ ਕਈ ਚਰਖ ਕਈ ਫਾਂਸੀ ਮਾਰੇ।
ਕਈ ਤੋਪਨ ਕਈ ਛੁਰੀ ਕਟਾਰੇ।
ਕਈਅਨ ਕੈ ਸਿਰ ਮੁੰਗਲੀ ਕੁੱਟੇ।
ਕਈ ਡੋਬੇ ਕਈ ਘਸੀਟ ਸੁ ਸੁੱਟੇ॥੩॥
ਦੱਬੇ, ਟੰਗੇ, ਬੰਦੂਖਨ ਦਏ ਮਾਰ।
ਕੌਨ ਗਨੈ ਜੋ ਮਾਰੇ ਹਜਾਰ।
ਪਾਂਤ ਪਾਂਤ ਕਈ ਪਕੜ ਬਹਾਏ।
ਸਾਥ ਤੇਗ਼ਨ ਕੇ ਸੀਸ ਉਡਵਾਏ॥੪॥
ਕਿਸੈ ਹੱਥ ਕਿਸੈ ਟੰਗ ਕਟਵਾਇ॥
ਅੱਖ ਕੱਢ ਕਿਸੈ ਖੱਲ ਕਢਵਾਇ।
ਕੇਸਨ ਵਾਲੇ ਜੋ ਨਰ ਹੋਈ।
ਬਾਲ ਬਿਰਧ ਲੱਭ ਛੱਡੈ ਨ ਕੋਈ॥੫॥
(ਪੰਥ ਪ੍ਰਕਾਸ਼, ਭੰਗੂ, ੩੦੧)

ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਹਣ ਲਈ ਕੁਰਬਾਨੀਆਂ ਦਾ ਹਵਾਲਾ 'ਅਸਰਾਰਿ ਸਮਦੀ' ਵਿਚ ਮਿਲਦਾ ਹੈ। ਇਹ ਖ਼ਵਾਜਜਾ ਅਬਦੁਲਰਹੀਮ ਅਬਦੁੱਸਮਦ ਖਾਨ ਜੋ 1713 ਤੋਂ 1726 ਤੱਕ ਲਾਹੌਰ ਦਾ ਸੂਬੇਦਾਰ ਰਿਹਾ ਅਤੇ ਉਸ ਦੇ ਪੁੱਤਰ ਜ਼ਕਰੀਆ ਖਾਨ ਬਾਰੇ ਉਸ ਦੇ ਕਿਸੇ ਦਫ਼ਤਰੀ ਨੇ ਲਿਖਿਆ ਹੈ :

"ਧਿਕਾਰੇ ਹੋਏ ਸਿੰਘਾਂ ਨੇ, ਇਸ ਦੇ ਬਾਵਜੂਦ ਕਿ ਉਨ੍ਹਾਂ ਦੇ ਪੈਰ ਛਾਲਿਆਂ ਨਾਲ ਭਰੇ ਹੋਏ ਸਨ, ਨਾ ਉਨ੍ਹਾਂ ਪਾਸ ਰਾਸ਼ਨ ਸੀ ਤੇ ਨਾ ਘੋੜੇ, ਫਿਰ ਵੀ ਉਹ ਕਿਹੜੀਆਂ ਦਲੇਰੀਆਂ ਸਨ, ਜੋ ਉਨ੍ਹਾਂ ਨੇ ਨਾ ਕਰ ਵਿਖਾਈਆਂ ਹੋਣ। ਉਹ ਹਾਥੀਆਂ ਉਤੇ ਸ਼ੇਰਾਂ ਦੀ ਤਰ੍ਹਾਂ ਕੁਦ ਕੇ ਚੜ੍ਹਦੇ ਅਤੇ ਹੌਦਿਆਂ ਵਿਚ ਬੈਠਿਆਂ ਨੂੰ ਹੇਠਾਂ ਸੁੱਟ ਦੇਂਦੇ। ਜਿਥੇ ਤੋਸਨ ਘੋੜੇ ਪਹੁੰਚਣ ਵਿਚ ਦੇਰ ਕਰਦੇ, ਇਹ ਪੈਦਲ ਉਥੇ ਚਿਤ੍ਰਿਆਂ (ਦੀ ਤੇਜ਼ੀ ਨਾਲ) ਜਾ ਪੁੱਜਦੇ।...ਰੁੱਖਾਂ ਤੇ ਪੱਤਿਆਂ ਤੇ ਫਲਾਂ ਦਾ ਨਾਂ-ਨਿਸਾਣ ਤੱਕ ਨਾ ਰਿਹਾ ਕਿਉਂਕਿ ਉਹ ਧਰਤੀ ਦੀ ਮਿੱਟੀ ਨੂੰ ਇਉਂ ਚਟਮ ਕਰ ਗਏ ਜਿਵੇਂ ਕਿ ਉਹ ਖੰਡ ਹੋਵੇ।
(ਅਸਰਾਰਿ ਸਮਦੀ, ਪੰਨਾ ੧੨)

ਪਰ ਇਹ ਸਾਰੀਆਂ ਸ਼ਹਾਦਤਾਂ ਅਤੇ ਕੁਰਬਾਨੀਆਂ ਧਰਮ ਨੂੰ ਕਾਇਮ ਰੱਖਣ ਲਈ ਅਤੇ ਗੁਰਦੁਆਰਿਆਂ ਦੀ ਸੇਵਾ ਲਈ ਹੋਈਆਂ। ਨਿਸ਼ਾਨਾ ਸਾਫ਼ ਅਤੇ ਸਪਸ਼ਟ ਸੀ ਕਿ ਸਿੱਖੀ ਕੇਸਾਂ ਸੁਆਸਾਂ ਨਾਲ ਨਿਭ ਜਾਏ। ਅਰਦਾਸ ਵਿਚ ਰੋਜ਼ ਇਹ ਦੁਹਰਾਉਣ ਅਤੇ ਸੁਣਨ ਦੇ ਬਾਵਜੂਦ ਵੀ ਜਿਹੜੇ ਆਪਣੇ ਆਪ ਨੂੰ ਸਿੱਖ ਅਖਵਾਂਦੇ ਹੋਏ ਆਪਣਾ ਸਿਰ ਨਾਈ ਦੇ




ਸਾਹਮਣੇ ਝੁਕਾ ਦਿੰਦੇ ਹਨ ਜਾਂ ਗੁਰਦੁਆਰਿਆਂ ਨੂੰ ਸਹੀ ਸਰਕਾਰੀ ਝੋਲੀ ਚੁਕੀ ਜਾਂ ਆਪਣੇ ਨਿੱਜੀ ਲਾਭ ਲਈ ਵਰਤਦੇ ਹਨ, ਕੀ ਕਦੇ ਇਹ ਖਿਆਲ ਵੀ ਆਏਗਾ ਕਿ ਉਹ ਵਾਰਸ ਕਿਸ ਦੇ ਹਨ ?

ਪੰਜਾਂ ਤਖਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!
(ਸਿੱਖ ਰਹਿਤ ਮਰਯਾਦਾ, ਅਕਤੂਬਰ ੧੦੧੫, ਪੰਨਾ ੧੧)

ਅਰਦਾਸ ਵਿਚ ਇਥੇ ਪੰਜਾਂ ਤਖਤਾਂ ਅਤੇ ਸਾਰੇ ਹੀ ਗੁਰਦੁਆਰਾ ਸਾਹਿਬਾਨ ਦਾ ਧਿਆਨ ਧਰ ਕੇ ਵਾਹਿਗੁਰੂ ਦਾ ਜੈਕਾਰ ਕੀਤਾ ਗਿਆ। ਸਾਰੇ ਸੰਸਾਰ ਵਿਚ ਜਿਥੇ ਵੀ ਗੁਰੂ ਨਾਨਕ ਨਾਮ ਲੇਵਾ ਵਸਦੇ ਹਨ ਉਥੇ ਗੁਰਦੁਆਰਾ ਸਾਹਿਬ ਕਾਇਮ ਕਰ ਲੈਂਦੇ ਹਨ। 1836 ਵਾਲੀ ਰਹਿਤ ਮਰਯਾਦਾ ਵਿਚ ਚਾਰ ਤਖਤ ਦਰਜ ਸਨ ਸ਼ਿਰੋਮਣੀ ਤਖਤ ਸ੍ਰੀ ਅਕਾਲ ਸਾਹਿਬ, ਜਿਸਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸਥਾਪਤ ਕੀਤਾ, ਦੇ ਨਾਲ ਤਖਤ ਸ੍ਰੀ ਪਟਨਾ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਤਖਤ ਸ੍ਰੀ ਹਜ਼ੂਰ ਸਾਹਿਬ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਲੰਮੀ ਜਦੋ ਜਹਿਦ ਦੇ ਬਾਅਦ 23 ਅਪ੍ਰੈਲ, 1999 ਨੂੰ ਭਾਰਤ ਸਰਕਾਰ ਦੇ ਗ੍ਰਹਿ ਮੰਤ੍ਰਾਲੇ ਨੇ ਨੋਟੀਫਿਕੇਸ਼ਨ ਨੰਬਰ ਐਸ.ਓ. 281 (ਈ) ਰਾਹੀਂ ਗੁਰਦੁਆਰਾ ਐਕਟ ਵਿਚ ਤਰਮੀਮ ਕਰ ਕੇ ਤਖਤ ਸ੍ਰੀ ਦਮਦਮਾ ਸਾਹਿਬ ਨੂੰ ਪੰਜਵਾਂ ਤਖ਼ਤ ਐਲਾਨ ਦਿੱਤਾ। ਇ ਬਾਰੇ ਵੇਰਵਾ ਅੱਗੇ ਸਿੱਖ ਰਹਿਤ ਮਰਯਾਦਾ ਦੇ ਗੁਰਦੁਆਰਾ ਅਧਿਆਇ ਦੇ ਅੰਕ (ਟ) ਦਿੱਤਾ ਗਿਆ ਹੈ।

(5) ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ, ਚਿੱਤ ਆਵਨ ਕਾ ਸਦਕਾ ਸਬ ਸੁੱਖ ਹੋਵੇ। ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸੇ ਜੀ ਕੇ ਬੋਲਬਾਲੇ, ਬੋਲੋ ਜੀ ਵਾਹਿਗੁਰੂ!
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫ ਪੰਨਾ ੧੧)

**(ਚਲਦਾ)**

# ਬਰਤਾਨੀਆ ਦੇ ਸਿੱਖ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ ਨੂੰ ਮਿਲੀ ਜਾਨੋ ਮਾਰਨ ਦੀ ਧਮਕੀ

ਸਲੋਹ (ਯੂਕੇ) : ਯੂਕੇ ਦੇ ਸਲੋਹ ਤੋਂ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਸੰਸਦ 'ਚ ਗਾਜ਼ਾ-ਇਜ਼ਰਾਈਲ ਜੰਗ ਦੇ ਸੰਬੰਧ 'ਚ ਸਕਾਟਿਸ਼ ਨੈਸ਼ਨਲ ਪਾਰਟੀ ਵਲੋਂ ਲਿਆਂਦੇ ਮਤੇ 'ਤੇ ਵੋਟ ਨਾ ਪਾਉਣ ਤੋਂ ਬਾਅਦ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਢੇਸੀ ਨੇ ਸਕਾਟਿਸ਼ ਨੈਸ਼ਨਲ ਪਾਰਟੀ ਵਲੋਂ ਇਜ਼ਰਾਈਲ-ਹਮਾਸ ਜੰਗਬੰਦੀ ਕਰਨ ਦੀ ਮੰਗ ਕਰਦੇ ਹੋਏ ਪੇਸ਼ ਕੀਤੇ ਗਏ ਮਤੇ 'ਤੇ ਵੋਟ ਪਾਉਣ ਤੋਂ ਪ੍ਰਹੇਜ ਕੀਤਾ ਹੈ। ਅਹਿਸਾ 'ਤੇ ਦੁਵੱਲੇ ਹੱਲ ਲਈ ਸਥਾਈ ਸ਼ਾਂਤੀ ਵੱਲ ਕਦਮ ਚੁੱਕਣ ਲਈ ਲੇਬਰ ਪਾਰਟੀ ਵਲੋਂ ਪੇਸ਼ ਕੀਤੇ ਗਏ ਮਤੇ ਲਈ ਵੋਟ ਪਾਈ ਸੀ। ਲੇਬਰ ਨੇਤਾ ਸਰ ਕੀਰ ਸਟਾਰਮਰ ਨੇ ਆਪਣੇ ਸੰਸਦਾਂ ਨੂੰ ਸਕਾਟਿਸ਼ ਨੈਸ਼ਨਲ ਪਾਰਟੀ ਮਤੇ 'ਤੇ ਪ੍ਰਹੇਜ਼ ਕਰਨ ਲਈ ਕਿਹਾ ਸੀ ਜਦੋਂ ਕਿ ਉਸ ਦੇ 8 ਫਰੰਟ ਬੈਂਚਰਾਂ ਨੇ ਇਸ ਲਈ ਵੋਟ ਪਾਉਣ ਲਈ ਅਸਤੀਫਾ ਦਿੱਤਾ ਸੀ। ਢੇਸੀ ਨੂੰ ਐਸ.ਐਨ.ਪੀ. ਮੋਸ਼ਨ 'ਤੇ ਗੈਰ ਹਾਜ਼ਰ ਰਹਿਣ ਕਾਰਨ ਦੁਰਵਿਵਹਾਰ ਤੇ ਜਾਨੋ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਮਾਮਲੇ 'ਚ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਇਸ ਮਾਮਲੇ ਬਾਰੇ ਸਰਦਾਰ ਤਨਮਨਜੀਤ ਸਿੰਘ ਢੇਸੀ ਨੇ ਆਖਿਆ ਕਿ ਮੈ ਇਨਸਾਨ ਹੋਣ ਦੇ ਨਾਤੇ ਤੁਹਾਨੂੰ ਦੱਸਦਾ ਹਾਂ, ਅਸੀਂ ਅਕਸਰ ਗੇਟ ਬ੍ਰੇਕਸ਼ਿਤ ਡਨ ਅਤੇ ਟੇਕ ਬੈਕ ਕੰਟਰੋਲ ਵਰਗੇ ਨਾਅਰਿਆਂ ਅਤੇ ਆਵਾਜ਼ਾਂ 'ਤੇ ਫਿਕਸ ਹੋ ਜਾਂਦੇ ਹਾਂ। ਵਾਸਤਵ ਵਿੱਚ ਬੇਸ਼ੱਕ ਹੱਲ ਬਹੁਤ ਜ਼ਿਆਦਾ ਗੁੰਝਲਦਾਰ ਹਨ। ਗਾਜ਼ਾ ਸੰਕਟ ਦੇ ਸਬੰਧ ਵਿੱਚ ਮੈਂ ਸਵੀਕਾਰ ਕਰਦਾ ਹਾਂ ਕਿ ਲੋਕ ਜੰਗਬੰਦੀ ਸ਼ਬਦ 'ਤੇ ਕੇਂਦ੍ਰਿਤ ਹੋ ਗਏ ਹਨ ਅਤੇ ਬਹੁਤ ਸਾਰੇ ਮੰਨਦੇ ਹਨ ਕਿ ਇਸ ਨੂੰ ਪ੍ਰਾਪਤ ਕਰਨ ਲਈ ਉਸ ਰਾਤ ਸਿਰਫ ਇੱਕ ਵੋਟ ਸੀ ਐਸਐਨਪੀ ਸੋਧ, ਜੋ ਇੱਕ ਹਫ਼ਤੇ ਤੋਂ ਵੱਧ ਸਮੇਂ ਤੋਂ ਆਨਲਾਈਨ ਵਿਆਪਕ ਤੌਰ 'ਤੇ ਪ੍ਰਸਾਰਿਤ ਕੀਤੀ ਗਈ ਸੀ। ਅਸਲ ਵਿੱਚ ਕਈ ਸੋਧਾਂ ਸਨ, ਜਿਨ੍ਹਾਂ ਨੂੰ ਕੰਜ਼ਰਵੇਟਿਵ ਸਰਕਾਰ ਦੁਆਰਾ ਰੱਦ ਕਰ ਦਿੱਤਾ ਗਿਆ ਸੀ। ਢੇਸੀ ਨੇ ਆਖਿਆ ਮੈਂ ਖੁੱਲ੍ਹੇਆਮ ਜੰਗਬੰਦੀ ਦੀ ਮੰਗ ਕੀਤੀ ਹੈ, ਪਰ ਇਹ ਵੀ ਸਵੀਕਾਰ ਕਰਦਾ ਹਾਂ ਕਿ ਨਾ ਤਾਂ ਇਜ਼ਰਾਈਲ ਅਤੇ ਨਾ ਹੀ ਹਮਾਸ ਅਜੇ ਤੱਕ ਇਸ ਲਈ ਸਹਿਮਤ ਹੋਏ ਹਨ। ਉਮੀਦ ਹੈ ਕਿ ਇਹਨਾਂ ਭਿਆਨਕ ਅਤੇ ਦੁੱਖ ਦਾਇਕ ਮੰਜਰ ਨੂੰ ਖਤਮ ਕਰਨ ਲਈ ਬਹੁਤ ਸਾਰਾ ਕੰਮ ਕੀਤਾ ਜਾ ਰਿਹਾ ਹੈ। ਮੈਂ ਦੂਜੀਆਂ ਸਾਰੀਆਂ ਪਾਰਟੀਆਂ ਦੀਆਂ ਸੋਧਾਂ 'ਜਿਵੇਂ ਕਿ ਆਮ ਅਭਿਆਸ' ਤੋਂ ਪਰਹੇਜ਼ ਕੀਤਾ, ਪਰ 'ਇਜ਼ਰਾਈਲ ਅਤੇ ਫਲਸਤੀਨ ਵਿੱਚ ਐਂਡ ਟੂ ਦ ਵੋਓਲੇਂਸ' ਦੀ ਮੰਗ ਕਰਦੇ ਹੋਏ 'ਵਿਆਪਕ ਲੇਬਰ ਸੋਧ' ਜੋ ਸਿਰਫ ਇੱਕ ਰਾਤ ਪਹਿਲਾਂ ਪੇਸ਼ ਕੀਤਾ ਗਿਆ ਸੀ ਲਈ ਵੋਟ ਦਿੱਤਾ। ਜਿਹੜੇ ਲੋਕ ਗਲਤ ਇਲਜ਼ਾਮ ਲਗਾ ਰਹੇ ਹਨ ਕਿ ਮੈਂ 'ਪੈਸੇ ਅਤੇ ਤਾਕਤ ਲਈ ਇਹ ਕੀਤਾ', ਇੱਕ ਸ਼ੈਡੋ ਮੰਤਰੀ ਹੋਣ ਦਾ ਮਤਲਬ ਵੱਧ ਤਨਖਾਹ ਨਹੀਂ ਹੈ । 3 ਸਾਲਾਂ ਤੋਂ ਵੱਧ ਸਮੇਂ ਤੋਂ



ਮੇਰੀ ਮੁੱਖ ਨੌਕਰੀ ਸਬੰਧਤ ਮੰਤਰੀ ਨੂੰ ਲੇਖਾ ਦੇਣ ਵਿੱਚ ਰਹੀ ਹੈ। ਪਾਰਟੀ ਦੇ ਬੁਲਾਰੇ ਹੋਣ ਅਤੇ ਮਦਦ ਕਰਨ ਦੇ ਕਾਰਨ ਦੇਸ਼ ਦੇ ਭਵਿੱਖ ਲਈ ਬਿਹਤਰ ਨੀਤੀ ਤਿਆਰ ਕਰਨਾ ਵੀ ਮੇਰੀ ਜ਼ੁੰਮੇਵਾਰੀ ਹੈ। ਜਿਹੜੇ ਲੋਕ ਗਲਤ ਇਲਜ਼ਾਮ ਲਗਾ ਰਹੇ ਹਨ ਕਿ ਪਾਰਟੀ ਦੇ ਕਿਸੇ ਵਿਅਕਤੀ ਦੁਆਰਾ ਮੈਨੂ ਵੋਟ ਪਾਉਣ ਲਈ ਮਜਬੂਰ ਕੀਤਾ ਉਹ ਗ਼ਲਤ ਹੈ। ਉਹ ਸਪੱਸ਼ਟ ਤੌਰ 'ਤੇ ਨਹੀਂ ਜਾਣਦੇ ਕਿ ਗੁਰੂ ਗੋਬਿੰਦ ਸਿੰਘ ਦਾ ਸੱਚਾ ਸਿੱਖ ਅਜਿਹੀਆਂ ਚਾਲਾਂ ਅੱਗੇ ਨਹੀਂ ਝੁਕਦਾ। ਯਕੀਨ ਰੱਖੋ, ਕੁਝ ਲੋਕਾਂ ਵੱਲੋਂ ਦੁਰਵਿਵਹਾਰ ਅਤੇ ਧਮਕਾਉਣ ਦੇ ਬਾਵਜੂਦ, ਮੈਂ ਮਨੁੱਖੀ ਅਧਿਕਾਰਾਂ, ਸ਼ਾਂਤੀ ਅਤੇ ਖੁਸ਼ਹਾਲੀ ਦੀ ਵਕਾਲਤ ਕਰਨਾ ਜਾਰੀ ਰੱਖਾਂਗਾ-ਗਾਜਾ ਅਤੇ ਫਲਸਤੀਨ ਵਿੱਚ ਅਤੇ ਦੁਨੀਆ ਭਰ ਵਿੱਚ ਹਰ ਕਿਸੇ ਲਈ। ਤਨਮਨਜੀਤ ਸਿੰਘ ਢੇਸੀ ਨੇ ਗੱਲਬਾਤ ਕਰਦੇ ਅੱਗੇ ਇਹ ਸਪਸ਼ਟ ਕੀਤਾ ਕੇ ਅਸਲ ਵਿੱਚ ਡੂੰਘਾਈ ਵਿੱਚ ਜਾਣ ਵਿੱਚ ਦਿਲਚਸਪੀ ਰੱਖਣ ਵਾਲਿਆਂ ਲਈ, ਇਹ ਵੇਖਣ ਲਈ ਕਿ ਮੈਂ ਕਿਸ ਲਈ ਵੋਟ ਪਾਈ ਹੈ ਅਤੇ ਮੈ ਓਸ ਨੂੰ ਕਿਸ ਤਰ੍ਹਾਂ ਦੇਖਦਾ ਹਾਂ। ਉਨ੍ਹਾਂ ਕਿਹਾ "ਇਹ ਸਦਨ ਇਜ਼ਰਾਈਲ ਅਤੇ ਫਲਸਤੀਨ ਵਿੱਚ ਹਿੰਸਾ ਦਾ ਅੰਤ ਦੇਖਣਾ ਚਾਹੁੰਦਾ ਹੈ; ਹਮਾਸ ਦੁਆਰਾ ਭਿਆਨਕ ਅੱਤਵਾਦੀ ਹਮਲੇ ਅਤੇ ਨਾਗਰਿਕਾਂ ਦੀ ਹੱਤਿਆ ਦੀ ਸਪੱਸ਼ਟ ਤੌਰ 'ਤੇ ਨਿੰਦਾ ਕਰਦਾ ਹਾਂ, ਸਾਰੇ ਬੰਧਕਾਂ ਦੀ ਤੁਰੰਤ ਰਿਹਾਈ ਦੀ ਮੰਗ ਕਰਦਾ ਹਾਂ ਅਤੇ ਅੱਤਵਾਦ ਤੋਂ ਆਪਣੇ ਨਾਗਰਿਕਾਂ ਦੀ ਰੱਖਿਆ ਕਰਨ ਦੇ ਇਜ਼ਰਾਈਲ ਦੇ ਅਧਿਕਾਰ ਦੀ ਪੁਸ਼ਟੀ ਕਰਦਾ ਹਾਂ ਮੰਨਦਾ ਹਾ ਕਿ ਸਾਰੇ ਮਨੁੱਖੀ ਜੀਵਨ ਬਰਾਬਰ ਹਨ ਅਤੇ ਗਾਜ਼ਾ ਵਿੱਚ ਪਿਛਲੇ ਮਹੀਨੇ ਵਿੱਚ ਬੇਕਸੂਰ ਨਾਗਰਿਕਾਂ ਅਤੇ ਬੱਚਿਆਂ ਦੀਆਂ ਬਹੁਤ ਸਾਰੀਆਂ ਮੌਤਾਂ ਸਮੇਤ ਬਹੁਤ ਜ਼ਿਆਦਾ ਦੁੱਖ ਹੋਇਆ ਹੈ। ਗਾਜ਼ਾ ਵਿੱਚ ਸਾਰੀਆਂ ਧਿਰਾਂ ਅਤੇ ਇਜ਼ਰਾਈਲ ਵਿੱਚ ਹਮਾਸ ਦੇ ਹਮਲਿਆਂ ਨੂੰ ਸੰਬੋਧਿਤ ਕਰਨ ਲਈ ਨਿਯਮਾਂ ਅਧਾਰਤ ਅੰਤਰਰਾਸ਼ਟਰੀ ਆਦੇਸ਼, ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨ ਅਤੇ ਆਈਸੀਸੀ ਦੇ ਅਧਿਕਾਰ ਖੇਤਰ ਪ੍ਰਤੀ ਯੂਕੇ ਦੀ ਵਚਨਬੱਧਤਾ ਦੀ ਪੁਸ਼ਟੀ ਕਰਦਾ ਹਾਂ। ਹਸਪਤਾਲਾਂ ਦੀ ਰੱਖਿਆ ਕਰਨ ਅਤੇ ਘੇਰਾਬੰਦੀ ਦੀਆਂ ਸਥਿਤੀਆਂ ਨੂੰ ਚੁੱਕਣ ਲਈ ਇਜ਼ਰਾਈਲ ਨੂੰ ਗਾਜ਼ਾ ਵਿੱਚ ਭੋਜਨ, ਪਾਣੀ, ਬਿਜਲੀ, ਦਵਾਈ ਅਤੇ ਬਾਲਣ ਦੀ ਆਗਿਆ ਦੇਣ ਦੀ ਮੰਗ ਕਰਦਾ ਹਾਂ। ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਖੇਤਰ ਵਿੱਚ ਸੰਘਰਸ਼ ਦੇ ਵਿਆਪਕ ਵਾਧੇ ਨੂੰ ਰੋਕਣ ਲਈ ਅੰਤਰਰਾਸ਼ਟਰੀ ਭਾਈਚਾਰੇ ਨਾਲ ਕੰਮ ਕਰਨਾ ਜਾਰੀ ਰੱਖੇ, ਇਸ ਗੱਲ ਦੀ ਗਾਰੰਟੀ ਦਿਓ ਕਿ ਗਾਜ਼ਾ ਦੇ ਲੋਕ ਜੋ ਇਸ ਸੰਘਰਸ਼ ਦੌਰਾਨ ਭੱਜਣ ਲਈ ਮਜਬੂਰ ਹੋਏ ਹਨ, ਆਪਣੇ ਘਰਾਂ ਨੂੰ ਵਾਪਸ ਆ ਸਕਦੇ ਹਨ ਅਤੇ ਗੈਰ ਕਾਨੂੰਨੀ ਬਸਤੀਆਂ ਦੇ ਵਿਸਥਾਰ ਨੂੰ ਖਤਮ ਕਰਨ ਦੀ ਮੰਗ ਕਰ ਸਕਦੇ ਹਨ ਅਤੇ ਪੱਛਮੀ ਕਿਨਾਰੇ ਵਿੱਚ ਵਸਨੀਕ ਹਿੰਸਾ ਅਤੇ ਸਹਾਇਤਾ ਅਤੇ ਨਾਗਰਿਕਾਂ ਦੀ ਆਵਾਜਾਈ ਦੀ ਆਗਿਆ ਦੇਣ ਲਈ ਰੋਜ਼ਾਨਾ ਮਾਨਵਤਾਵਾਦੀ ਵਿਰਾਮ ਨੂੰ ਸਵੀਕਾਰ ਕਰਦੇ ਹੋਏ, ਮੰਨਦੇ ਹਾਂ ਕਿ ਉਹਨਾਂ ਨੂੰ ਅਜਿਹੇ ਪੈਮਾਨੇ 'ਤੇ ਮਾਨਵਤਾਵਾਦੀ ਸਹਾਇਤਾ ਪ੍ਰਦਾਨ ਕਰਨ ਲਈ ਲੰਬਾ ਸਮਾਂ ਹੋਣਾ ਚਾਹੀਦਾ ਹੈ ਜੋ ਗਾਜ਼ਾ ਦੇ ਲੋਕਾਂ ਦੀਆਂ ਹਤਾਸ਼ ਲੋੜਾਂ ਨੂੰ ਪੂਰਾ ਕਰਨਾ ਸ਼ੁਰੂ ਕਰਦਾ ਹੈ, ਜੋ ਕਿ ਇੱਕ ਜ਼ਰੂਰੀ ਕਦਮ ਹੈ। ਜਿੰਨੀ ਜਲਦੀ ਹੋ ਸਕੇ ਲੜਾਈ ਨੂੰ ਸਥਾਈ ਤੌਰ 'ਤੇ ਬੰਦ ਕਰਨਾ ਅਤੇ ਦੋ-ਰਾਜੀ ਹੱਲ ਦੀ ਸਥਾਈ ਸ਼ਾਂਤੀ ਪ੍ਰਦਾਨ ਕਰਨ ਲਈ ਇੱਕ ਭਰੋਸੇਯੋਗ, ਕੂਟਨੀਤਕ ਅਤੇ ਰਾਜਨੀਤਿਕ ਪ੍ਰਕਿਰਿਆ ਦੁਬਾਰਾ ਸੰਭਵ ਬਣਾਇਆ ਜਾਵੇ।


ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ
ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ
ਲੱਖ-ਲੱਖ ਵਧਾਈ
ਸਿੱਖ ਪੰਥ ਦੇ ਨਿਸ਼ਕਾਮ ਸੇਵਾਦਾਰ ਅਮਰੀਕਾ ਦੇ ਉਘੇ ਸਿੱਖ ਆਗੂ
ਕੈਲੀਫੋਰਨੀਆ ਦੇ ਉਘੇ ਸਿੱਖ ਫਾਰਮਰ ਤੇ ਗਿੱਲ ਫਾਰਮ ਦੇ ਮਾਲਕ
ਸ੍ਰ. ਦਲਬੀਰ ਸਿੰਘ ਗਿੱਲ, ਸ੍ਰ. ਪਰਮਜੀਤ ਸਿੰਘ ਗਿੱਲ, ਸ੍ਰ. ਗੁਰਮੀਤ ਸਿੰਘ ਗਿੱਲ

# ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਕੈਂਪਸ 'ਚ ਮੁੜ ਮਰਿਆਦਾ ਦੀ ਉਲੰਘਣਾ

## ਗੁਰਦੁਆਰੇ ਨੇੜੇ ਲੱਗਦੇ ਪੀਐਮਯੂ ਦਫਤਰ ਦੇ ਬਾਹਰ ਨ੍ਰਿਤ ਕਰਨ ਅਤੇ ਮਾਸ ਖਾਣ ਦਾ ਦੋਸ਼



ਅੰਮ੍ਰਿਤਸਰ : ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਚ ਇੱਕ ਵਾਰ ਮੁੜ ਮਰਿਆਦਾ ਦੀ ਕਥਿਤ ਉਲੰਘਣਾ ਹੋਣ ਦਾ ਮਾਮਲਾ ਚਰਚਾ ਵਿੱਚ ਹੈ। ਇਸ ਵਾਰ ਪ੍ਰਬੰਧਕਾਂ ਵਿੱਚ ਸ਼ਾਮਲ ਪ੍ਰਾਜੈਕਟ ਮੈਨੇਜਮੈਂਟ ਯੂਨਿਟ ਵੱਲੋਂ ਗੁਰਦੁਆਰੇ ਨੇੜੇ ਲੱਗਦੇ ਪੀਐੱਮਯੂ ਦਫਤਰ ਦੇ ਬਾਹਰ ਨਾਚ-ਗਾਣੇ ਦੀ ਪਾਰਟੀ ਅਤੇ ਮੀਟ ਵਰਤਾ ਕੇ ਮਰਿਆਦਾ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਇੱਕ ਪਾਕਿਸਤਾਨੀ ਮਾਡਲ ਵੱਲੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਕੈਂਪਸ ਵਿੱਚ ਸ਼ੂਟਿੰਗ ਕਰ ਕੇ ਮਰਿਆਦਾ ਦੀ ਉਲੰਘਣਾ ਕੀਤੀ ਗਈ ਸੀ।

ਸਿੱਖ ਜਥੇਬੰਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਕਮੇਟੀ ਨੇ ਇਸ ਦੀ ਨਿਖੇਧੀ ਕੀਤੀ ਹੈ। ਇਸ ਸਬੰਧੀ ਸੋਸ਼ਲ ਮੀਡੀਆ 'ਤੇ ਕੁਝ ਵੀਡੀਓਜ਼ ਵੀ ਵਾਇਰਲ ਹੋਈਆਂ ਹਨ। ਇਹ ਵੀਡੀਓਜ਼ ਬੀਤੀ ਸ਼ਾਮ ਸ਼ਾਮ ਦੀਆਂ ਦੱਸੀਆਂ ਜਾ ਰਹੀਆਂ ਹਨ। ਇਨ੍ਹਾਂ 'ਚੋਂ ਇੱਕ ਵੀਡੀਓ ਵਿੱਚ ਇੱਕ ਔਰਤ ਮੰਚ ਤੋਂ ਗਾਣਾ ਗਾ ਰਹੀ ਹੈ ਅਤੇ ਕੁੱਝ ਲੋਕ ਮੰਚ ਸਾਹਮਣੇ ਨੱਚ ਰਹੇ ਹਨ।

ਇਸ ਮਾਮਲੇ ਵਿੱਚ ਦਿੱਲੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੁਖੀ ਮਨਜੀਤ ਸਿੰਘ ਭੋਮਾ ਨੇ ਦੋਸ਼ ਲਾਇਆ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਨੇੜੇ ਪੀਆਵੀਓ ਦਫ਼ਤਰ ਦੇ ਬਾਹਰ ਕੀਤੇ ਗਏ ਸਮਾਗਮ ਵਿੱਚ ਫਿਲਮੀ ਗੀਤਾਂ 'ਤੇ ਨ੍ਰਿਤ ਕੀਤੇ ਗਏ ਹਨ। ਇਸ ਦੌਰਾਨ ਮਾਸ ਦਾ ਵੀ ਸੇਵਨ ਕੀਤਾ ਗਿਆ। ਉਨ੍ਹਾਂ ਇਸ ਮਾਮਲੇ ਨੂੰ ਗੁਰੂ ਘਰ ਦੀ ਮਰਿਆਦਾ ਨਾਲ ਖਿਲਵਾੜ ਕਰਾਰ ਦਿੱਤਾ। ਉਨ੍ਹਾਂ ਪਾਕਿਸਤਾਨ ਸਰਕਾਰ ਤੋਂ ਇਸ ਸਬੰਧੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਗੁਰੂ ਘਰਾਂ ਦਾ ਪ੍ਰਬੰਧ ਚਲਾਉਣ ਵਾਲਿਆਂ ਨੂੰ ਮਰਿਆਦਾ ਅਤੇ ਸੰਗਤ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਕਿਸੇ ਨੂੰ ਵੀ ਮਰਿਆਦਾ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ। ਗੁਰੂ ਘਰ ਦੇ ਕੈਂਪਸ ਨੇੜੇ ਅਜਿਹੀਆਂ ਗਤੀਵਿਧੀਆਂ ਨਿੰਦਣਯੋਗ ਹਨ ਅਤੇ ਇਸ ਤੋਂ ਬਚਣ ਦੀ ਲੋੜ ਹੈ।

# ਸਿੱਖਾਂ ਵਿਰੁੱਧ ਵਾਪਰ ਰਹੀਆਂ ਘਟਨਾਵਾਂ 'ਤੇ ਗਿਆਨੀ ਹਰਪ੍ਰੀਤ ਸਿੰਘ ਨੇ ਜਤਾਈ ਚਿੰਤਾ



ਅੰਮ੍ਰਿਤਸਰ : ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਗੁਰਦਵਾਰਾ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਕਥਾ ਕਰਨ ਪਹੁੰਚੇ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਘੱਟ ਗਿਣਤੀ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜਦੋਂ ਅਜਿਹੇ ਲੋਕ ਗੁਰਦੁਆਰਿਆਂ ਨੂੰ ਨਾਸੂਰ ਕਹਿਣਗੇ ਤਾਂ ਇਹੋ ਜਿਹੀਆਂ ਘਟਨਾਵਾਂ ਵਾਪਰਦੀਆਂ ਰਹਿਣਗੀਆਂ।

ਉਹਨਾਂ ਕਿਹਾ ਕਿ ਅਜਿਹੇ ਲੋਕ ਜ਼ਿੰਮੇਵਾਰ ਹਨ, ਜੋ ਖੁੱਲ੍ਹੇ ਮੰਚਾਂ ਤੋਂ ਗੁਰਦੁਆਰਿਆਂ ਨੇ ਨਾਸੂਰ ਦੱਸਣ ਦੀ ਹਿੰਮਤ ਕਰਦੇ ਹਨ, ਇਹੋ ਜਿਹੇ ਲੋਕਾਂ ਨੂੰ ਨੱਥ ਪੈਣੀ ਚਾਹੀਦੀ ਹੈ। ਜਬਲਪੁਰ ਵਿੱਚ ਜਿਹੜੇ ਸਿੱਖ ਦੇ ਨਾਲ ਘਟਨਾ ਵਾਪਰੀ ਹੈ, ਬਹੁਤ ਹੀ ਨਿੰਦਨਯੋਗ ਹੈ ਤੇ ਦੁਖਦਾਈ ਹੈ। ਉਹਨਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਸਿਆਸੀ ਲੋਕਾਂ ਵੱਲੋਂ ਇਸ ਘਟਨਾ ਨੂੰ ਅੰਜਾਮ ਦਿੱਤਾ ਗਿਆ ਹੈ, ਇੰਝ ਲੱਗਦਾ ਹੈ ਜਿਵੇਂ ਲੋਕਰਾਜ ਕਾਨੂੰਨ ਨਾਂ ਦੀ ਕੋਈ ਚੀਜ਼ ਨਹੀਂ ਹੈ। ਅਜਿਹਾ ਕੰਮ ਕਰਨ ਵਾਲਿਆਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ, ਜਿਹੜੇ ਖਾਸ ਤੌਰ 'ਤੇ ਘੱਟ ਗਿਣਤੀ ਦੇ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਨੂੰ ਇਹ ਪਤਾ ਹੋਣਾ ਚਾਹੀਦਾ ਜਿਵੇਂ ਮੱਕਾ ਮਦੀਨਾ ਇਹਨਾਂ ਵੱਡੀਆਂ ਤਾਕਤਾਂ ਦਰਗਾਹਾਂ ਨੇ, ਉਵੇਂ ਕਰਤਾਰਪੁਰ ਸਾਹਿਬ ਦਰਬਾਰ ਸਾਹਿਬ ਤੇ ਸਾਡੀ ਦਰਗਾਹ ਹੈ। ਜਿਹੜੀ ਚੀਜ਼ ਸਾਡੇ ਧਰਮ ਵਿੱਚ ਵਰਜਿਤ ਹੈ ਉਹ ਚੀਜ਼ ਗੁਰਦੁਆਰਾ ਸਾਹਿਬ ਦੇ ਅੰਦਰ ਜਾਂ ਬਾਹਰਲ ਦੀ ਕੰਧ ਦੇ ਨਾਲ ਇਹੋ ਜਿਹੀਆਂ ਚੀਜ਼ਾਂ ਕਰਨੀਆਂ ਸ਼ੋਭਿਤ ਨਹੀਂ ਹਨ। ਪਾਕਿਸਤਾਨ ਸਰਕਾਰ ਨੂੰ ਅਧਿਕਾਰੀਆਂ ਉੱਤੇ ਫੌਰਨ ਐਕਸ਼ਨ ਲੈਣਾ ਚਾਹੀਦਾ ਹੈ। ਜਿਹੜੀ ਇਹ ਘਟਨਾ ਘਟੀ ਹੈ ਇਹਨੇ ਸਾਡੀ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਹਨ। ਕਰਤਾਰਪੁਰ ਸਾਹਿਬ ਬਹੁਤ ਹੀ ਸਾਡਾ ਸਿੱਖਾਂ ਦਾ ਮਹੱਤਵਪੂਰਨ ਸਥਾਨ ਹੈ।

ਇਹਨਾਂ ਵੱਲੋਂ ਪੰਜ ਡਾਲਰ ਐਨਆਰਆਈ ਤੋਂ ਫੀਸ ਵਸੂਲਣੀ ਸ਼ੁਰੂ ਕਰ ਦਿੱਤੀ ਹੈ। ਜਿਹੜੇ ਸਾਡੇ ਐਨਆਈ ਵੀਰ ਦੇਸ਼ਾਂ ਵਿਦੇਸ਼ਾਂ ਤੋਂ ਪਾਕਿਸਤਾਨ ਤੇ ਗੁਰਧਾਮਾਂ ਦੇ ਦਰਸ਼ਨ ਕਰ ਲਈ ਜਾਂਦੇ ਹਨ। ਉਹ ਗੋਲਕ ਦੇ ਵਿੱਚ ਹਜ਼ਾਰਾਂ ਡਾਲਰ ਪਾ ਕੇ ਜਾਂਦੇ ਹਨ ਤੇ ਪਾ ਵੀ ਸਕਦੇ ਹਨ। ਜਿਹੜੀ ਫੀਸ ਲਾ ਦਿੱਤੀ ਜਾਂਦੀ ਹੈ 5 ਡਾਲਰ ਦੀ ਇੰਝ ਲੱਗਦਾ ਹੈ ਜਿਵੇਂ ਸਾਡੇ ਸਿੱਖਾਂ ਤੋਂ ਜਜੀਆ ਲੈ ਜਾ ਰਿਹਾ ਹੈ, ਮੈਂ ਪਾਕਿਸਤਾਨ ਸਰਕਾਰ ਨੂੰ ਕਹਿਣਾ ਚਾਹਾਂਗਾ ਜੇ ਮੁਸਲਮਾਨਾਂ ਤੋਂ ਮੱਕੇ ਤੇ ਮਦੀਨੇ ਵਿੱਚ ਹੱਜ ਕਰਨ ਮੌਕੇ ਜਾਂ ਉਮਰਾ ਕਰਨ ਮੌਕੇ ਟੈਕਸ ਲਿਆ ਜਾਵੇ ਉਹਨਾਂ ਨੂੰ ਉਹਨਾਂ ਨੂੰ ਕੀ ਮਹਿਸੂਸ ਹੋਵੇਗਾ ਉੱਝ ਹੀ ਪੰਜ ਡਾਲਰ ਫੀਸ ਲਗਾਉਣਾ ਸਾਨੂੰ ਸਿੱਖਾਂ ਨੂੰ ਮਹਿਸੂਸ ਹੁੰਦਾ। ਪਾਕਿਸਤਾਨ ਸਰਕਾਰ ਨੂੰ ਇਹੋ ਜਿਹੀਆਂ ਚੀਜ਼ਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ।

ਦਿੱਲੀ ਕਮੇਟੀ ਦੇ ਮੁਲਾਜ਼ਮਾਂ ਵੱਲੋਂ ਭਾਜਪਾ ਰੈਲੀ ਵਿਚ ਕੰਮ ਕਰਨ ਦੇ ਸਵਾਲ 'ਤੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਧਾਰਮਿਕ ਲੋਕਾਂ ਨੂੰ ਧਾਰਮਿਕ ਕੰਮਾਂ ਵਿੱਚ ਹੀ ਜਾਣਾ ਚਾਹੀਦਾ ਹੈ ਨਾ ਕਿ ਸਿਆਸੀ ਕੰਮਾਂ ਦੇ ਵਿੱਚ। ਉਹਨਾਂ ਕਿਹਾ ਕਿ ਜੋ ਮੱਧ ਪ੍ਰਦੇਸ਼ ਤੇ ਹਰਿਆਣੇ ਵਿੱਚ ਘਟਨਾ ਵਾਪਰੀ ਹੈ, ਸਿੱਖ ਲੀਡਰਸ਼ਿਪ ਖਾਸ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਜੋ ਸਿੱਖਾਂ ਦੀ ਜਮਾਤ ਹੈ, ਉਸ ਨੂੰ ਇਸ ਦੇ ਖਿਲਾਫ ਨੋਟਿਸ ਦੇਣਾ ਚਾਹੀਦਾ ਹੈ।

# ਕੇਂਦਰ ਦਾ ਪੱਖਪਾਤੀ ਰਵੱਈਆ ਰਾਜੋਆਣਾ ਦੇ ਕੇਸ ਵਿੱਚ ਵੱਡੀ ਰੁਕਾਵਟ: ਸੁਖਬੀਰ ਬਾਦਲ



ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਦਾ ਪੱਖਪਾਤੀ ਅਤੇ ਅੜੀਅਲ ਰਵੱਈਆ ਹੀ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਕੇਸ ਵਿੱਚ ਵੱਡੀ ਰੁਕਾਵਟ ਹੈ। ਉਨ੍ਹਾਂ ਕਿਹਾ ਕਿ ਪਿਛਲੇ 28 ਸਾਲ ਤੋਂ ਜੇਲ੍ਹ ਵਿੱਚ ਅਤੇ 17 ਸਾਲ ਤੋਂ ਫਾਂਸੀ ਚੱਕੀ ਵਿੱਚ ਬੰਦ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਾਉਣਾ ਅਤੇ ਛੇਤੀ ਰਿਹਾਈ ਲਈ ਯਤਨ ਕਰਨਾ ਅਕਾਲੀ ਦਲ ਆਪਣਾ ਕੌਮੀ ਫ਼ਰਜ਼ ਸਮਝਦਾ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਦੇਸ਼ 'ਚ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਨਾ ਕਰਾਇਆ ਜਾਵੇ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਮੌਕੇ ਅਕਤੂਬਰ 2019 ਵਿੱਚ ਕੇਂਦਰ ਸਰਕਾਰ ਵੱਲੋਂ ਭਾਈ ਰਾਜੋਆਣਾ ਅਤੇ ਬਾਕੀ ਬੰਦੀ ਸਿੰਘਾਂ ਦੀ ਰਿਹਾਈ ਲਈ ਨੋਟੀਫਿਕੇਸ਼ਨ ਜਾਰੀ ਕਰਕੇ ਮੁੱਕਰ ਜਾਣਾ ਵੀ ਵੱਡਾ ਧੋਖਾ ਹੈ। ਉਨ੍ਹਾਂ ?ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੁਦ ਲੋਕ ਸਭਾ ਵਿੱਚ ਬਿਆਨ ਦੇ ਚੁੱਕੇ ਹਨ ਕਿ 1984 ਵਿੱਚ ਇੰਦਰਾ ਗਾਂਧੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਰਕੇ ਗੁਨਾਹ ਕੀਤਾ ਸੀ ਜੋ ਸਿੱਖਾਂ ਲਈ ਗਹਿਰਾ ਜ਼ਖ਼ਮ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਹੋਇਆਂ ਹੀ ਭਾਈ ਰਾਜੋਆਣਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਕਾਨੂੰਨ ਨੂੰ ਤੋੜਿਆ ਸੀ। ਇਸ ਸਬੰਧੀ ਅਦਾਲਤ ਵੱਲੋਂ ਮਿਲੀਆਂ ਸਜ਼ਾਵਾਂ ਉਹ ਦੁੱਗਣੀਆਂ ਭੁਗਤ ਚੁੱਕੇ ਹਨ। ਉਨ੍ਹਾਂ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦੀ ਮੰਗ ਕੀਤੀ।

# ਢੀਂਡਸਾ ਵੱਲੋਂ ਕਰਤਾਰਪੁਰ ਸਾਹਿਬ ਕੈਂਪਸ 'ਚ ਬੇਅਦਬੀ ਦੀ ਨਿਖੇਧੀ



ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਨੇੜੇ ਨਾਚ ਗਾਣੇ ਅਤੇ ਸ਼ਰਾਬ-ਮੀਟ ਦੀ ਵਰਤੋਂ ਨਾਲ ਮਰਿਆਦਾ ਦੀ ਕੀਤੀ ਉਲੰਘਣਾ ਦੀ ਨਿਖੇਧੀ ਕੀਤੀ ਹੈ। ਇਸ ਦੌਰਾਨ ਉਨ੍ਹਾਂ ਮੰਗ ਕੀਤੀ ਕਿ ਪਾਕਿਸਤਾਨ ਸਰਕਾਰ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇ। ਸ੍ਰੀ ਢੀਂਡਸਾ ਨੇ ਕਿਹਾ ਕਿ ਗੁਰੂ ਨਾਨਕ ਦੇਵ ਦਾ ਪਵਿੱਤਰ ਸਥਾਨ ਕਰਤਾਰਪੁਰ ਸਾਹਿਬ ਸਾਰੀ ਦੁਨੀਆ ਤੇ ਖਾਸ ਕਰਕੇ ਸਿੱਖ ਜਗਤ ਲਈ ਆਸਥਾ ਦਾ ਪ੍ਰਤੀਕ ਹੈ। ਅਜਿਹੇ ਪਵਿੱਤਰ ਅਸਥਾਨ 'ਤੇ ਬੇਅਦਬੀ ਦੀ ਵਾਪਰੀ ਇਹ ਘਟਨਾ ਬੇਹੱਦ ਮੰਦਭਾਗੀ ਹੈ। ਉਨ੍ਹਾਂ ਕਿਹਾ ਕਿ ਰਿਪੋਰਟਾਂ ਮੁਤਾਬਕ 18 ਨਵੰਬਰ ਦੀ ਰਾਤ ਨੂੰ ਇਹ ਪਾਰਟੀ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਦਰਸ਼ਨ ਦੀਦਾਰ ਤੋਂ ਵੀਹ ਫੁੱਟ ਦੀ ਦੂਰੀ 'ਤੇ ਕੀਤੀ ਗਈ ਸੀ, ਜਿਸ ਵਿੱਚ ਪਾਕਿਸਤਾਨ ਸਰਕਾਰ ਦੇ ਉੱਚ ਅਧਿਕਾਰੀਆਂ ਸਮੇਤ ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਨੇ ਸ਼ਮੂਲੀਅਤ ਕੀਤੀ। ਇਸ ਪਾਰਟੀ ਵਿੱਚ ਸ਼ਰਾਬ ਅਤੇ ਮੀਟ ਦਾ ਸੇਵਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਿੱਖ ਮਰਿਆਦਾ ਨਾਲ ਕਿਸੇ ਨੂੰ ਖਿਲਵਾੜ ਨਹੀਂ ਕਰਨ ਦਿੱਤਾ ਜਾਵੇਗਾ।

# ਬਹਿਬਲ ਗੋਲੀ ਕਾਂਡ ਅਤੇ ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ 2 ਦਸੰਬਰ ਤੱਕ ਮੁਲਤਵੀ



ਫਰੀਦਕੋਟ : ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਤੋਂ ਬਾਅਦ ਬਹਿਬਲ ਗੋਲੀ ਕਾਂਡ ਮਾਮਲੇ ਦੇ ਕੇਸ ਦੀ ਅੱਜ ਇੱਥੇ ਵਧੀਕ ਸੈਸ਼ਨ ਜੱਜ ਰਾਜੀਵ ਕਾਲੜਾ ਦੀ ਅਦਾਲਤ ਵਿਚ ਸੁਣਵਾਈ ਹੋਈ ਪਰ ਕੋਟਕਪੂਰਾ ਗੋਲੀ ਕਾਂਡ ਦੀ ਫਾਈਲ ਸੈਸ਼ਨ ਕੋਰਟ ਵਿਚ ਅੱਜ ਪੁੱਜਣ ਕਾਰਨ ਅਦਾਲਤ ਨੇ ਇਸ ਕੇਸ ਦੀ ਸੁਣਵਾਈ 2 ਦਸੰਬਰ ਤੱਕ ਮੁਲਤਵੀ ਕਰ ਦਿੱਤੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਮੁਤਾਬਕ ਇਨ੍ਹਾਂ ਦੋਵਾਂ ਕੇਸਾਂ ਦੀ ਸੁਣਵਾਈ ਇਕੱਠੀ ਹੋਣੀ ਹੈ। ਜਾਣਕਾਰੀ ਅਨੁਸਾਰ ਸੁਣਵਾਈ ਦੌਰਾਨ ਅੱਜ ਅਦਾਲਤ ਵਿਚ ਦੋਸ਼ੀਆਂ ਦੀ ਵੀਡੀਓ ਰਾਹੀਂ ਹਾਜ਼ਰੀ ਲਗਾਈ ਗਈ। ਕੋਟਕਪੂਰਾ ਗੋਲੀ ਕਾਂਡ ਵਿਚ ਜਾਂਚ ਟੀਮ ਨੇ ਚਲਾਨ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕਰ ਦਿੱਤਾ ਹੈ। ਇਲਾਕਾ ਮੈਜਿਸਟਰੇਟ ਅਜੈਪਾਲ ਸਿੰਘ ਨੇ ਫਾਈਲ ਸੈਸ਼ਨ ਕੋਰਟ ਦੇ ਭੇਜ ਕੇ ਦੋਸ਼ੀਆਂ ਨੂੰ ਅੱਜ ਲਈ ਪੇਸ਼ ਹੋਣ ਲਈ ਹਦਾਇਤ ਕੀਤੀ ਸੀ। ਹੁਣ 2 ਦਸੰਬਰ ਨੂੰ ਚਾਰਜਸ਼ੀਟ 'ਤੇ ਬਹਿਸ ਹੋਵੇਗੀ ਅਤੇ ਸਿੱਟ ਵੱਲੋਂ ਸਟੇਟਸ ਰਿਪੋਰਟ ਪੇਸ਼ ਕੀਤੀ ਜਾਵੇਗੀ।

# ਭਗਵੰਤ ਮਾਨ ਦੀ ਕੋਠੀ ਅੱਗੇ ਮੁਲਾਜ਼ਮਾਂ ਤੇ ਪੁਲਿਸ ਵਿਚਾਲੇ ਧੱਕਾ-ਮੁੱਕੀ



ਸੰਗਰੂਰ : ਇਥੇ ਮੁੱਖ ਮੰਤਰੀ ਦੀ ਕੋਠੀ ਅੱਗੇ ਪੁਰਾਣੀ ਪੈਨਸ਼ਨ ਲਾਗੂ ਕਰਵਾਉਣ ਦੀ ਮੰਗ ਲੈ ਕੇ ਪੰਜਾਬ ਭਰ ਤੋਂ ਪੁੱਜੇ ਸੈਂਕੜੇ ਮੁਲਾਜ਼ਮਾਂ ਅਤੇ ਪੁਲਿਸ ਵਿਚਕਾਰ ਅੱਜ ਧੱਕਾ-ਮੁੱਕੀ ਹੋਈ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਪੁਲੀਸ ਨੂੰ ਕਾਫ਼ੀ ਜੱਦੋਜਹਿਦ ਕਰਨੀ ਪਈ।

ਜਾਣਕਾਰੀ ਅਨੁਸਾਰ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੀ ਅਗਵਾਈ ਹੇਠ ਅੱਜ ਵੱਖ-ਵੱਖ ਜ਼ਿਲ੍ਹਿਆਂ ਤੋਂ ਸੈਂਕੜੇ ਮੁਲਾਜ਼ਮ ਸਥਾਨਕ ਕੌਮੀ ਮਾਰਗ-7 ਦੇ ਪਟਿਆਲਾ ਬਾਈਪਾਸ ਓਵਰਬ੍ਰਿਜ ਹੇਠ ਇਕੱਠੇ ਹੋਏ ਤੇ ਵਿਸ਼ਾਲ ਰੋਸ ਰੈਲੀ ਕੀਤੀ। ਬਾਅਦ ਦੁਪਹਿਰ ਇਹ ਪ੍ਰਦਰਸ਼ਨਕਾਰੀ ਰੋਸ ਮਾਰਚ ਕਰਦੇ ਹੋਏ ਮੁੱਖ ਮੰਤਰੀ ਦੀ ਰਿਹਾਇਸ਼ੀ ਕਲੋਨੀ ਦੇ ਮੁੱਖ ਗੇਟ ਨੇੜੇ ਪੁੱਜੇ, ਜਿਥੇ ਪੁਲੀਸ ਨੇ ਸਖ਼ਤ ਨਾਕਾਬੰਦੀ ਕਰਕੇ ਉਨ੍ਹਾਂ ਨੂੰ ਰੋਕ ਲਿਆ। ਕੁਝ ਮੁਲਾਜ਼ਮਾਂ ਨੇ ਪੁਲਿਸ ਨੂੰ ਚਕਮਾ ਦੇ ਕੇ ਸੜਕ ਦੇ ਦੂਜੇ ਪਾਸੇ ਤੋਂ ਬੈਰੀਕੇਡ ਲੰਘਣ ਦੀ ਵੀ ਕੋਸ਼ਿਸ਼ ਕੀਤੀ ਪਰ ਪੁਲੀਸ ਨੇ ਉਨ੍ਹਾਂ ਨੂੰ ਅੱਗੇ ਨਾ ਵਧਣ ਦਿੱਤਾ। ਇਸ ਮੌਕੇ ਦੋਵੇਂ ਧਿਰਾਂ ਵਿਚਕਾਰ ਜ਼ਬਰਦਸਤ ਖਿੱਚ-ਧੂਹ ਹੋਈ।

ਇਸ ਮੌਕੇ ਲੰਬਾ ਸਮਾਂ ਚੱਲੇ ਹੰਗਾਮੇ ਮਗਰੋਂ ਪ੍ਰਦਰਸ਼ਨਕਾਰੀਆਂ ਨੇ ਸੜਕ 'ਤੇ ਹੀ ਧਰਨਾ ਆਰੰਭ ਦਿੱਤਾ। ਇਸ ਧਰਨੇ ਨੂੰ ਸੰਬੋਧਨ ਕਰਦਿਆਂ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਜ਼ੋਨ ਕਨਵੀਨਰਾਂ ਗੁਰਬਿੰਦਰ ਖਹਿਰਾ, ਇੰਦਰ ਸੁਖਦੀਪ ਸਿੰਘ, ਜਸਵੀਰ ਭੰਮਾ ਅਤੇ ਸੂਬਾ ਪ੍ਰੈੱਸ ਸਕੱਤਰ ਸਤਪਾਲ ਸਮਾਣਵੀ ਨੇ ਕਿਹਾ ਕਿ ਸਰਕਾਰ ਨੇ ਪਿਛਲੇ ਸਾਲ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਐਲਾਨ ਕਰ ਕੇ ਨਵੰਬਰ ਮਹੀਨੇ ਵਿੱਚ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਸੀ, ਪਰ ਇੱਕ ਸਾਲ ਬੀਤਣ ਦੇ ਬਾਵਜੂਦ ਹਾਲੇ ਤੱਕ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦਾ ਅਮਲ ਸ਼ੁਰੂ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸਰਕਾਰ ਵੱਲੋਂ ਬਣਾਈ ਗਈ ਐੱਸਓਪੀ ਕਮੇਟੀ ਨੇ ਵੀ ਹਾਲੇ ਤੱਕ ਕੁਝ ਨਹੀਂ ਕੀਤਾ ਹੈ।

ਬੁਲਾਰਿਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਪੁਰਾਣੀ ਪੈਨਸ਼ਨ ਬਹਾਲ ਨਾ ਕੀਤੀ ਗਈ ਤਾਂ ਇਸ ਦਾ ਖਮਿਆਜ਼ਾ ਸਰਕਾਰ ਨੂੰ ਲੋਕ ਸਭਾ ਚੋਣਾਂ ਵਿੱਚ ਭੁਗਤਣਾ ਪਵੇਗਾ। ਇਸ ਮੌਕੇ ਸੰਗਰੂਰ ਪ੍ਰਸ਼ਾਸਨ ਦੇ ਅਧਿਕਾਰੀ ਵੱਲੋਂ ਫਰੰਟ ਦੇ ਆਗੂਆਂ ਦੀ ਕੈਬਨਿਟ ਸਬ-ਕਮੇਟੀ ਨਾਲ 22 ਨਵੰਬਰ ਨੂੰ ਮੀਟਿੰਗ ਤੈਅ ਕਰਵਾਈ ਗਈ ਜਿਸ ਮਗਰੋਂ ਧਰਨਾ ਖ਼ਤਮ ਕਰ ਦਿੱਤਾ ਗਿਆ।

# ਪ੍ਰਕਾਸ਼ ਪੁਰਬ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਛਤਰ ਛਾਇਆ ਹੇਠ ਕੱਢਿਆ ਜਾਵੇਗਾ ਨਗਰ ਕੀਰਤਨ

### *27 ਨੂੰ ਗੁਰਦੁਆਰਾ ਚਰਨ ਕੰਵਲ ਸਾਹਿਬ ਕੀਰਤਪੁਰ ਸਾਹਿਬ ਵਿਖੇ ਹੋਣਗੇ ਵਿਸ਼ੇਸ਼ ਸਮਾਗਮ*



ਸ੍ਰੀ ਅਨੰਦਪੁਰ ਸਾਹਿਬ : ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਵਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਛਤਰ ਛਾਇਆ ਹੇਠ ਸ੍ਰੀ ਤਖ਼ਤ ਸਾਹਿਬ ਤੋਂ ਸ੍ਰੀ ਆਨੰਦਪੁਰ ਸਾਹਿਬ ਦੇ ਇਲਾਕੇ ਅੰਦਰ ਵਿਸ਼ਾਲ ਨਗਰ ਕੀਰਤਨ ਕੱਢਿਆ ਜਾਵੇਗਾ। ਇਹ ਫੈਸਲਾ ਤਖ਼ਤ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਦੀ ਅਗਵਾਈ ਵਿੱਚ ਹੋਈ ਇਕ ਮੀਟਿੰਗ 'ਚ ਲਿਆ ਗਿਆ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਦੱਸਿਆ ਕਿ ਇਹ ਨਗਰ ਕੀਰਤਨ ਸਵੇਰੇ 9 ਵਜੇ ਤਖ਼ਤ ਸਾਹਿਬ ਤੋਂ ਆਰੰਭ ਹੋ ਕੇ ਅਗੰਮਪੁਰ, ਝੱਜ ਚੌਕ, ਨੂਰਪੁਰ ਬੇਦੀ, ਬੁੰਗਾ ਸਾਹਿਬ ਤੋਂ ਹੁੰਦਾ ਹੋਇਆ ਗੁਰੂ ਨਾਨਕ ਦੇਵ ਦੇ ਚਰਨ ਛੋਹ ਪ੍ਰਾਪਤ ਅਸਥਾਨ ਗੁਰਦੁਆਰਾ ਚਰਨ ਕੰਵਲ ਸਾਹਿਬ ਕੀਰਤਪੁਰ ਸਾਹਿਬ ਵਿਖੇ ਪਹੁੰਚ ਕੇ ਸਮਾਪਤ ਹੋਵੇਗਾ। ਭਾਈ ਚਾਵਲਾ ਨੇ ਦੱਸਿਆ ਕਿ 27 ਨਵੰਬਰ ਨੂੰ ਗੁਰਪੁਰਬ ਮੌਕੇ ਗੁਰਦੁਆਰਾ ਚਰਨ ਕੰਵਲ ਕੀਰਤਪੁਰ ਸਾਹਿਬ ਵਿਖੇ ਵਿਸ਼ੇਸ਼ ਸਮਾਗਮ ਹੋਣਗੇ।

ਇਸ ਮੌਕੇ ਮੈਨੇਜਰ ਗੁਰਪ੍ਰੀਤ ਸਿੰਘ ਰੋਡੇ, ਜਥੇਦਾਰ ਰਾਮ ਸਿੰਘ, ਮਨਜਿੰਦਰ ਸਿੰਘ ਬਰਾੜ, ਸੁਰਿੰਦਰ ਸਿੰਘ ਮਟੌਰ, ਖੁਸ਼ਹਾਲ ਸਿੰਘ ਬਰੂਆਲ, ਕੁਲਵਿੰਦਰ ਸਿੰਘ ਦਹਿਨੀ, ਮਹਿੰਦਰ ਸਿੰਘ ਮੱਸੇਵਾਲ, ਬਾਬਾ ਪ੍ਰੇਮ ਸਿੰਘ ਭੱਲੜੀ, ਪਰਮਜੀਤ ਸਿੰਘ ਪ੍ਰਧਾਨ ਭਾਤਪੁਰ, ਜਰਨੈਲ ਸਿੰਘ ਸੂਰੇਵਾਲ, ਨਿਰਮਲ ਸਿੰਘ ਹਰੀਵਾਲ, ਕਰਮ ਸਿੰਘ ਡੱਬਰੀ, ਹਰਦੇਵ ਸਿੰਘ ਦੇਬੀ, ਹਰਜਿੰਦਰ ਸਿੰਘ ਗੱਜਪੁਰ ਆਦਿ ਆਗੂ ਹਾਜ਼ਰ ਸਨ।

# ਅੰਮ੍ਰਿਤਪਾਲ ਸਿੰਘ ਤੇ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕੀਤੀ ਗਈ ਅਰਦਾਸ

- *ਤੀਜੇ ਪੜਾਅ ਦੀ ਅਰਦਾਸ ਸਮਾਗਮ 3 ਦਸੰਬਰ ਨੂੰ ਤਖ਼ਤ ਦਮਦਮਾ ਸਾਹਿਬ ਵਿਖੇ ਹੋਵੇਗਾ*
- *ਅੰਮ੍ਰਿਤ ਸੰਚਾਰ ਦੀ ਲਹਿਰ ਪ੍ਰਤੀ ਸਰਕਾਰਾਂ 'ਚ ਦਹਿਸ਼ਤ ਦਾ ਮਾਹੌਲ : ਬਲਵਿੰਦਰ ਕੌਰ*



ਅਨੰਦਪੁਰ ਸਾਹਿਬ : ਨੈਸ਼ਨਲ ਸਕਿਉਰਿਟੀ ਐਕਟ ਤਹਿਤ ਪੰਜਾਬ ਦੀ ਧਰਤੀ ਤੋਂ ਹਜ਼ਾਰਾਂ ਮੀਲ ਦੂਰ ਅਸਾਮ ਦੀ ਜੇਲ੍ਹ ਵਿੱਚ ਬੰਦ ਵਾਰਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਅਤੇ ਵੱਖ ਵੱਖ ਜੇਲ੍ਹਾਂ ਵਿੱਚ ਨਜ਼ਰਬੰਦ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਅੱਜ ਬੰਦੀ ਸਿੰਘਾਂ ਦੇ ਪਰਿਵਾਰਾਂ, ਸਿੱਖ ਜਥੇਬੰਦੀਆਂ ਅਤੇ ਵੱਡੀ ਗਿਣਤੀ ਵਿੱਚ ਪਹੁੰਚੀਆਂ ਸਿੱਖ ਸੰਗਤਾਂ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅਰਦਾਸ ਕੀਤੀ ਗਈ । ਉਪਰੰਤ ਅੰਮ੍ਰਿਤ ਸੰਚਾਰ ਵਿਚ ਸੈਂਕੜੇ ਨੌਜਵਾਨਾਂ ਨੇ ਹਿੱਸਾ ਲੈਂਦਿਆਂ ਗੁਰੂ ਵਾਲੇ ਬਣੇ।

ਅੰਮ੍ਰਿਤਪਾਲ ਸਿੰਘ ਦੇ ਮਾਤਾ ਬੀਬੀ ਬਲਵਿੰਦਰ ਕੌਰ ਨੇ ਦੱਸਿਆ ਕਿ ਇਹ ਪੰਜਾਂ ਤਖ਼ਤਾਂ 'ਤੇ ਕੀਤੇ ਜਾ ਰਹੇ ਅਰਦਾਸ ਸਮਾਗਮ ਦਾ ਦੂਸਰਾ ਪੜਾਅ ਹੈ। ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕੀਤੀ ਗਈ ਅਤੇ ਅਗਲਾ ਅਰਦਾਸ ਸਮਾਗਮ ਤਿੰਨ ਦਸੰਬਰ ਨੂੰ ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) ਵਿਖੇ ਹੋਵੇਗਾ। ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਦਾ ਏਜੰਡਾ ਸਿੱਖ ਨੌਜਵਾਨਾਂ ਨੂੰ ਨਸ਼ਿਆਂ ਤੋਂ ਹੱਟਾਂ ਕੇ ਅੰਮ੍ਰਿਤਧਾਰੀ ਬਣਾਉਣ ਦਾ ਰਿਹਾ। ਜਿਸ ਨਾਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੱਲੋਂ ਮਿਥੇ ਕੌਮੀ ਨਿਸ਼ਾਨੇ ਪ੍ਰਤੀ ਜਾਗਰੂਕ ਕੀਤਾ ਜਾ ਸਕੇ ਅਤੇ ਸਿੱਖ ਸੰਘਰਸ਼ ਨੂੰ ਪ੍ਰਚੰਡ ਕੀਤਾ ਜਾ ਸਕੇ।

ਬਲਵਿੰਦਰ ਕੌਰ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਨੌਜਵਾਨੀ ਨੂੰ ਅੰਮ੍ਰਿਤ ਛਕਣ ਦੀ ਲਹਿਰ ਨੂੰ ਪ੍ਰਚੰਡ ਕਰਨ ਪ੍ਰਤੀ ਸੁਨੇਹੇ ਤੋਂ ਘਬਰਾ ਕੇ ਜ਼ਾਲਮ ਸਰਕਾਰ ਨੇ ਪਿੰਡ ਜੱਲੂਪੁਰ 'ਚ ਦਹਿਸ਼ਤ ਪਾਉਣ ਲਈ ਕਲ ਫਿਰ ਪੁਲਿਸ ਛਾਉਣੀ ਵਿੱਚ ਤਬਦੀਲ ਕਰ ਦਿੱਤਾ ਸੀ । ਪਰ ਕਲਗ਼ੀਧਰ ਪਾਤਸ਼ਾਹ ਨੇ ਕਿਰਪਾ ਕੀਤੀ ਸੰਗਤਾਂ ਮਾਨਸਾ ਬਠਿੰਡਾ ਪਾਤੜਾਂ ਡੇਰਾ ਬਾਬਾ ਨਾਨਕ ਕਾਦੀਆਂ ਗਲ ਕੀ ਪੰਜਾਬ ਦੇ ਕੋਨੇ ਕੋਨੇ ਵਿੱਚੋਂ ਆਪ ਮੁਹਾਰੇ ਹੀ ਵੱਡੀ ਗਿਣਤੀ ਵਿੱਚ ਪਹੁੰਚ ਗਈਆਂ ਤੇ ਅੱਜ ਦੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਏ ਬੰਦੀ ਸਿੰਘਾਂ ਦੀ ਰਿਹਾਈ ਦੇ ਅਰਦਾਸ ਸਮਾਗਮ ਨੂੰ ਕਲਗ਼ੀਧਰ ਪਾਤਸ਼ਾਹ ਨੇ ਆਪ ਕਿਰਪਾ ਕਰਕੇ ਸਫਲਤਾ ਬਖ਼ਸ਼ੀ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਦੀਆਂ ਸੰਗਤਾਂ ਦਾ ਇਸ ਵਰਤੀ ਕਲਾ ਲਈ ਅਸੀਂ ਸਮੂਹ ਬੰਦੀ ਸਿੰਘਾਂ ਦੇ ਪਰਿਵਾਰ ਅਤੇ ਸੰਗਤ ਦਾ ਕੋਟਿਨ ਕੋਟਿ ਸ਼ੁਕਰਾਨਾ ਕਰਦੇ ਹਾਂ । ਅੱਗੇ ਵੀ ਸੰਗਤਾਂ ਨੂੰ ਸਹਿਯੋਗ ਦੀ ਅਪੀਲ ਕਰਦੇ ਹਾਂ। ਏਸੇ ਵਿੱਚ ਜ਼ਾਲਮ ਸਰਕਾਰਾਂ ਤੇ ਨੌਜਵਾਨੀ ਨੂੰ ਖ਼ਤਮ ਕਰਨ ਵਾਲੇ ਨਸ਼ੇ ਦੇ ਸੌਦਾਗਰਾਂ ਦੀ ਹਾਰ ਹੈ । ਇਸ ਸਮਾਗਮ ਵਿੱਚ ਇੰਗਲੈਂਡ 'ਚ 34 ਸਾਲ ਸਜਾ ਕੱਟਣ ਵਾਲੇ ਭਾਈ ਰਜਿੰਦਰ ਸਿੰਘ ਤੁਗਲਵਾਲ, ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ, ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਭਾਈ ਸੁਰਿੰਦਰ ਸਿੰਘ ਕਿਸ਼ਨਪੁਰਾ, ਬਾਬਾ ਬਖ਼ਸ਼ੀਸ਼ ਸਿੰਘ, ਪਰਮਜੀਤ ਸਿੰਘ ਬਾਠ ਮੋਹਾਲੀ, ਮੈਨੇਜਰ ਗੁਰਪ੍ਰੀਤ ਸਿੰਘ ਰੋਡੇ, ਮੀਤ ਮੈਨੇਜਰ ਹਰਦੇਵ ਸਿੰਘ ਸਮੇਤ ਨਿਹੰਗ ਸਿੰਘ ਜਥੇਬੰਦੀਆਂ ਦੇ ਸਿੰਘ ਤੇ ਸੈਂਕੜਿਆਂ ਦੀ ਗਿਣਤੀ ਵਿੱਚ ਸੰਗਤ ਹਾਜ਼ਰ ਹੋਈ।

ਮਾਤਾ ਬਲਵਿੰਦਰ ਕੌਰ ਨੇ ਕਿਹਾ ਕਿ 1993 ਦੇ ਦਹਾਕੇ ਤੋਂ ਬਾਦ ਜ਼ਾਲਮ ਹਕੂਮਤਾਂ ਨੇ ਨੌਜਵਾਨਾਂ ਨੂੰ ਵੱਡੇ ਪੱਧਰ ਤੇ ਝੂਠੇ ਮੁਕਾਬਲਿਆਂ ਵਿੱਚ ਸ਼ਹੀਦ ਕਰਨ ਤੋ ਬਾਦ ਬੇਅੰਤੇ ਬੁੱਚੜ ਤੇ ਕੇ ਪੀ ਗਿੱਲ ਬੁੱਚੜ ਦੀ ਅਗਵਾਈ ਵਿੱਚ ਸਭਿਆਚਾਰ ਦੇ ਨਾਮ ਤੇ ਪਿੰਡਾਂ ਵਿਚ ਅਖਾੜੇ ਲਵਾ ਕਿ ਲੱਚਰਤਾ ਤੇ ਨਸ਼ਾ ਪਰੋਸਿਆ । ਜ਼ਾਲਮ ਸਰਕਾਰਾਂ ਦੀ ਸਾਜਿਸ਼ ਸੀ ਕਿ ਇਸ ਨਾਲ ਜਵਾਨੀ ਸੰਤ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਸੰਘਰਸ਼ ਤੋਂ ਦੂਰ ਹੋ ਕਿ ਨਸ਼ਿਆਂ ਅਤੇ ਲੱਚਰਤਾ ਵਿੱਚ ਗ਼ਲਤਾਨ ਹੋ ਕੇ ਆਪਣਾ ਕੌਮੀ ਨਿਸ਼ਾਨਾ ਭੁੱਲ ਜਾਵੇ । ਇਸ ਲਈ ਭਾਈ ਅੰਮ੍ਰਿਤਪਾਲ ਸਿੰਘ ਤੋ ਕਲਗ਼ੀਧਰ ਪਾਤਸ਼ਾਹ ਨੇ ਸੇਵਾ ਲਈ ਤੇ ਖ਼ਾਲਸਾ ਵਹੀਰ ਸ਼ੁਰੂ ਹੋਣ ਨਾਲ ਨੌਜਵਾਨ ਵੱਡੀ ਗਿਣਤੀ ਵਿੱਚ ਕੌਮੀ ਨਿਸ਼ਾਨੇ ਪ੍ਰਤੀ ਜਾਗਰੂਕ ਹੋ ਕੇ ਲਹਿਰ ਨੂੰ ਪ੍ਰਚੰਡ ਕਰਨ ਲੱਗੇ । ਉਨ੍ਹਾਂ ਕਿਹਾ ਕਿ ਦਹਾਕਿਆਂ ਬਾਅਦ ਨਸ਼ੇ ਦੇ ਵੱਡੇ ਸੌਦਾਗਰ ਰਾਜਨੀਤਕਾਂ ਅਤੇ ਕਰੱਪਟ ਪੁਲਿਸ ਅਫ਼ਸਰਾਂ ਨਾਲ ਮਿਲ ਕੇ ਨਸ਼ਿਆਂ ਦੇ ਕਾਰੋਬਾਰ ਨੂੰ ਬੜ੍ਹਾਵਾ ਦੇ ਰਹੇ ਹਨ । ਇਨ੍ਹਾਂ ਦਾ ਗੱਠਜੋੜ ਇਨ੍ਹਾਂ ਮਜ਼ਬੂਤ ਹੋ ਚੁਕਾ ਹੈ ਕਿ ਨਸ਼ੀਲੇ ਪਦਾਰਥਾਂ ਦੇ ਸੌਦਾਗਰਾਂ ਨਾਲ ਸਾਂਝ ਰੱਖਣ ਬਾਰੇ ਹਾਈ ਕੋਰਟ ਵਿੱਚ ਪਈ ਰਿਪੋਰਟ ਜਨਤਕ ਨਹੀਂ ਕੀਤੀ ਜਾ ਰਹੀ । ਪਰ ਭਾਈ ਸਾਹਿਬ ਵੱਲੋਂ ਸ਼ੁਰੂ ਕੀਤੀ ਖ਼ਾਲਸਾ ਵਹੀਰ ਨੇ ਜ਼ਾਲਮ ਸਰਕਾਰਾਂ ਵੱਲੋਂ ਰਚੀ ਨੌਜਵਾਨੀ ਨੂੰ ਨਸ਼ਿਆਂ ਵਿੱਚ ਖ਼ਤਮ ਕਰਨ ਦੇ ਪ੍ਰੋਗਰਾਮ ਨੂੰ ਤਹਿਸ ਨਹਿਸ਼ ਕਰ ਦਿੱਤਾ ਨੌਜਵਾਨੀ ਨਸ਼ੇ ਛੱਡਣ ਲੱਗੀ ਤੇ ਅੰਮ੍ਰਿਤ ਧਾਰੀ ਹੋਣ ਲੱਗੀ ਕੌਮੀ ਨਿਸ਼ਾਨੇ ਪ੍ਰਤੀ ਜਾਗਰੂਕ ਹੋਣ ਲੱਗੀ। ਇਸ ਤੋਂ ਘਬਰਾਈਆਂ ਜ਼ਾਲਮ ਸਰਕਾਰਾਂ ਤੇ ਉਨ੍ਹਾਂ ਦੇ ਕਰੱਪਟ ਅਫ਼ਸਰਾਂ ਦੀ ਨਸ਼ੇ ਦੇ ਸਮਗਲਰਾਂ ਵੱਲੋਂ ਫੰਡਿੰਗ ਬੰਦ ਹੋਣ ਲੱਗੀ ਤੇ ਜ਼ਾਲਮ ਸਰਕਾਰਾਂ ਨੇ ਰਾਜਨੀਤਿਕ ਵਖਰੇਵਿਆਂ ਤੋਂ ਉਪਰ ਉੱਠ ਕੇ ਭਾਈ ਸਾਹਿਬ ਵਿਰੁੱਧ ਸਾਜਿਸ਼ ਰਚ ਕੇ ਹਜ਼ਾਰਾਂ ਮੀਲ ਦੂਰ ਦੁਰਾਡੇ ਦੀਆਂ ਜੇਲ੍ਹਾਂ ਵਿੱਚ ਭੇਜ ਦਿੱਤਾ। ਮਾਤਾ ਬਲਵਿੰਦਰ ਕੌਰ ਨੇ ਦੱਸਿਆ ਕਿ ਅਗਲਾ ਤੀਜੇ ਪੜਾਅ ਦਾ ਅਰਦਾਸ ਸਮਾਗਮ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) ਵਿਖੇ 3 ਦਸੰਬਰ ਐਤਵਾਰ ਨੂੰ ਹੋਵੇਗਾ।

# ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਕਨੇਡਾ ਨਿਵਾਸੀ ਭਾਈ ਬਲਬੀਰ ਸਿੰਘ ਚੰਗਿਆੜਾ ਦਾ ਕੀਤਾ ਸਨਮਾਨ

### *ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਹਰ ਸਿੱਖ ਵੋਟਰ ਆਪਣੀ ਵੋਟ ਜ਼ਰੂਰ ਬਣਾਏ: ਭਾਈ ਚੰਗਿਆੜਾ*

ਅੰਮ੍ਰਿਤਸਰ : ਵਿਸ਼ਵ ਸਿੱਖ ਪ੍ਰਚਾਰਕ ਭਾਈ ਬਲਬੀਰ ਸਿੰਘ ਚੰਗਿਆੜਾ ਕਨੇਡਾ ਨਿਵਾਸੀ ਅੱਜ ਗੁਰਦੁਆਰਾ ਮੱਲ ਅਖਾਵਾ ਸਾਹਿਬ ਪਾਤਸ਼ਾਹੀ ਛੇਵੀਂ, ਗੁਰਦੁਆਰਾ ਬੁਰਜ਼ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ ਪੁੱਜੇ, ਜਿੱਥੇ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਅਕਾਲੀ ਬਾਬਾ ਫੂਲਾ ਸਿੰਘ ਦੀ ਦੂਜੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਯਾਦਗਾਰੀ ਫੋਟੋ, ਯਾਦਗਾਰੀ ਸਿੱਕਾ ਤੇ ਸਿਰਪਾਓ ਨਾਲ ਉਨ੍ਹਾਂ ਦਾ ਸਨਮਾਨ ਕੀਤਾ। ਇਸ ਮੌਕੇ ਭਾਈ ਚੰਗਿਆੜਾ ਨੇ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਸਿੱਖ ਹਲਕਿਆਂ ਵਿੱਚ ਵੋਟਾ ਸਬੰਧੀ ਪਾਏ ਜਾਂਦੇ ਤੌਖਲਿਆਂ ਬਾਰੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਲਈ ਤਾਰੀਖ ਵਧਾਉਣ ਦਾ ਬਹੁਤ ਹੀ ਸ਼ਲਾਘਾਯੋਗ ਫੈਸਲਾ ਹੈ। ਉਨ੍ਹਾਂ ਕਿਹਾ ਹੁਣ ਪੰਜਾਬ ਵਾਸੀਆਂ ਨੂੰ ਛੱਪੇ ਫਾਰਮ ਦੀਆਂ ਸ਼ਰਤਾਂ ਦੇ ਅਧਾਰ ਤੇ ਵੱਧ ਤੋਂ ਵੱਧ ਵੋਟਾਂ ਬਨਾਉਣੀਆਂ ਚਾਹੀਦੀਆਂ ਹਨ। ਵੋਟ ਕਿਸ ਨੂੰ ਪਾਉਣੀ ਹੈ। ਇਹ ਅਗਲਾ ਫੈਸਲਾ ਹੈ ਪਰ ਇਸ ਵੇਲੇ ਲੋੜ ਹੈ ਵੋਟ ਬਨਾਉਣ ਦੀ ਤਾਂ ਕਿ ਅਸੀਂ ਆਪਣੀ ਸਿੱਖ ਗਿਣਤੀ ਦਸ ਸਕੀਏ।

ਉਨ੍ਹਾਂ ਕਿਹਾ ਦੇਸ਼ ਵਿੱਚੋਂ ਸਾਡੀ ਗਿਣਤੀ ਘੱਟ ਰਹੀ ਹੈ ਜੋ ਬੜਾ ਚਿੰਤਾ ਦਾ ਵਿਸ਼ਾ ਹੈ ਵਿਦੇਸ਼ਾ ਵਿਚੋਂ ਵਸਦਾ ਹਰ ਪੰਜਾਬੀ ਇਸ ਬਾਰੇ ਸੋਚਦਾ



**ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ, ਵਿਸ਼ਵ ਪ੍ਰਚਾਰਕ ਭਾਈ ਬਲਬੀਰ ਸਿੰਘ ਚੰਗਿਆੜਾ ਦਾ ਸਨਮਾਨ ਕਰਦੇ ਹੋਏ।**

ਹੈ ਕਨੇਡਾ ਦੀ ਧਰਤੀ ਤੇ ਸਾਡੇ 19-20 ਮੈਂਬਰ ਪਾਰਲੀਮੈਂਟ ਹਨ ਤੇ ਦਸਤਾਰਾਂ ਸਜ਼ਾ ਗੁਰੂ ਦੇ ਭੈਅ ਵਿੱਚ ਰਹਿੰਦੇ ਸਰਕਾਰਾਂ ਦੀ ਅਗਵਾਈ ਕਰਦੇ ਹਨ। ਇਹ ਸਮਾਂ ਹੈ ਕਿ ਅਸੀ ਆਪਣੀ ਹੋਂਦ ਕਾਇਮ ਰੱਖ ਸਕੀਏ ਤੇ ਵੱਧ ਤੋਂ ਵੱਧ ਸ਼੍ਰੋ:ਗੁ:ਪ੍ਰ: ਕਮੇਟੀ ਦੀਆਂ ਵੋਟਾਂ ਬਨਾਈਏ। ਉਨ੍ਹਾਂ ਕਿਹਾ ਕਿ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਅਸਲ ਵਿੱਚ ਸਿੱਖਾਂ ਦੀ ਇਹ ਜਨਗਣਨਾ ਹੈ। ਜੋ ਸਿੱਖ ਵੋਟਰ ਪਛੜ ਗਏ ਤਾਂ ਫਿਰ ਸਿੱਖ ਸੰਸਥਾਵਾਂ ਨੂੰ ਵੀ ਵੱਡਾ ਖੋਰਾ ਲੱਗੇਗਾ।

# ਅਕਾਲ ਤਖ਼ਤ ਤੋਂ ਮੁਆਫੀ ਮੰਗ ਕੇ ਭੁੱਲ ਬਖਸ਼ਾਉਣ 'ਤੇ ਦੇਵਾਂਗੇ ਸੁਖਬੀਰ ਬਾਦਲ ਦਾ ਸਾਥ: ਢੀਂਡਸਾ

ਸ੍ਰੀ ਆਨੰਦਪੁਰ ਸਾਹਿਬ : ਇੱਥੇ ਅੱਜ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।

ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰੀ ਢੀਂਡਸਾ ਨੇ ਕਿਹਾ, "ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਸਿਰਫ ਦੋ ਸ਼ਰਤਾਂ 'ਤੇ ਇਕੱਠੇ ਹੋ ਸਕਦੇ ਹਨ। ਇਕ ਤਾਂ ਸੁਖਬੀਰ ਸਿੰਘ ਬਾਦਲ ਜਾਂ ਤਾਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋ ਕੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਹੋਈਆਂ ਵੱਡੀਆਂ ਭੁੱਲਾਂ ਲਈ ਮੁਆਫੀ ਮੰਗਣ ਜਾਂ ਫਿਰ ਉਹ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦੇਣ।" ਉਨ੍ਹਾਂ ਕਿਹਾ ਕਿ ਇਨ੍ਹਾਂ ਦੋ ਸ਼ਰਤਾਂ 'ਤੇ ਹੀ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਅਤੇ ਬਾਕੀ ਜਥੇਬੰਦੀਆਂ ਅਕਾਲੀ ਦਲ ਬਾਦਲ ਨਾਲ ਚੱਲ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਵੱਲੋਂ ਵੀ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਪੇਸ਼ ਹੋ ਕੇ ਆਪਣੀ ਭੁੱਲ ਬਖਸ਼ਾਈ ਗਈ ਸੀ ਅਤੇ ਸੁਖਬੀਰ ਸਿੰਘ ਬਾਦਲ ਮਹਾਰਾਜਾ ਰਣਜੀਤ ਸਿੰਘ ਤੋਂ ਵੱਡੇ ਨਹੀਂ ਹਨ।



ਸ੍ਰੀ ਢੀਂਡਸਾ ਨੇ ਕਿਹਾ ਕਿ ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਸੂਬਾ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਸਾਬਿਤ ਹੋਈ ਹੈ। ਉਨ੍ਹਾਂ ਕਿਹਾ ਕਿ ਹਰ ਰੋਜ਼ ਅਖ਼ਬਾਰਾਂ ਅਤੇ ਚੈਨਲਾਂ 'ਤੇ ਚੱਲਦੀਆਂ ਖ਼ਬਰਾਂ ਦੱਸਦੀਆਂ ਹਨ ਕਿ ਸੂਬੇ ਅੰਦਰ ਅਮਨ- ਕਾਨੂੰਨ ਦੀ ਸਥਿਤੀ ਦਾ ਮਾੜਾ ਹਾਲ ਹੈ। ਕੇਂਦਰ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਢੀਂਡਸਾ ਨੇ ਕਿਹਾ ਕਿ ਭਾਜਪਾ ਵੱਲੋਂ ਅਕਾਲੀ ਦਲ (ਸੰਯੁਕਤ) ਨੂੰ ਬੰਦੀ ਸਿੰਘਾਂ ਦੀ ਰਿਹਾਈ ਦਾ ਵਾਅਦਾ ਕੀਤਾ ਗਿਆ ਸੀ ਪਰ ਇਸ ਸਬੰਧੀ ਅਜੇ ਤੱਕ ਕੇਂਦਰ ਵੱਲੋਂ ਕੋਈ ਫੈਸਲਾ ਨਹੀਂ ਲਿਆ ਗਿਆ ਹੈ ਸਗੋਂ ਟਾਲਣ ਦੀ ਨੀਤੀ ਹੀ ਅਪਣਾਈ ਗਈ ਹੈ।

ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦੀ ਚੋਣ ਦੌਰਾਨ ਮਿਲੀ ਨਮੋਸ਼ੀ ਭਰੀ ਹਾਰ ਬਾਰੇ ਸ੍ਰੀ ਢੀਂਡਸਾ ਨੇ ਕਿਹਾ ਕਿ ਉਹ ਸਿਧਾਂਤਕ ਰਾਜਨੀਤੀ ਕਰ ਰਹੇ ਹਨ ਤੇ ਕੁਝ ਲੋਕਾਂ ਵੱਲੋਂ ਉਨ੍ਹਾਂ ਨੂੰ ਇਸ ਚੋਣ ਦੌਰਾਨ ਧੋਖਾ ਦਿੱਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਸੰਯੁਕਤ ਅਕਾਲੀ ਦਲ ਦੇ ਆਗੂ ਭੁਪਿੰਦਰ ਸਿੰਘ ਬਜਰੂੜ ਵੀ ਮੌਜੂਦ ਸਨ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
Coming Soon!
Fresno California
ਵਿਚ ਖੁੱਲ੍ਹਾ ਰਿਹਾ ਨਵਾਂ ਦਫ਼ਤਰ
ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
209-481-7750
510-472-0608
PH. : 209-624-3919
ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ
Anthony Nwosu
Attorney at Law

ਭਗਤ ਨਾਮਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਵਿਸ਼ੇਸ਼

# ‘ਨਾਮੇ ਕੀ ਕੀਰਤਿ ਰਹੀ ਸੰਸਾਰਿ’

ਬਲਵਿੰਦਰ ਸਿੰਘ ਜੌੜਾਸਿੰਘਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰੋਸਾਏ ਭਗਤ ਬਾਣੀਕਾਰਾਂ ‘ਚੋਂ ਭਗਤ ਨਾਮਦੇਵ ਜੀ ਪ੍ਰਮੁੱਖ ਭਗਤ ਹੋਏ ਹਨ। ਭਗਤ ਨਾਮਦੇਵ ਜੀ ਦਾ ਜਨਮ 1270 ਈ. ਨੂੰ ਮਹਾਂਰਾਸ਼ਟਰ ਦੇ ਜ਼ਿਲ੍ਹਾ ਸਿਤਾਰਾ ਦੇ ਪਿੰਡ ਨਰਸੀ ਬਾਮਣੀ ਵਿਚ ਹੋਇਆ। ਨਾਮਦੇਵ ਜੀ ਦੇ ਪਿਤਾ ਬਾਬਾ ਦਾਮਾ ਸੇਠ ਤੇ ਮਾਤਾ ਗੌਨਾ ਬਾਈ ਛੀਂਬਾ ਜਾਤ ਨਾਲ ਸੰਬੰਧਿਤ ਸਨ, ਜੋ ਕੱਪੜੇ ਸਿਉਂਣ, ਸਿਲਾਈ ਅਤੇ ਰੰਗਾਈ ਦਾ ਕੰਮ ਕਰਕੇ ਜੀਵਨ ਨਿਰਬਾਹ ਕਰਦੇ ਸਨ। ਭਗਤ ਜੀ ਦਾ ਵਿਆਹ ਬੀਬੀ ਰਾਜਾਬਾਈ ਨਾਲ ਹੋਇਆ ਅਤੇ ਉਨ੍ਹਾਂ ਦੇ ਚਾਰ ਪੁੱਤਰ-ਨਰੈਣ, ਮਹਾਂਦੇਵ, ਗੋਬਿੰਦ, ਵਿਫਲ ਇਕ ਸਪੁੱਤਰੀ ਬੀਬੀ ਲਿੰਬਾ ਬਾਈ ਸੀ। ਉਨ੍ਹਾਂ ਦਾ ਅਕਾਲ ਚਲਾਣਾ 1350 ਈ. ਨੂੰ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਕਸਬਾ ਘੁਮਾਣ ਵਿਖੇ ਹੋਇਆ।

ਭਗਤ ਨਾਮਦੇਵ ਜੀ ਦੇ ਸਮੇਂ ਦੱਖਣੀ ਭਾਰਤ ਵੀ ਇਸਲਾਮ ਦੇ ਪ੍ਰਭਾਵ ਹੇਠ ਆ ਚੁੱਕਾ ਸੀ ਅਤੇ ਇਕ ਪਾਸੇ ਇਸਲਾਮੀ ਹਾਕਮਾਂ ਦੁਆਰਾ ਲੋਕਾਂ ਉੱਤੇ ਜ਼ੁਲਮ ਢਾਹਿਆ ਜਾ ਰਿਹਾ ਸੀ। ਜ਼ਬਰੀ ਧਰਮ ਪਰਿਵਰਤਨ ਆਰੰਭ ਹੋ ਚੁੱਕਾ ਸੀ। ਦੂਜੇ ਪਾਸੇ ਬ੍ਰਾਹਮਣਵਾਦ ਦਾ ਪ੍ਰਭਾਵ ਵੀ ਜ਼ੋਰਾਂ ਉੱਤੇ ਸੀ। ਇਸ ਪ੍ਰਭਾਵ ਵਿਚ ਹਿੰਦੂ ਸਮਾਜ ਜਾਤਪਾਤ, ਅੰਧ ਵਿਸ਼ਵਾਸ਼ ਅਤੇ ਮੂਰਤੀ ਪੂਜਾ ਨਾਲ ਪੀੜਤ ਸੀ।

ਭਗਤ ਨਾਮਦੇਵ ਦੇ ਪਿਤਾ ਬਾਬਾ ਦਾਮਾ ਸੇਠ ਜੀ ਇਕ ਧਰਮੀ ਪੁਰਸ਼ ਸਨ ਪਰ ਉਨ੍ਹਾਂ ਦੀ ਨੀਵੀ ਜਾਤ (ਛੀਂਬਾ) ਹੋਣ ਕਰਕੇ ਉਨ੍ਹਾਂ ਨੂੰ ਖੁੱਲ੍ਹੇ ਤੌਰ ’ਤੇ ਪ੍ਰਭੂ ਦੀ ਭਗਤੀ ਅਤੇ ਪੂਜਾ ਅਰਚਨਾ ਕਰਨ ਵਿੱਚ ਖੁੱਲ ਨਹੀਂ ਸੀ। ਭਗਤ ਨਾਮਦੇਵ ਦੀ ਬਿਰਤੀ ਬਾਲਪਨ ਸਮੇਂ ਹੀ ਪ੍ਰਭੂ ਭਗਤੀ, ਭਜਨ ਬੰਦਗੀ ਵਾਲੀ ਸੀ। ਉਹ ਚੇਤਨ ਬੁੱਧੀ ਦੇ ਮਾਲਕ ਸਨ, ਜਿਸ ਕਰਕੇ ਆਪਣੇ ਸਮੇਂ ਦੇ ਸਮਾਜਿਕ ਤੇ ਧਾਰਮਿਕ ਵਰਤਾਰੇ ਨੂੰ ਉਨ੍ਹਾਂ ਛੇਤੀ ਹੀ ਅਨੁਭਵ ਕਰ ਲਿਆ ਸੀ। ਇਸ ਵਰਤਾਰੇ ਨੇ ਕਈ ਵਾਰ ਉਨ੍ਹਾਂ ਨੂੰ ਪਰੇਸ਼ਾਨ ਵੀ ਕੀਤਾ। ਉਨ੍ਹਾਂ ਮੁੱਲਾ ਮੁਲਾਣਿਆਂ, ਰਾਜਿਆਂ, ਬ੍ਰਾਹਮਣਾਂ ਦਾ ਤ੍ਰਿਸਕਾਰ ਵੀ ਝੱਲਿਆ ਤੇ ਤਸ਼ੱਦਦ ਵੀ ਸਹਿਣ ਕੀਤਾ।

**ਬਾਣੀ ਰਚਨਾ :**

ਭਗਤ ਨਾਮਦੇਵ ਜੀ ਨੂੰ ਬਾਣੀ ਦਾ ਅਨੁਭਵ ਪ੍ਰਕਾਸ਼ ਵੀ ਹੋਇਆ। ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅਠਾਰਾਂ ਰਾਗਾਂ ਵਿਚ ਦਰਜ ਹੈ ਤੇ ਉਨ੍ਹਾਂ ਨੇ 61 ਸ਼ਬਦਾਂ ਦੀ ਰਚਨਾ ਕੀਤੀ। ਭਗਤ ਨਾਮਦੇਵ ਜੀ ਦੇ ਮਰਾਠੀ ਭਾਸ਼ਾ ਵਿਚ ਅਭੰਗ ਵੀ ਮਿਲਦੇ ਹਨ।



**ਵਿਚਾਰਧਾਰਾ:**

ਭਗਤ ਨਾਮਦੇਵ ਜੀ ਨੇ ਸਮਕਾਲੀ ਸਮਾਜਿਕ, ਧਾਰਮਿਕ ਪ੍ਰਸਥਿਤੀਆਂ ਨੂੰ ਵੇਖਿਆ ਤੇ ਘੋਖਿਆ। ਉਨ੍ਹਾਂ ਦੀ ਬਾਣੀ ਵਿਚ ਹਰੀ ਪਰਮਾਤਮਾ ਦੇ ਨਿਰਗੁਣ, ਸਰਗੁਣ ਸਰੂਪ ਦੇ ਵਰਣਨ ਤੇ ਭਗਤੀ, ਜਾਤਪਾਤ, ਮੂਰਤੀ ਪੂਜਾ ਤੋਂ ਇਲਾਵਾ ਹੋਰ ਧਾਰਮਿਕ ਅਡੰਬਰਾਂ ਦਾ ਖੰਡਨ ਹੋਇਆ ਹੈ। ਪਰਮਾਤਮਾ ਦੇ ਸਰਗੁਣ ਸਰੂਪ ਦੇ ਦਰਸ਼ਨ ਬਾਰੇ ਉਨ੍ਹਾਂ ਨੇ ਆਪਣੀ ਬਾਣੀ ਵਿੱਚ ਦਰਜ ਕੀਤਾ ਹੈ।

**ਦੂਧੁ ਕਟੋਰੈ ਗਡਵੈ ਪਾਨੀ ॥**
**ਕਪਲ ਗਾਇ ਨਾਮੈ ਦੁਹਿ ਆਨੀ ॥1 ॥**
**ਦੂਧੁ ਪੀਉ ਗੋਬਿੰਦੇ ਰਾਇ ॥**
**ਦੂਧੁ ਪੀਉ ਮੇਰੋ ਮਨੁ ਪਤੀਆਇ ॥**
**ਨਾਹੀ ਤ ਘਰ ਕੋ ਬਾਪੁ ਰਿਸਾਇ ॥1 ॥ ਰਹਾਉ**
॥ (ਪੰਨਾ 1164)

ਇਸ ਸ਼ਬਦ ਅਨੁਸਾਰ ਜਿੱਥੇ ਸਰਗੁਣ ਸਰੂਪ ਦੇ ਸਾਕਾਰ ਦਰਸਨ ਭਗਤ ਨਾਮਦੇਵ ਜੀ ਨੂੰ ਹੋਏ ਉੱਥੇ ਹਰੀ ਪਰਮਾਤਮਾ ਨਾਲ ਆਤਮਕ ਗੰਢ ਵੀ ਬੱਝ ਗਈ। ਜਿਉਂ-ਜਿਉਂ ਵੱਡੇ ਹੁੰਦੇ ਗਏ ਸਦਾ ਭਗਤੀ ਰੰਗ ਵਿਚ ਲੀਨ ਰਹਿੰਦੇ ਅਤੇ ਗੰਢ ਪੀਡ਼੍ਹੀ ਹੁੰਦੀ ਗਈ ਤੇ ਬ੍ਰਹਮ ਦਾ ਸਾਕਾਰ ਰੂਪ ਹੌਲੀ-ਹੌਲੀ ਨਿਰਾਕਾਰ ਬ੍ਰਹਮ ਵਿਚ ਪਰਿਵਰਤ ਹੁੰਦਾ ਗਿਆ। ਇਸ ਪਰਿਵਰਤ ਹੋਈ ਜੋਤ ਦੇ ਗਿਆਨ ਨੂੰ ਪੁਰਖੋਤਮ, ਜਗਜੀਵਨ ਆਦਿ ਨਾਵਾਂ ਨਾਲ ਸਿਮਰਦੇ ਰਹੇ।

**ਜਾਤ-ਪਾਤ ਤੇ ਊਚ-ਨੀਚ ਦਾ ਵਿਰੋਧ:**

ਜਿਉਂ-ਜਿਉਂ ਭਗਤ ਨਾਮਦੇਵ ਜੀ ਦੀ ਮਹਿਮਾ ਫੈਲਣ ਲਈ ਲੱਗੀ ਤਿਉਂ-ਤਿਉਂ ਸਮਾਜਿਕ ਤੇ ਧਾਰਮਿਕ ਤੌਰ ’ਤੇ ਵਿਰੋਧ ਹੋਣਾ ਸ਼ੁਰੂ ਹੋ ਗਿਆ। ਕਦੀ ਕੁਲੀਨ ਬ੍ਰਾਹਮਣਾਂ ਦੁਆਰਾ ਉਨ੍ਹਾਂ ਨੂੰ ਭਗਤੀ ਕਰਦਿਆਂ ਮੰਦਰ ’ਚੋਂ ਉਠਾ ਦਿੱਤਾ ਜਾਂਦਾ। ਕਦੀ ਸ਼ੂਦਰ-ਸ਼ੂਦਰ ਕਹਿ ਕੇ ਜਾਂ ਢੇਢ ਢੇਢ (ਨੀਚ) ਕਹਿ ਜਲੀਲ ਕੀਤਾ ਜਾਂਦਾ। ਇਹ ਉਲਾਂਭੇ ਦੇ ਰੂਪ ਵਿਚ ਭਗਤ ਜੀ ਨੇ ਇੰਞ ਬਿਆਨ ਕੀਤਾ:

**ਹਸਤ ਖੇਲਤ ਤੇਰੇ ਦੇਹੁਰੇ ਆਇਆ ॥**
**ਭਗਤਿ ਕਰਤ ਨਾਮਾ ਪਕਰਿ ਉਠਾਇਆ ॥1 ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1164)**
**ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ ॥2 ॥ (ਪੰਨਾ 1292)**

ਕਦੀ ਮੁੱਲਾਂ ਮੁਲਾਣਿਆਂ ਨੇ ਭਗਤ ਨਾਮਦੇਵ ਜੀ ਦੀ ਪ੍ਰਸਿੱਧੀ ਤੋਂ ਸੜਬਲ ਕੇ ਮੁਸਲਮਾਨ ਬਾਦਸ਼ਾਹ ਰਾਹੀਂ ਕੈਦ ਕਰਵਾਇਆ, ਫਿਰ ਹਾਥੀ ਦੇ ਪੈਰਾਂ ਥੱਲੇ ਦਰੜ ਕੇ ਮਾਰਨ ਲਈ ਹਾਥੀ ਚੜਵਾਇਆ ਪਰ ਪ੍ਰਭੂ ਆਪਣੇ ਭਗਤਾਂ ਦੀ ਲਾਜ ਸਦਾ ਰੱਖਦਾ ਹੈ। ਮਰੀ ਗਊ ਜਿਊਦੀ ਕਰਕੇ ਭਗਤ ਨਾਮਦੇਵ ਜੀ ਦੀ ਬੰਦ ਖਲਾਸੀ ਕਰਵਾਈ।

**ਮੂਰਤੀ ਪੂਜਾ ਤੇ ਪਖੰਡਵਾਦ ਦਾ ਵਿਰੋਧ:**

ਭਗਤ ਨਾਮਦੇਵ ਜੀ ਨੇ ਮੂਰਤੀ ਪੂਜਾ ਨੂੰ ਨਾ ਕੇਵਲ ਭਰਮਜਾਲ ਹੀ ਕਿਹਾ ਸਗੋਂ ਮੂਰਤੀ ਪੂਜਾ ਦੀਆਂ ਕਰਮਕਾਂਡੀ ਵਿਧੀਆਂ ਨੂੰ ਵੀ ਝੂਠੀਆਂ ਸਾਬਤ ਕਰਕੇ ਜ਼ੋਰਦਾਰ ਖੰਡਨ ਕੀਤਾ:

**ਏਕੈ ਪਾਥਰ ਕੀਜੈ ਭਾਉ ॥**
**ਦੂਜੈ ਪਾਥਰ ਧਰੀਐ ਪਾਉ ॥**
**ਜੇ ਓਹੁ ਦੇਉ ਤ ਓਹੁ ਭੀ ਦੇਵਾ ॥**
**ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥** (ਪੰਨਾ 525)

ਕਰਮਕਾਂਡੀ ਵਿਧੀਆਂ ਵਿਚ ਠਾਕੁਰ ਨੂੰ ਇਸ਼ਨਾਨ ਕਰਾਉਣ, ਫੁੱਲ ਚੜ੍ਹਾਉਣ, ਖੀਰ ਖਵਾਉਣ ਦੀ ਪੂਜਾ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਇਹ ਵਸਤੂਆਂ ਅਸ਼ੁੱਧ ਹਨ, ਜੂਠੀਆਂ ਹਨ, ਬੀਠਲ ਅਰਪਣ ਕਰਨਯੋਗ ਨਹੀਂ ਹਨ। ਇਸ ਦੀ ਥਾਂ ਆਤਮ-ਸਮਰਪਣ ਕਰਨ ਦੀ ਲੋੜ ਹੈ। ਭਗਤ ਜੀ ਦਾ ਫੁਰਮਾਨ ਸੀ:

**ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ ॥**
**ਪਹਿਲੇ ਦੂਧੁ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ ॥3 ॥** (ਪੰਨਾ 485)

ਭਗਤ ਨਾਮਦੇਵ ਜੀ ਨੇ ਕੇਵਲ ਧਾਰਮਿਕ ਕਰਮਕਾਂਡਾ ਦਾ ਹੀ ਵਿਰੋਧ ਨਹੀਂ ਕੀਤਾ ਸਗੋਂ ਧਾਰਮਿਕ ਕੱਟੜਵਾਦ, ਮੇਰੀ ਧਰਮ ਪੂਜਾ ਉੱਚੀ ਹੈ, ਮੇਰਾ ਧਰਮ ਸਥਾਨ ਪਵਿੱਤਰ ਹੈ, ਮੇਰਾ ਧਰਮ ਵੱਡਾ ਹੈ ਨੂੰ ਵੀ ਨਕਾਰਿਆ। ਇਸ ਦੀ ਥਾਂ ਭਗਤ ਨਾਮਦੇਵ ਜੀ ਦਾ ਪ੍ਰਭੂ ਸਭ ਸੰਸਾਰੀ ਧਰਮ ਸਥਾਨਾਂ ਤੋਂ ਪਰੇ ਹੈ। ਉਸਨੂੰ ਪ੍ਰਾਪਤ ਕਰਨ ਲਈ ਨਾ ਹਿੰਦੂ ਬਣਨ ਦੀ ਲੋੜ ਹੈ ਨਾ ਮੁਸਲਮਾਨ ਨਾ ਮੰਦਰ ਪੂਜਾ ਦੀ ਲੋੜ ਹੈ ਨਾ ਮਸੀਤੇ ਜਾਣ ਦੀ ਲੋੜ ਹੈ। ਉਨ੍ਹਾਂ ਅਨੁਸਾਰ ਪਰਮਾਤਮਾ ਨਾਮ ਤੇ ਗਿਆਨ ਦੇ ਧਰਮ ਤੋਂ ਪ੍ਰਾਪਤ ਹੁੰਦਾ ਹੈ। ਇਸੇ ਲਈ ਗਿਆਨਵਾਨ ਵੱਡਾ ਤੇ ਸਿਆਣਾ ਹੁੰਦਾ ਹੈ। ਭਗਤ ਨਾਮਦੇਵ ਜੀ ਦਾ ਸਪੱਸ਼ਟ ਬਚਨ ਸੀ:

**ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥** (ਪੰਨਾ 875)

ਅੰਤ ਵਿਚ ਭਗਤ ਨਾਮਦੇਵ ਜੀ ਦੇ ਬਾਰੇ ਕਿਹਾ ਜਾ ਸਕਦਾ ਹੈ ਕਿ ਭਗਤ ਨਾਮਦੇਵ ਜੀ, ਜਿੰਨ੍ਹਾਂ ਨੂੰ ਆਪਣੇ ਸਮੇਂ ਤਿੰਨ ਪਾਸਿਆਂ ਤੋਂ ਵਿਰੋਧ ਮਿਲਿਆ ਤੇ ਜਿਸ ਵਿਰੁੱਧ ਉਨ੍ਹਾਂ ਸੰਘਰਸ਼ ਕੀਤਾ। ਇਕ ਪਾਸੇ ਉਚ ਕੁਲੀਨ ਬ੍ਰਾਹਮਣ ਪੁਜਾਰੀਵਾਦ ਦੂਜੇ ਪਾਸੇ ਮੁੱਲਾ ਮੁਲਾਂਣੇ ਤੀਜੇ ਪਾਸੇ ਸਮੇਂ ਦੀ ਹਕੂਮਤ ਪਰ ਭਗਤ ਨਾਮਦੇਵ ਜੀ ਵਰਗੀ ਨਿਰਮਲ ਮੂਰਤ ਜੂਝਦੀ ਹੋਈ ਵਿਜਈ ਹੋ ਕੇ ਨਿਕਲਦੀ ਹੈ। ਕਿਸੇ ਦਾ ਕੋਈ ਵੀ ਭੈਅ ਮੰਨਣ ਦੀ ਥਾਂ ਪਰਮਾਤਮਾ ਦੀ ਰਜਾ ਵਿਚ ਸਥਿਰ ਰਹੇ ਅਤੇ ਸੰਸਾਰ ਵਿਚ ਜਸ-ਕੀਰਤ ਪ੍ਰਾਪਤ ਕੀਤਾ।



# ਕਾਂਗਰਸ ਸਰਕਾਰ ਦੇ ਪੰਜ ਸਾਲ ਇੱਕ-ਦੂਜੇ ਨੂੰ ਰਨ ਆਊਟ ਕਰਦਿਆਂ ਲੰਘੇ: ਮੋਦੀ

## ਪ੍ਰਧਾਨ ਮੰਤਰੀ ਨੇ ਕਾਂਗਰਸੀ ਆਗੂਆਂ ਦੀ ਆਪਸ ਵਿੱਚ ਲੜਾਈ ਹੋਣ ਦਾ ਕੀਤਾ ਦਾਅਵਾ



ਜੈਪੁਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜਸਥਾਨ ਦੀ ਕਾਂਗਰਸ ਸਰਕਾਰ 'ਤੇ ਤਨਜ਼ ਕਸਦਿਆਂ ਕਿਹਾ ਕਿ ਇਹ ਪਾਰਟੀ ਇੱਕ ਕ੍ਰਿਕਟ ਟੀਮ ਦੀ ਤਰ੍ਹਾਂ ਹੈ ਜਿਸ ਦੇ ਪੰਜ ਸਾਲ ਇੱਕ-ਦੂਜੇ ਨੂੰ ਰਨ ਆਊਟ ਕਰਨ ਵਿੱਚ ਲੰਘੇ ਹਨ।
ਚੁਰੂ ਜ਼ਿਲ੍ਹੇ 'ਚ ਤਾਰਾਨਗਰ ਹਲਕੇ ਤੋਂ ਭਾਜਪਾ ਉਮੀਦਵਾਰ ਰਾਜੇਂਦਰ ਰਾਠੌੜ ਦੇ ਹੱਕ 'ਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਲੋਕਾਂ ਨੂੰ 25 ਨਵੰਬਰ ਨੂੰ ਭਾਜਪਾ ਦੇ ਹੱਕ 'ਚ ਵੋਟਾਂ ਪਾਉਣ ਦੀ ਅਪੀਲ ਕੀਤੀ। ਝੁਨਝੁਨੂ 'ਚ ਕਾਂਗਰਸ ਨੂੰ ਨਿਸ਼ਾਨੇ 'ਤੇ ਲੈਂਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਪਾਰਟੀ ਨੇ ਭ੍ਰਿਸ਼ਟਾਚਾਰ, ਪਰਿਵਾਰਵਾਦ ਤੇ ਤੁਸ਼ਟੀਕਰਨ ਦੀ ਰਵਾਇਤ ਕਾਇਮ ਕੀਤੀ ਹੈ ਜਿਸ ਨੇ ਦੇਸ਼ ਦਾ ਵੱਡੇ ਪੱਧਰ 'ਤੇ ਨੁਕਸਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਕਾਰਨ ਭਾਰਤ ਦੇ ਨੌਜਵਾਨਾਂ ਨੂੰ ਮੌਕੇ ਨਹੀਂ ਮਿਲ ਰਹੇ। ਇਸੇ ਤਰ੍ਹਾਂ ਚੁਰੂ 'ਚ ਜਨਤਕ ਰੈਲੀ ਦੌਰਾਨ ਮੋਦੀ ਨੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਤੇ ਉਨ੍ਹਾਂ ਦੇ ਸਾਬਕਾ ਡਿਪਟੀ ਸਚਿਨ ਪਾਇਲਟ ਵਿਚਾਲੇ ਸੱਤਾ ਨੂੰ ਲੈ ਕੇ ਚੱਲ ਰਹੀ ਕਸ਼ਮਕਸ਼ ਦਾ ਹਵਾਲਾ ਦਿੰਦਿਆਂ ਕਿਹਾ, 'ਕ੍ਰਿਕਟ ਵਿੱਚ ਬੱਲੇਬਾਜ਼ ਆਉਂਦਾ ਹੈ ਤੇ ਆਪਣੀ ਟੀਮ ਲਈ ਦੌੜਾਂ ਬਣਾਉਂਦਾ ਹੈ। ਪਰ ਕਾਂਗਰਸ ਵਿੱਚ ਦੌੜਾਂ ਬਣਾਉਣ ਦੀ ਥਾਂ ਆਪਸ ਵਿੱਚ ਬਹੁਤ ਲੜਾਈ ਹੈ। ਇਸ ਦੇ ਆਗੂਆਂ ਨੇ ਪੰਜ ਸਾਲ ਇੱਕ-ਦੂਜੇ ਨੂੰ ਰਨ ਆਊਟ ਕਰਨ ਦੀ ਕੋਸ਼ਿਸ਼ ਵਿੱਚ ਲੰਘਾਏ ਹਨ।' ਉਨ੍ਹਾਂ ਦੀ ਇਹ ਟਿੱਪਣੀ ਅੱਜ ਅਹਿਮਦਾਬਾਦ ਵਿੱਚ ਭਾਰਤ ਤੇ ਆਸਟਰੇਲੀਆ ਵਿਚਾਲੇ ਖੇਡੇ ਗਏ ਕ੍ਰਿਕਟ ਵਿਸ਼ਵ ਕੱਪ ਦੇ ਫਾਈਨਲ ਮੈਚ ਦੌਰਾਨ ਆਈ ਹੈ। ਉਨ੍ਹਾਂ ਕਿਹਾ, 'ਜਦੋਂ ਟੀਮ ਹੀ ਮਾੜੀ ਹੋਵੇ ਤਾਂ ਉਹ ਕੀ ਦੌੜਾਂ ਬਣਾਏਗੀ ਤੇ ਤੁਹਾਡੇ ਲਈ ਕੀ ਕੰਮ ਕਰੇਗੀ?' ਉਨ੍ਹਾਂ ਕਿਹਾ ਕਿ ਜੇਕਰ ਭਾਜਪਾ ਰਾਜਸਥਾਨ ਵਿੱਚ ਸੱਤਾ 'ਚ ਆਉਂਦੀ ਹੈ ਤਾਂ ਉਹ ਸਾਰੇ ਭ੍ਰਿਸ਼ਟ ਲੋਕਾਂ ਨੂੰ ਬਾਹਰ ਕੱਢੇਗੀ ਅਤੇ ਸੂਬੇ ਦਾ ਵਿਕਾਸ ਕਰੇਗੀ। ਉਨ੍ਹਾਂ ਲੋਕਾਂ ਨੂੰ ਕਿਹਾ, 'ਤੁਸੀਂ ਕਾਂਗਰਸ ਤੋਂ ਜਿੰਨਾ ਦੂਰ ਰਹੋਗੇ, ਓਨਾ ਹੀ ਰਾਜਸਥਾਨ ਨੂੰ ਬਚਾਓਗੇ ਤੇ ਓਨਾ ਹੀ ਆਪਣਾ ਭਵਿੱਖ ਸੁਰੱਖਿਅਤ ਕਰੋਗੇ।' ਉਨ੍ਹਾਂ ਰਾਜਸਥਾਨ ਵਿੱਚ ਜਲ ਜੀਵਨ ਮਿਸ਼ਨ ਘੁਟਾਲੇ ਦਾ ਜ਼ਿਕਰ ਕਰਦਿਆਂ ਕਿਹਾ, 'ਕਾਂਗਰਸ ਤੇ ਚੰਗੀ ਨੀਯਤ ਵਿਚਾਲੇ ਰਿਸ਼ਤਾ ਬਿਲਕੁਲ ਉਸੇ ਤਰ੍ਹਾਂ ਦਾ ਹੈ ਜਿਵੇਂ ਹਨੇਰੇ ਤੇ ਰੋਸ਼ਨੀ ਦਾ ਹੁੰਦਾ ਹੈ। ਪੀਣ ਵਾਲੇ ਪਾਣੀ ਲਈ ਅਲਾਟ ਫੰਡ ਖਾਣ ਵਾਲੀ ਸਰਕਾਰ ਦੀ ਨੀਅਤ ਕਿਵੇਂ ਦੀ ਹੋ ਸਕਦੀ ਹੈ।' ਉਨ੍ਹਾਂ ਕਿਹਾ ਕਿ ਕਾਂਗਰਸ ਤੇ ਵਿਕਾਸ ਇੱਕ ਦੂਜੇ ਦੇ ਦੁਸ਼ਮਣ ਹਨ ਤੇ ਹਮੇਸ਼ਾ ਰਹਿਣਗੇ।

# ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਹੋਏ ਨਤਮਸਤਕ

## ਸਿੰਘ ਸਾਹਿਬ ਜਥੇਦਾਰ ਬਾਬਾ ਕੁਲਵੰਤ ਸਿੰਘ ਨੇ ਕੀਤਾ ਸਨਮਾਨਤ

ਸ੍ਰੀ ਹਜ਼ੂਰ ਸਾਹਿਬ/ਅੰਮ੍ਰਿਤਸਰ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਚੱਕ੍ਰਵਰਤੀ ਨਿਹੰਗ ਸਿੰਘਾਂ ਦੇ ਮੌਜੂਦਾ ਮੁਖੀ ਸ਼੍ਰੋਮਣੀ ਸੇਵਾ ਰਤਨ ਪੰਥ ਰਤਨ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨਿਹੰਗ ਸਿੰਘ ਫੌਜਾਂ ਸਮੇਤ ਦੱਖਣ ਭਾਰਤ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਧਰਮ ਪ੍ਰਚਾਰ ਕਰ ਰਹੇ ਹਨ ਅੱਜ ਬੁੱਢਾ ਦਲ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ ਸੱਚਖੰਡ ਸ੍ਰੀ ਹਜੂਰ ਸਾਹਿਬ ਅਬਿਚਲ ਨਗਰ ਨੰਦੇੜ ਵਿਖੇ ਨਤਮਸਤਕ ਹੋਏ ਜਿੱਥੇ ਉਨਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਤੇ ਪੰਥ ਬੁੱਢਾ ਦਲ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰਵਾਏ ਗਏ। ਜਥੇਦਾਰ ਬਾਬਾ ਬਲਬੀਰ ਸਿੰਘ ਬੁੱਢਾ ਦਲ ਸੱਚਖੰਡ ਬੋਰਡ ਵਲੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਚਖੰਡ ਗਮਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਤੀ ਦਿਵਸ ਨੂੰ ਸਮਰਪਿਤ ਸਮਾਗਮ ਵਿੱਚ ਨਿਹੰਗ ਸਿੰਘ ਫੌਜਾਂ ਸਮੇਤ ਹਾਜ਼ਰ ਹੋਏ। ਜਿਥੇ ਉਹਨਾਂ ਦਾ ਸਿੰਘ ਸਾਹਿਬ ਜਥੇਦਾਰ ਬਾਬਾ ਕੁਲਵੰਤ ਸਿੰਘ, ਬਾਬਾ ਬਲਵਿੰਦਰ ਸਿੰਘ ਲੰਗਰ ਸਾਹਿਬ ਤੇ ਸੱਚਖੰਡ ਬੋਰਡ ਵਲੋਂ ਸ੍ਰੀ ਹਜ਼ੂਰ ਸਾਹਿਬ ਦੀ ਪਰੰਪਰਾਗਤ ਮਰਿਆਦਾ ਅਨੁਸਾਰ ਦਸਤਾਰ, ਚੋਲਾ, ਕਮਰਕੱਸਾ, ਸ੍ਰੀ ਸਾਹਿਬ, ਸਿਰਪਾਓ ਆਦਿ ਨਾਲ ਸਨਮਾਨਿਤ ਕੀਤਾ ਗਿਆ ਜਥੇਦਾਰ ਬਾਬਾ ਬਲਬੀਰ ਸਿੰਘ ਬੁੱਢਾ ਦਲ ਦੇ ਸਿੰਘਾਂ ਸਮੇਤ ਗੁਰਦੁਆਰਾ ਲੰਗਰ ਸਾਹਿਬ, ਗੁਰਦੁਆਰਾ ਮਹਾਂਕਾਲ ਸਿੰਘ ਜੀ,ਗੁਰਦੁਆਰਾ ਭਜਨਗੜ੍ਹ ਸਾਹਿਬ, ਗੁਰਦੁਆਰਾ ਨਗੀਨਾ ਘਾਟ ਸਾਹਿਬ, ਗੁਰਦੁਆਰਾ ਬੰਦਾ ਘਾਟ ਸਾਹਿਬ, ਅਸਥਾਨ ਮਾਤਾ ਭਾਗੋ ਜੀ, ਜਥੇਦਾਰ ਪ੍ਰਹਿਲਾਦਾ ਸਿੰਘ ਜੀ ਦੇ ਸ਼ਹੀਦੀ ਅਸਥਾਨ ਤੇ ਵੀ ਨਤਮਸਤਕ ਹੋਏ। ਬਾਬਾ ਨਿਧਾਨ ਸਿੰਘ ਲੰਗਰ ਸਾਹਿਬ ਵਿਖੇ ਬਾਬਾ ਬਲਵਿੰਦਰ ਸਿੰਘ ਨੇ ਜਥੇਦਾਰ ਬਾਬਾ ਬਲਬੀਰ ਸਿੰਘ ਬੁੱਢਾ ਦਲ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਬਾਬਾ ਇੰਦਰ ਸਿੰਘ ਘੋੜਿਆ ਦੇ ਜਥੇਦਾਰ, ਭਾਈ ਜਸਵਿੰਦਰ ਸਿੰਘ ਜੱਸੀ ਇੰਚਾਰਜ ਬੁੱਢਾ ਦਲ ਅਮਰੀਕਾ, ਬਾਬਾ ਮਨਮੋਹਨ ਸਿੰਘ ਬਾਰਨਵਾਲੇ, ਬਾਬਾ ਜੋਗਾ ਸਿੰਘ ਕਰਨਾਲ, ਭਾਈ ਰਣਜੋਧ ਸਿੰਘ, ਭਾਈ ਗੁਰਮੁੱਖ ਸਿੰਘ, ਭਾਈ ਹਰਪ੍ਰੀਤ ਸਿੰਘ ਹੈਪੀ, ਭਾਈ ਵਿਸਵਪ੍ਰਤਾਪ ਸਿੰਘ ਸਮਾਣਾ, ਬਾਬਾ ਜੱਗਾ ਸਿੰਘ ਹਨੂੰਮਾਨਗੜ੍ਹ, ਬਾਬਾ ਕਰਮ ਸਿੰਘ ਜੀਰਕਪੁਰ, ਭਾਈ ਸੁਖਵਿੰਦਰ ਸਿੰਘ ਮੌਰ ਸਟੇਜ ਸਕੱਤਰ, ਭਾਈ ਇੰਦਰਜੀਤ ਸਿੰਘ ਰਿੱਕੀ, ਭਾਈ ਰਣਜੋਤ ਸਿੰਘ, ਭਾਈ ਮਨੋਜ ਸਿੰਘ, ਭਾਈ ਸੁਖਦੇਵ ਸਿੰਘ, ਬਾਬਾ ਜੀਤ ਸਿੰਘ ਮਾਨਸਾ, ਭਾਈ ਪ੍ਰੇਮ ਸਿੰਘ ਵਾਹਿਗੁਰੂ, ਭਾਈ ਸ਼ੇਰ ਸਿੰਘ ਸਿਵੀਆ, ਭਾਈ ਸਤਨਾਮ ਸਿੰਘ ਮਠਿਆਈਸਰ, ਭਾਈ ਸ਼ੇਰ ਸਿੰਘ ਬੱਗਸਰ, ਭਾਈ ਸਰਵਣ ਸਿੰਘ ਮਝੈਲ, ਭਾਈ ਲਖਬੀਰ ਸਿੰਘ ਕੋਟਕਪੁਰਾ, ਬਾਬਾ ਬੂਟਾ ਸਿੰਘ ਲੰਬਵਾਲੀ, ਭਾਈ ਜਗਤਾਰ ਸਿੰਘ ਅਕਬਰਪੁਰ ਖੁਡਾਲ, ਭਾਈ ਕੁਲਵਿੰਦਰ ਸਿੰਘ ਸੰਗਤਸਰ ਆਦਿ ਨਿਹੰਗ ਸਿੰਘ ਮੌਜੂਦ ਸਨ।



ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਬਾਬਾ ਕੁਲਵੰਤ ਸਿੰਘ ਅਤੇ ਲੰਗਰ ਸਾਹਿਬ ਬਾਬਾ ਨਿਧਾਨ ਸਿੰਘ ਦੇ ਕਾਰਸੇਵਕ ਬਾਬਾ ਬਲਵਿੰਦਰ ਸਿੰਘ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੂੰ ਸਨਮਾਨਤ ਕਰਦੇ ਹੋਏ।

# 28-29 ਨਵੰਬਰ ਦੇ ਵਿਧਾਨ ਸਭਾ ਸੈਸ਼ਨ ਸੱਦਣ ਦੀ ਰਾਜਪਾਲ ਨੇ ਦਿੱਤੀ ਮਨਜ਼ੂਰੀ

ਚੰਡੀਗੜ੍ਹ : ਪੰਜਾਬ ਦੇ ਰਾਜਪਾਲ ਬਨਵਾਰੀਲਾਲ ਪੁਰੋਹਿਤ ਨੇ ਬੁੱਧਵਾਰ ਨੂੰ ਇਕ ਬਿਆਨ ਜਾਰੀ ਕਰਕੇ 28 ਨਵੰਬਰ ਤੋਂ ਰਾਜ ਵਿਧਾਨ ਸਭਾ ਦਾ ਦੋ ਦਿਨਾ ਸੈਸ਼ਨ ਬੁਲਾਇਆ ਹੈ। ਪੰਜਾਬ ਵਿਧਾਨ ਸਭਾ ਸਕੱਤਰੇਤ ਵੱਲੋਂ ਜਾਰੀ ਬਿਆਨ ਅਨੁਸਾਰ ਰਾਜਪਾਲ ਨੇ 16ਵੀਂ ਪੰਜਾਬ ਵਿਧਾਨ ਸਭਾ ਦਾ ਪੰਜਵਾਂ ਸੈਸ਼ਨ 28 ਨਵੰਬਰ ਨੂੰ ਦੁਪਹਿਰ 2 ਵਜੇ ਸੱਦਿਆ ਹੈ। ਮੰਤਰੀ ਮੰਡਲ ਨੇ ਸੋਮਵਾਰ ਨੂੰ 28 ਅਤੇ 29 ਨਵੰਬਰ ਨੂੰ ਦੋ ਦਿਨਾ ਵਿਧਾਨ ਸਭਾ ਸੈਸ਼ਨ ਬੁਲਾਉਣ ਦੀ ਮਨਜ਼ੂਰੀ ਦਿੱਤੀ।

**ਪੇਸ਼ ਹੋਣਗੇ 3 ਮਨੀ ਬਿੱਲ :** ਆਉਣ ਵਾਲੇ ਸੈਸ਼ਨ ਵਿਚ ਤਿੰਨ ਮਨੀ ਬਿੱਲ ਪੇਸ਼ ਕੀਤੇ ਜਾਣਗੇ- ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਸੋਧ) ਬਿੱਲ, 2023, ਪੰਜਾਬ ਗੁਡਜ਼ ਐਂਡ ਸਰਵਿਸਿਜ਼ ਟੈਕਸ (ਸੋਧ) ਬਿੱਲ, 2023 ਅਤੇ ਭਾਰਤੀ ਸਟੈਂਪ (ਪੰਜਾਬ ਸੋਧ) ਬਿੱਲ, 2023। ਪੰਜਾਬ ਵਿਧਾਨ ਸਭਾ ਸਕੱਤਰੇਤ ਨੇ 15 ਨਵੰਬਰ ਨੂੰ ਰਾਜਪਾਲ ਬਨਵਾਰੀਲਾਲ ਪੁਰੋਹਿਤ ਨੂੰ ਪੱਤਰ ਲਿਖ ਕੇ ਮਾਰਚ ਵਿਚ ਹੋਣ ਵਾਲੇ ਬਜਟ ਸੈਸ਼ਨ ਨੂੰ ਖ਼ਤਮ ਕਰਨ ਦੀ ਬੇਨਤੀ ਕੀਤੀ ਸੀ।



# ਵਿਦੇਸ਼ ਰਾਜ ਮੰਤਰੀ ਮੁਰਲੀਧਰਨ ਦਾ ਤਨਜ਼ਾਨੀਆ ਦੌਰਾ ਸਮਾਪਤ, ਗੁਰਦੁਆਰੇ 'ਚ ਵੀ ਮੱਥਾ ਟੇਕਿਆ



ਨਵੀਂ ਦਿੱਲੀ : ਵਿਦੇਸ਼ ਰਾਜ ਮੰਤਰੀ ਵੀ. ਮੁਰਲੀਧਰਨ ਨੇ 20 ਤੋਂ 21 ਨਵੰਬਰ ਤੱਕ ਸੰਯੁਕਤ ਗਣਰਾਜ ਤਨਜ਼ਾਨੀਆ ਦਾ ਸਫਲ ਦੌਰਾ ਕੀਤਾ। ਵਿਦੇਸ਼ ਮੰਤਰਾਲੇ ਦੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਆਪਣੀ ਫੇਰੀ ਦੌਰਾਨ ਰਾਜ ਮੰਤਰੀ ਨੇ ਜ਼ੰਜ਼ੀਬਾਰ ਦੇ ਰਾਸ਼ਟਰਪਤੀ ਹੁਸੈਨ ਅਲੀ ਮਵੀਨੀ ਨਾਲ ਮੁਲਾਕਾਤ ਕੀਤੀ। ਰਾਜ ਮੰਤਰੀ ਨੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਆਈਆਈਟੀ ਮਦਰਾਸ ਜ਼ੰਜ਼ੀਬਾਰ ਕੈਂਪਸ ਲਈ ਉਨ੍ਹਾਂ ਦੀ ਸਰਪ੍ਰਸਤੀ ਲਈ ਰਾਸ਼ਟਰਪਤੀ ਦੇ ਨਿਰੰਤਰ ਸਮਰਥਨ ਲਈ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ। ਇਸ ਤੋਂ ਇਲਾਵਾ ਭਾਰਤੀ ਮੰਤਰੀ ਨੇ ਕਈ ਮੰਤਰੀਆਂ ਤੇ ਵਫ਼ਦਾਂ ਨਾਲ ਮੁਲਾਕਾਤ ਕੀਤੀ। ਇਸ ਤੋਂ ਪਹਿਲਾ ਸ੍ਰੀ ਮੁਰਲੀਧਰਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਰ ਏਸ-ਸਲਾਮ ਵਿਖੇ ਗਏ ਤੇ ਗੁਰਦੁਆਰੇ 'ਚ ਮੱਥਾ ਟੇਕਿਆ। ਉਨ੍ਹਾਂ ਦਾਰ ਏਸ-ਸਲਾਮ ਵਿੱਚ ਰਾਸ਼ਟਰਮੰਡਲ ਜੰਗੀ ਯਾਦਗਾਰ ਦਾ ਦੌਰਾ ਕੀਤਾ ਅਤੇ ਉਨ੍ਹਾਂ ਭਾਰਤੀ ਫ਼ੌਜੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ, ਜਿਨ੍ਹਾਂ ਨੇ ਪਹਿਲੇ ਵਿਸ਼ਵ ਯੁੱਧ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ।

# 9ਵੀਂ ਵਾਰ ਜੇਲ ਤੋਂ ਬਾਹਰ ਆਏਗਾ ਸੌਦਾ ਸਾਧ; ਰਾਜਸਥਾਨ ਚੋਣਾਂ ਤੋਂ ਪਹਿਲਾਂ ਮਿਲੀ ਫਰਲੋ

## 56 ਸਾਲਾ ਸੌਦਾ ਸਾਧ ਜੇਲ ਤੋਂ ਬਾਹਰ ਆ ਕੇ 5ਵੀਂ ਵਾਰ ਉੱਤਰ ਪ੍ਰਦੇਸ਼ ਦੇ ਬਰਨਾਵਾ ਆਸ਼ਰਮ ਵਿਚ ਰਹੇਗਾ

ਨਵੀਂ ਦਿੱਲੀ : ਰੋਹਤਕ ਦੀ ਸੁਨਾਰੀਆ ਜੇਲ ਵਿਚ ਕਤਲ ਅਤੇ ਬਲਾਤਕਾਰ ਦੇ ਮਾਮਲਿਆਂ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸੌਦਾ ਸਾਧ ਨੂੰ 21 ਦਿਨਾਂ ਦੀ ਫਰਲੋ ਮਿਲ ਗਈ ਹੈ। 56 ਸਾਲਾ ਸੌਦਾ ਸਾਧ ਜੇਲ ਤੋਂ ਬਾਹਰ ਆ ਕੇ 5ਵੀਂ ਵਾਰ ਉੱਤਰ ਪ੍ਰਦੇਸ਼ ਦੇ ਬਰਨਾਵਾ ਆਸ਼ਰਮ ਵਿਚ ਰਹੇਗਾ।
ਰੋਹਤਕ ਪ੍ਰਸ਼ਾਸਨ ਨੇ ਬਾਗਪਤ ਪ੍ਰਸ਼ਾਸਨ ਤੋਂ ਡੇਰਾ ਮੁਖੀ ਦੇ ਬਰਨਾਵਾ ਆਸ਼ਰਮ 'ਚ ਬਿਤਾਏ ਸਮੇਂ ਦੌਰਾਨ ਉਸ ਦੇ ਆਚਰਣ ਦੀ ਰਿਪੋਰਟ ਮੰਗੀ ਸੀ। ਡੇਰੇ ਦੇ ਬੁਲਾਰੇ ਜਤਿੰਦਰ ਖੁਰਾਣਾ ਨੇ ਕਿਹਾ ਕਿ ਫਰਲੋ ਬਾਰੇ ਅਜੇ ਕੋਈ ਅਧਿਕਾਰਤ ਜਾਣਕਾਰੀ ਨਹੀਂ ਹੈ। ਇਸ ਦੇ ਨਾਲ ਹੀ ਡੇਰਾ ਮੁਖੀ ਦੀ ਫਰਲੋ ਨੂੰ ਲੈ ਕੇ ਰਾਜਸਥਾਨ ਚੋਣ ਕਨੈਕਸ਼ਨ ਵੀ ਸਾਹਮਣੇ ਆ ਰਿਹਾ ਹੈ। ਸੌਦਾ ਸਾਧ ਸ਼੍ਰੀ ਗੰਗਾਨਗਰ ਦੇ ਗੁਰੂਸਰ ਮੋਡੀਆ ਦਾ ਰਹਿਣ ਵਾਲਾ ਹੈ। ਉਸ ਦਾ ਹਰਿਆਣਾ ਨਾਲ ਲੱਗਦੇ ਸ੍ਰੀਗੰਗਾਨਗਰ, ਹਨੂੰਮਾਨਗੜ੍ਹ, ਚੁਰੂ ਅਤੇ ਹੋਰ ਕਈ ਜ਼ਿਲ੍ਹਿਆਂ ਵਿਚ ਕਾਫੀ ਦਬਦਬਾ ਹੈ। ਰਾਜਸਥਾਨ 'ਚ 25 ਨਵੰਬਰ ਨੂੰ ਵੋਟਿੰਗ ਹੈ। ਇਸ ਤੋਂ 5 ਦਿਨ ਪਹਿਲਾਂ ਡੇਰਾ ਮੁਖੀ ਨੂੰ ਪੈਰੋਲ ਮਿਲੀ ਹੈ। ਪੰਜਾਬ ਵਿਧਾਨ ਸਭਾ ਚੋਣਾਂ, ਆਦਮਪੁਰ ਅਤੇ ਏਲਨਾਬਾਦ ਜ਼ਿਮਨੀ ਚੋਣਾਂ ਤੋਂ ਪਹਿਲਾਂ ਵੀ ਸੌਦਾ ਸਾਧ ਨੂੰ ਪੈਰੋਲ ਦਿਤੀ ਗਈ ਸੀ। ਸੌਦਾ ਸਾਧ ਕਰੀਬ 37 ਮਹੀਨਿਆਂ 'ਚ 9ਵੀਂ ਵਾਰ ਜੇਲ ਤੋਂ ਬਾਹਰ ਆਵੇਗਾ।



ਹੁਣ ਤਕ ਕਿੰਨੀ ਵਾਰ ਜੇਲ ਤੋਂ ਬਾਅਦ ਆਇਆ ਸੌਦਾ ਸਾਧ

-24 ਅਕਤੂਬਰ 2020 ਨੂੰ 24 ਘੰਟਿਆਂ ਲਈ ਗੁਪਤ ਪੈਰੋਲ ਮਿਲੀ
- ਬੀਮਾਰ ਮਾਂ ਨੂੰ ਮਿਲਣ ਲਈ 21 ਮਈ 2021 ਨੂੰ ਪੈਰੋਲ ਮਿਲੀ
-ਸਾਲ 2022 ਵਿਚ 7 ਫਰਵਰੀ ਨੂੰ 21 ਦਿਨਾਂ ਦੀ ਫਰਲੋ
-17 ਜੂਨ ਨੂੰ 30 ਦਿਨਾਂ ਲਈ ਪੈਰੋਲ ਮਿਲੀ
-15 ਅਕਤੂਬਰ ਨੂੰ 40 ਦਿਨਾਂ ਲਈ ਪੈਰੋਲ ਮਿਲੀ
-21 ਜਨਵਰੀ 2023 ਨੂੰ 40 ਦਿਨਾਂ ਦੀ ਪੈਰੋਲ ਮਿਲੀ
-20 ਜੁਲਾਈ ਨੂੰ 30 ਦਿਨਾਂ ਲਈ ਪੈਰੋਲ ਮਿਲੀ
-15 ਅਗਸਤ ਨੂੰ ਅਪਣੇ ਜਨਮ ਦਿਨ ਲਈ ਪੈਰੋਲ

# ਜ਼ੀਰਕਪੁਰ ਵਿੱਚ ਲਾਰੈਂਸ ਬਿਸ਼ਨੋਈ ਗਰੋਹ ਦੇ ਤਿੰਨ ਮੈਂਬਰ ਗ੍ਰਿਫ਼ਤਾਰ



ਜ਼ੀਰਕਪੁਰ : ਪੁਲੀਸ ਨੇ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਗਰੋਹ ਦੇ ਪਹਿਲਾਂ ਫੜੇ ਦੋ ਮੈਂਬਰਾਂ ਨੂੰ ਹਥਿਆਰ ਅਤੇ ਰਸਦ ਮੁਹੱਈਆ ਕਰਵਾਉਣ ਵਾਲੇ ਤਿੰਨ ਗੈਂਗਸਟਰ ਕਾਬੂ ਕੀਤੇ ਹਨ। ਇਸ ਗਰੋਹ ਦੇ ਹੁਣ ਤੱਕ ਪੰਜ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਗ੍ਰਿਫ਼ਤਾਰ ਕੀਤੇ ਤਿੰਨੋਂ ਗੈਂਗਸਟਰਾਂ ਦੀ ਪਛਾਣ ਅਭਿਸ਼ੇਕ ਰਾਣਾ ਵਾਸੀ ਸਹਾਰਨਪੁਰ, ਅੰਕਿਤ ਕੁਮਾਰ ਵਾਸੀ ਮੁਹਾਲੀ ਤੇ ਪ੍ਰਵੀਨ ਕੁਮਾਰ ਵਾਸੀ ਲਾਲੜੂ ਵਜੋਂ ਹੋਈ ਹੈ। ਪੁਲੀਸ ਨੇ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਤਿੰਨ ਦਿਨ ਦਾ ਪੁਲੀਸ ਰਿਮਾਂਡ ਹਾਸਲ ਕੀਤਾ ਹੈ। ਜ਼ਿਲ੍ਹਾ ਪੁਲੀਸ ਮੁਖੀ ਮੁਹਾਲੀ ਡਾ. ਸੰਦੀਪ ਗਰਗ ਨੇ ਦੱਸਿਆ ਕਿ ਡੀਐੱਸਪੀ ਜ਼ੀਰਕਪੁਰ ਬਿਕਰਮਜੀਤ ਸਿੰਘ ਬਰਾੜ ਦੀ ਅਗਵਾਈ ਹੇਠ ਥਾਣਾ ਜ਼ੀਰਕਪੁਰ ਮੁਖੀ ਇੰਸਪੈਕਟਰ ਸਿਮਰਨਜੀਤ ਸਿੰਘ ਸ਼ੇਰਗਿੱਲ ਨੇ 6 ਨਵੰਬਰ ਨੂੰ ਵੀਆਈਪੀ ਰੋਡ 'ਤੇ ਪੁਲੀਸ ਮੁਕਾਬਲੇ ਦੌਰਾਨ ਗੈਂਗਸਟਰ ਮਨਜੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ ਜਿਸ ਦਾ ਸਾਥੀ ਗੁਰਪਾਲ ਸਿੰਘ ਮੌਕੇ ਤੋਂ ਫ਼ਰਾਰ ਹੋ ਗਿਆ ਸੀ। ਉਸ ਨੂੰ ਪੁਲੀਸ ਨੇ 16 ਨਵੰਬਰ ਨੂੰ ਯੂਪੀ ਤੋਂ ਗ੍ਰਿਫ਼ਤਾਰ ਕਰ ਲਿਆ ਸੀ। ਦੋਵਾਂ ਗੈਂਗਸਟਰਾਂ ਦੀ ਨਿਸ਼ਾਨਦੇਹੀ 'ਤੇ ਪੁਲੀਸ ਨੇ ਹੁਣ ਤਿੰਨੇ ਗੈਂਗਸਟਰਾਂ ਨੂੰ ਵੱਖ-ਵੱਖ ਥਾਵਾਂ ਤੋਂ ਤਿੰਨ ਪਿਸਤੌਲਾਂ ਨਾਲ ਗ੍ਰਿਫ਼ਤਾਰ ਕੀਤਾ ਹੈ। ਐੱਸਐੱਸਪੀ ਡਾ. ਗਰਗ ਨੇ ਦੱਸਿਆ ਕਿ ਗੈਂਗਸਟਰ ਅਭਿਸ਼ੇਕ ਰਾਣਾ ਨੇ ਵੀ.ਆਈ.ਪੀ. ਰੋਡ 'ਤੇ ਪੁਲੀਸ ਮੁਕਾਬਲੇ ਦੌਰਾਨ ਫ਼ਰਾਰ ਹੋਏ ਸ਼ੂਟਰ ਗੁਰਪਾਲ ਸਿੰਘ ਨੂੰ ਯੂਪੀ ਦੇ ਰਣਖੰਡੀ ਪਿੰਡ ਵਿੱਚ ਗੈਂਗਸਟਰ ਸਾਬਾ ਅਮਰੀਕਾ ਦੇ ਇਸ਼ਾਰੇ 'ਤੇ ਲੁਕਣ ਲਈ ਥਾਂ ਮੁਹੱਈਆ ਕਰਵਾਈ ਸੀ। ਇਸੇ ਤਰ੍ਹਾਂ ਗੈਂਗਸਟਰ ਅੰਕਿਤ ਕੁਮਾਰ ਨੇ ਲੰਘੇ ਅੱਠ ਮਹੀਨੇ ਵਿੱਚ ਹਥਿਆਰਾਂ ਦੀ ਦੋ ਵੱਡੀਆਂ ਖੇਪਾਂ ਖਰੀਦਿਆਂ ਸਨ ਜਿਸ 'ਚੋਂ ਪਹਿਲੀ ਖੇਪ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿੱਚ ਸ਼ਾਮਲ ਭਗੌੜੇ ਗੈਂਗਸਟਰ ਜੋਗਾ ਨੂੰ ਸੌਂਪੀ ਸੀ।

# 'ਆਪ' ਨੇ ਪੰਜਾਬ 'ਚ ਚੋਣਾਂ ਦੀਆਂ ਤਿਆਰੀਆਂ ਵਿੱਢੀਆਂ

## ਕੇਜਰੀਵਾਲ ਦੀ ਫੇਰੀ ਨਾਲ ਭਖਿਆ ਸਿਆਸੀ ਮਾਹੌਲ; ਲੋਕ ਸਭਾ ਚੋਣਾਂ ਤੋਂ ਪਹਿਲਾਂ ਹਰੇਕ ਹਲਕੇ ਵਿੱਚ ਵੱਡੀ ਰੈਲੀ ਕਰਨ ਦੀ ਯੋਜਨਾ

ਚੰਡੀਗੜ੍ਹ : ਆਮ ਆਦਮੀ ਪਾਰਟੀ ਨੇ ਲੋਕ ਸਭਾ ਚੋਣਾਂ ਅਤੇ ਨਗਰ ਕੌਂਸਲ ਚੋਣਾਂ ਨੇੜੇ ਆਉਣ ਕਰਕੇ 'ਆਪ' ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਫੇਰੀ ਨਾਲ ਪੰਜਾਬ ਵਿੱਚ ਚੋਣਾਂ ਦੀਆਂ ਤਿਆਰੀਆਂ ਵਿੱਢ ਦਿੱਤੀਆਂ ਹਨ। ਕੇਜਰੀਵਾਲ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬੇ ਦੇ ਹਰੇਕ ਲੋਕ ਸਭਾ ਹਲਕੇ ਵਿੱਚ ਇਕ ਵੱਡੀ ਰੈਲੀ ਕਰਨ ਦੀ ਯੋਜਨਾ ਤਿਆਰ ਕੀਤੀ ਗਈ ਹੈ, ਜਿਸ ਵਿੱਚ ਸੂਬੇ ਦੇ ਵਿਕਾਸ ਨਾਲ ਸਬੰਧਤ ਸੈਂਕੜੇ ਕਰੋੜ ਰੁਪਏ ਦੇ ਵਿਕਾਸ ਕਾਰਜਾਂ ਨੂੰ ਹਰੀ ਝੰਡੀ ਦਿੱਤੀ ਜਾ ਰਹੀ ਹੈ। 'ਆਪ' ਵੱਲੋਂ ਅੰਮ੍ਰਿਤਸਰ, ਪਟਿਆਲਾ ਅਤੇ ਹੁਸ਼ਿਆਰਪੁਰ 'ਚ ਰੈਲੀ ਕਰਨ ਤੋਂ ਬਾਅਦ ਨਵੰਬਰ ਦੇ ਅਖੀਰਲੇ ਹਫ਼ਤੇ 'ਚ ਗੁਰਦਾਸਪੁਰ ਵਿਖੇ ਇਕ ਹੋਰ ਰੈਲੀ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਉੱਥੇ ਵੀ ਅਰਵਿੰਦ ਕੇਜਰੀਵਾਲ, ਭਗਵੰਤ ਮਾਨ ਸਣੇ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਮੌਜੂਦ ਰਹੇਗੀ। 'ਆਪ' ਵੱਲੋਂ ਪੰਜਾਬ ਸਰਕਾਰ ਦੇ ਡੇਢ ਸਾਲ ਦੇ ਕਾਰਜਕਾਲ ਦੌਰਾਨ ਕੀਤੇ ਕੰਮਾਂ ਨੂੰ ਲੋਕਾਂ ਵਿੱਚ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਜਾ ਰਿਹਾ ਹੈ। ਇਸ ਦੌਰਾਨ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ ਦੇ ਵਧੀਆ ਨਤੀਜੇ ਸਾਹਮਣੇ ਆਏ ਹਨ। ਨੌਜਵਾਨਾਂ ਨੂੰ ਨਵੀਆਂ ਨੌਕਰੀਆਂ ਦੇਣ ਦੇ ਯਤਨਾਂ ਅਤੇ ਹਰ ਮਹੀਨੇ 300 ਬਿਜਲੀ ਯੂਨਿਟ ਮੁਫ਼ਤ ਦੇਣ ਦੀ ਸੂਬੇ ਵਿੱਚ ਸ਼ਲਾਘਾ ਹੋ ਰਹੀ ਹੈ। ਆਮ ਆਦਮੀ ਕਲੀਨਿਕਾਂ ਵਿੱਚ ਵੀ



ਲੱਖਾਂ ਲੋਕ ਇਲਾਜ ਕਰਵਾ ਚੁੱਕੇ ਹਨ। ਇਸ ਦਾ ਵੀ 'ਆਪ' ਨੂੰ ਲੋਕ ਸਭਾ ਚੋਣਾਂ ਵਿੱਚ ਲਾਹਾ ਮਿਲ ਸਕਦਾ ਹੈ।

'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ 'ਆਪ' ਨੇ ਵਿਧਾਨ ਸਭਾ ਚੋਣਾਂ ਦੌਰਾਨ ਲੋਕਾਂ ਨੂੰ ਜੋ ਗਾਰੰਟੀਆਂ ਦਿੱਤੀਆਂ ਸਨ, ਉਨ੍ਹਾਂ ਵਿੱਚੋਂ ਵਧੇਰੇ ਡੇਢ ਸਾਲ ਵਿੱਚ ਪੂਰੀਆਂ ਕਰ ਦਿੱਤੀਆਂ ਹਨ ਜਦਕਿ ਰਹਿੰਦੀਆਂ ਨੂੰ ਜਲਦ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੁਰਾਣੀਆਂ ਸਰਕਾਰਾਂ ਵੱਲੋਂ ਅਖੀਰਲੇ ਸਾਲ ਵਿੱਚ ਜਾ ਕੇ ਲੋਕਾਂ ਤੋਂ ਵੋਟਾਂ ਲੈਣ ਲਈ ਨੌਕਰੀਆਂ ਦੇਣ ਦੀ ਡਰਾਮੇਬਾਜ਼ੀ ਕੀਤੀ ਜਾਂਦੀ ਸੀ ਪਰ 'ਆਪ' ਸਰਕਾਰ ਨੇ ਪਹਿਲੇ ਦਿਨ ਤੋਂ ਹੀ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਪਟਾਰੀ ਖੋਲ੍ਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਅਤੇ ਸਿਹਤ 'ਚ ਸੁਧਾਰ ਕਰਨ, ਨੌਜਵਾਨਾਂ ਨੂੰ ਰੁਜ਼ਗਾਰ ਦੇਣ ਅਤੇ ਭ੍ਰਿਸ਼ਟਾਚਾਰ ਨੂੰ ਜੜ੍ਹ ਤੋਂ ਖਤਮ ਕਰਨ ਲਈ ਕੰਮ ਕੀਤਾ ਜਾ ਰਿਹਾ ਹੈ। 'ਆਪ' ਸਰਕਾਰ ਵੱਲੋਂ ਇਨ੍ਹਾਂ ਕੰਮਾਂ ਨੂੰ ਪੰਜਾਬ ਦੇ ਘਰ-ਘਰ ਤੱਕ ਪਹੁੰਚਾਇਆ ਜਾਵੇਗਾ ਤਾਂ ਜੋ ਆਗਾਮੀ ਲੋਕ ਸਭਾ ਚੋਣਾਂ 'ਚ ਪੰਜਾਬ ਸਣੇ ਚੰਡੀਗੜ੍ਹ ਵਿੱਚ ਲੋਕ 'ਆਪ' ਉਮੀਦਵਾਰਾਂ ਨੂੰ ਵੱਡੇ ਬਹੁਮਤ ਨਾਲ ਜਿਤਾਉਣ।

# ਭਾਰਤ ਨੇ ਕੈਨੇਡੀਅਨ ਨਾਗਰਿਕਾਂ ਲਈ ਈ-ਵੀਜ਼ਾ ਸੇਵਾ ਬਹਾਲ ਕੀਤੀ



ਵੈਨਕੂਵਰ : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸੰਸਦ ਵਿਚ ਭਾਰਤੀ ਮੂਲ ਦੇ ਵਿਅਕਤੀ ਦੇ ਕਤਲ ਵਿੱਚ ਭਾਰਤੀ ਖ਼ੁਫੀਆ ਏਜੰਸੀ ਦੀ ਸ਼ਮੂਲੀਅਤ ਦੇ ਦੋਸ਼ਾਂ ਦੇ ਸਬੂਤ ਹੋਣ ਦੇ ਦੋਸ਼ ਤੋਂ ਬਾਅਦ ਦੁਵੱਲੇ ਸਬੰਧਾਂ 'ਚ ਆਈ ਖਟਾਸ ਕਾਰਨ ਭਾਰਤ ਵਲੋਂ ਬੰਦ ਕੀਤੀਆਂ ਈ-ਵੀਜ਼ਾ ਸੇਵਾ ਅੱਜ ਤੋਂ ਬਹਾਲ ਕਰ ਦਿੱਤੀ ਗਈ ਹੈ। ਉੱਧਰ ਭਾਰਤ ਦੀ ਮੇਜ਼ਬਾਨੀ ਹੇਠ ਜੀ-20 ਦੇਸ਼ਾਂ ਦੇ ਡਿਜੀਟਲ ਸੰਮੇਲਨ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਵਲੋਂ ਸ਼ਮੂਲੀਅਤ ਦੀ ਗੱਲ ਤੋਂ ਬਾਅਦ ਰਾਜਨੀਤਿਕ ਲੋਕਾਂ ਨੇ ਦੁਵੱਲੀ ਖਟਾਸ ਘਟਾਉਣ ਵੱਲ ਪੁੱਟਿਆ ਕਦਮ ਮੰਨਿਆ ਜਾ ਰਿਹਾ ਹੈ। ਸਤੰਬਰ ਦੇ ਆਖਰੀ ਦਿਨਾਂ 'ਚ ਕੈਨੇਡੀਅਨ ਨਾਗਰਿਕਾਂ ਲਈ ਭਾਰਤੀ ਵੀਜ਼ੇ ਬੰਦ ਕਰ ਦਿੱਤੇ ਗਏ ਸਨ। ਪਿਛਲੇ ਮਹੀਨੇ ਕੁਝ ਸ਼ਰਤਾਂ ਅਧੀਨ ਖਾਸ ਵਰਗਾਂ ਲਈ ਵੀਜ਼ਾ ਸੇਵਾਵਾਂ ਚਾਲੂ ਕਰ ਦਿਤੀਆਂ ਗਈਆਂ ਸੀ, ਪਰ ਆਮ ਵਰਤਿਆ ਜਾਣ ਵਾਲਾ ਈ-ਵੀਜ਼ਾ ਬਹਾਲ ਨਹੀਂ ਸੀ ਕੀਤਾ ਗਿਆ, ਜੋ ਅੱਜ ਤੋਂ ਬਹਾਲ ਹੋ ਗਿਆ ਹੈ।

ਦੋਹਾਂ ਦੇਸ਼ਾਂ ਦੀ ਖਟਾਸ ਕਾਰਨ ਭਾਰਤ ਵਲੋਂ ਪਿਛਲੇ ਮਹੀਨੇ ਕੈਨੇਡਾ ਦੇ 41 ਰਾਜਦੂਤਾਂ ਨੂੰ ਚਲੇ ਜਾਣ ਲਈ ਕਹੇ ਜਾਣ ਤੋਂ ਬਾਅਦ ਖਟਾਸ ਵੀ ਵਧੀ ਤੇ ਭਾਰਤ 'ਚੋਂ ਸਟਾਫ ਦੀ ਕਮੀ ਕਾਰਨ ਕੈਨੇਡਾ ਲਈ ਵੀਜ਼ਾ ਸੇਵਾਵਾਂ ਵੀ ਪ੍ਰਭਾਵਤ ਹੋਈਆਂ। ਅਮਰੀਕਾ ਸਮੇਤ ਗਰੁੱਪ 5 ਦੇਸ਼ਾਂ ਵਲੋਂ ਕੈਨੇਡਾ ਵਲੋਂ ਲਾਏ ਦੋਸ਼ਾਂ ਦੀ ਹਮਾਇਤ ਕਰਦਿਆਂ ਭਾਰਤ ਨੂੰ ਹਰਦੀਪ ਸਿੰਘ ਨਿੱਝਰ ਕਤਲ ਕਾਂਡ ਦੀ ਜਾਂਚ ਵਿਚ ਸਹਿਯੋਗ ਕਰਨ ਲਈ ਕਿਹਾ ਜਾਂਦਾ ਰਿਹਾ ਹੈ। ਕੈਨੇਡਾ ਵਸੇ ਭਾਰਤੀਆਂ ਵਲੋਂ ਵੀ ਵੀਜ਼ਾ ਸੇਵਾਵਾਂ ਦੀ ਬਹਾਲੀ ਲਈ ਜ਼ੋਰ ਪਾਇਆ ਜਾਂਦਾ ਰਿਹਾ ਹੈ। ਭਾਰਤ ਵਲੋਂ ਕੈਨੇਡਾ ਸਰਕਾਰ ਨੂੰ ਵੱਖਵਾਦੀਆਂ ਉੱਤੇ ਸ਼ਿਕੰਜਾ ਕਸੇ ਜਾਣ ਲਈ ਵੀ ਕਿਹਾ ਜਾਂਦਾ ਰਿਹਾ ਹੈ, ਜਿਸ ਨੂੰ ਕੈਨੇਡਾ ਸਰਕਾਰ ਵਿਅਕਤੀਗੱਤ ਅਜਾਦੀ ਦੇ ਹੱਕ ਹੇਠ ਨਜ਼ਰ-ਅੰਦਾਜ਼ ਕਰਦੀ ਆ ਰਹੀ ਹੈ। ਭਾਰਤ ਸਰਕਾਰ ਵਲੋਂ ਕੈਨੇਡਾ ਤੋਂ ਸ਼ਮੂਲੀਅਤ ਦੇ ਸਬੂਤ ਮੰਗੇ ਜਾਣ ਅਤੇ ਭਾਰਤੀ ਵਿਦੇਸ਼ ਮੰਤਰੀ ਵਲੋਂ ਦੋ ਵਾਰ ਅਮਰੀਕਨ ਫੇਰੀਆਂ ਦੌਰਾਨ ਦੁਵੱਲੀ ਖਟਾਸ ਘਟਾਉਣ ਦੇ ਯਤਨਾਂ ਵਜੋਂ ਵੇਖਿਆ ਜਾਂਦਾ ਰਿਹਾ ਹੈ। ਸਮੁੱਚੇ ਰੂਪ ਵਿਚ ਈ ਵੀਜ਼ਾ ਸਹੂਲਤ ਦੀ ਬਹਾਲੀ ਦੀ ਪ੍ਰਸੰਸਾ ਕੀਤੀ ਜਾ ਰਹੀ ਹੈ। ਕੁਝ ਲੋਕਾਂ ਨੇ ਦੱਸਿਆ ਕਿ ਈ-ਵੀਜ਼ਾ ਪੋਰਟਲ ਕੰਮ ਕਰਨ ਲੱਗਾ ਹੈ।

# ਆਮ ਆਦਮੀ ਕਲੀਨਿਕਾਂ ਨੂੰ ਮਿਲੀ ਆਲਮੀ ਮਾਨਤਾ, ਨੈਰੋਬੀ 'ਚ ਹੋਏ ਸੰਮੇਲਨ ਦੌਰਾਨ ਪੰਜਾਬ ਨੂੰ ਪਹਿਲਾ ਇਨਾਮ

ਚੰਡੀਗੜ੍ਹ : ਪੰਜਾਬ ਵਿੱਚ ਮੁੱਢਲੇ ਸਿਹਤ ਸੰਭਾਲ ਢਾਂਚੇ ਦੀ ਕਾਇਆ-ਕਲਪ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਉਦੋਂ ਆਲਮੀ ਪੱਧਰ ਉਤੇ ਮਾਨਤਾ ਮਿਲੀ, ਜਦੋਂ ਸੂਬੇ ਦੇ ਆਮ ਆਦਮੀ ਕਲੀਨਿਕਾਂ ਨੇ ਨੈਰੋਬੀ ਵਿੱਚ 14 ਤੋਂ 16 ਨਵੰਬਰ ਤੱਕ ਹੋਏ ਗਲੋਬਲ ਹੈਲਥ ਸਪਲਾਈ ਚੇਨ ਸੰਮੇਲਨ ਵਿੱਚ ਪਹਿਲਾ ਇਨਾਮ ਹਾਸਲ ਕੀਤਾ।

ਇਹ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨੂੰ 'ਦਵਾਈਆਂ ਦੀ ਹਰੇਕ ਵਿਅਕਤੀ ਤੱਕ ਪਹੁੰਚ: ਪੰਜਾਬ ਤੋਂ ਇਕ ਅਧਿਐਨ' ਵਿਸ਼ੇ ਹੇਠਲੇ ਦਸਤਾਵੇਜ਼ ਲਈ ਪਹਿਲਾ ਇਨਾਮ ਮਿਲਿਆ। ਉਨ੍ਹਾਂ ਕਿਹਾ ਕਿ ਇਸ ਕਾਨਫਰੰਸ ਵਿੱਚ 85 ਮੁਲਕਾਂ ਨੇ ਭਾਗ ਲਿਆ ਅਤੇ ਚਾਰ ਦੇਸ਼ਾਂ ਨੇ ਆਪਣੇ ਦਸਤਾਵੇਜ਼ ਦਾਖ਼ਲ ਕੀਤੇ, ਜਿਨ੍ਹਾਂ ਵਿੱਚੋਂ ਪੰਜਾਬ ਸਰਕਾਰ ਦੇ ਦਸਤਾਵੇਜ਼ ਨੂੰ ਅੰਤਮ ਪੇਸ਼ਕਾਰੀ ਲਈ ਚੁਣਿਆ ਗਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਆਮ ਆਦਮੀ ਕਲੀਨਿਕਾਂ ਦੀ ਸਫ਼ਲਤਾ ਦੀ ਕਹਾਣੀ ਦੱਸੀ ਅਤੇ ਦੱਸਿਆ ਕਿ ਕਿਵੇਂ ਪੰਜਾਬ ਸਰਕਾਰ ਨੇ ਮੁੱਢਲੀਆਂ ਸਿਹਤ



ਸੰਭਾਲ ਸਹੂਲਤਾਂ ਵਿੱਚ ਤੇਜ਼ੀ ਨਾਲ ਵਾਧਾ ਕੀਤਾ ਅਤੇ ਮਿਆਰੀ ਸਿਹਤ ਸੰਭਾਲ ਸੇਵਾਵਾਂ ਦਿੱਤੀਆਂ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਜੇਤੂ ਐਂਟਰੀ ਵਿੱਚ ਵਿਗਿਆਨ ਉਤੇ ਜ਼ੋਰ, ਸਮੱਸਿਆਵਾਂ ਦੇ ਹੱਲ ਲਈ ਸੁਪਰ ਪ੍ਰਜ਼ੀਸ਼ਨਿੰਗ, ਹੱਲ ਤੇ ਪ੍ਰਭਾਵ ਦੀ ਸਪੱਸ਼ਟਤਾ, ਨਵੀਨ ਹੱਲ, ਸਿਆਸੀ ਇੱਛਾ ਸ਼ਕਤੀ ਕਿਵੇਂ ਮੁੱਢਲੇ ਸਿਹਤ ਸੰਭਾਲ ਢਾਂਚੇ ਦੀ ਕਾਇਆਕਲਪ ਲਈ ਸਹਾਈ, ਪ੍ਰਾਈਵੇਟ ਖ਼ੇਤਰ ਨਾਲ ਸਹਿਯੋਗ ਤੇ ਸੁਧਾਰਾਂ ਲਈ ਸਪੱਸ਼ਟ ਵਿਆਖਿਆ ਨੂੰ ਦਰਸਾਇਆ ਗਿਆ। ਉਨ੍ਹਾਂ ਕਿਹਾ ਕਿ ਇਸ ਸੰਮੇਲਨ ਦੇ ਭਾਈਵਾਲ ਮੁਲਕਾਂ ਨੇ ਇੱਛਾ ਜਤਾਈ ਕਿ ਉਹ ਪੰਜਾਬ ਆ ਕੇ ਆਮ ਆਦਮੀ ਕਲੀਨਿਕ ਦੇਖਣ ਦੇ ਇੱਛੁਕ ਹਨ ਅਤੇ ਉਹ ਇਹ ਗੱਲ ਸਮਝਣੀ ਚਾਹੁੰਦੇ ਹਨ ਕਿ ਕਿਵੇਂ ਮਰੀਜ਼ਾਂ ਨੂੰ ਬਿਨਾਂ ਕਿਸੇ ਖ਼ਰਚ ਦੇ ਉਨ੍ਹਾਂ ਦੇ ਘਰਾਂ ਦੇ ਨੇੜੇ 84 ਦਵਾਈਆਂ ਤੇ 40 ਕਲੀਨਿਕਲ ਟੈਸਟ ਕੀਤੇ ਜਾਂਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਈਵਾਲ ਮੁਲਕ ਇਸ ਗੱਲੋਂ ਵੀ ਹੈਰਾਨ ਸਨ ਕਿ ਸਾਰੇ ਆਮ ਆਦਮੀ ਕਲੀਨਿਕ ਆਈ.ਟੀ. ਨਾਲ ਲੈਸ ਹਨ ਅਤੇ ਰਜਿਸਟਰੇਸ਼ਨ, ਡਾਕਟਰ ਦੀ ਸਲਾਹ, ਟੈਸਟ ਤੇ ਦਵਾਈਆਂ ਪੂਰੀ ਤਰ੍ਹਾਂ ਡਿਜੀਟਾਈਜ਼ਡ ਹਨ। ਸੂਬੇ ਦੇ ਲੋਕਾਂ ਨੂੰ ਮੁਬਾਰਕਬਾਦ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਮਾਨਤਾ ਨੇ ਸੂਬੇ ਦੇ ਲੋਕਾਂ ਦੀ ਹੋਰ ਸਮਰਪਣ ਨਾਲ ਸੇਵਾ ਕਰਨ ਦਾ ਜਜ਼ਬਾ ਭਰਿਆ ਹੈ।

# ਸਿੱਖ ਨਸਲਕੁਸ਼ੀ ਮਾਮਲੇ 'ਚ ਜਗਦੀਸ਼ ਟਾਈਟਲਰ 'ਤੇ ਦੋਸ਼ ਆਇਦ ਕਰਨ ਦੀ ਸੁਣਵਾਈ 18 ਦਸੰਬਰ ਤੱਕ ਮੁਲਤਵੀ

ਨਵੀਂ ਦਿੱਲੀ : 1984 ਦੇ ਪੁਲਬੰਗਸ਼ ਵਿਚ ਸਿੱਖਾਂ ਦੇ ਕਤਲ ਕੇਸ ਵਿਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕਰਨ ਦੀ ਸੁਣਵਾਈ ਮੰਗਲਵਾਰ ਨੂੰ ਮੁਲਤਵੀ ਕਰ ਦਿੱਤੀ ਗਈ। ਟਾਈਟਲਰ ਦੇ ਵਕੀਲ ਮਨੂ ਸ਼ਰਮਾ ਨੇ ਸੁਣਵਾਈ ਮੁਲਤਵੀ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਜਾਂਚ ਏਜੰਸੀ ਨੇ ਅਜੇ ਤੱਕ ਉਨ੍ਹਾਂ ਨੂੰ ਸਾਰੇ ਪ੍ਰਮਾਣਿਤ ਦਸਤਾਵੇਜ਼ਾਂ ਦੀਆਂ ਕਾਪੀਆਂ ਮੁਹੱਈਆ ਨਹੀਂ ਕਰਵਾਈਆਂ ਹਨ। ਇਸ ਤੋਂ ਬਾਅਦ ਅਦਾਲਤ ਨੇ ਮਾਮਲੇ ਦੀ ਸੁਣਵਾਈ 18 ਦਸੰਬਰ ਤੱਕ ਮੁਲਤਵੀ ਕਰ ਦਿੱਤੀ ਹੈ। ਟਾਈਟਲਰ ਦੇ ਵਕੀਲ ਵੱਲੋਂ ਦਸਤਾਵੇਜ਼ ਮਿਲਣ ਤੋਂ ਬਾਅਦ ਅਦਾਲਤ 18 ਦਸੰਬਰ ਨੂੰ ਦੋਸ਼ ਤੈਅ ਕਰਨ ਦੀ ਸੁਣਵਾਈ ਕਰ ਸਕਦੀ ਹੈ। ਦੱਸ ਦਈਏ ਕਿ ਇਸ ਤੋਂ ਪਹਿਲਾਂ 5 ਅਗਸਤ ਨੂੰ ਸੈਸ਼ਨ ਕੋਰਟ ਨੇ ਟਾਈਟਲਰ ਨੂੰ ਅਗਾਊਂ ਜ਼ਮਾਨਤ ਦਿੱਤੀ ਸੀ। ਟਾਈਟਲਰ ਨੂੰ ਦਿੱਤੀ ਗਈ ਜ਼ਮਾਨਤ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਰੋਧ ਕੀਤਾ ਸੀ, ਜੋ ਦੰਗਾ ਪੀੜਤਾਂ ਦਾ ਕੇਸ ਲੜ ਰਹੀ ਹੈ। ਡੀਐਸਜੀਐਮਸੀ ਦੇ ਬੈਨਰ ਹੇਠ



ਦੰਗਾ ਪੀੜਤ ਪਰਿਵਾਰਾਂ ਨੇ ਟਾਈਟਲਰ ਦੀ ਪੇਸ਼ੀ ਮੌਕੇ ਰਾਊਜ਼ ਐਵੇਨਿਊ ਅਦਾਲਤ ਦੇ ਬਾਹਰ ਜ਼ੋਰਦਾਰ ਪ੍ਰਦਰਸ਼ਨ ਕੀਤਾ।

ਪੀੜਤ ਪਰਿਵਾਰ ਦਾ ਕਹਿਣਾ ਹੈ, 'ਅਸੀਂ ਅਦਾਲਤ ਦਾ ਸਤਿਕਾਰ ਕਰਦੇ ਹਾਂ, ਪਰ ਇਸ ਮਾਮਲੇ 'ਚ ਟਾਈਟਲ ਨੂੰ ਜ਼ਮਾਨਤ ਦੇਣਾ ਉਚਿਤ ਨਹੀਂ ਹੈ। ਅਸੀਂ ਇਸ ਦੇ ਖਿਲਾਫ਼ ਹਾਈਕੋਰਟ 'ਚ ਅਪੀਲ ਕਰਾਂਗੇ। ਅਸੀਂ 39 ਸਾਲਾਂ ਤੋਂ ਇਨਸਾਫ਼ ਲਈ ਇਹ ਲੜਾਈ ਲੜ ਰਹੇ ਹਾਂ। ਵੱਡਾ ਜੁਰਮ ਹੋਇਆ ਹੈ। ਹੁਣ ਸਾਨੂੰ ਇਨਸਾਫ਼ ਚਾਹੀਦਾ ਹੈ।'

# ਜਗਤਾਰ ਸਿੰਘ ਹਵਾਰਾ ਚੰਡੀਗੜ੍ਹ ਦੀ ਅਦਾਲਤ ਵੱਲੋਂ ਬਰੀ



ਚੰਡੀਗੜ੍ਹ : ਚੰਡੀਗੜ੍ਹ ਦੀ ਅਦਾਲਤ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤੇ ਜਗਤਾਰ ਸਿੰਘ ਹਵਾਰਾ ਨੂੰ ਬਰੀ ਕਰ ਦਿੱਤਾ ਹੈ। ਹਵਾਰਾ ਨੂੰ ਇਹ ਰਾਹਤ ਆਰ. ਡੀ. ਐੱਕਸ. ਨਾਲ ਸਬੰਧਤ ਮਾਮਲੇ ਵਿੱਚ ਮਿਲੀ ਹੈ। ਚੰਡੀਗੜ੍ਹ ਪੁਲਸ ਆਰ. ਡੀ. ਐੱਕਸ. ਮਾਮਲੇ ਵਿੱਚ ਜਗਤਾਰ ਸਿੰਘ ਹਵਾਰਾ ਖ਼ਿਲਾਫ਼ ਅਦਾਲਤ ਵਿੱਚ ਸਬੂਤ ਪੇਸ਼ ਨਹੀਂ ਕਰ ਸਕੀ। ਦਰਅਸਲ ਜਗਤਾਰ ਸਿੰਘ ਹਵਾਰਾ ਨੇ ਆਪਣੇ ਸਾਥੀਆਂ ਨੂੰ ਇਹ ਧਮਾਕਾ ਕਰਨ ਲਈ ਕਿਹਾ ਸੀ। ਉਸ ਨੇ ਆਪਣੇ ਸਾਥੀ ਕਮਲਜੀਤ ਸਿੰਘ ਅਤੇ ਪਰਮਜੀਤ ਸਿੰਘ ਨੂੰ ਆਰ. ਡੀ. ਐੱਕਸ. ਉਪਲੱਬਧ ਕਰਵਾਇਆ ਸੀ। ਇਸ ਮਾਮਲੇ ਵਿਚ ਕਾਫ਼ੀ ਦਿਨਾਂ ਤੋਂ ਪੁਲਿਸ ਦਾ ਗਵਾਹ ਆਪਣੀ ਗਵਾਹੀ ਲਈ ਨਹੀਂ ਆ ਰਿਹਾ ਸੀ। ਹੁਣ ਪੁਲਸ ਵਿਚ ਅਦਾਲਤ ਨੇ ਉਸ ਦੀ ਮੌਤ ਦੀ ਸੂਚਨਾ ਦਿੱਤੀ ਹੈ। ਇਸ ਕਾਰਨ ਅਦਾਲਤ ਵਿਚ ਸਬੂਤਾਂ ਦੀ ਕਮੀ ਕਾਰਨ ਜਗਤਾਰ ਸਿੰਘ ਹਵਾਰਾ ਨੂੰ ਬਰੀ ਕਰ ਦਿੱਤਾ ਹੈ। ਹਵਾਰਾ ਅਜੇ ਦਿੱਲੀ ਵਿਚ ਤਿਹਾੜ ਜੇਲ੍ਹ ਵਿਚ ਬੰਦ ਹੈ।

### ਸਿੱਧੂ ਮੂਸੇਵਾਲਾ ਕਤਲ ਕਾਂਡ

# ਗੈਂਗਸਟਰ ਟੀਨੂੰ ਦੀ ਮਦਦ ਕਰਨ ਵਾਲੇ ਪੁਲਿਸ ਮੁਲਾਜ਼ਮ ਨੂੰ ਹਾਈਕੋਰਟ ਵੱਲੋਂ ਰਾਹਤ



ਚੰਡੀਗੜ੍ਹ : ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਦੋਸ਼ ਵਿਚ ਗ੍ਰਿਫ਼ਤਾਰ ਗੈਂਗਸਟਰ ਦੀਪਕ ਟੀਨੂੰ ਦੀ ਮਦਦ ਕਰਨ ਵਾਲੇ ਬਰਖ਼ਾਸਤ ਸਬ-ਇੰਸਪੈਕਟਰ ਪ੍ਰੀਤਪਾਲ ਸਿੰਘ ਨੂੰ ਹਾਈਕੋਰਟ ਨੇ ਅਗਾਊਂ ਜ਼ਮਾਨਤ ਦੇ ਕੇ ਰਾਹਤ ਦਿੱਤੀ ਹੈ। ਉਕਤ ਸਬ-ਇੰਸਪੈਕਟਰ 'ਤੇ ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਮੁਲਜ਼ਮ ਗੈਂਗਸਟਰ ਦੀਪਕ ਟੀਨੂੰ ਨੂੰ ਪੁਲਸ ਹਿਰਾਸਤ ਵਿਚੋਂ ਭੱਜਣ ਵਿਚ ਮੱਦਦ ਕਰਨ ਦਾ ਦੋਸ਼ ਸੀ। ਟੀਨੂੰ ਲਾਰੈਂਸ ਬਿਸ਼ਨੋਈ ਦਾ ਕਥਿਤ ਸਹਿਯੋਗੀ ਹੈ ਜਿਸ ਨੇ ਕਤਲ ਲਈ ਸ਼ਾਰਪ ਸ਼ੂਟਰਾਂ ਦਾ ਪ੍ਰਬੰਧ ਕਰਨ ਵਿਚ ਮਦਦ ਕੀਤੀ ਸੀ। ਦੋਸ਼ ਸੀ ਕਿ ਸੀ.ਆਈ.ਏ. ਦੀ ਹਿਰਾਸਤ ਵਿਚ ਰਹਿਣ ਦੌਰਾਨ ਦੀਪਕ ਤਤਕਾਲੀ ਸੀ.ਆਈ.ਏ. ਸਬ-ਇੰਸਪੈਕਟਰ ਪ੍ਰੀਤਪਾਲ ਸਿੰਘ ਦੀ ਮਦਦ ਨਾਲ ਫਰਾਰ ਹੋ ਗਿਆ ਸੀ।

ਬਰਖ਼ਾਸਤ ਸਬ-ਇੰਸਪੈਕਟਰ ਪ੍ਰੀਤਪਾਲ ਸਿੰਘ 'ਤੇ ਅਕਤੂਬਰ 2022 ਵਿਚ ਜ਼ਿਲਾ ਮਾਨਸਾ ਵਿਚ ਆਈ.ਪੀ.ਸੀ. ਦੀਆਂ ਧਾਰਾਵਾਂ 222, 224, 225-ਏ, 212, 216, 120-ਬੀ ਅਤੇ ਅਸਲਾ ਐਕਟ ਦੀਆਂ ਧਾਰਾਵਾਂ 25, 54, 59 ਤਹਿਤ ਕੇਸ ਦਰਜ ਕੀਤਾ ਗਿਆ ਸੀ ਅਤੇ ਉਹ ਉਦੋਂ ਤੋਂ ਹਿਰਾਸਤ ਵਿਚ ਹੈ। ਇਸ ਦੇ ਨਾਲ ਹੀ ਹਾਈਕੋਰਟ ਦੇ ਜਸਟਿਸ ਐੱਮ.ਐੱਸ. ਸੰਧੂ ਨੇ ਮਾਮਲੇ ਦੀ ਸੁਣਵਾਈ 25 ਜਨਵਰੀ ਤੱਕ ਮੁਲਤਵੀ ਕਰ ਦਿੱਤੀ ਹੈ

# ਪੰਜਾਬ ਦਾ ਇਕ ਹੋਰ .ਫ਼ੌਜੀ ਜਵਾਨ ਡਿਊਟੀ ਦੌਰਾਨ ਹੋਇਆ ਸ਼ਹੀਦ, ਪਰਿਵਾਰ 'ਚ ਛਾਈ ਸੋਗ ਦੀ ਲਹਿਰ




ਅੱਚਲ ਸਾਹਿਬ : ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਅਧੀਨ ਪੈਂਦੇ ਪਿੰਡ ਰੰਗੜ ਨੰਗਲ ਦੇ ਫ਼ੌਜੀ ਜਵਾਨ ਨਾਇਕ ਗਗਨਦੀਪ ਸਿੰਘ ਪੁੱਤਰ ਗੁਰਨਾਮ ਸਿੰਘ ਦੀ ਡਿਊਟੀ ਦੌਰਾਨ ਸ਼ਹੀਦ ਹੋ ਗਿਆ ਹੈ। ਇਸ ਸਬੰਧੀ ਮ੍ਰਿਤਕ ਫ਼ੌਜੀ ਜਵਾਨ ਦੇ ਪਿਤਾ ਗੁਰਨਾਮ ਸਿੰਘ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਉਨ੍ਹਾਂ ਨੂੰ ਗਗਨਦੀਪ ਸਿੰਘ ਦਾ ਫੋਨ ਆਇਆ ਸੀ ਕਿ ਉਸ ਨੂੰ ਬੁਖ਼ਾਰ ਚੜ੍ਹ ਰਿਹਾ ਹੈ। ਉਨ੍ਹਾਂ ਦੱਸਿਆ ਕਿ ਉਸ ਦਿਨ ਤੋਂ ਬਾਅਦ ਉਨ੍ਹਾਂ ਦਾ ਆਪਣੇ ਪੁੱਤਰ ਨਾਲ ਕੋਈ ਫੋਨ 'ਤੇ ਸੰਪਰਕ ਨਹੀਂ ਹੋਇਆ।

ਉਨ੍ਹਾਂ ਦੱਸਿਆ ਕਿ ਉਸ ਦਾ ਪੁੱਤਰ ਗਗਨਦੀਪ ਸਿੰਘ 16 ਸਿੱਖ ਪੰਜਾਬ ਚ ਭਰਤੀ ਹੋਇਆ ਸੀ ਅਤੇ ਇਸ ਵੇਲੇ ਉਹ ਆਸਾਮ ਦੇ ਸ਼ਹਿਰ ਰੰਗੀਆ ਚ ਡਿਊਟੀ ਕਰ ਰਿਹਾ ਸੀ। ਫ਼ੌਜੀ ਜਵਾਨ ਦੀ ਮ੍ਰਿਤਕ ਦੇਹ ਕਰੀਬ 2 ਵਜੇ ਪਿੰਡ ਰੰਗੜ ਨੰਗਲ ਵਿਖੇ ਪੁੱਜੇਗੀ ਅਤੇ ਸਰਕਾਰੀ ਸਨਮਾਨਾਂ ਨਾਲ ਅੰਤਿਮ ਸਸਕਾਰ ਕੀਤਾ ਜਾਵੇਗਾ। ਫ਼ੌਜੀ ਗਗਨਦੀਪ ਸਿੰਘ ਦੀ ਮੌਤ ਦੇ ਨਾਲ ਪਿੰਡ ਅਤੇ ਇਲਾਕੇ ਵਿੱਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਮ੍ਰਿਤਕ ਫ਼ੌਜੀ ਆਪਣੇ ਪਿੱਛੇ ਮਾਤਾ ਪਿਤਾ ਪਤਨੀ ਅਤੇ ਦੋ ਬੱਚੇ ਛੱਡ ਗਿਆ ਹੈ।

# ਵਜ਼ਾਰਤੀ ਫੇਰਬਦਲ: ਮੀਤ ਹੇਅਰ ਤੋਂ ਤਿੰਨ ਵਿਭਾਗ ਵਾਪਸ ਲਏ

### ਜਲ ਸਰੋਤ ਮਹਿਕਮੇ ਦੀ ਕਮਾਨ ਜੌੜਾਮਾਜਰਾ ਨੂੰ ਸੌਂਪੀ





ਚੰਡੀਗੜ੍ਹ : ਪੰਜਾਬ ਮੰਤਰੀ ਮੰਡਲ ਵਿਚ ਹੋਏ ਵੱਡੇ ਵਿਭਾਗੀ ਫੇਰਬਦਲ 'ਚ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਤੋਂ ਬਹੁਤੇ ਵਿਭਾਗ ਵਾਪਸ ਲੈ ਲਏ ਗਏ ਹਨ। 'ਆਪ' ਸਰਕਾਰ ਨੇ ਅਹਿਮ ਵਿਭਾਗ ਵਾਪਸ ਲੈ ਕੇ ਬਰਨਾਲਾ ਤੋਂ ਦੂਸਰੀ ਦਫ਼ਾ ਵਿਧਾਇਕ ਬਣ ਕੇ ਕੈਬਨਿਟ ਮੰਤਰੀ ਬਣੇ ਮੀਤ ਹੇਅਰ ਨੂੰ ਸਿਆਸੀ ਹਲੂਣਾ ਦਿੱਤਾ ਹੈ। ਮੁੱਖ ਮੰਤਰੀ ਨੇ ਦੋ ਹੋਰ ਨਵੇਂ ਵਿਭਾਗ ਚੇਤਨ ਸਿੰਘ ਜੌੜਾਮਾਜਰਾ ਨੂੰ ਸੌਂਪ ਦਿੱਤੇ ਹਨ। ਵਿਭਾਗੀ ਬਦਲਾਓ ਮਗਰੋਂ ਹੁਣ ਸੂਬੇ ਨੂੰ ਕਰੀਬ ਪੌਣੇ ਦੋ ਸਾਲ ਦੇ ਅਰਸੇ ਦੌਰਾਨ ਚੌਥਾ ਜਲ ਸਰੋਤ ਮੰਤਰੀ ਮਿਲਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕੈਬਨਿਟ ਵਿਚ ਫੇਰਬਦਲ ਦੀ ਤਜਵੀਜ਼ ਪੇਸ਼ ਕੀਤੀ ਸੀ ਜਿਸ ਨੂੰ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਮਨਜ਼ੂਰੀ ਦਿੱਤੀ ਹੈ। ਵਜ਼ਾਰਤ ਵਿੱਚ ਹੋਏ ਵਿਭਾਗੀ ਫੇਰਬਦਲ ਵਿਚ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਤੋਂ ਖਾਣਾਂ ਤੇ ਭੂ-ਵਿਗਿਆਨ ਅਤੇ ਜਲ ਸਰੋਤ ਵਿਭਾਗ ਵਾਪਸ ਲੈ ਕੇ ਇਹ ਦੋਵੇਂ ਵਿਭਾਗ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੂੰ ਦੇ ਦਿੱਤੇ ਗਏ ਹਨ।

ਵਜ਼ਾਰਤੀ ਫੇਰਬਦਲ 'ਚ ਮੀਤ ਹੇਅਰ ਤੋਂ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਵੀ ਵਾਪਸ ਲੈ ਲਿਆ ਗਿਆ ਹੈ ਅਤੇ ਹੁਣ ਇਹ ਵਿਭਾਗ ਮੁੱਖ ਮੰਤਰੀ ਕੋਲ ਰਹੇਗਾ। ਗੁਰਮੀਤ ਸਿੰਘ ਮੀਤ ਹੇਅਰ ਕੋਲ ਹੁਣ ਸਿਰਫ਼ ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ ਰਹਿ ਗਿਆ ਹੈ। ਮੀਤ ਹੇਅਰ ਤੋਂ ਤਿੰਨ ਵਿਭਾਗ ਵਾਪਸ ਲੈਣ ਦੇ ਕਾਰਨਾਂ ਦਾ ਹਾਲੇ ਭੇਤ ਬਣਿਆ ਹੋਇਆ ਹੈ। ਇਸ ਤੋਂ ਪਹਿਲਾਂ ਹੋਏ ਫੇਰਬਦਲ ਮੌਕੇ ਗੁਰਮੀਤ ਸਿੰਘ ਮੀਤ ਹੇਅਰ ਤੋਂ ਸਿੱਖਿਆ ਵਿਭਾਗ ਵਾਪਸ ਲਿਆ ਗਿਆ ਸੀ। ਮੀਤ ਹੇਅਰ ਤੋਂ ਦੋ ਦਫ਼ਾ ਵਿਭਾਗ ਵਾਪਸ ਲਏ ਗਏ ਹਨ। ਨਵੇਂ ਫੇਰਬਦਲ ਮਗਰੋਂ ਹੁਣ ਮੁੱਖ ਮੰਤਰੀ ਕੋਲ 11 ਵਿਭਾਗ ਹੋ ਗਏ ਹਨ ਜਦੋਂ ਕਿ ਚੇਤਨ ਸਿੰਘ ਜੌੜਾਮਾਜਰਾ ਕੋਲ ਵਿਭਾਗਾਂ ਦੀ ਗਿਣਤੀ ਸੱਤ ਹੋ ਗਈ ਹੈ। ਜੌੜਾਮਾਜਰਾ ਮੌਜੂਦਾ ਸਰਕਾਰ ਦੇ ਕਾਰਜਕਾਲ ਦੇ ਚੌਥੇ ਜਲ ਸਰੋਤ ਮੰਤਰੀ ਹਨ। ਸਭ ਤੋਂ ਪਹਿਲਾਂ ਜਲ ਸਰੋਤ ਮੰਤਰੀ ਬ੍ਰਮ ਸ਼ੰਕਰ ਜਿੰਪਾ ਬਣੇ ਸਨ ਅਤੇ ਉਸ ਮਗਰੋਂ ਇਹ ਵਿਭਾਗ ਹਰਜੋਤ ਸਿੰਘ ਬੈਂਸ ਨੂੰ ਦੇ ਦਿੱਤਾ ਗਿਆ ਸੀ। ਮਗਰੋਂ ਇਹ ਵਿਭਾਗ ਮੀਤ ਹੇਅਰ ਨੂੰ ਦੇ ਦਿੱਤਾ ਗਿਆ ਸੀ। ਕੈਬਨਿਟ ਮੰਤਰੀ ਜੌੜਾਮਾਜਰਾ ਕੋਲ ਪਹਿਲਾਂ ਸਿਹਤ ਵਿਭਾਗ ਸੀ, ਜੋ ਉਨ੍ਹਾਂ ਤੋਂ ਵਾਪਸ ਲੈ ਕੇ ਡਾ. ਬਲਵੀਰ ਸਿੰਘ ਨੂੰ ਸਿਹਤ ਮੰਤਰੀ ਬਣਾ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਹੋਏ ਵਜ਼ਾਰਤੀ ਫੇਰਬਦਲ ਵਿਚ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੋਂ ਦੋ ਅਹਿਮ ਖੇਤੀ ਵਿਭਾਗ ਅਤੇ ਪੰਚਾਇਤ ਵਿਭਾਗ ਵਾਪਸ ਲੈ ਲਏ ਗਏ ਸਨ। 'ਆਪ' ਸਰਕਾਰ ਵੱਲੋਂ ਆਪਣੇ ਕਾਰਜਕਾਲ ਦੇ 20 ਮਹੀਨਿਆਂ ਦੌਰਾਨ ਹੁਣ ਤੱਕ ਕੈਬਨਿਟ 'ਚੋਂ ਤਿੰਨ ਵਜ਼ੀਰਾਂ ਵਿਜੈ ਸਿੰਗਲਾ, ਫੌਜਾ ਸਿੰਘ ਸਰਾਰੀ ਅਤੇ ਇੰਦਰਬੀਰ ਸਿੰਘ ਨਿੱਝਰ ਦੀ ਛਾਂਟੀ ਕੀਤੀ ਜਾ ਚੁੱਕੀ ਹੈ। ਸਿਆਸੀ ਹਲਕਿਆਂ ਨੂੰ ਅੱਜ ਦੇ ਵਜ਼ਾਰਤੀ ਫੇਰਬਦਲ ਨੇ ਹੈਰਾਨੀ ਵਿਚ ਪਾ ਦਿੱਤਾ ਹੈ। ਮੁੱਖ ਮੰਤਰੀ ਦਫ਼ਤਰ ਦੇ ਸੂਤਰਾਂ ਨੇ ਕਿਹਾ ਕਿ ਮੀਤ ਹੇਅਰ ਤੋਂ ਕਿਸੇ ਖ਼ਾਸ ਵਜ ?ਹਾ ਕਰਕੇ ਮਹਿਕਮੇ ਵਾਪਸ ਨਹੀਂ ਲਏ ਗਏ ਬਲਕਿ ਮੀਤ ਹੇਅਰ ਨਾਲ ਸਲਾਹ ਮਸ਼ਵਰਾ ਕਰਕੇ ਹੀ ਫੇਰਬਦਲ ਕੀਤਾ ਗਿਆ ਹੈ। ਮੁੱਖ ਮੰਤਰੀ ਦਫ਼ਤਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ, "ਉਹ (ਮੀਤ ਹੇਅਰ) ਖੇਡ ਅਤੇ ਯੁਵਕ ਸੇਵਾਵਾਂ ਮੰਤਰੀ ਵਜੋਂ ਬਹੁਤ ਵਧੀਆ ਕੰਮ ਕਰ ਰਹੇ ਹਨ। ਨਵੀਂ ਖੇਡ ਨੀਤੀ ਅਤੇ ਪਿੰਡਾਂ ਵਿਚ ਖੇਡ ਨਰਸਰੀਆਂ ਬਣਾਉਣ ਦੀ ਨੀਤੀ ਦੀ ਮੁੱਖ ਮੰਤਰੀ ਸ਼ਲਾਘਾ ਕਰ ਚੁੱਕੇ ਹਨ।"

# ਅਧਿਐਨ 'ਚ ਖ਼ੁਲਾਸਾ: ਅਮਰੀਕਾ ਚ .ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ 7 ਲੱਖ ਤੋਂ ਵਧੇਰੇ ਭਾਰਤੀ




ਨਵੀਂ ਦਿੱਲੀ : ਮੈਕਸੀਕੋ ਅਤੇ ਅਲ ਸਲਵਾਡੋਰ ਤੋਂ ਬਾਅਦ ਅਮਰੀਕਾ ਵਿੱਚ ਕਰੀਬ 725,000 ਦੀ ਗਿਣਤੀ ਨਾਲ ਭਾਰਤੀ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਤੀਜੀ ਸਭ ਤੋਂ ਵੱਡੀ ਆਬਾਦੀ ਹਨ। ਪਿਊ ਰਿਸਰਚ ਸੈਂਟਰ ਦੇ ਨਵੇਂ ਅੰਦਾਜ਼ੇ ਮੁਤਾਬਕ ਇਹ ਜਾਣਕਾਰੀ ਸਾਹਮਣੇ ਆਈ। ਰਿਸਰਚ ਵਿੱਚ ਕਿਹਾ ਗਿਆ ਕਿ 2021 ਤੱਕ ਦੇਸ਼ ਦੇ 10.5 ਮਿਲੀਅਨ ਅਣਅਧਿਕਾਰਤ ਪ੍ਰਵਾਸੀ ਅਮਰੀਕਾ ਦੀ ਕੁੱਲ ਆਬਾਦੀ ਦਾ ਲਗਭਗ 3 ਪ੍ਰਤੀਸ਼ਤ ਅਤੇ ਵਿਦੇਸ਼ ਵਿੱਚ ਪੈਦਾ ਹੋਈ ਆਬਾਦੀ ਦਾ 22 ਪ੍ਰਤੀਸ਼ਤ ਹੈ।

ਮੈਕਸੀਕੋ, ਜੋ ਕਿ 2021 ਵਿੱਚ ਦੇਸ਼ ਦੇ ਅਣਅਧਿਕਾਰਤ ਪ੍ਰਵਾਸੀਆਂ ਦਾ 39 ਪ੍ਰਤੀਸ਼ਤ ਸੀ ਅਤੇ ਉਹਨਾਂ ਦੀ ਗਿਣਤੀ ਲਗਭਗ 4.1 ਮਿਲੀਅਨ ਸੀ, ਉਸ ਤੋਂ ਬਾਅਦ ਐਲ ਸੈਲਵਾਡੋਰ (800,000) ਦਾ ਸਥਾਨ ਸੀ; ਤੀਜੇ ਸਥਾਨ 'ਤੇ ਭਾਰਤ (725,000); ਅਤੇ ਫਿਰ ਗੁਆਟੇਮਾਲਾ (700,000) ਸੀ। ਜਦੋਂ ਕਿ ਮੈਕਸੀਕੋ ਤੋਂ 2017 ਤੋਂ 2021 ਤੱਕ 900,000 ਦੀ ਗਿਣਤੀ ਘਟੀ, ਉਦੋਂ ਦੂਜੇ ਦੇਸ਼ਾਂ ਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਉਸੇ ਸਮੇਂ ਤੇਜ਼ੀ ਨਾਲ ਵਧੀ। 2021 ਵਿੱਚ ਇਹ ਆਬਾਦੀ 6.4 ਮਿਲੀਅਨ ਸੀ, ਜੋ ਕਿ 2017 ਤੋਂ 900,000 ਵੱਧ ਹੈ।

**ਵੱਡੀ ਗਿਣਤੀ ਵਿਚ ਭਾਰਤੀ**

ਭਾਰਤ, ਬ੍ਰਾਜ਼ੀਲ, ਕੈਨੇਡਾ ਅਤੇ ਸਾਬਕਾ ਸੋਵੀਅਤ ਸੰਘ ਦੇ ਸਾਰੇ ਦੇਸ਼ਾਂ ਨੇ 2017 ਤੋਂ 2021 ਤੱਕ ਵਿਕਾਸ ਦਾ ਅਨੁਭਵ ਕੀਤਾ। ਯੂ.ਐੱਸ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਦੇ ਨਵੇਂ ਅੰਕੜਿਆਂ ਅਨੁਸਾਰ ਬੇਮਿਸਾਲ ਗਿਣਤੀ ਵਿੱਚ ਗੈਰ-ਦਸਤਾਵੇਜ਼ੀ ਭਾਰਤੀ ਪ੍ਰਵਾਸੀ ਪੈਦਲ ਹੀ ਅਮਰੀਕੀ ਸਰਹੱਦਾਂ ਨੂੰ ਪਾਰ ਕਰ ਰਹੇ ਹਨ। ਅਕਤੂਬਰ 2022 ਤੋਂ ਸਤੰਬਰ 2023 ਤੱਕ 96,917 ਭਾਰਤੀਆਂ ਨੂੰ ਬਿਨਾਂ ਕਾਗਜ਼ਾਤ ਦੇ ਅਮਰੀਕਾ ਵਿੱਚ ਦਾਖਲ ਹੋਣ ਕਾਰਨ ਫੜਿਆ ਗਿਆ, ਕੱਢਿਆ ਗਿਆ ਜਾਂ ਦਾਖਲ ਹੋਣ ਤੋਂ ਇਨਕਾਰ ਕੀਤਾ ਗਿਆ। ਕੋਵਿਡ ਤੋਂ ਬਾਅਦ ਸਰਹੱਦਾਂ ਖੁੱਲ੍ਹਣ ਤੋਂ ਬਾਅਦ ਯੂ.ਐੱਸ ਵਿੱਚ ਗੈਰ-ਦਸਤਾਵੇਜ਼ੀ ਭਾਰਤੀਆਂ ਦੀ ਗਿਣਤੀ ਵਿੱਤੀ ਸਾਲ 2021 ਵਿੱਚ 30,662 ਅਤੇ ਵਿੱਤੀ ਸਾਲ 2022 ਵਿੱਚ 63,927 ਦੇ ਨਾਲ ਵੱਧ ਗਈ ।

ਇਸ ਸਾਲ ਤਕਰੀਬਨ 97,000 ਐਨਕਾਊਂਟਰਾਂ ਵਿੱਚੋਂ 30,010 ਕੈਨੇਡੀਅਨ ਸਰਹੱਦ 'ਤੇ ਅਤੇ 41,770 ਦੱਖਣੀ ਸਰਹੱਦ 'ਤੇ ਸਨ। ਪਿਊ ਰਿਸਰਚ ਨੇ ਇਹ ਵੀ ਪਾਇਆ ਕਿ ਕੁੱਲ ਮਿਲਾ ਕੇ 2021 ਵਿੱਚ ਲਗਭਗ 7.8 ਮਿਲੀਅਨ ਗੈਰ-ਕਾਨੂੰਨੀ ਪ੍ਰਵਾਸੀ ਅਮਰੀਕੀ ਲੇਬਰ ਫੋਰਸ ਵਿੱਚ ਸਨ। ਅਮਰੀਕਾ ਦੇ ਰਾਜਾਂ ਵਿੱਚੋਂ ਸਿਰਫ਼ ਫਲੋਰੀਡਾ ਅਤੇ ਵਾਸ਼ਿੰਗਟਨ ਵਿੱਚ ਉਨ੍ਹਾਂ ਦੀ ਅਣਅਧਿਕਾਰਤ ਪ੍ਰਵਾਸੀ ਆਬਾਦੀ ਵਿੱਚ ਵਾਧਾ ਦੇਖਿਆ ਗਿਆ, ਜਦੋਂ ਕਿ ਕੈਲੀਫੋਰਨੀਆ ਅਤੇ ਨੇਵਾਡਾ ਵਿੱਚ ਕਮੀ ਦੇਖੀ ਗਈ। ਇਸ ਦੌਰਾਨ ਕਾਨੂੰਨੀ ਪ੍ਰਵਾਸੀ ਆਬਾਦੀ 80 ਲੱਖ ਤੋਂ ਵੱਧ ਵਧੀ - ਇੱਕ 29 ਪ੍ਰਤੀਸ਼ਤ ਵਾਧਾ। 2021 ਵਿੱਚ ਨੈਚੁਰਲਾਈਜ਼ਡ ਯੂ.ਐੱਸ ਨਾਗਰਿਕਾਂ ਦੀ ਗਿਣਤੀ ਵਿੱਚ 49 ਪ੍ਰਤੀਸ਼ਤ ਦਾ ਵਾਧਾ ਹੋਇਆ।

## ਸਿੱਖ ਵਕੀਲਾਂ ਦੀ ਜੱਜ ਵਜੋਂ ਨਿਯੁਕਤੀ ਰੋਕਣਾ ਗੁਲਾਮੀ ਦਾ ਅਹਿਸਾਸ ਕਰਵਾਉਣ ਬਰਾਬਰ: ਜਥੇਦਾਰ ਗਿ. ਰਘਬੀਰ ਸਿੰਘ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦੇਸ਼ ਦੀ ਸਰਵਉੱਚ ਅਦਾਲਤ ਵਲੋਂ ਕੀਤੀਆਂ ਸਿਫਾਰਿਸ਼ਾਂ ਦੇ ਬਾਵਜੂਦ ਦੋ ਯੋਗ ਸਿੱਖ ਉਮੀਦਵਾਰਾਂ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਨਿਯੁਕਤ ਨਾ ਕੀਤੇ ਜਾਣ ਨੂੰ ਭਾਰਤ ਵਿਚ ਸਿੱਖਾਂ ਵਾਸਤੇ ਗੁਲਾਮੀ ਦਾ ਅਹਿਸਾਸ ਕਰਵਾਉਣ ਵਾਲੀ ਘਟਨਾ ਕਰਾਰ ਦਿੱਤਾ ਹੈ।



ਉਨ੍ਹਾਂ ਆਖਿਆ ਕਿ ਸਿੱਖਾਂ ਨੂੰ ਉਨ੍ਹਾਂ ਦੀ ਯੋਗਤਾ ਅਤੇ ਕਾਬਲੀਅਤ ਦੇ ਬਾਵਜੂਦ ਦੇਸ਼ ਦੇ ਉੱਚ ਅਹੁਦਿਆਂ ’ਤੇ ਨਿਯੁਕਤ ਕਰਨ ਤੋਂ ਮਿਥ ਕੇ ਰੋਕਣਾ ਸਿੱਖ ਕੌਮ ਦਾ ਅਪਮਾਨ ਕਰਨਾ ਹੈ ਜਦਕਿ ਦੇਸ਼ ਦੀ ਆਜ਼ਾਦੀ ਲਈ 80 ਫੀਸਦੀ ਤੋਂ ਵੱਧ ਕੁਰਬਾਨੀਆਂ ਸਿੱਖਾਂ ਨੇ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਹਮੇਸ਼ਾ ਸਿੱਖਾਂ ਵਲੋਂ ਵਿਤਕਰੇ ਕੀਤੇ ਜਾਣ ਦੇ ਇਤਰਾਜ਼ ਨੂੰ ਸਵੀਕਾਰ ਕਰਨ ਤੋਂ ਮੁਨਕਰ ਹੁੰਦੀਆਂ ਆ ਰਹੀਆਂ ਹਨ ਪਰ ਹੁਣ ਤਾਂ ਦੇਸ਼ ਦੀ ਸਰਵਉੱਚ ਅਦਾਲਤ ਨੇ ਹੀ ਕੇਂਦਰ ਸਰਕਾਰ ਨੂੰ ਸਵਾਲ ਕੀਤਾ ਹੈ। ਇਸ ਕਰ ਕੇ ਕੇਂਦਰ ਸਰਕਾਰ ਕੋਲੋਂ ਜਵਾਬ ਮੰਗਿਆ ਗਿਆ ਹੈ ਕਿ ਅਜਿਹਾ ਕਰਨ ਪਿੱਛੇ ਕੀ ਕਾਰਨ ਹਨ। ਜਥੇਦਾਰ ਨੇ ਆਖਿਆ ਕਿ ਸਿੱਖਾਂ ਨਾਲ ਜਾਣ-ਬੁੱਝ ਕੇ ਵਿਤਕਰਾ ਕਰਨ ਤੋਂ ਇਲਾਵਾ ਇਸ ਦਾ ਹੋਰ ਕੋਈ ਕਾਰਨ ਨਹੀਂ ਹੋ ਸਕਦਾ ਜਦਕਿ ਸਰਕਾਰਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਭਾਰਤ ਦੀ ਆਜ਼ਾਦੀ ਤੋਂ ਲੈ ਕੇ ਦੇਸ਼ ਦੀਆਂ ਸਰਹੱਦਾਂ ਦੀ ਸੁਰੱਖਿਆ ਕਰਨ ਤੱਕ ਸਿੱਖਾਂ ਦਾ ਵੱਡਾ ਯੋਗਦਾਨ ਹੈ। ਦੇਸ਼ ਦੀਆਂ ਪ੍ਰਸ਼ਾਸਨਿਕ, ਨਿਆਂਇਕ ਤੇ ਪ੍ਰਬੰਧਕੀ ਉੱਚ ਸੇਵਾਵਾਂ ਵਿਚ ਸਿੱਖਾਂ ਨੂੰ ਯੋਗਤਾ ਦੇ ਬਾਵਜੂਦ ਅਣਡਿੱਠ ਕਰ ਦਿੱਤਾ ਜਾਂਦਾ ਹੈ ਜੋ ਧਰਮ ਨਿਰਪੱਖਤਾ ਤੇ ਜਮਹੂਰੀਅਤ ਲਈ ਮੰਦਭਾਗਾ ਹੈ। ਇਸੇ ਦੌਰਾਨ ਪਿੰਡ ਸਦਾਰੰਗ ਨੇੜੇ ਮਹਿਤਾ ਚੌਕ ਵਿਚ ਇਕ ਬੱਚੇ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਕੀਤੀ ਗਈ ਬੇਅਦਬੀ ਦਾ ਸਖਤ ਨੋਟਿਸ ਲੈਂਦਿਆਂ ਜਥੇਦਾਰ ਰਘਬੀਰ ਸਿੰਘ ਨੇ ਸੰਗਤਾਂ ਨੂੰ ਆਦੇਸ਼ ਕੀਤਾ ਹੈ ਕਿ ਉਹ ਸੁਚੇਤ ਹੋ ਕੇ ਗੁਰਦੁਆਰੇ ਦੀ ਸੇਵਾ-ਸੰਭਾਲ ਕਰਨ ਤੇ ਇਹ ਯਕੀਨੀ ਬਣਾਇਆ ਜਾਵੇ ਕਿ ਗੁਰਦੁਆਰੇ ਵਿਖੇ ਇਕ ਵਿਅਕਤੀ ਜ਼ਰੂਰ ਹਾਜ਼ਰ ਰਹੇ। ਸਰਕਾਰ ਇਸ ਘਟਨਾ ਨੂੰ ਅੰਜ਼ਾਮ ਦੇਣ ਵਾਲਿਆਂ ’ਤੇ ਸਖਤ ਕਾਰਵਾਈ ਕਰੇ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤਾ ਕਿ ਇਸ ਘਟਨਾ ਵਾਲੀ ਥਾਂ ਤੋਂ ਤੁਰੰਤ ਪਾਵਨ ਸਰੂਪ ਸਤਿਕਾਰ ਸਹਿਤ ਨੇੜਲੇ ਸੁਰੱਖਿਅਤ ਗੁਰਦੁਆਰੇ ਵਿਖੇ ਭੇਜੇ ਜਾਣ।

## ਦੋ ਸਿੱਖ ਜੱਜਾਂ ਦੇ ਨਾਵਾਂ ਨੂੰ ਮਨਜ਼ੂਰੀ ਨਾ ਦੇਣ ਲਈ ਸੁਪਰੀਮ ਕੋਰਟ ਨੇ ਕੇਂਦਰ ਦੀ ਕੀਤੀ ਖਿਚਾਈ

### *ਕਾਲੇਜੀਅਮ ਵਲੋਂ ਸਿਫ਼ਾਰਸ਼ ਕੀਤੇ ਨਾਵਾਂ ਨੂੰ ਮਨਜ਼ੂਰੀ ਦੇਣ ’ਚ ਕੇਂਦਰ ਦਾ ਰਵੱਈਆ ਮਨਮਰਜ਼ੀ ਵਾਲਾ : ਅਦਾਲਤ*

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਜੱਜਾਂ ਦੀ ਨਿਯੁਕਤੀ ਅਤੇ ਬਦਲੀ ਲਈ ਕਾਲੇਜੀਅਮ ਦੀ ਸਿਫ਼ਾਰਸ਼ ਨੂੰ ਮਨਜ਼ੂਰੀ ਦੇਣ ਵਿਚ ਕੇਂਦਰ ਦੇ ਰਵੱਈਏ ਨੂੰ ਮਨਮਰਜ਼ੀ ਵਾਲੇ ਢੰਗ ਨਾਲ ਚੋਣਵਾਂ ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਚੰਗਾ ਸੰਦੇਸ਼ ਨਹੀਂ ਜਾਂਦਾ। ਜਸਟਿਸ ਸੰਜੇ ਕਿਸ਼ਨ ਕੌਲ ਅਤੇ ਸੁਧਾਂਸ਼ੂ ਧੂਲੀਆ ਦੇ ਬੈਂਚ ਨੇ ਸੁਣਵਾਈ ਦੌਰਾਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨਾਲ ਸਬੰਧਤ ਮੁੱਦਾ ਉਠਾਉਂਦਿਆਂ ਕਿਹਾ ਕਿ ਜਿਨ੍ਹਾਂ ਦੋ ਸੀਨੀਅਰ ਵਿਅਕਤੀਆਂ ਦੇ ਨਾਵਾਂ ਦੀ ਸਿਫ਼ਾਰਸ਼ ਕੀਤੀ ਗਈ ਸੀ, ਉਨ੍ਹਾਂ ਦੀ ਨਿਯੁਕਤੀ ਹਾਲੇ ਤਕ ਨਹੀਂ ਕੀਤੀ ਗਈ। ਅਦਾਲਤ ਨੇ ਕਿਹਾ ਕਿ ਕੌਲਿਜੀਅਮ ਵਲੋਂ ਸਿਫਾਰਸ਼ ਕੀਤੇ ਨਾਵਾਂ ’ਚ ‘ਪਿੱਕ ਐਂਡ ਚੂਜ਼’ ਚੰਗਾ ਸੰਕੇਤ ਨਹੀਂ ਹੈ।



ਬੈਂਚ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜਾਂ ਵਜੋਂ ਨਿਯੁਕਤੀ ਲਈ ਵਕੀਲ ਹਰਮੀਤ ਸਿੰਘ ਗਰੇਵਾਲ ਅਤੇ ਦੀਪਇੰਦਰ ਸਿੰਘ ਨਲਵਾ ਦੇ ਨਾਵਾਂ ਨੂੰ ਮਨਜ਼ੂਰੀ ਦੇਣ ’ਚ ਸਰਕਾਰ ਦੀ ਅਸਫਲਤਾ ਦਾ ਹਵਾਲਾ ਦਿਤਾ। ਇਹ ਦੋਵੇਂ ਉਨ੍ਹਾਂ ਪੰਜ ਵਕੀਲਾਂ ’ਚ ਸ਼ਾਮਲ ਸਨ ਜਿਨ੍ਹਾਂ ਦੀ ਨਿਯੁਕਤੀ ਲਈ ਸੁਪਰੀਮ ਕੋਰਟ ਕਾਲੇਜੀਅਮ ਨੇ 17 ਅਕਤੂਬਰ ਨੂੰ ਸਿਫ਼ਾਰਸ਼ ਕੀਤੀ ਸੀ। 2 ਨਵੰਬਰ ਨੂੰ ਕੇਂਦਰ ਸਰਕਾਰ ਨੇ ਤਿੰਨ ਹੋਰਾਂ ਦੀ ਨਿਯੁਕਤੀ ਨੂੰ ਮਨਜ਼ੂਰੀ ਦੇ ਦਿਤੀ ਪਰ ਗਰੇਵਾਲ ਅਤੇ ਨਲਵਾ ਨੂੰ ਨਹੀਂ।

‘ਬਾਰ ਐਂਡ ਬੈਂਚ’ ਅਨੁਸਾਰ, ਜਸਟਿਸ ਕੌਲ ਨੇ ਕਿਹਾ ਬੈਂਚ ਨੇ ਕਿਹਾ, “ਜਿਨ੍ਹਾਂ ਉਮੀਦਵਾਰਾਂ ਨੂੰ ਮਨਜ਼ੂਰੀ ਨਹੀਂ ਦਿਤੀ ਗਈ ਉਹ ਦੋਵੇਂ ਸਿੱਖ ਹਨ। ਇਹ ਕਿਉਂ ਹੋਣਾ ਚਾਹੀਦਾ ਹੈ ? ਪਿਛਲੇ ਮਾਮਲਿਆਂ ਨੂੰ ਮੌਜੂਦਾ ਲੰਬਿਤ ਮੁੱਦਿਆਂ ਨਾਲ ਜੁੜਨ ਦਿਉ।” ਅਦਾਲਤ ਨੇ ਅਟਾਰਨੀ ਜਨਰਲ ਆਰ. ਵੇਨਕਟਾਰਮਣੀ ਨੂੰ ਕਿਹਾ ਕਿ ‘ਚੋਣਵੀਂ’ ਨੀਤੀ ਚੰਗਾ ਪ੍ਰਭਾਵ ਨਹੀਂ ਪੈਦਾ ਕਰਦੀ। ਜਦੋਂ ਕਿ ਏ.ਜੀ. ਨੇ ਕਿਹਾ ਕਿ ਦੇਰੀ ਚਲ ਰਹੀਆਂ ਚੋਣਾਂ ਕਾਰਨ ਹੋਈ ਸੀ ਅਤੇ ਦੁਹਰਾਏ ਗਏ ਉਮੀਦਵਾਰਾਂ ਬਾਰੇ ਪ੍ਰਕਿਰਿਆ ਅੱਗੇ ਵਧੀ ਹੈ, ਸਿਖਰਲੀ ਅਦਾਲਤ ਨੇ ਵੇਖਿਆ ਕਿ 50% ਨਾਵਾਂ ਨੂੰ ਵੀ ਮਨਜ਼ੂਰੀ ਨਹੀਂ ਦਿਤੀ ਗਈ।

ਬੈਂਚ ਨੇ ਇਹ ਵੀ ਚੇਤਾਵਨੀ ਦਿਤੀ ਹੈ ਕਿ ਅਜਿਹੀ ਨੀਤੀ ਦੇ ‘ਸ਼ਰਮਨਾਕ’ ਨਤੀਜੇ ਨਿਕਲ ਸਕਦੇ ਹਨ ਜਿਵੇਂ ਕਿ ਨਵੇਂ ਜੱਜਾਂ ਦੇ ਸਹੁੰ ਚੁੱਕਣ ਨੂੰ ਮੁਲਤਵੀ ਕਰਨਾ ਜਾਂ ਜੱਜਾਂ ਨੂੰ ਨਿਆਂਇਕ ਕੰਮ ਤੋਂ ਵਾਪਸ ਲੈਣਾ। ਪਟੀਸ਼ਨਕਰਤਾਵਾਂ ਲਈ ਸੀਨੀਅਰ ਵਕੀਲ ਦੁਸ਼ਯੰਤ ਦਵੇ ਨੇ ਬੈਂਚ ਨੂੰ ਕਿਹਾ ਕਿ ਸੁਪਰੀਮ ਕੋਰਟ ਅਗਲੇ 24 ਘੰਟਿਆਂ ਦੇ ਅੰਦਰ ਸਾਰੇ ਬਕਾਇਆ ਨਾਵਾਂ ਨੂੰ ਨਿਪਟਾਉਣ ਲਈ ਸਰਕਾਰ ਨੂੰ ਹੁਕਮ ਜਾਰੀ ਕਰੇ।

ਏ.ਜੀ. ਵਲੋਂ ਅਦਾਲਤ ਨੂੰ ਕਾਰਵਾਈ ਦਾ ਭਰੋਸਾ ਦਿਤੇ ਜਾਣ ਤੋਂ ਬਾਅਦ ਮਾਮਲਾ 5 ਦਸੰਬਰ ਨੂੰ ਸੁਣਵਾਈ ਲਈ ਸੂਚੀਬੱਧ ਕੀਤਾ ਗਿਆ। ਜੱਜਾਂ ਦੀ ਨਿਯੁਕਤੀ ’ਚ ਦੇਰੀ ਨੂੰ ਲੈ ਕੇ ਐਡਵੋਕੇਟਸ ਐਸੋਸੀਏਸ਼ਨ ਬੈਂਗਲੁਰੂ ਵਲੋਂ ਦਾਇਰ ਪਟੀਸ਼ਨ ’ਤੇ ਸੁਪਰੀਮ ਕੋਰਟ ਸੁਣਵਾਈ ਕਰ ਰਿਹਾ ਸੀ। ਜੱਜਾਂ ਦੀ ਨਿਯੁਕਤੀ ਅਤੇ ਤਬਾਦਲੇ ਨੂੰ ਲੈ ਕੇ ਕੌਲਿਜੀਅਮ ਅਤੇ ਨਰਿੰਦਰ ਮੋਦੀ ਸਰਕਾਰ ਵਿਚਾਲੇ ਟਕਰਾਅ ਚੱਲ ਰਿਹਾ ਹੈ। ਸਰਕਾਰ ਨੇ ਕਾਲੇਜੀਅਮ ਵਲੋਂ ਸਿਫ਼ਾਰਸ਼ ਕੀਤੇ ਨਾਵਾਂ ਨੂੰ ਸਾਫ਼ ਕਰਨ ਤੋਂ ਅਕਸਰ ਇਨਕਾਰ ਕੀਤਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਾਲ ਕੌਲਿਜੀਅਮ ਦੀ ਸ਼ਕਤੀ ਨੂੰ ਕਮਜ਼ੋਰ ਕੀਤਾ ਗਿਆ ਹੈ ਅਤੇ ਸਰਕਾਰ ਨੂੰ ਨਿਆਂਇਕ ਨਿਯੁਕਤੀਆਂ ਨੂੰ ਅਸਿੱਧੇ ਤੌਰ ’ਤੇ ਪ੍ਰਭਾਵਤ ਕਰਨ ਦੀ ਇਜਾਜ਼ਤ ਦਿਤੀ ਗਈ ਹੈ।

ਬੈਂਚ ਨੇ ਕਿਹਾ ਕਿ ਹਾਲ ਹੀ ’ਚ ਹਾਈ ਕੋਰਟਾਂ ’ਚ ਜੱਜਾਂ ਲਈ ਸਿਫ਼ਾਰਸ਼ ਕੀਤੇ ਗਏ ਨਾਵਾਂ ’ਚੋਂ ਅੱਠ ਨੂੰ ਮਨਜ਼ੂਰੀ ਨਹੀਂ ਦਿਤੀ ਗਈ ਹੈ ਅਤੇ ਇਨ੍ਹਾਂ ’ਚੋਂ ਕੁਝ ਜੱਜ ਤਾਂ ਨਿਯੁਕਤ ਕੀਤੇ ਗਏ ਜੱਜਾਂ ਤੋਂ ਸੀਨੀਅਰ ਹਨ। ਇਹੀ ਨਹੀਂ ਅਦਾਲਤ ਨੇ ਕਿਹਾ ਕਿ ਕੌਲਿਜੀਅਮ ਵਲੋਂ ਤਬਾਦਲੇ ਲਈ ਸਿਫ਼ਾਰਸ਼ ਕੀਤੇ ਗਏ 11 ਜੱਜਾਂ ’ਚੋਂ ਪੰਜ ਦੀ ਬਦਲੀ ਕਰ ਦਿਤੀ ਗਿਆ ਹੈ ਪਰ ਛੇ ਦੇ ਕੇਸ ਅਜੇ ਲਟਕ ਰਹੇ ਹਨ। ਇਨ੍ਹਾਂ ’ਚੋਂ ਚਾਰ ਗੁਜਰਾਤ ਹਾਈ ਕੋਰਟ ਅਤੇ ਇਕ ਇਲਾਹਾਬਾਦ ਅਤੇ ਦਿੱਲੀ ਹਾਈ ਕੋਰਟ ਤੋਂ ਹਨ।

## ਸਿੱਖ ਵਕੀਲਾਂ ਦੀ ਜੱਜ ਵਜੋਂ ਨਿਯੁਕਤੀ ਰੋਕ ਕੇ ਸਿੱਖਾਂ ਨਾਲ ਵਿਤਕਰਾ ਕੀਤਾ ਜਾ ਰਿਹੈ: ਹਰਜਿੰਦਰ ਸਿੰਘ ਧਾਮੀ

ਅੰਮ੍ਰਿਤਸਰ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜਾਂ ਦੀ ਨਿਯੁਕਤੀ ਮੌਕੇ ਸੁਪਰੀਮ ਕੋਰਟ ਦੀਆਂ ਸਿਫ਼ਾਰਸ਼ਾਂ ਵਿੱਚੋਂ ਦੋ ਸਿੱਖ ਉਮੀਦਵਾਰ ਵਕੀਲਾਂ ਨੂੰ ਅਣਡਿੱਠਾ ਕੀਤੇ ਜਾਣ ਦਾ ਸਿੱਖ ਜਥੇਬੰਦੀਆਂ ਨੇ ਵਿਰੋਧ ਕੀਤਾ ਹੈ। ਸਿੱਖ ਜਥੇਬੰਦੀਆਂ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਚੀਫ਼ ਖਾਲਸਾ ਦੀਵਾਨ ਨੇ ਕੇਂਦਰ ਸਰਕਾਰ ਦੀ ਇਸ ਕਾਰਵਾਈ ਨੂੰ ਸਿੱਖਾਂ ਨਾਲ ਵਿਤਕਰਾ ਕਰਾਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਸਿੱਖਾਂ ਨਾਲ ਵਿਤਕਰਾ ਕਰਾਰ ਦਿੰਦਿਆਂ ਕਿਹਾ ਕਿ ਕੇਂਦਰ ਸਰਕਾਰ ਦੋਵਾਂ ਸਿੱਖ ਜੱਜਾਂ ਦੀ ਨਿਯੁਕਤੀ ਤੁਰੰਤ ਕਰੇ।



ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਸਪੱਸ਼ਟ ਕਰੇ ਕਿ ਸੀਨੀਅਰ ਸਿੱਖ ਵਕੀਲਾਂ ਨੂੰ ਕਿਸ ਨੀਤੀ ਤਹਿਤ ਬਾਹਰ ਰੱਖਿਆ ਗਿਆ ਹੈ, ਜਦਕਿ ਪੰਜਾਂ ਵਿੱਚੋਂ ਬਾਕੀ ਤਿੰਨ ਜੱਜਾਂ ਦੀ ਨਿਯੁਕਤੀ ਕਰ ਦਿੱਤੀ ਗਈ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਸੀਨੀਅਰ ਸਿੱਖ ਵਕੀਲ ਹਰਮੀਤ ਸਿੰਘ ਗਰੇਵਾਲ ਅਤੇ ਦੀਪਿੰਦਰ ਸਿੰਘ ਨਲਵਾ ਦੀ ਜੱਜ ਵਜੋਂ ਨਿਯੁਕਤੀ ਕੀਤੀ ਜਾਵੇ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਝਰ ਅਤੇ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਨੇ ਕਿਹਾ ਕਿ ਇਸ ਨਾਲ ਸਿੱਖ ਜਗਤ ਵਿੱਚ ਰੋਸ ਦੀ ਲਹਿਰ ਹੈ। ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਬੁਲਾਰੇ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਕਾਂਗਰਸ ਹਕੂਮਤ ਵਾਂਗ ਭਾਜਪਾ ਦੀ ਲੀਡਰਸ਼ਿਪ ਵਾਲੀ ਕੇਂਦਰੀ ਹਕੂਮਤ ਵੀ ਦੇਸ਼ ਦੀ ਘੱਟ ਗਿਣਤੀ ਸਿੱਖ ਕੌਮ ਨਾਲ ਬੇਇਨਸਾਫੀਆਂ ਕਰ ਰਹੀ ਹੈ। ਉਨ੍ਹਾਂ ਪੰਜਾਬੀਆਂ ਨੂੰ ਸਿਆਸੀ ਹਿੱਤਾਂ ਤੋਂ ਉਪਰ ਉਠ ਕੇ ਅਜਿਹੇ ਵਿਤਕਰੇ ਵਿਰੁੱਧ ਇਕਜੁੱਟ ਹੋਣ ਦਾ ਸੱਦਾ ਦਿੱਤਾ।

## ਸਿੱਖ ਵਕੀਲਾਂ ਦੀ ਜੱਜਾਂ ਵਜੋਂ ਨਿਯੁਕਤੀ ਲਈ ਸੁਖਬੀਰ ਨੇ ਪ੍ਰਧਾਨ ਮੰਤਰੀ ਦਾ ਦਖ਼ਲ ਮੰਗਿਆ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਸੁਪਰੀਮ ਕੋਰਟ ਕੌਲਿਜੀਅਮ ਵੱਲੋਂ ਦੋ ਸਿੱਖ ਵਕੀਲਾਂ ਦੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਜੱਜ ਵਜੋਂ ਨਿਯੁਕਤੀ ਕਰਨ ਦੀ ਸਿਫਾਰਸ਼ ਦੇ ਮਾਮਲੇ ਵਿੱਚ ਦਖ਼ਲ ਦੇ ਕੇ ਨਿਯੁਕਤੀ ਦਾ ਨੋਟੀਫਿਕੇਸ਼ਨ ਜਾਰੀ ਕਰਵਾਉਣ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਹ ਹੈਰਾਨੀ ਵਾਲੀ ਗੱਲ ਹੈ ਕਿ ਦੋ ਵਕੀਲਾਂ ਹਰਮੀਤ ਸਿੰਘ ਗਰੇਵਾਲ ਅਤੇ ਦੀਪਿੰਦਰ ਸਿੰਘ ਨਲਵਾ ਦੀ ਨਿਯੁਕਤੀ ਕੇਂਦਰ ਸਰਕਾਰ ਨੇ ਰੋਕ ਲਈ ਜਦਕਿ ਤਿੰਨ ਹੋਰਨਾਂ ਦੀ ਕੀਤੀ ਗਈ ਸਿਫਾਰਸ਼ ਨੂੰ ਪ੍ਰਵਾਨ ਕਰਦਿਆਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ।



ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਸਿੱਖ ਕੌਮ ਅਤੇ ਹੋਰ ਘੱਟ ਗਿਣਤੀਆਂ ਨਾਲ ਕੋਈ ਵਿਤਕਰਾ ਨਾ ਹੋਵੇ ਤੇ ਉਨ੍ਹਾਂ ਦੀ ਹਾਈ ਕੋਰਟਾਂ ਵਿੱਚ ਜੱਜ ਵਜੋਂ ਨਿਯੁਕਤੀ ਹੋਵੇ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਟਿੱਪਣੀ ਕੀਤੀ ਹੈ ਕਿ ਇਸ ਮਾਮਲੇ ਵਿੱਚ ਕੇਂਦਰ ਸਰਕਾਰ ਆਪਣੀ ਮਰਜ਼ੀ ਮੁਤਾਬਕ ਚੁਣ ਚੁਣ ਕੇ ਫੈਸਲੇ ਲੈ ਰਹੀ ਹੈ ਜੋ ਕਿ ਬੇਹੱਦ ਪ੍ਰੇਸ਼ਾਨ ਕਰਨ ਵਾਲਾ ਹੈ ਅਤੇ ਇਸ ਨਾਲ ਸਿੱਖ ਕੌਮ ਪ੍ਰਤੀ ਸਰਕਾਰ ਦੀ ਮਨਸ਼ਾ ਬਾਰੇ ਗਲਤ ਸੰਦੇਸ਼ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਜਿਹਾ ਵਿਤਕਰਾ ਪਹਿਲਾਂ ਵੀ ਹੋਇਆ ਹੈ। ਸ੍ਰੀ ਬਾਦਲ ਨੇ ਕਿਹਾ ਕਿ ਸੁਪਰੀਮ ਕੋਰਟ ਕੌਲਿਜੀਅਮ ਦੀ ਸਿਫਾਰਸ਼ ਨੂੰ ਮੰਨਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗਰੇਵਾਲ ਅਤੇ ਸ੍ਰੀ ਨਲਵਾ ਦੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਵਜੋਂ ਨਿਯੁਕਤੀ ਹੋਣੀ ਚਾਹੀਦੀ ਹੈ।

## ਡੇਰਾ ਮੁਖੀ ਨੂੰ ਮੁੜ ਪੈਰੋਲ ਦੇਣ ਦਾ ਸ਼੍ਰੋਮਣੀ ਕਮੇਟੀ ਵੱਲੋਂ ਵਿਰੋਧ

ਅੰਮ੍ਰਿਤਸਰ : ਸੰਗੀਨ ਦੋਸ਼ਾਂ ਤਹਿਤ ਸਜ਼ਾ ਕੱਟ ਰਹੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਅੱਠਵੀਂ ਵਾਰ ਮੁੜ ਪੈਰੋਲ ਮਿਲਣ ’ਤੇ ਸ਼ ?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਇਤਰਾਜ਼ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਦੋਹਰੀ ਨੀਤੀ ਸਿੱਖਾਂ ਅੰਦਰ ਬੇਵਿਸ਼ਵਾਸੀ ਦਾ ਮਾਹੌਲ ਸਿਰਜ ਰਹੀ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਡੇਰਾ ਮੁਖੀ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਰਹੀ ਹੈ ਪਰ ਦੂਜੇ ਪਾਸੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਸੇ ਤੋਂ ਸਿੱਖ ਕੌਮ ਵੱਲੋਂ ਉਠਾਈ ਜਾ ਰਹੀ ਆਵਾਜ਼ ਸਰਕਾਰਾਂ ਨੂੰ ਸੁਣ ਨਹੀਂ ਰਹੀ। ਉਨ੍ਹਾਂ ਕਿਹਾ ਕਿ ਆਪਣੇ ਸਿਆਸੀ ਹਿੱਤਾਂ ਲਈ ਸਰਕਾਰਾਂ ਵੱਲੋਂ ਡੇਰਾ ਸਿਰਸਾ ਦੇ ਮੁਖੀ ਦੇ ਘਿਣਾਉਣੇ ਅਪਰਾਧਾਂ ਨੂੰ ਅੱਖੋਂ-ਓਹਲੇ ਕਰਕੇ ਉਸ ਨੂੰ ਵਾਰ-ਵਾਰ ਛੱਡਿਆ ਜਾਣਾ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਉਣ ਵਾਲਾ ਹੈ, ਜੋ ਦੇਸ਼ ਲਈ ਠੀਕ ਨਹੀਂ ਹੈ।

## ਨਾਬਾਲਗ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ

### *ਕੇਸ ਦਰਜ; ਪੁਲੀਸ ਨੇ ਬੱਚੇ ਨੂੰ ਹਿਰਾਸਤ ਵਿੱਚ ਲਿਆ*

ਬਟਾਲਾ : ਇੱਥੋਂ ਨੇੜਲੇ ਪਿੰਡ ਸਦਾਰੰਗ ਵਿੱਚ ਅੱਜ ਸਵੇਰੇ 12-13 ਸਾਲਾ ਨਾਬਾਲਗ ਬੱਚੇ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਗਈ। ਇਸ ਉਪਰੰਤ ਮੌਕੇ ’ਤੇ ਕੁੱਝ ਨਿਹੰਗ ਸਿੰਘ ਪਹੁੰਚ ਗਏ ਅਤੇ ਮਾਹੌਲ ਤਣਾਅਪੂਰਨ ਹੋ ਗਿਆ। ਬੇਅਦਬੀ ਦੀ ਘਟਨਾ ਗੁਰਦੁਆਰੇ ਅੰਦਰ ਲੱਗੇ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ। ਮੁਲਜ਼ਮ ਬੱਚਾ ਸਵੇਰੇ ਕਰੀਬ ਸਾਢੇ 8 ਵਜੇ ਗੁਰਦੁਆਰੇ ਆਇਆ ਅਤੇ ਗੁਰੂ ਗ੍ਰੰਥ ਦਾ ਅੰਗ ਪਾੜ ਕੇ ਤੇਜ਼ੀ ਨਾਲ ਬਾਹਰ ਚਲਾ ਗਿਆ। ਗ੍ਰੰਥੀ ਨੂੰ ਇਸ ਘਟਨਾ ਦਾ ਪਤਾ ਉਦੋਂ ਲੱਗਿਆ ਜਦੋਂ ਉਸ ਨੇ ਰੁਮਾਲਾ ਸਾਹਿਬ ਨਾਲ ਛੇੜਛਾੜ ਹੋਈ ਵੇਖੀ। ਬੱਚਾ ਪਿੰਡ ਦੇ ਹੀ ਸਰਕਾਰੀ ਸਕੂਲ ਵਿੱਚ ਪੜ੍ਹ ਰਿਹਾ ਹੈ। ਜਦੋਂ ਪਿੰਡ ਵਾਸੀਆਂ ਨੇ ਬੱਚੇ ਨੂੰ ਇਸ ਬਾਰੇ ਪੁੱਛਿਆ ਤਾਂ ਪਹਿਲਾਂ ਉਹ ਮੁੱਕਰਦਾ ਰਿਹਾ ਪਰ ਜਦੋਂ ਉਸ ਨੂੰ ਸੀਸੀਟੀਵੀ ਦੀ ਰਿਕਾਰਡਿੰਗ ਦਿਖਾਈ ਤਾਂ ਉਹ ਰੋਣ ਲੱਗ ਪਿਆ ਅਤੇ ਆਪਣੀ ਗਲਤੀ ਮੰਨ ਗਿਆ। ਥਾਣਾ ਰੰਗੜ ਦੇ ਮੁਖੀ ਸੁਖਵਿੰਦਰ ਸਿੰਘ ਅਤੇ ਡੀਐੱਸਪੀ ਸ੍ਰੀ ਹਰਗੋਬਿੰਦਪੁਰ ਸਾਹਿਬ ਰਾਜੇਸ਼ ਕੱਕੜ ਮੌਕੇ ’ਤੇ ਪਹੁੰਚੇ। ਪੁਲੀਸ ਨੇ ਨਾਬਾਲਗ ਬੱਚੇ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਨਾਬਾਲਗ ਦੀ ਮਾਂ ਨੇ ਦੱਸਿਆ ਕਿ ਉਸ ਦਾ ਆਪਣਾ ਕੋਈ ਬੱਚਾ ਨਹੀਂ ਸੀ ਅਤੇ ਇਸ ਨੂੰ ਉਸ ਨੇ ਗੋਦ ਲਿਆ ਹੋਇਆ ਹੈ। ਉਹ ਰੋਜ਼ਾਨਾ ਸਵੇਰੇ-ਸ਼ਾਮ ਗੁਰਦੁਆਰੇ ਜਾਂਦਾ ਹੈ। ਉਸ ਨੇ ਦੱਸਿਆ ਕਿ ਉਹ ਕਾਫ਼ੀ ਜ਼ਿੱਦੀ ਅਤੇ ਸ਼ੈਤਾਨ ਸੁਭਾਅ ਦਾ ਹੈ ਅਤੇ ਘੱਟ ਸਮਝ ਵਾਲਾ ਹੈ। ਡੀਐੱਸਪੀ ਰਾਜੇਸ਼ ਕੱਕੜ ਨੇ ਕਿਹਾ ਕਿ ਗ੍ਰੰਥੀ ਸੁਖਵਿੰਦਰ ਸਿੰਘ ਦੇ ਬਿਆਨਾਂ ਦੇ ਆਧਾਰ ’ਤੇ ਕੇਸ ਦਰਜ ਕਰ ਕੇ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਇਸ ਸਬੰਧੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਸਿਲਕਿਆਰਾ ਸੁਰੰਗ ’ਚ ਡਰਿਲਿੰਗ ਮੁੜ ਸ਼ੁਰੂ

## ਸੁਰੰਗ ’ਚ ਫਸੇ ਮਜ਼ਦੂਰਾਂ ਨੂੰ ਕੱਢਣ ਬਾਰੇ ਜਲਦੀ ਮਿਲ ਸਕਦੀ ਹੈ ਖ਼ੁਸ਼ਖ਼ਬਰੀ





ਉੱਤਰਕਾਸ਼ੀ : ਨਿਰਮਾਣ ਅਧੀਨ ਸਿਲਕਿਆਰਾ ਸੁਰੰਗ ਵਿਚ ਫਸੇ 41 ਮਜ਼ਦੂਰਾਂ ਨੂੰ ਬਚਾਉਣ ਦਾ ਰਸਤਾ ਤਿਆਰ ਕਰਨ ਲਈ ਅਮਰੀਕੀ ਆਗਰ ਮਸ਼ੀਨ ਨਾਲ ਡਰਿਲਿੰਗ ਮੁੜ ਸ਼ੁਰੂ ਹੋਣ ਨਾਲ ਬਚਾਅ ਕਾਰਜ ਨੇ ਤੇਜ਼ੀ ਫੜ ਲਈ ਹੈ ਅਤੇ ਸਥਿਤੀ ’ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਤੋਂ ਬਚਾਅ ਕਾਰਜਾਂ ਬਾਰੇ ਜਾਣਕਾਰੀ ਲਈ।

ਅਧਿਕਾਰੀਆਂ ਨੇ ਬੁੱਧਵਾਰ ਨੂੰ ਇਥੇ ਦੱਸਿਆ ਕਿ ਅਮਰੀਕੀ ਆਗਰ ਮਸ਼ੀਨ ਨਾਲ ਮੰਗਲਵਾਰ ਦੇਰ ਰਾਤ ਦੁਬਾਰਾ ਡ੍ਰਿਲਿੰਗ ਸ਼ੁਰੂ ਕੀਤੀ ਗਈ ਅਤੇ ਹੁਣ ਤਕ ਮਲਬੇ ਦੇ ਅੰਦਰ 40 ਮੀਟਰ ਤਕ ਪਾਈਪਾਂ ਪਾਈਆਂ ਜਾ ਚੁੱਕੀਆਂ ਹਨ। ਸ਼ੁਕਰਵਾਰ ਦੁਪਹਿਰ ਨੂੰ ਆਗਰ ਮਸ਼ੀਨ ਦੇ ਸਖ਼ਤ ਸਤ੍ਹਾ ਨਾਲ ਟਕਰਾਉਣ ਤੋਂ ਬਾਅਦ ਡਰਿਲਿੰਗ ਬੰਦ ਕਰ ਦਿੱਤੀ ਗਈ ਸੀ। ਡਰਿਲਿੰਗ ਬੰਦ ਕੀਤੇ ਜਾਣ ਤੱਕ ਪਾਈਪ 22 ਮੀਟਰ ਮਲਬਾ ਹਟਾ ਕੇ ਅੰਦਰ ਦਾਖ਼ਲ ਹੋ ਚੁਕੀ ਸੀ। ਉਦੋਂ ਤਕ ਛੇ-ਛੇ ਮੀਟਰ ਵਾਲੀਆਂ ਚਾਰ 900 ਮਿਲੀਮੀਟਰ ਵਿਆਸ ਦੀਆਂ ਪਾਈਪਾਂ ਪਾਈਆਂ ਗਈਆਂ ਸਨ। ਅਗਲੀ ਪਾਈਪ ਨੂੰ ਜੋੜਨ ਲਈ ਆਖ਼ਰੀ ਪਾਈਪ ਦਾ ਦੋ ਮੀਟਰ ਹਿੱਸਾ ਬਾਹਰ ਛੱਡ ਦਿਤਾ ਗਿਆ ਸੀ।

ਅਧਿਕਾਰੀਆਂ ਨੇ ਦਸਿਆ ਕਿ ਹੁਣ ਮਲਬੇ ਦੇ ਅੰਦਰ 900 ਮਿਲੀਮੀਟਰ ਦੀ ਬਜਾਏ 800 ਮਿਲੀਮੀਟਰ ਵਿਆਸ ਦੀਆਂ ਪਾਈਪਾਂ ਪਾਈਆਂ ਜਾ ਰਹੀਆਂ ਹਨ ਅਤੇ ਡਰਿਲਿੰਗ ਮੁੜ ਸ਼ੁਰੂ ਹੋਣ ਤੋਂ ਬਾਅਦ ਹੁਣ ਤਕ ਤਿੰਨ ਹੋਰ ਛੇ ਮੀਟਰ ਲੰਮੀਆਂ ਪਾਈਪਾਂ ਪਾਈਆਂ ਜਾ ਚੁੱਕੀਆਂ ਹਨ। ਉਨ੍ਹਾਂ ਦਸਿਆ ਕਿ ਹੁਣ ਤੱਕ ਪਾਈਪ ਮਲਬੇ ਦੇ ਅੰਦਰ 40 ਮੀਟਰ ਤੱਕ ਜਾ ਚੁੱਕੀ ਹੈ। ਸੁਰੰਗ ’ਚ ਡਰਿਲਿੰਗ ਮੁੜ ਸ਼ੁਰੂ ਹੋਣ ਕਾਰਨ ਬਚਾਅ ਕਾਰਜਾਂ ਨੇ ਤੇਜ਼ੀ ਫੜ ਲਈ ਹੈ। ਦੱਸਿਆ ਜਾ ਰਿਹਾ ਹੈ ਕਿ ਸੁਰੰਗ ਦੇ ਅੰਦਰ 53 ਮੀਟਰ ਮਲਬਾ ਹੈ ਜਿਸ ਨੂੰ ਹਟਾਇਆ ਜਾਣਾ ਹੈ ਤਾਂ ਕਿ ਮਜ਼ਦੂਰਾਂ ਦੇ ਨਿਕਲਣ ਦਾ ਰਾਹ ਬਣ ਸਕੇ।

ਉੱਤਰਕਾਸ਼ੀ ਜ਼ਿਲ੍ਹੇ ’ਚ ਚਾਰਧਾਮ ਯਾਤਰਾ ਮਾਰਗ ’ਤੇ ਨਿਰਮਾਣ ਅਧੀਨ ਸਿਲਕਿਆਰਾ ਸੁਰੰਗ ਦਾ ਇਕ ਹਿੱਸਾ 12 ਨਵੰਬਰ ਨੂੰ ਦੀਵਾਲੀ ਵਾਲੇ ਦਿਨ ਡਿੱਗ ਗਿਆ ਸੀ, ਜਿਸ ਕਾਰਨ ਮਲਬੇ ’ਚ ਦੂਜੇ ਪਾਸੇ ਮਜ਼ਦੂਰ ਫਸ ਗਏ ਸਨ, ਜਿਨ੍ਹਾਂ ਨੂੰ ਕੱਢਣ ਲਈ ਬਚਾਅ ਕਾਰਜ ਜੰਗੀ ਪੱਧਰ ’ਤੇ ਚੱਲ ਰਹੇ ਹਨ।

ਬਚਾਅ ਮੁਲਾਜ਼ਮਾਂ ਨੇ ਮਲਬੇ ਰਾਹੀਂ 53 ਮੀਟਰ ਲੰਮੀ ਛੇ ਇੰਚ ਪਾਈਪਲਾਈਨ ਪਾਉਣ ’ਚ ਸਫ਼ਲਤਾ ਹਾਸਲ ਕੀਤੀ, ਜਿਸ ਰਾਹੀਂ ਮਜ਼ਦੂਰਾਂ ਤੱਕ ਹੋਰ ਭੋਜਨ ਸਮੱਗਰੀ ਪਹੁੰਚਾਈ ਜਾ ਰਹੀ ਹੈ। ਇਸ ਪਾਈਪਲਾਈਨ ਰਾਹੀਂ ‘ਐਂਡੋਸਕੋਪਿਕ ਫਲੈਕਸੀ’ ਕੈਮਰਾ ਭੇਜ ਕੇ ਮਜ਼ਦੂਰਾਂ ਦੇ ਸੁਰੱਖਿਅਤ ਹੋਣ ਦੀਆਂ ਪਹਿਲੀਆਂ ਤਸਵੀਰਾਂ ਅਤੇ ਵੀਡੀਉ ਪ੍ਰਾਪਤ ਕੀਤੇ ਗਏ।







### ਪ੍ਰਧਾਨ ਮੰਤਰੀ ਨੇ ਮੁੱਖ ਮੰਤਰੀ ਧਾਮੀ ਨਾਲ ਗੱਲ ਕੀਤੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿਲਕਿਆਰਾ ’ਚ ਚੱਲ ਰਹੇ ਬਚਾਅ ਕਾਰਜਾਂ ਬਾਰੇ ਰੋਜ਼ ਜਾਣਕਾਰੀ ਪ੍ਰਾਪਤ ਕਰ ਰਹੇ ਹਨ ਅਤੇ ਅੱਜ ਵੀ ਉਨ੍ਹਾਂ ਨੇ ਇਸ ਬਾਰੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨਾਲ ਫ਼ੋਨ ’ਤੇ ਗੱਲ ਕੀਤੀ। ਸੋਸ਼ਲ ਮੀਡੀਆ ’ਤੇ ਇਹ ਜਾਣਕਾਰੀ ਸਾਂਝੀ ਕਰਦਿਆਂ ਧਾਮੀ ਨੇ ਕਿਹਾ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਕੇਂਦਰੀ ਏਜੰਸੀਆਂ, ਅੰਤਰਰਾਸ਼ਟਰੀ ਮਾਹਰਾਂ ਅਤੇ ਸੂਬਾ ਪ੍ਰਸ਼ਾਸਨ ਦੇ ਆਪਸੀ ਤਾਲਮੇਲ ਨਾਲ ਚਲਾਏ ਬਚਾਅ ਕਾਰਜਾਂ ਬਾਰੇ ਜਾਣੂ ਕਰਵਾਇਆ ਅਤੇ ਉਨ੍ਹਾਂ ਨੂੰ ਪਿਛਲੇ 24 ਘੰਟਿਆਂ ਦੌਰਾਨ ਹੋਈ ਸਕਾਰਾਤਮਕ ਪ੍ਰਗਤੀ ਅਤੇ ਗੱਲਬਾਤ ਤੋਂ ਜਾਣੂ ਕਰਵਾਇਆ ਗਿਆ। ਵਰਕਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਿਚਕਾਰ ਵਧੇ ਮਨੋਬਲ ਬਾਰੇ ਵੀ ਜਾਣਕਾਰੀ ਦਿਤੀ। ਧਾਮੀ ਨੇ ਲਿਖਿਆ, “ਇਸ ਔਖੀ ਸਥਿਤੀ ਨਾਲ ਨਜਿੱਠਣ ਲਈ ਪ੍ਰਧਾਨ ਮੰਤਰੀ ਤੋਂ ਲਗਾਤਾਰ ਮਾਰਗਦਰਸ਼ਨ ਮਿਲ ਰਿਹਾ ਹੈ, ਜੋ ਮਜ਼ਦੂਰ ਭਰਾਵਾਂ ਨੂੰ ਪੂਰੀ ਤਾਕਤ ਨਾਲ ਜਲਦੀ ਅਤੇ ਸੁਰੱਖਿਅਤ ਢੰਗ ਨਾਲ ਬਾਹਰ ਕੱਢਣ ਲਈ ਹਰ ਰੋਜ਼ ਸਾਡੇ ਸਾਰਿਆਂ ਨੂੰ ਨਵੀਂ ਊਰਜਾ ਦਿੰਦਾ ਹੈ।” ਦੀਵਾਲੀ ’ਤੇ ਸੁਰੰਗ ਹਾਦਸੇ ਤੋਂ ਬਾਅਦ ਪ੍ਰਧਾਨ ਮੰਤਰੀ ਲਗਾਤਾਰ ਮੁੱਖ ਮੰਤਰੀ ਨਾਲ ਗੱਲ ਕਰ ਰਹੇ ਹਨ ਅਤੇ ਤਾਜ਼ਾ ਜਾਣਕਾਰੀ ਹਾਸਲ ਕਰ ਰਹੇ ਹਨ। ਪਿਛਲੇ ਤਿੰਨ ਦਿਨਾਂ ’ਚ ਇਹ ਉਨ੍ਹਾਂ ਦੀ ਤੀਜੀ ਗੱਲਬਾਤ ਹੈ।





# ਕਿਸਾਨਾਂ ਵੱਲੋਂ ਜਲੰਧਰ-ਦਿੱਲੀ ਹਾਈਵੇਅ ਜਾਮ







ਜਲੰਧਰ : ਕਿਸਾਨਾਂ ਨੇ ਇਕ ਵਾਰ ਫਿਰ ਪੰਜਾਬ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਯੂਨਾਈਟਿਡ ਕਿਸਾਨ ਮੋਰਚਾ ਦੇ ਸੱਦੇ ’ਤੇ ਗੰਨੇ ਦੇ ਰੇਟਾਂ ’ਚ ਵਾਧੇ ਅਤੇ ਹੋਰ ਮੰਗਾਂ ਸਬੰਧੀ ਕਿਸਾਨ ਜਥੇਬੰਦੀਆਂ ਨੇ ਜਲੰਧਰ-ਦਿੱਲੀ ਹਾਈਵੇਅ ’ਤੇ ਧੰਨੋਵਾਲੀ ਗੇਟ ਨੇੜੇ ਧਰਨਾ ਲਾਇਆ। ਜਲੰਧਰ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਦੇਰ ਸ਼ਾਮ ਕਿਸਾਨਾਂ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਦੀਆਂ ਮੰਗਾਂ ਸਰਕਾਰ ਤੱਕ ਪਹੁੰਚਾਉਣ ਅਤੇ ਜਲਦ ਤੋਂ ਜਲਦ ਪੂਰਾ ਕਰਨ ਦਾ ਭਰੋਸਾ ਦਿੱਤਾ ਪਰ ਕਿਸਾਨਾਂ ਨੇ ਮੰਗਾਂ ਪੂਰੀਆਂ ਹੋਣ ਤੱਕ ਧਰਨਾ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਇਸ ਸਬੰਧੀ ਬੀਕੇਯੂ ਦੋਆਬਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਰਾਏ ਨੇ ਵੱਧ ਤੋਂ ਵੱਧ ਕਿਸਾਨਾਂ ਨੂੰ ਧਰਨੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ। ਕਿਸਾਨ ਆਗੂ ਨੇ ਕਿਹਾ ਕਿ ਕੋਈ ਵੀ ਕਿਸਾਨ ਹਾਈਵੇਅ ਬੰਦ ਕਰਨ ਦੇ ਹੱਕ ਵਿੱਚ ਨਹੀਂ ਹੈ ਪਰ ਸਰਕਾਰ ਨੂੰ ਨੀਂਦ ’ਚ ਉਠਾਉਣ ਲਈ ਅਜਿਹੇ ਕਦਮ ਚੁੱਕਣੇ ਪੈ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਮਿੱਲ ਨੂੰ ਚੱਲਣ ਨਹੀਂ ਦੇ ਰਹੀ, ਜਿਸ ਕਾਰਨ ਕਿਸਾਨਾਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ ਕਿਉਂਕਿ ਗੰਨੇ ਦੀ ਫਸਲ ਤਿਆਰ ਹੈ।

ਕਿਸਾਨਾਂ ਨੇ ਕਿਹਾ ਕਿ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਸਰਕਾਰ ਨਾਲ ਮੀਟਿੰਗ ਵੀ ਕੀਤੀ ਗਈ ਸੀ ਪਰ ਉਨ੍ਹਾਂ ਵੱਲੋਂ ਕੋਈ ਸਿੱਟਾ ਨਹੀਂ ਕੱਢਿਆ ਗਿਆ। ਕਿਸਾਨਾਂ ਦੇ ਧਰਨੇ ਕਾਰਨ ਜ਼ਿਲ੍ਹੇ ਦੀਆਂ ਮੁੱਖ ਸੜਕਾਂ ’ਤੇ ਵਾਹਨ ਕਈ-ਕਈ ਘੰਟੇ ਜਾਮ ਵਿਚ ਫਸੇ ਰਹੇ, ਜਿਸ ਕਾਰਨ ਲੋਕ, ਖਾਸ ਕਰ ਕੇ ਵਿਦਿਆਰਥੀਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਰਾਮਾਂਮੰਡੀ, ਆਦਮਪੁਰ, ਭੋਗਪੁਰ, ਕਿਸ਼ਨਗੜ੍ਹ, ਫਗਵਾੜਾ ਹੁਸ਼ਿਆਰਪੁਰ ਅਤੇ ਸ਼ਹਿਰ ਦੀਆਂ ਸੜਕਾਂ ’ਤੇ ਜਾਮ ਵਾਲੀ ਸਥਿਤੀ ਬਣੀ ਰਹੀ। ਇਸ ਜਾਮ ਵਿੱਚ ਐਂਬੂਲੈਂਸਾਂ ਵੀ ਫਸੀਆਂ ਦੇਖੀਆਂ ਗਈਆਂ। ਜਲੰਧਰ ਕਮਿਸ਼ਨਰੇਟ ਅਤੇ ਦਿਹਾਤੀ ਪੁਲੀਸ ਨੇ ਸੁਰੱਖਿਆ ਲਈ ਕਰਮਚਾਰੀ ਤਾਇਨਾਤ ਕੀਤੇ ਹਨ। ਇਸੇ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਵਰਿੰਦਰਪਾਲ ਸਿੰਘ ਬਾਜਵਾ ਨੇ ਜਲੰਧਰ-ਦਿੱਲੀ ਹਾਈਵੇਅ ਉੱਪਰ ਧਰਨਾ ਦੇ ਰਹੇ ਕਿਸਾਨਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਧਰਨਾ ਦੇ ਰਹੇ ਕਿਸਾਨਾਂ ਨੂੰ ਕੱਲ੍ਹ ਮੀਟਿੰਗ ਦਾ ਸਮਾਂ ਦਿੱਤਾ ਗਿਆ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਲੋਕਾਂ ਨੂੰ ਆਵਾਜਾਈ ਵਿੱਚ ਆ ਰਹੀਆਂ ਦਿੱਕਤਾਂ ਦੇ ਮੱਦੇਨਜ਼ਰ ਧਰਨਾ ਸਮਾਪਤ ਕਰ ਦੇਣ।











# ਵਿਨੀ ਰਮਨ ਨੇ ਆਸਟ੍ਰੇਲੀਆ ਦੇ ਵਿਸ਼ਵ ਕੱਪ ਜਿੱਤਣ ਤੋਂ ਬਾਅਦ ਟਰੋਲਾਂ ਨੂੰ ਕੀਤਾ ਬੰਦ

ਆਸਟਰੇਲੀਆ ਨੇ ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ ਵਿੱਚ 2023 ਦੇ ਫਾਈਨਲ ਵਿੱਚ ਭਾਰਤ ਖ਼ਿਲਾਫ਼ ਸ਼ਾਨਦਾਰ ਪ੍ਰਦਰਸ਼ਨ ਕਰਕੇ ਛੇਵਾਂ ਕ੍ਰਿਕਟ ਵਿਸ਼ਵ ਕੱਪ ਖ਼ਿਤਾਬ ਜਿੱਤਿਆ। ਟ੍ਰੈਵਿਸ ਹੈੱਡ ਦੀ 137 ਦੌੜਾਂ ਦੀ ਸ਼ਾਨਦਾਰ ਪਾਰੀ, ਮਾਰਨਸ ਲੈਬੁਸ਼ਗਨ ਦੇ ਨਾਲ ਸ਼ਾਨਦਾਰ ਸਾਂਝੇਦਾਰੀ ਦੇ ਸਹਾਰੇ, ਛੇ ਵਿਕਟਾਂ ਨਾਲ ਜਿੱਤ ਦਰਜ ਕੀਤੀ।

ਜਿੱਤ ਤੋਂ ਬਾਅਦ, ਗਲੇਨ ਮੈਕਸਵੈੱਲ ਦੀ ਪਤਨੀ, ਵਿਨੀ ਰਮਨ, ਨੇ ਉਨ੍ਹਾਂ ਔਨਲਾਈਨ ਟਰੋਲਾਂ ਨੂੰ ਸੰਬੋਧਿਤ ਕੀਤਾ ਜਿਨ੍ਹਾਂ ਨੇ ਸੋਸ਼ਲ ਮੀਡੀਆ ਨੂੰ ਨਫ਼ਰਤ ਭਰੀਆਂ ਟਿੱਪਣੀਆਂ ਨਾਲ ਭਰ ਦਿੱਤਾ। ਰਮਨ ਨੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ ਅਤੇ ਜ਼ੋਰ ਦੇ ਕੇ ਕਿਹਾ ਕਿ ਲੋਕ ਆਪਣੀ ਭਾਰਤੀ ਵਿਰਾਸਤ 'ਤੇ ਮਾਣ ਮਹਿਸੂਸ ਕਰ ਸਕਦੇ ਹਨ ਜਦੋਂ ਕਿ ਉਹ ਦੇਸ਼ ਦਾ ਸਮਰਥਨ ਕਰਦੇ ਹਨ, ਜਿੱਥੇ ਉਹ ਪੈਦਾ ਹੋਏ ਹਨ, ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਹੋਇਆ ਹੈ, ਅਤੇ ਖਾਸ ਕਰਕੇ ਉਨ੍ਹਾਂ ਦੇ ਜੀਵਨ ਸਾਥੀ ਅਤੇ ਉਨ੍ਹਾਂ ਦੇ ਬੱਚੇ ਦੇ ਪਿਤਾ ਦੀ ਟੀਮ।

ਇੰਸਟਾਗ੍ਰਾਮ 'ਤੇ ਇਕ ਪੋਸਟ ਵਿਚ, ਉਸਨੇ ਲਿਖਿਆ, 'ਸਾਰੇ ਨਫ਼ਰਤ ਭਰੇ ਮਾੜੇ ਡੀਐਮਜ਼ ਨੂੰ ਸੰਕੇਤ ਕਰੋ। ਸ਼ਾਨਦਾਰ ਰਹੋ ਇਹ ਕਹਿਣ ਦੀ ਜ਼ਰੂਰਤ 'ਤੇ ਵਿਸ਼ਵਾਸ ਨਹੀਂ ਕਰ ਸਕਦਾ ਪਰ ਤੁਸੀਂ ਭਾਰਤੀ ਹੋ ਸਕਦੇ ਹੋ ਅਤੇ ਆਪਣੇ ਜਨਮ ਦੇ ਦੇਸ਼ ਦਾ ਸਮਰਥਨ ਵੀ ਕਰ ਸਕਦੇ ਹੋ ਜਿੱਥੇ ਤੁਹਾਡਾ ਪਾਲਣ-ਪੋਸ਼ਣ ਹੋਇਆ ਹੈ ਅਤੇ ਸਭ ਤੋਂ ਮਹੱਤਵਪੂਰਨ ਟੀਮ ਤੁਹਾਡੇ ਪਤੀ + ਤੁਹਾਡੇ ਬੱਚੇ ਦਾ ਪਿਤਾ #nobrainer ਵਿੱਚ ਖੇਡਦਾ ਹੈ। ਇੱਕ ਠੰਡੀ ਗੋਲੀ ਲਓ ਅਤੇ ਉਸ ਗੁੱਸੇ ਨੂੰ ਹੋਰ ਮਹੱਤਵਪੂਰਨ ਵਿਸ਼ਵ ਮੁੱਦਿਆਂ ਵੱਲ ਸੇਧਿਤ ਕਰੋ।'

ਟ੍ਰੈਵਿਸ ਹੈੱਡ ਦੀ ਸ਼ਾਨਦਾਰ ਪਾਰੀ ਨੇ ਆਸਟਰੇਲੀਆ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ। ਉਸਨੇ ਟੀਮ ਨੂੰ 241 ਦੇ ਚੁਣੌਤੀਪੂਰਨ ਟੀਚੇ ਦਾ ਪਿੱਛਾ ਕਰਨ ਲਈ ਸ਼ਕਤੀ ਪ੍ਰਦਾਨ ਕੀਤੀ। ਹੈੱਡ ਦੇ ਸੈਂਕੜੇ, ਵਿਸ਼ਵ ਕੱਪ ਫਾਈਨਲ ਵਿੱਚ ਸੱਤਵਾਂ ਅਤੇ ਇੱਕ ਆਸਟਰੇਲੀਆਈ ਦੁਆਰਾ ਤੀਜਾ, ਟੂਰਨਾਮੈਂਟ ਵਿੱਚ ਭਾਰਤ ਦੇ 10 ਮੈਚਾਂ ਦੀ ਅਜੇਤੂ ਲੜੀ ਨੂੰ ਖਤਮ ਕਰਨ ਵਿੱਚ ਯੋਗਦਾਨ ਪਾਇਆ।

ਆਸਟ੍ਰੇਲੀਆ ਦੇ ਕਪਤਾਨ ਪੈਟ ਕਮਿੰਸ ਨੇ ਵਿਸ਼ਵ ਕੱਪ ਜਿੱਤ ਨੂੰ 'ਕ੍ਰਿਕੇਟ ਦਾ ਸਿਖਰ' ਦੱਸਿਆ। ਉਸਨੇ ਹੈਡ ਦੀ ਕਾਰਗੁਜ਼ਾਰੀ ਦੀ ਪ੍ਰਸ਼ੰਸਾ ਕੀਤੀ ਅਤੇ ਇਸ ਇਤਿਹਾਸਕ ਪਲ ਦਾ ਹਿੱਸਾ ਬਣਨ 'ਤੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ।

ਹੱਥ ਦੀ ਸੱਟ ਤੋਂ ਉਭਰਨ ਤੋਂ ਬਾਅਦ ਟੀਮ ਵਿੱਚ ਸ਼ਾਮਲ ਹੋਏ ਹੈੱਡ ਨੇ ਆਪਣਾ ਉਤਸ਼ਾਹ ਸਾਂਝਾ ਕੀਤਾ।

"ਇਹ ਹੱਥ ਦੀ ਸੱਟ ਨਾਲ ਘਰ ਤੋਂ ਵਿਸ਼ਵ ਕੱਪ ਦੇਖਣ ਨਾਲੋਂ ਬਹੁਤ ਵਧੀਆ ਹੈ। ਮੈਂ ਥੋੜਾ ਬੇਚੈਨ ਮਹਿਸੂਸ ਕੀਤਾ, ਪਰ ਮਾਰਨਸ ਨੇ ਬਹੁਤ ਵਧੀਆ ਖੇਡਿਆ ਅਤੇ ਦਬਾਅ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਭਾਲਿਆ।

ਆਲਰਾਊਂਡਰ ਗਲੇਨ ਮੈਕਸਵੈੱਲ ਨੇ ਜੇਤੂ ਦੌੜਾਂ ਬਣਾ ਕੇ ਜਿੱਤ 'ਤੇ ਮੋਹਰ ਲਾਈ, ਜਿਸ ਨਾਲ ਆਸਟ੍ਰੇਲੀਆਈ ਕੈਂਪ 'ਚ ਜਸ਼ਨ ਮਨਾਇਆ ਗਿਆ।

ਇਸ ਜਿੱਤ ਨੇ ਅੰਤਰਰਾਸ਼ਟਰੀ ਕ੍ਰਿਕਟ ਵਿੱਚ ਆਸਟਰੇਲੀਆ ਦੇ ਦਬਦਬੇ ਦੀ ਨਿਸ਼ਾਨਦੇਹੀ ਕੀਤੀ, ਉਨ੍ਹਾਂ ਦਾ ਛੇਵਾਂ ਵਿਸ਼ਵ ਕੱਪ ਖਿਤਾਬ ਹਾਸਲ ਕੀਤਾ।




Harbhajan Turbanator
@harbhajan_singh
Reports of trolling of family members of Australian cricket players is completely in bad taste. We played well but lost the final to better cricket by the Aussies. That's it. Why troll the players and their families? Requesting all cricket fans to stop such behaviour. Sanity and dignity are more important.
9:29 PM · Nov 20, 2023 · 1.6M Views
1,374 Reposts 314 Quotes 15.2K Likes 121 Bookmarks


Travis Head @ImTravisHead · 13h
Several Australian cricketers, including me, received death and sexual assault threats against us and our families from Indian cricket fans after the World Cup final, which we reported to our cricket board.
Take a strictly action against this people.


South Asia Index
@SouthAsiaIndex
Just IN:— Several Australian cricketers have reported to Aussie cricket board for receiving death and ra/pe threats for them and their families from Indian cricket fans after world cup final.
6:35 AM · Nov 21, 2023 · 1.8M Views
4,458 Reposts 1,322 Quotes 14.8K Likes 525 Bookmarks


aaaaand cue all the hateful vile DMs.
stay classy…
can't believe this needs to be said BUT you can be Indian and also support the country of your birth where you have been raised and more importantly the team your husband + father of your child plays in #nobrainer
take a chill pill and direct that outrage towards more important world issues
vini.raman Melbourne - Singapore - Delhi - Dharamsala - Ahmedabad - Mumbai - Pune - Kolkata - Ahmedabad - Singapore - Melbourne
a trip of a lifetime that Logan won't remember
PS. Swipe to the last slide for a little PSA #maxwellsontour


Singh
@APSvasii
Absolutely vile and shocking. Indian cricket fans giving r@pe threats to the wife and daughter of Travis Head after the WC win.
His daughter is only 1 year old
11:40 AM · Nov 19, 2023 · 1.9M Views
2,893 Reposts 1,687 Quotes 9,001 Likes 874 Bookmarks

# ਰੋਹਿਤ ਦੇ ਨੇੜ ਭਵਿੱਖ ਵਿੱਚ ਟੀ-20 ਖੇਡਣ ਦੀ ਸੰਭਾਵਨਾ ਨਹੀਂ

ਨਵੀਂ ਦਿੱਲੀ : ਭਾਰਤ ਦੇ ਇਕ ਦਿਨਾ ਅਤੇ ਟੈਸਟ ਕਪਤਾਨ ਰੋਹਿਤ ਸ਼ਰਮਾ ਦੇ ਹੁਣ ਟੀ-20 ਅੰਤਰਰਾਸ਼ਟਰੀ ਮੈਚ ਖੇਡਣ ਦੀ ਸੰਭਾਵਨਾ ਨਹੀਂ ਹੈ ਅਤੇ ਬੀਸੀਸੀਆਈ ਦੇ ਸੂਤਰਾਂ ਅਨੁਸਾਰ 50 ਓਵਰਾਂ ਦੇ ਵਿਸ਼ਵ ਕੱਪ ਦੀ ਸ਼ੁਰੂਆਤ ਤੋਂ ਪਹਿਲਾਂ ਉਸ ਨੇ ਸਭ ਤੋਂ ਛੋਟੇ ਫਾਰਮੇਟ ਵਿੱਚ ਆਪਣੇ ਭਵਿੱਖ ਬਾਰੇ ਚਰਚਾ ਕੀਤੀ ਸੀ। ਨਵੰਬਰ 2022 ਵਿੱਚ ਭਾਰਤ ਦੇ ਟੀ20 ਵਿਸ਼ਵ ਕੱਪ ਸੈਮੀਫਾਈਨਲ ਤੋਂ ਬਾਹਰ ਹੋਣ ਤੋਂ ਬਾਅਦ ਰੋਹਿਤ ਨੇ ਸਭ ਤੋਂ ਛੋਟੇ ਫਾਰਮੈਟ ਵਿੱਚ ਇੱਕ ਵੀ ਮੈਚ ਨਹੀਂ ਖੇਡਿਆ ਹੈ। ਹਾਰਦਿਕ ਪੰਡਿਆ ਨੇ ਉਦੋਂ ਤੋਂ ਜ਼ਿਆਦਾਤਰ ਟੀ20 ਵਿੱਚ ਭਾਰਤੀ ਟੀਮ ਦੀ ਅਗਵਾਈ ਕੀਤੀ ਹੈ। ਬੀਸੀਸੀਆਈ ਦੇ ਇੱਕ ਸੀਨੀਅਰ ਅਧਿਕਾਰੀ ਨੇ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ 36 ਸਾਲਾ ਭਾਰਤੀ ਕਪਤਾਨ ਨੇ 148 ਟੀ-20 ਮੈਚਾਂ 'ਚ ਚਾਰ ਸੈਂਕੜਿਆਂ ਦੀ ਮਦਦ ਨਾਲ 140 ਦੇ ਕਰੀਬ ਸਟ ?ਰਾਈਕ ਰੇਟ 'ਤੇ 3853 ਦੌੜਾਂ ਬਣਾਈਆਂ ਹਨ। ਇਹ ਕੋਈ ਨਵੀਂ ਘਟਨਾ ਨਹੀਂ ਹੈ ਕਿ ਰੋਹਿਤ ਨੇ ਪਿਛਲੇ ਇੱਕ ਸਾਲ ਵਿੱਚ ਕੋਈ ਵੀ ਟੀ-20 ਨਹੀਂ ਖੇਡਿਆ ਹੈ ਕਿਉਂਕਿ ਉਸ ਵੱਲੋਂ ਇੱਕ ਰੋਜ਼ਾ ਵਿਸ਼ਵ ਕੱਪ 'ਤੇ ਧਿਆਨ ਦਿੱਤਾ ਗਿਆ ਸੀ। ਉਸ ਨੇ ਇਸ ਸਬੰਧ ਵਿੱਚ ਚੋਣਕਰਤਾਵਾਂ ਦੇ ਚੇਅਰਮੈਨ ਅਜੀਤ ਅਗਰਕਰ ਨਾਲ ਵਿਆਪਕ ਚਰਚਾ ਕੀਤੀ ਸੀ। ਉਸ ਨੇ ਖੁਦ ਇਸ ਤੋਂ ਦੂਰ ਰਹਿਣ ਲਈ ਸਵੈਇੱਛਕ ਤੌਰ 'ਤੇ ਕਿਹਾ ਹੈ। ਉਨ੍ਹਾਂ ਕਿਹਾ ਕਿ ਰੋਹਿਤ ਤੋਂ ਬਾਅਦ ਭਾਰਤ ਕੋਲ ਚਾਰ ਸਲਾਮੀ ਬੱਲੇਬਾਜ਼ ਹਨ: ਸ਼ੁਭਮਨ ਗਿੱਲ, ਯਸ਼ਸਵੀ ਜੈਸਵਾਲ, ਈਸ਼ਾਨ ਕਿਸ਼ਨ ਅਤੇ ਰਿਤੁਰਾਜ ਗਾਇਕਵਾੜ। ਜੇਕਰ ਛੋਟੀ ਫਸਲ ਪ੍ਰਦਰਸ਼ਨ ਨਹੀਂ ਕਰਦੀ ਹੈ, ਤਾਂ ਚੋਣਕਾਰ ਜਾਂ ਬੀਸੀਸੀਆਈ ਦੇ ਅਧਿਕਾਰੀ ਰੋਹਿਤ ਨੂੰ ਆਪਣੇ ਮੌਜੂਦਾ ਸਟੈਂਡ 'ਤੇ ਮੁੜ ਵਿਚਾਰ ਕਰਨ ਲਈ ਕਹਿ ਸਕਦੇ ਹਨ।




ਇਹ ਸਮਝਣ ਯੋਗ ਹੈ ਕਿ ਆਪਣੇ ਕਰੀਅਰ ਦੇ ਇਸ ਪੜਾਅ 'ਤੇ, ਰੋਹਿਤ ਆਪਣੇ ਕੰਮ ਦੇ ਬੋਝ ਨੂੰ ਸੰਭਾਲਣਾ ਅਤੇ ਇਹ ਯਕੀਨੀ ਬਣਾਉਣਾ ਚਾਹੇਗਾ ਕਿ ਉਹ ਆਪਣੇ ਬਾਕੀ ਦੇ ਕਰੀਅਰ ਲਈ ਜ਼ਿਆਦਾਤਰ ਸੱਟਾਂ ਤੋਂ ਮੁਕਤ ਰਹੇ। ਉਸ ਕੋਲ ਅਜੇ ਵੀ 2025 ਵਿੱਚ ਇੱਕ ਹੋਰ ਵਿਸ਼ਵ ਟੈਸਟ ਚੈਂਪੀਅਨਸ਼ਿਪ (ਡਬਲਯੂਟੀਸੀ) ਫਾਈਨਲ ਵਿੱਚ ਭਾਰਤ ਦੀ ਅਗਵਾਈ ਕਰਨ ਦਾ ਮੌਕਾ ਹੈ ਅਤੇ ਉਸ ਨੇ 2019 ਵਿੱਚ ਭਾਰਤ ਲਈ ਓਪਨਿੰਗ ਸ਼ੁਰੂ ਕਰਨ ਤੋਂ ਬਾਅਦ ਰਵਾਇਤੀ ਫਾਰਮੈਟ ਵਿੱਚ ਉਸ ਦੀ ਆਪਣੀ ਫਾਰਮ ਸ਼ਾਨਦਾਰ ਰਹੀ ਹੈ।

## ਸਾਬਕਾ ਕੌਮੀ ਪੱਧਰੀ ਹਾਕੀ ਖਿਡਾਰੀ ਗੁਰਪ੍ਰੀਤ ਸਿੰਘ ਦੀ ਹੱਤਿਆ



ਸਾਬਕਾ ਕੌਮੀ ਪੱਧਰੀ ਹਾਕੀ ਖਿਡਾਰੀ ਗੁਰਪ੍ਰੀਤ ਸਿੰਘ (25) ਵਾਸੀ ਗੋਲੇ ਗੁਜਰਾਲ ਜੰਮੂ ਦਾ ਪੁਰਤਗਾਲ ਵਿੱਚ ਅਣਪਛਾਤੇ ਬੰਦੂਕਧਾਰੀਆਂ ਨੇ ਉਸਦੇ ਅਪਾਰਟਮੈਂਟ ਦੀ ਖਿੜਕੀ ਵਿੱਚੋਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ।

# ਆਸਟਰੇਲੀਆ ਛੇਵੀਂ ਵਾਰ ਵਿਸ਼ਵ ਚੈਂਪੀਅਨ

## ਭਾਰਤ ਨੂੰ ਹਰਾ ਕੇ ਆਸਟ੍ਰੇਲੀਆ 6ਵੀਂ ਵਾਰ ਬਣਿਆ ਚੈਂਪੀਅਨ



ਭਾਰਤ ਨੂੰ ਹਰਾਉਣ ਮਗਰੋਂ ਜੇਤੂ ਟਰਾਫੀ ਨਾਲ ਜਿੱਤ ਦਾ ਜਸ਼ਨ ਮਨਾਉਂਦੀ ਹੋਈ ਆਸਟਰੇਲਿਆਈ ਟੀਮ।

ਅਹਿਮਦਾਬਾਦ : ਮਿਸ਼ੇਲ ਸਟਾਰਕ ਦੀ ਅਗਵਾਈ ’ਚ ਗੇਂਦਬਾਜ਼ਾਂ ਦੇ ਸ਼ਾਨਦਾਰ ਪ੍ਰਦਰਸ਼ਨ ਤੇ ਟਰੈਵਿਸ ਹੈੱਡ (137) ਦੇ ਸੈਂਕੜੇ ਦੀ ਬਦੌਲਤ ਆਸਟਰੇਲੀਆ ਅੱਜ ਇਥੇ ਕ੍ਰਿਕਟ ਵਿਸ਼ਵ ਕੱਪ ਦੇ ਫਾਈਨਲ ਵਿੱਚ ਮੇਜ਼ਬਾਨ ਭਾਰਤ ਨੂੰ 6 ਵਿਕਟਾਂ ਨਾਲ ਹਰਾ ਕੇ ਟੂਰਨਾਮੈਂਟ ਵਿੱਚ ਉਪਰੋਥਲੀ ਨੌਵੀਂ ਜਿੱਤ ਨਾਲ 6ਵੀਂ ਵਾਰ ਵਿਸ਼ਵ ਚੈਂਪੀਅਨ ਬਣ ਗਿਆ ਹੈ। ਭਾਰਤ ਇਕ ਵਾਰ ਫਿਰ ਆਈਸੀਸੀ ਟੂਰਨਾਮੈਂਟਾਂ ਵਿਚ ਫਾਈਨਲ ਦਾ ਦਬਾਅ ਝੱਲਣ ਵਿੱਚ ਨਾਕਾਮ ਰਿਹਾ। ਇਸੇ ਸਾਲ ਖੇਡੇ ਆਈਸੀਸੀ ਟੈਸਟ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਵੀ ਭਾਰਤ ਨੂੰ ਕੰਗਾਰੂਆਂ ਹੱਥੋਂ ਸ਼ਿਕਸਤ ਝੱਲਣੀ ਪਈ ਸੀ। 2015 ਵਿਸ਼ਵ ਕੱਪ ਦੇ ਸੈਮੀ ਫਾਈਨਲ ਵਿੱਚ ਆਸਟਰੇਲੀਆ ਨੇ ਹੀ ਭਾਰਤ ਨੂੰ ਟੂਰਨਾਮੈਂਟ ਤੋਂ ਬਾਹਰ ਦਾ ਰਾਹ ਦਿਖਾਇਆ ਸੀ। ਆਸਟਰੇਲੀਅਨ ਟੀਮ ਨੇ ਮੈਚ ਜਿੱਤ ਕੇ 140 ਕਰੋੜ ਭਾਰਤੀਆਂ ਦਾ ਦਿਲ ਤੇ ਮੇਜ਼ਬਾਨ ਟੀਮ ਦਾ ਵਿਸ਼ਵ ਚੈਂਪੀਅਨ ਬਣਨ ਦਾ ਸੁਫ਼ਨਾ ਤੋੜ ਦਿੱਤਾ। ਉਪਰੋਥਲੀ 10 ਮੈਚ ਜਿੱਤ ਕੇ ਫਾਈਨਲ ਵਿੱਚ ਪਹੁੰਚੀ ਭਾਰਤੀ ਟੀਮ ਨੂੰ ਨਰਿੰਦਰ ਮੋਦੀ ਸਟੇਡੀਅਮ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੌਜੂਦਗੀ ਵਿੱਚ ਤੀਜਾ ਵਿਸ਼ਵ ਕੱਪ ਜਿੱਤਣ ਦੀ ਉਮੀਦ ਸੀ। ਟੂਰਨਾਮੈਂਟ ਦੇ ਸਭ ਤੋਂ ਸਫ਼ਲ ਬੱਲੇਬਾਜ਼ ਵਿਰਾਟ ਕੋਹਲੀ ਤੇ ਰਵੀਚੰਦਰਨ ਅਸ਼ਿਵਨ ਨੇ ਇਕ ਰੋਜ਼ਾ ਵਿਸ਼ਵ ਕੱਪ ਜਿੱਤਣ ਵਾਲੀ ਭਾਰਤੀ ਟੀਮ ਦਾ ਦੂਜੀ ਵਾਰ ਹਿੱਸਾ ਬਣਨ ਜਦੋਂਕਿ ਕਪਤਾਨ ਰੋਹਿਤ ਸ਼ਰਮਾ ਨੇ ਪਹਿਲੀ ਵਾਰ ਇਕ ਰੋਜ਼ਾ ਵਿਸ਼ਵ ਚੈਂਪੀਅਨ ਬਣਨਾ ਦਾ ਸੁਪਨਾ ਦੇਖਿਆ ਸੀ, ਪਰ ਪੈਟ ਕਮਿਨਸ ਨੇ ਇਨ੍ਹਾਂ ਸੁਫ਼ਨਿਆਂ ਨੂੰ ਪੂਰਾ ਨਹੀਂ ਹੋਣ ਦਿੱਤਾ। ਆਸਟਰੇਲੀਅਨ ਟੀਮ ਨੇ ਭਾਰਤ ਖਿਲਾਫ਼ ਪਹਿਲੇ ਮੈਚ ਸਣੇ ਲਗਾਤਾਰ ਦੋ ਹਾਰ ਨਾਲ ਵਿਸ਼ਵ ਕੱਪ ਵਿੱਚ ਆਪਣੀ ਮੁਹਿੰਮ ਦਾ ਆਗਾਜ਼ ਕੀਤਾ ਸੀ, ਪਰ ਫਿਰ ਲਗਾਤਾਰ ਨੌਂ ਮੈਚ ਜਿੱਤ ਕੇ ਖਿਤਾਬ ਆਪਣੇ ਨਾਮ ਕੀਤਾ।

ਭਾਰਤੀ ਬੱਲੇਬਾਜ਼ ਵਿਰਾਟ ਕੋਹਲੀ ਨੂੰ ਟੂਰਨਾਮੈਂਟ ਵਿੱਚ ਬਣਾਈਆਂ 765 ਦੌੜਾਂ ਲਈ ‘ਪਲੇਅਰ ਆਫ ਦੀ ਸੀਰੀਜ਼’ ਐਲਾਨਿਆ ਗਿਆ। ਕੋਹਲੀ ਨੇ 95.62 ਦੀ ਔਸਤ ਤੇ 90.31 ਦੇ ਸਟਰਾਈਕ ਰੇਟ ਨਾਲ ਤਿੰਨ ਸੈਂਕੜੇ ਤੇ ਦੋ ਨੀਮ ਸੈਂਕੜੇ ਵੀ ਜੜੇ। ਉਂਜ ਵਿਸ਼ਵ ਕੱਪ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਬੱਲੇਬਾਜ਼ ਨੇ 700 ਦੌੜਾਂ ਬਣਾਈਆਂ। ਕੋਹਲੀ ਨੇ ਸਚਿਨ ਤੇਂਦੁਲਕਰ ਵੱਲੋਂ 2003 ਵਿਸ਼ਵ ਕੱਪ ਵਿੱਚ ਬਣਾਏ 673 ਦੌੜਾਂ ਦੇ ਰਿਕਾਰਡ ਨੂੰ ਤੋੜਿਆ।

ਆਸਟਰੇਲੀਆ ਨੇ ਭਾਰਤ ਵੱਲੋਂ ਦਿੱਤੇ 241 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਹੈੱਡ ਦੀ 137 ਦੌੜਾਂ ਦਾ ਪਾਰੀ (ਚਾਰ ਛੱਕੇ ਤੇ 15 ਚੌਕੇ) ਤੋਂ ਇਲਾਵਾ ਮਾਰਨਸ ਲਾਬੂਸ਼ੇਨ (110 ਗੇਂਦਾਂ ਵਿੱਚ ਨਾਬਾਦ 58 ਦੌੜਾਂ) ਨਾਲ ਚੌਥੇ ਵਿਕਟ ਲਈ 192 ਦੌੜਾਂ ਦੀ ਭਾਈਵਾਲੀ ਸਦਕਾ 43 ਓਵਰ ਵਿੱਚ ਚਾਰ ਵਿਕਟ ’ਤੇ 241 ਦੌੜਾਂ ਬਣਾ ਕੇ ਜਿੱਤ ਦਰਜ ਕੀਤੀ। ਭਾਰਤ ਜੌਹੈੱਨਸਬਰਗ ਵਿੱਚ 2003 ਵਿਸ਼ਵ ਕੱਪ ਦੇ ਫਾਈਨਲ ਵਿੱਚ ਆਸਟਰੇਲੀਆ ਖਿਲਾਫ਼ ਮਿਲੀ ਹਾਰ ਦਾ ਬਦਲਾ ਲੈਣ ਵਿਚ ਵੀ ਨਾਕਾਮ ਰਿਹਾ। ਆਸਟਰੇਲੀਆ ਨੇ ਇਸ ਤੋਂ ਪਹਿਲਾਂ 1987, 1999, 2003, 2007 ਤੇ 2015 ਵਿਚ ਵੀ ਖਿਤਾਬੀ ਜਿੱਤ ਦਰਜ ਕੀਤੀ ਸੀ ਜਦੋਂਕਿ ਭਾਰਤ ਨੇ 1983 ਤੇ 2011 ਵਿਚ ਕ੍ਰਿਕਟ ਵਿਸ਼ਵ ਕੱਪ ਜਿੱਤਿਆ ਸੀ। ਇਸ ਤੋਂ ਪਹਿਲਾਂ ਭਾਰਤੀ ਪਾਰੀ ਲੋਕੇਸ਼ ਰਾਹੁਲ (66) ਤੇ ਵਿਰਾਟ ਕੋਹਲੀ (54) ਦੇ ਨੀਮ ਸੈਂਕੜਿਆਂ ਤੇ ਦੋਵਾਂ ਦਰਮਿਆਨ ਚੌਥੇ ਵਿਕਟ ਲਈ 67 ਦੌੜਾਂ ਦੀ ਭਾਈਵਾਲੀ ਦੇ ਬਾਵਜੂਦ 50 ਓਵਰਾਂ ਵਿੱਚ 240 ਦੌੜਾਂ ’ਤੇ ਸਿਮਟ ਗਈ। ਕਪਤਾਨ ਰੋਹਿਤ ਸ਼ਰਮਾ (47) ਨੇ ਪਾਰੀ ਦਾ ਆਗਾਜ਼ ਕਰਦੇ ਹੋਏ ਇਕ ਵਾਰ ਫਿਰ ਤੇਜ਼ਤੱਰਾਰ ਪਾਰੀ ਖੇਡੀ। ਆਸਟਰੇਲੀਆ ਲਈ ਸਟਾਰਕ 55 ਦੌੜਾਂ ਬਦਲੇ ਤਿੰਨ ਵਿਕਟ ਲੈ ਕੇ ਸਭ ਤੋਂ ਸਫ਼ਲ ਗੇਂਦਬਾਜ਼ ਰਿਹਾ। ਕਪਤਾਨ ਪੈਟ ਕਮਿਨਸ ਤੇ ਜੋਸ਼ ਹੇਜ਼ਲਵੁੱਡ ਦੇ ਹਿੱਸੇ ਦੋ ਦੋ ਵਿਕਟਾਂ ਆਈਆਂ। ਭਾਰਤੀ ਬੱਲੇਬਾਜ਼ਾਂ ਨੇ ਟੂਰਨਾਮੈਂਟਾਂ ਦੇ ਬਾਕੀ ਮੁਕਾਬਲਿਆਂ ਤੋਂ ਉਲਟ ਅੱਜ ਫਾਈਨਲ ਵਿੱਚ ਵਧੇਰੇ ਰੱਖਿਆਤਮਕ ਰਵੱਈਆ ਅਪਣਾਇਆ ਤੇ ਟੀਮ ਆਖਰੀ 40 ਓਵਰਾਂ ਵਿੱਚ ਸਿਰਫ਼ ਚਾਰ ਚੌਕੇ ਹੀ ਜੜ ਸਕੀ, ਜੋ ਆਸਟਰੇਲਿਆਈ ਗੇਂਦਬਾਜ਼ਾਂ ਦੇ ਦਬਦਬੇ ਨੂੰ ਦਰਸਾਉਂਦਾ ਸੀ। ਟੀਚੇ ਦਾ ਪਿੱਛਾ ਕਰਦਿਆਂ ਆਸਟਰੇਲੀਆ ਦੀ ਸ਼ੁਰੂਆਤ ਵੀ ਖਰਾਬ ਰਹੀ ਤੇ ਟੀਮ ਨੇ 47 ਦੌੜਾਂ ਦੇ ਸਕੋਰ ਤੱਕ ਪਹੁੰਚਦਿਆਂ ਤਿੰਨ ਵਿਕਟ ਗੁਆ ਲਏ। ਸ਼ਮੀ ਨੇ ਸੈਮੀਫਾਈਨਲ ਦੀ ਤਰਜ਼ ’ਤੇ ਫਾਈਨਲ ਵਿਚ ਵੀ ਮੈਚ ਦੀ ਆਪਣੀ ਪਹਿਲੀ ਗੇਂਦ ’ਤੇ ਵਿਕਟ ਲਿਆ। ਸ਼ਮੀ ਨੇ ਡੈਵਿਡ ਵਾਰਨਰ (7) ਨੂੰ ਸਲਿਪ ਵਿੱਚ ਕੋਹਲੀ ਹੱਥੋਂ ਕੈਚ ਕਰਵਾਇਆ। ਜਸਪ੍ਰੀਤ ਬੁਮਰਾਹ ਨੇ ਮਿਸ਼ੇਲ ਮਾਰਸ਼(15) ਨੂੰ ਆਪਣਾ ਸ਼ਿਕਾਰ ਬਣਾਇਆ। ਲੋਕੇਸ਼ ਰਾਹੁਲ ਨੇ ਵਿਕਟਾਂ ਪਿੱਛੇ ਮਾਰਸ਼ ਦਾ ਕੈਚ ਫੜਿਆ। ਬੁਮਰਾਹ ਨੇ ਅਗਲੇ ਓਵਰ ਵਿਚ ਸਟੀਵ ਸਮਿੱਥ (4) ਨੂੰ ਲੱਤ ਅੜਿੱਕਾ ਆਊਟ ਕੀਤਾ। ਸਲਾਮੀ ਬੱਲੇਬਾਜ਼ ਟਰੈਵਿਸ ਹੈੱਡ ਨੇ ਹਾਲਾਂਕਿ ਕਰੀਜ਼ ਦਾ ਇਕ ਸਿਰਾ ਸੰਭਾਲੀ ਰੱਖਿਆ। ਹੈੱਡ ਨੇ ਮਗਰੋਂ ਲਾਬੂਸ਼ੇਨ ਨਾਲ ਮਿਲ ਕੇ ਟੀਮ ਨੂੰ ਜਿੱਤ ਦੀ ਦਹਿਲੀਜ਼ ’ਤੇ ਪਹੁੰਚਾਇਆ। ਆਸਟਰੇਲਿਆਈ ਕਪਤਾਨ ਕਮਿਨਸ ਨੇ ਟਾਸ ਜਿੱਤ ਕੇ ਭਾਰਤ ਨੂੰ ਪਹਿਲਾਂ ਬੱਲੇਬਾਜ਼ੀ ਕਰਨ ਦਾ ਸੱਦਾ ਦਿੱਤਾ ਸੀ।



ਵਿਰਾਟ ਕੋਹਲੀ ਨੂੰ ਹੌਸਲਾ ਦਿੰਦੀ ਹੋਈ ਉਸ ਦੀ ਪਤਨੀ ਅਨੁਸ਼ਕਾ ਸ਼ਰਮਾ।



ਆਸਟਰੇਲੀਆ ਦੇ ਕਪਤਾਨ ਪੈਟ ਕਮਿਨਸ ਨੂੰ ਜੇਤੂ ਟਰਾਫੀ ਦਿੰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਆਸਟਰੇਲੀਆ ਦੇ ਉਪ ਪ੍ਰਧਾਨ ਮੰਤਰੀ ਰਿਚਰਡ ਮਾਰਲੇਸ।

## ਅਸੀਂ ਹਮੇਸ਼ਾ ਭਾਰਤੀ ਟੀਮ ਨਾਲ ਖੜ੍ਹੇ ਹਾਂ: ਮੋਦੀ

ਨਵੀਂ ਦਿੱਲੀ: ਵਿਸ਼ਵ ਕੱਪ ਫਾਈਨਲ ਵਿੱਚ ਭਾਰਤ ਨੂੰ ਆਸਟਰੇਲੀਆ ਤੋਂ ਮਿਲੀ ਹਾਰ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਭਾਰਤੀ ਕ੍ਰਿਕਟ ਟੀਮ ਦੇ ਹੁਨਰ ਅਤੇ ਦ੍ਰਿੜ ਇਰਾਦੇ ਦੀ ਸ਼ਲਾਘਾ ਕੀਤੀ। ਪ੍ਰਧਾਨ ਮੰਤਰੀ ਨੇ ਐਕਸ ’ਤੇ ਪੋਸਟ ਕੀਤਾ, “ਅਸੀਂ ਅੱਜ ਅਤੇ ਹਮੇਸ਼ਾ ਲਈ ਤੁਹਾਡੇ ਨਾਲ ਖੜ੍ਹੇ ਹਾਂ।” ਉਨ੍ਹਾਂ ਕਿਹਾ, “ਟੀਮ ਇੰਡੀਆ, ਵਿਸ਼ਵ ਕੱਪ ਦੌਰਾਨ ਤੁਹਾਡਾ ਹੁਨਰ ਅਤੇ ਦ੍ਰਿੜਤਾ ਸ਼ਲਾਘਾਯੋਗ ਸੀ। ਤੁਸੀਂ ਸ਼ਾਨਦਾਰ ਖੇਡ ਦਿਖਾਈ ਅਤੇ ਦੇਸ਼ ਦਾ ਨਾਮ ਰੌਸ਼ਨ ਕੀਤਾ।” ਇਸ ਦੌਰਾਨ ਉਨ੍ਹਾਂ ਜਿੱਤ ਲਈ ਆਸਟਰੇਲੀਆ ਨੂੰ ਵਧਾਈ ਵੀ ਦਿੱਤੀ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਭਾਰਤ ਅਤੇ ਆਸਟਰੇਲੀਆ ਵਿਚਾਲੇ ਖੇਡਿਆ ਗਿਆ ਵਿਸ਼ਵ ਕੱਪ ਦਾ ਫਾਈਨਲ ਦੇਖਣ ਅਹਿਮਦਾਬਾਦ ਵਿੱਚ ਨਰਿੰਦਰ ਮੋਦੀ ਸਟੇਡੀਅਮ ਪਹੁੰਚੇ। ਇਸ ਦੌਰਾਨ ਉਪ ਪ੍ਰਧਾਨ ਮੰਤਰੀ ਰਿਚਰਡ ਮਾਰਲਸ ਵੀ ਮੌਜੂਦ ਸਨ। ਮੋਦੀ ਗੁਜਰਾਤ ਦੇ ਰਾਜਪਾਲ ਅਚਾਰਿਆ ਦੇਵਵਰੱਤ,



ਮੁੱਖ ਮੰਤਰੀ ਭੁਪੇਂਦਰ ਪਟੇਲ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਬੈਠੇ ਸਨ। ਇਸ ਤੋਂ ਪਹਿਲਾਂ ਮੁੱਖ ਮੰਤਰੀ, ਰਾਜਪਾਲ ਤੇ ਗੁਜਰਾਤ ਭਾਜਪਾ ਦੇ ਪ੍ਰਧਾਨ ਸੀਆਰ ਪਾਟਿਲ ਨੇ ਸ਼ਾਮ ਨੂੰ ਹਵਾਈ ਅੱਡੇ ’ਤੇ ਪਹੁੰਚਣ ’ਤੇ ਮੋਦੀ ਦਾ ਸਵਾਗਤ ਕੀਤਾ ਸੀ।

## ਬੱਲੇਬਾਜ਼ੀ ’ਚ ਕੋਹਲੀ ਤੇ ਗੇਂਦਬਾਜ਼ੀ ’ਚ ਸ਼ਮੀ ਰਿਹਾ ਅੱਵਲ

ਅਹਿਮਦਾਬਾਦ: ਭਾਰਤੀ ਬੱਲੇਬਾਜ਼ ਵਿਰਾਟ ਕੋਹਲੀ ਵਿਸ਼ਵ ਕੱਪ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਬੱਲੇਬਾਜ਼ ਬਣ ਗਿਆ। ਇਸੇ ਤਰ੍ਹਾਂ ਮੁਹੰਮਦ ਸ਼ਮੀ ਸ਼ੁਰੂਆਤੀ ਚਾਰ ਮੈਚਾਂ ’ਚੋਂ ਬਾਹਰ ਰਹਿਣ ਦੇ ਬਾਵਜੂਦ ਇਸ ਵਿਸ਼ਵ ਕੱਪ ਦਾ ਸਭ ਤੋਂ ਸਫ਼ਲ ਗੇਂਦਬਾਜ਼ ਰਿਹਾ। ਕੋਹਲੀ ਨੇ ਵਿਸ਼ਵ ਕੱਪ 2023 ਵਿੱਚ 11 ਮੈਚਾਂ ਵਿੱਚ 95.92 ਦੀ ਔਸਤ ਨਾਲ 765 ਦੌੜਾਂ ਬਣਾਈਆਂ, ਜੋ ਵਿਸ਼ਵ ਰਿਕਾਰਡ ਹੈ। ਉਸ ਨੇ ਤਿੰਨ ਸੈਂਕੜੇ ਅਤੇ ਛੇ ਨੀਮ ਸੈਂਕੜੇ ਜੜੇ। ਹਾਲਾਂਕਿ ਉਹ ਭਾਰਤ ਨੂੰ ਇੱਕ ਵਾਰ ਫਿਰ ਚੈਂਪੀਅਨ ਬਣਵਾਉਣ ਵਿੱਚ ਨਾਕਾਮ ਰਿਹਾ। ਕੋਹਲੀ ਨੇ ਆਪਣੇ ਆਦਰਸ਼ ਅਤੇ ਮਹਾਨ ਬੱਲੇਬਾਜ਼ ਸਚਿਨ ਤੇਂਦੁਲਕਰ ਦਾ ਰਿਕਾਰਡ ਤੋੜਿਆ, ਜਿਸ ਨੇ 2003 ਵਿਸ਼ਵ ਕੱਪ ਵਿੱਚ 673 ਦੌੜਾਂ ਬਣਾਈਆਂ ਸਨ। ਭਾਰਤੀ ਕਪਤਾਨ ਰੋਹਿਤ ਸ਼ਰਮਾ 11 ਮੈਚਾਂ ਵਿੱਚ ਇੱਕ ਸੈਂਕੜੇ ਅਤੇ ਤਿੰਨ ਨੀਮ ਸੈਂਕੜਿਆਂ ਦੀ ਮਦਦ ਨਾਲ 54.27 ਦੀ ਔਸਤ ਨਾਲ 597 ਦੌੜਾਂ ਬਣਾ ਕੇ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਬੱਲੇਬਾਜ਼ਾਂ ਦੀ ਸੂਚੀ ਵਿੱਚ ਦੂਜੇ ਸਥਾਨ ’ਤੇ ਰਿਹਾ। ਉਧਰ ਭਾਰਤ ਦੇ ਪਹਿਲੇ ਚਾਰ ਮੈਚਾਂ ’ਚੋਂ ਬਾਹਰ ਹੋਣ ਦੇ ਬਾਵਜੂਦ ਸ਼ਮੀ ਸੱਤ ਮੈਚਾਂ ਵਿੱਚ 10.70 ਦੀ ਸ਼ਾਨਦਾਰ ਔਸਤ ਨਾਲ 24 ਵਿਕਟਾਂ ਲੈ ਕੇ ਟੂਰਨਾਮੈਂਟ ਦਾ ਸਭ ਤੋਂ ਸਫਲ ਗੇਂਦਬਾਜ਼ ਰਿਹਾ। ਉਸ ਨੇ ਟੂਰਨਾਮੈਂਟ ਵਿੱਚ ਤਿੰਨ ਵਾਰ ਪਾਰੀ ਵਿੱਚ ਪੰਜ ਜਾਂ ਇਸ ਤੋਂ ਵੱਧ ਵਿਕਟਾਂ ਲਈਆਂ। ਸੈਮੀਫਾਈਨਲ ਵਿੱਚ ਨਿਊਜ਼ੀਲੈਂਡ ਖ਼ ?ਲਾਫ਼ 57 ਦੌੜਾਂ ਦੇ ਕੇ ਸੱਤ ਵਿਕਟਾਂ ਲੈਣਾ ਉਸ ਦਾ ਸਰਬੋਤਮ ਪ੍ਰਦਰਸ਼ਨ ਸੀ। ਆਸਟਰੇਲੀਆ ਦਾ ਐਡਮ ਜ਼ੈਂਪਾ 11 ਮੈਚਾਂ ਵਿੱਚ 23 ਵਿਕਟਾਂ ਲੈ ਕੇ ਦੂਜੇ ਸਥਾਨ ’ਤੇ ਰਿਹਾ। ਇਸ ਤੋਂ ਇਲਾਵਾ ਦਿਲਸ਼ਾਨ ਮਦੁਸ਼ੰਕਾ (21 ਵਿਕਟਾਂ), ਜਸਪ੍ਰੀਤ ਬੁਮਰਾਹ (20 ਵਿਕਟਾਂ) ਅਤੇ ਜੇਰਾਲਡ ਕੋਇਟਜ਼ੀ (20 ਵਿਕਟਾਂ) ਸਿਖਰਲੇ ਪੰਜ ਗੇਂਦਬਾਜ਼ਾਂ ਵਿੱਚ ਸ਼ਾਮਲ ਹਨ।



ਆਸਟਰੇਲਿਆਈ ਬੱਲੇਬਾਜ਼ ਮਾਰਨਸ ਲਾਬੂਸ਼ੇਨ ਖ਼ਿਲਾਫ਼ ਡੀਆਰਐੱਸ ਨਕਾਰੇ ਜਾਣ ਮਗਰੋਂ ਨਿਰਾਸ਼ ਖੜ੍ਹੀ ਭਾਰਤੀ ਟੀਮ।

# ਜਗਤ ਗੁਰੂ, ਗੁਰੂ ਬਾਬਾ ਨਾਨਕ

**ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।**
**ਫਿਰ ਉਠੀ ਹੈ ਸਦਾ ਤੌਹੀਦ ਕੀ ਪੰਜਾਬ ਸੇ ....**
**ਕਿ ਹਿੰਦ ਕੋ ਏਕ ਮਰਦ-ਏ-ਕਾਮਲ ਨੇ ਜਗਾਇਆ ਖ਼ੁਆਬ ਸੇ**

**ਦੀਨ ਦੂਨੀ ਦੇ ਵਾਲੀ ਸਭ ਦੇ ਸਾਂਝੇ ਪੀਰ, ਮਨੁੱਖਤਾ ਦੇ ਗੁਰੂ, ਸਦੀਆਂ ਬਾਅਦ ਭਾਰਤ ਦੀ ਧਰਤੀ ਉਪਰ ਇਲਾਹੀ ਨਾਦ ਦਾ ਹੋਕਾ ਦੇਣ ਵਾਲੇ ਜਾਤਾਂ-ਪਾਤਾਂ, ਉਚ ਨੀਚ 'ਚ ਲਿਬੜੀ ਤੇ ਮਰ ਚੁੱਕੀ ਭਾਰਤੀ ਸਭਿਅਤਾ ਨੂੰ ਘਰ ਘਰ ਭਰਮਣ ਕਰਕੇ ਮੁੜ ਜਿਉਂਦਾ ਕਰਨ ਵਾਲੇ ਸਦੀਆਂ ਤੋਂ ਗੁਲਾਮ ਭਾਰਤ ਦੇ ਦੁਰਕਾਰੇ ਤੇ ਲਿਤਾੜੇ ਲੋਕਾਂ 'ਚ ਫਿਰ ਤੋਂ ਰੂਹ ਫੂਕਣ ਵਾਲੇ ਅਤੇ ਧਾੜਵੀ ਜਾਲਮ ਮੁਗਲ ਹੁਕਮਰਾਨ ਨੂੰ ਲਲਕਾਰਨ ਵਾਲੇ ਜਗਤ ਗੁਰੂ, ਗੁਰੂ ਬਾਬਾ ਨਾਨਕ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਉਪਰ ਸਾਰੇ ਸੰਸਾਰ ਨੂੰ ਲੱਖ-ਲੱਖ ਵਧਾਈਆ ਹੋਵਣ ਜੀ। - ਸਤਨਾਮ ਸਿੰਘ ਖਾਲਸਾ**



ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਸਮਾਂ : 20 ਅਕਤੂਬਰ 1469 ਈ. ੧੫੨੬ ਬਿ. ਕੱਤਕ ਦੀ ਪੂਰਨਮਾਸ਼ੀ, ਪ੍ਰਕਾਸ਼ ਅਸਥਾਨ : ਰਾਏ ਭੋਇ ਦੀ ਤਲਵੰਡੀ (ਜ਼ਿਲ੍ਹਾ ਸ਼ੇਖ਼ੂਪੁਰਾ, ਪਾਕਿਸਤਾਨ) ਅੱਜ ਕੱਲ੍ਹ ਨਨਕਾਣਾ ਸਾਹਿਬ ਪਿਤਾ ਜੀ : ਸ੍ਰੀ ਕਲਿਆਣ ਦਾਸ ਮਹਿਤਾ ਜੀ, ਮਾਤਾ ਜੀ : ਮਾਤਾ ਤ੍ਰਿਪਤਾ ਜੀ ਗੁਰੂ ਕੇ ਮਹਿਲ : ਮਾਤਾ ਸੁਲੱਖਣੀ ਜੀ, ਸੰਤਾਨ : ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ ਗੁਰਤਾ ਗੱਦੀ : ਧਰੋਂ (ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉਂ)

ਜੋਤੀ ਜੋਤ ਸਮਾਉਣ ਦਾ ਸਮਾਂ ਅਤੇ ਸਥਾਨ : 7 ਸਤੰਬਰ 1539 ਈ. (ਅਸੂ ਵੱਦੀ ੧੫੯੬ ਬਿ.) ਨੂੰ ਕਰਤਾਰਪੁਰ (ਪਾਕਿਸਤਾਨ) ਉਮਰ : ਤਕਰੀਬਨ 70 ਸਾਲ ਅਤੇ ਗੁਰੁ ਸਾਹਿਬ ਜੀ ਬਾਰੇ

ਬ੍ਰਹਮ ਗਿਆਨੀ ਜਿਨ੍ਹਾਂ ਦੀਆਂ ਇਲਾਹੀ ਰਚਨਾਮਾ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਕੂੰਜੀ ਦਾ ਅਧਿਕਾਰ ਹੈ ਉਸ ਵੇਲੇ ਦੇ ਹਾਲਤ ਨੂੰ ਕੁਝ ਇਸ ਤਰ੍ਹਾਂ ਬਿਆਨ ਕਰਦੇ ਹਨ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥ ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥ ਸਿੰਘ ਬੁਕੇ ਮਿਰਗਾਵਲੀ ਭੰਨੀ ਜਾਏ ਨ ਧੀਰ ਧਰੋਆ॥ ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ॥

ਇਸ ਖਿਤੇ ਦਾ ਮਹਾਨ ਮੁਸਲਮਾਨ ਸ਼ਾਇਰ ਸਰ ਮੁਹੰਮਦ ਇਕਬਾਲ ਜੀ ਆਪਣੀ ਇਤਹਾਸਕ ਰਚਨਾ ਚ ਸਦੀਆ ਬਾਦ ਉੱਠੀ ਇੱਕ ਇਲਾਹੀ ਰੂਹਾਨੀ ਅਤੇ ਇਨਕਲਾਬੀ ਅਵਾਜ਼ ਵਾਰੇ ਲਿਖਦੇ ਹਨ

ਫਿਰ ਉਠੀ ਹੈ ਸਦਾ ਤੌਹੀਦ ਕੀ ਪੰਜਾਬ ਸੇ ....

ਕਿ ਹਿੰਦ ਕੋ ਏਕ ਮਰਦ-ਏ-ਕਾਮਲ ਨੇ ਜਗਾਇਆ ਖ਼ੁਆਬ ਸੇ

ਮਹਾਨ ਵਿਦਵਾਨ ਮਿਰਜ਼ਾ ਗ਼ੁਲਾਮ ਅਹਿਮਦ ਕਾਦਿਆਨੀ ਲਿਖਦੇ ਹਨ, "ਬੂਦ ਨਾਨਕ ਆਰਫੋ ਮਰਦੇ ਖ਼ੁਦਾ। ਗ਼ਜ਼ਹਾਏ ਮਾਰਫ਼ਤ ਰਹ ਕਬਾ।" ਇਹ ਫਾਰਸੀ ਦੇ ਲਫਜ਼ ਹਨ ਜਿਨਾ ਦਾ ਮਤਲਬ

"ਖ਼ੁਦਾ ਤਾਅਲਾ ਦੇ ਮਕਬੂਲ ਬੰਦਿਆਂ ਵਿਚੋਂ ਗੁਰੂ ਨਾਨਕ ਸਾਹਿਬ ਇਕ ਸਨ। ਉਨ੍ਹਾਂ ਵਿਚੋਂ ਇਲਾਹੀ ਬਰਕਤਾਂ ਪ੍ਰਗਟ ਹੁੰਦੀਆਂ ਸਨ।" ਉਹ ਲਿਖਦੇ ਹਨ ਕਿ ਉਹ ਸਿੱਖਾਂ ਨਾਲ ਇਸ ਗੱਲ ਉਤੇ ਸਹਿਮਤ ਹਨ।

2. ਇਸਲਾਮੀ ਵਿਦਵਾਨ ਅਬਦੁਲ ਕਰੀ ਕਰੀਮ ਫ਼ਾਰਸੀ ਵਿਚ ਲਿਖਦੇ ਹਨ : "ਦਰ ਅਹਿਦੇ ਬਾਬਰ ਬਾਦਸ਼ਾਹ ਫ਼ਕੀਰੇ ਮਸ਼ਹੂਰ-ਬ-ਨਾਨਕ ਸ਼ਾਹ ਦਰ ਮੁਲਕੇ ਪੰਜਾਬ ਪੈਦਾਸ਼ੁਦ....।"

ਅਰਥਾਤ ਬਾਬਰ ਦੇ ਸਮੇਂ ਪ੍ਰਸਿੱਧ ਫ਼ਕੀਰ ਨਾਨਕ ਸ਼ਾਹ ਪੈਦਾ ਹੋਏ। ਉਹ ਨਿਰਲੇਪ ਈਸ਼ਵਰ ਭਗਤ ਸਨ। ਧਰਮ ਬੰਦਨਾ ਤੋਂ, ਵਹਿਮਾਂ-ਭਰਮਾਂ ਤੋਂ ਬਰੀ ਸਨ। ਅਣਗਿਣਤ ਲੋਕ ਉਨ੍ਹਾਂ ਉਤੇ ਈਮਾਨ ਲਿਆਏ।

3. ਬੂਟੇ ਸ਼ਾਹ ਨਾਂ ਦੇ ਵਿਦਵਾਨ ਗੁਰੂ ਨਾਨਕ ਸਾਹਿਬ ਦੇ ਬਹੁਤ ਹੀ ਪ੍ਰਸ਼ੰਸਕ ਲੇਖਕ ਸਨ। ਆਪ ਆਪਣੀ ਪ੍ਰਸਿੱਧ ਪੁਸਤਕ "ਤਾਰੀਖ਼ੇ ਪੰਜਾਬ" ਵਿਚ ਗੁਰੂ ਨਾਨਕ ਸਾਹਿਬ ਦੀ ਪ੍ਰਸ਼ੰਸਾ ਕਰਦੇ ਹਨ।

4. "ਦਬਿਸਤਾਨੇ ਮਜ਼ਾਹਬ' ਦੇ ਲੇਖਕ ਲਿਖਦੇ ਹਨ, "ਨਾਨਕ ਪੰਥੀਆਂ ਕਿ ਮਾਅਰੂਫ਼ ਵਾ ਗੁਰ ਸਿਖਾ ਅੰਦ ਵਾ ਬਬੁੱਤ ਵਾ ਬੁੱਤਖਾਨਾ ਇਤਿਕਾਦਿ ਨਰਿਦ...ਫਲ ਜੁਮਲਾ ਮੁਰੀਦਾ ਨੇ ਬਾਬਾ ਨਾਨਕ ਬੁਤ ਨਿਕਹੋਸ਼ ਕਨੌਦ।।"

ਅਰਥਾਤ ਨਾਨਕ ਪੰਥੀ ਜਿਨ੍ਹਾਂ ਨੂੰ ਗੁਰਸਿੱਖ ਕਹਿੰਦੇ ਹਾਂ, ਬੁੱਤਾਂ ਅਤੇ ਬੁਤਖਾਨਿਆਂ ਵਿਚ ਵਿਸ਼ਵਾਸ ਨਹੀਂ ਰੱਖਦੇ।

5. ਸਯੱਦ ਮੁਹੰਮਦ ਲਤੀਫ਼ ਲਿਖਦੇ ਹਨ ਕਿ ਗੁਰੂ ਨਾਨਕ ਦਾ ਸਿਧਾਂਤ ਸਿਰਫ਼ ਇਕੋ ਪਰਮਾਤਮਾ ਨੂੰ ਮੰਨਣਾ ਹੈ। ਆਪ ਵੀ ਰੱਬ ਦੀ ਏਕਤਾ ਦੇ ਕਾਇਲ ਸਨ ਅਤੇ ਮੂਰਤੀ ਪੂਜਾ ਦੇ ਸਖ਼ਤ ਵਿਰੋਧੀ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਸਾਰੇ ਸੰਸਾਰ ਦੇ ਲੋਕਾਂ ਲਈ ਸੱਚਾ ਅਤੇ ਨਿਰੋਲ ਧਰਮ ਇਕੋ ਇਹੀ ਹੈ ਕਿ ਸੰਸਾਰ ਦੇ ਸਭ ਆਦਮੀ ਅਤੇ ਔਰਤਾਂ ਬਰਾਬਰ ਹਨ। ਦੁਨੀਆ ਵਿਚ ਜਾਤਾਂ-ਪਾਤਾਂ ਵਾਲੇ ਅਨੇਕਾਂ ਮੱਤ, ਖੁੰਬਾਂ ਵਾਂਗ ਉਗ ਪਏ ਹਨ। ਇਹ ਰੱਬ ਨੇ ਨਹੀਂ, ਆਦਮੀ ਨੇ ਬਣਾਏ ਹੋਏ ਹਨ।

6. ਗੌਰਮਿੰਟ ਕਾਲਜ ਲਾਹੌਰ ਦੇ ਸਾਬਕਾ ਪ੍ਰਿੰਸੀਪਲ ਡਾ. ਮੁਹੰਮਦ ਸ਼ਫ਼ੀ ਇਕ ਪੁਰਾਤਨ ਜਨਮ ਸਾਖੀ ਦਾ ਹਵਾਲਾ ਦੇ ਕੇ ਲਿਖਦੇ ਹਨ ਕਿ ਇਸ ਵਿਚ ਗੁਰੂ ਨਾਨਕ ਸਾਹਿਬ ਨਾਲ ਸਬੰਧਤ ਕਰਾਮਾਤ ਦਾ ਜ਼ਿਕਰ ਨਹੀਂ ਹੈ। ਗੁਰੂ ਜੀ ਦੇ ਸਿੱਧੇ ਸਾਦੇ ਕੀਤੇ ਕੰਮ ਹੀ ਦਰਜ ਹਨ। ਪਰ ਭਾਈ ਬਾਲੇ ਵਾਲੀ ਜਨਮਸਾਖੀ ਤਾਂ ਕਰਾਮਾਤਾਂ ਨਾਲ ਭਰੀ ਪਈ ਹੈ। ਗੁਰੂ ਨਾਨਕ ਸਾਹਿਬ ਨੇ ਕਰਾਮਾਤਾਂ ਨੇ ਆਪ "ਰਿਧਿ ਸਿਧਿ ਅਵਰਾ ਸਾਦ" ਕਹਿ ਕੇ ਰੱਦ ਕੀਤਾ ਹੈ। ਪਰ ਮੌਜੂਦਾ ਸਮੇਂ ਸਿੱਖਾਂ ਵਿਚ ਭਾਈ ਬਾਲੇ ਵਾਲੀ ਜਨਮ ਸਾਖੀ ਪ੍ਰਤੀ ਕੋਈ ਖਿੱਚ ਨਹੀਂ ਹੈ।

ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਦੁਨੀਆ ਦੇ ਵੱਡੇ ਹਿਸੇ ਦਾ ਭਰਮਣ ਕੀਤਾ ਅਤੇ ਭਟਕੀ ਹੋਈ ਲੁਕਾਈ ਨੂੰ ਕਿਹਾ ਕੀ ਪਖੰਡ ਅਤੇ ਵਿਚੋਲੇ ਦੋਵੇਂ ਛੱਡਕੇ ਆਪ ਰੱਬ ਨਾਲ ਇੱਕ ਮਿਕ ਹੋਵੋ, ਤੁਹਾਨੂੰ ਦੂਜਾ ਕੋਈ ਵੀ ਉਸ ਨਾਲ ਨਹੀ ਮਿਲਾ ਸਕਦਾ ਗੁਰੁ ਸਾਹਿਬ ਨੇ ਸਾਂਝੀ ਵਾਲਤਾ ਦਾ ਸੰਦੇਸ਼ ਦਿੱਤਾ ਅਤੇ ਦੁਨੀਆ ਨੂੰ ਦੱਸਿਆ ਕਿ ਰੱਬ ਸਿਰਫ ਇੱਕ ਹੈ ਉਹ ਜਰੇ ਜਰੇ ਅਤੇ ਕਣ ਕਣ ਵਿੱਚ ਸਮਾਇਆ ਹੋਇਆ ਹੈ ਆਪਣੀ ਕਿਰਤ ਕਮਾਈ ਉਸ ਵਿੱਚੋ ਦਸਵੰਦ ਕੱਡਕੇ ਮਾੜੇ ਲੋੜਵੰਦ ਦੀ ਮਦਦ ਨੂੰ ਵੀ ਗੁਰੂ ਸਾਹਿਬ ਭਗਤੀ ਕਹਿਮਦੇ ਹਨ ਕਿਸੇ ਨਾਲ ਹੇਰਾਫੇਰੀ ਧੋਖੇਬਾਜ਼ੀ ਚੋਰਬਜ਼ਾਰੀ ਦੀ ਸਖਤ ਖੰਡਨਾ ਕਰੇ ਹੋਏ ਕਹਿੰਦੇ ਹਨ

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ

ਮੁਸਲਮਾਨਾ ਲਈ ਸੂਰ ਅਤੇ ਹਿੰਦੂਆਂ ਲਈ ਗਾਂ ਖਾਣ ਬਰਾਬਰ ਹੈ

ਗੁਰੁ ਸਾਹਿਬ ਜੀ ਵਲੋ ਉਚਾਰੀ ਗਈ ਇਲਾਹੀ ਗੁਰਬਾਣੀ ਵੇਰਵਾ : 974 ਸ਼ਬਦ, (17 ਰਾਗਾਂ ਵਿਚ)

ਪ੍ਰਮੁੱਖ ਯਾਤਰਾਵਾਂ : 4 ਉਦਾਸੀਆਂ ਦੇ ਰੂਪ ਵਿਚ 24 ਸਾਲ ਦਾ ਸਮਾਂ। ਸਾਰੇ ਹਿੰਦੁਸਤਾਨ, ਬੰਗਲਾ ਦੇਸ਼, ਪਾਕਿਸਤਾਨ, ਬਰਮਾ, ਸ੍ਰੀਲੰਕਾ, ਭੂਟਾਨ, ਤਿੱਬਤ, ਸਿਕਮ, ਨੇਪਾਲ, ਮੰਗੋਲੀਆ, ਤੁਰਕੀ, ਰੂਸ, ਇਟਲੀ, ਅਫ਼ਗਾਨਿਸਤਾਨ, ਈਰਾਨ, ਇਰਾਕ, ਸਾਉਦੀ ਅਰਬੀਆ ਆਦਿ ਵਿਚ ਲੋਕਾਈ ਨੂੰ ਸੱਚ ਦਾ ਮਾਰਗ ਦਰਸ਼ਨਾਇਆ।

ਸਮਕਾਲੀ ਹੁਕਮਰਾਨ : ਬਹਿਲੋਲ, ਸਿਕੰਦਰ, ਇਬਰਾਹੀਮ ਲੋਧੀ, (ਮੁਗਲ) ਬਾਬਰ, ਹੰਮਾਯੂ

ਸਮਕਾਲੀ ਉਘੇ ਸਿੱਖ/ਸ਼ਖਸੀਅਤਾਂ : ਬੇਬੇ ਨਾਨਕੀ, ਰਾਇ, ਬੁਲਾਰ, ਗੋਪਾਲ ਪਾਂਧਾ, ਹਰਦਿਆਲ ਪੁਰੋਹਿਤ, ਦੌਲਤ ਖਾਂ ਲੋਧੀ, ਭਾਈ ਲਾਲੋ, ਭਾਈ ਮਰਦਾਨਾ, ਬਾਲਾ, ਮਨਸੁਖ, ਭਾਗੀਰਥ, ਦੁਨੀ ਚੰਦ, ਸ਼ੇਖ ਸੱਜਣ, ਮੀਆਂ ਮਿੱਠਾ, ਹਮਜ਼ਾ ਗੌਸ, ਸਾਲਸ ਰਾਇ, ਨੂਰ ਸ਼ਾਹ, ਝੰਡਾ ਬਾਢੀ, ਕੌਡਾ ਰਾਖ਼ਸ਼ਸ਼, ਵਲੀ ਕੰਧਾਰੀ, ਰਾਜਾ ਸ਼ਿਵਨਾਭ, ਪੰਡਿਤ ਬ੍ਰਹਮ ਦਾਸ, ਜੀਵਨ, ਭੂਮੀਆ, ਮਲਕ ਭਾਗੋ, ਪੀਰ ਬੁੱਢਾ ਸ਼ਾਹ, ਬਾਬਾ ਬੁੱਢਾ ਜੀ, ਕਾਜ਼ੀ ਰੁਕਨਦੀਨ, ਸ਼ੇਖ ਬਹਿਲੋਲ (ਬਗਦਾਦ)

ਮੁੱਖ ਉਪਦੇਸ਼ : ਇਕ ਦੀ ਅਰਾਧਨਾ, ਇਕ ਦੀ ਉਪਾਸ਼ਨਾ, ਸਚਿਆਰ ਬਣੇ ਬਗੈਰ ਪ੍ਰਭੂ ਮਿਲਾਪ ਸੰਭਵ ਨਹੀਂ। ਭਰਮਾ ਵਹਿਮਾਂ ਦਾ ਤਿਆਗ ਕਰਕੇ ਸਚਿਆਰ ਬਣਨ ਲਈ ਕਿਰਤ ਕਰੋ, ਵੰਡ ਛਕੋ, ਨਾਮ ਜਪੋ, ਸਰਬਤ ਦਾ ਭਲਾ ਕਰੋ ਤੇ ਮੰਗੋ, "ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ" ਦੇ ਧਾਰਨੀ ਬਣੋ। ਅਸੀਂ ਇਸ ਲੇਖ 'ਚ ਵੱਖ ਵੱਖ ਵਿਧਵਾਨਾਂ ਦੇ ਗੁਰੂ ਸਾਹਿਬ ਜੀ ਵਾਰੇ ਲਿਖੇ ਮਹਾਨ ਵਿਚਾਰਾਂ ਨੂੰ ਹੀ ਲਿਖਿਆ ਹੈ ਸਾਰੀ ਜ਼ਿੰਦਗੀ ਇਨਸਾਨ ਲਗਾ ਦੇਵੇ ਤਾਵੀ ਗੁਰੂ ਸਾਹਿਬ ਦਾ ਧੰਨਵਾਦ ਅਤੇ ਉਨ੍ਹਾਂ ਬਾਰੇ ਲਿਖ ਨਹੀਂ ਸਕਦਾ ਅਤੇ ਸਾਡੇ ਵਲੋਂ ਉਨ੍ਹਾਂ ਸਮੂਹ ਐਡਵੋਟਾਈਜਰਾਂ ਦਾ ਜੋ ਹਮੇਸ਼ਾ ਅਖਬਾਰ ਦੇ ਨਾਲ ਖੜ੍ਹਦੇ ਹਨ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ। ਆਓ ਇੱਕ ਵਾਰ ਫੇਰ ਗੁਰੂ ਸਾਹਿਬ ਜੀ ਦੇ ਮਹਾਨ ਪਵਿੱਤਰ ਪ੍ਰਕਾਸ਼ ਦਿਵਸ ਉਪਰ ਸਾਡੇ ਲੋਕ ਦੇ ਸਮੂਹ ਪ੍ਰਵਾਰ ਵਲੋਂ ਲੱਖ ਲੱਖ ਵਧਾਈ ਹੋਵੇ : **ਸਤਨਾਮ ਸਿੰਘ ਖਾਲਸਾ**


ਧੰਨ ਧੰਨ ਸਾਹਿਬ
ਸ੍ਰੀ ਗੁਰੂ ਨਾਨਕ ਦੇਵ ਜੀ
ਦੇ ਪਾਵਨ ਪ੍ਰਕਾਸ਼ ਦਿਵਸ
ਮੌਕੇ ਸਮੂਹ ਜਗਤ ਨੂੰ
ਲੱਖ-ਲੱਖ ਵਧਾਈ
ਬੇਨਤੀ ਕਰਤਾ
ਗੁਰ ਅਤੇ ਪੰਥ ਦੇ ਦਾਸ
ਭਾਈ ਦਰਸ਼ਨ ਸਿੰਘ ਮਾਨ
ਵਿਦਿਆਰਥੀ, ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ
ਮੀਤ ਪ੍ਰਧਾਨ ਗੁਰਦੁਆਰਾ ਸਾਹਿਬ ਐਲਸਬਰਾਂਟੇ ਕੈਲੇਫੋਰਨੀਆ



# ਗੁਰੂ ਨਾਨਕੁ ਜਿਨ ਸੁਣਿਆ ਪੇਖਿਆ

ਸਿੱਖ ਧਰਮ ਬਾਕੀ ਧਰਮਾਂ ਨਾਲੋਂ ਛੋਟੀ ਉਮਰ ਦਾ ਹੋਣ ਕਰਕੇ ਆਧੁਨਿਕਤਾ ਦੇ ਵਧੀਕ ਨੇੜੇ ਹੈ। ਇਸ ਧਰਮ ਨੂੰ ਵਿਗਿਆਨਕ ਧਰਮ ਵੀ ਕਿਹਾ ਜਾਂਦਾ ਹੈ। ਇਸ ਦੇ ਬਾਨੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਨਾਨਕ ਨਾਮ ਲੇਵਾ ਸੰਗਤਾਂ ਨੂੰ ਵਿਸ਼ੇਸ਼ ਤੌਰ ’ਤੇ ਵਿਗਿਆਨਕ ਵਿਚਾਰਧਾਰਾ ਪ੍ਰਦਾਨ ਕੀਤੀ ਹੈ। ਮਨੁੱਖਤਾ ਦੀ ਕਦਰਦਾਨ ਅਤੇ ਸਰਬੱਤ ਦੇ ਭਲੇ ਦੀ ਹਾਮੀ ਹੋਣ ਕਰਕੇ ਇਸ ਵਿਚਾਰਧਾਰਾ ਦਾ ਬੋਲਬਾਲਾ ਸਿਰਫ ਹਿੰਦੁਸਤਾਨ ਵਿੱਚ ਹੀ ਨਹੀਂ ਸਗੋਂ ਪੂਰੇ ਵਿਸ਼ਵ ਵਿੱਚ ਹੀ ਹੈ।

ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ 15 ਅਪ੍ਰੈਲ 1469 ਈ: ਨੂੰ ਅਜੋਕੇ ਪਾਕਿਸਤਾਨ ਦੇ ਜ਼ਿਲਾ ਸੇਖੂਪੁਰੇ ਦੇ ਪਿੰਡ ਤਲਵੰਡੀ ਵਿਖੇ ਬਾਬਾ ਕਲਿਆਣ ਦਾਸ ਉਰਫ ਮਹਿਤਾ ਕਾਲੂ (ਪਟਵਾਰੀ) ਅਤੇ ਮਾਤਾ ਤ੍ਰਿਪਤਾ ਦੇ ਗ੍ਰਹਿ ਵਿਖੇ ਅਵਤਾਰ ਧਾਰਿਆ। ਇਹ ਮਾਣਮੱਤਾ ਪਿੰਡ ਜਿਸ ਨੂੰ ਨਨਕਾਣਾ ਸਾਹਿਬ ਵੀ ਕਿਹਾ ਜਾਂਦਾ ਹੈ। ਲਾਹੌਰ ਦੀ ਦੱਖਣ ਪੱਛਮੀ ਬਾਹੀ ਵਿੱਚ ਲਗਪਗ 42 ਮੀਲ ਦੀ ਦੂਰੀ ’ਤੇ ਸਥਿਤ ਹੈ।

ਜਿਸ ਕਾਲ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ ਅਵਤਾਰ ਧਾਰਿਆ ਉਹ ਕਾਲ ਦੁਨੀਆਂ ਦੇ ਧਾਰਮਿਕ ਇਤਿਹਾਸ ਵਿੱਚ ਬਹੁਤ ਅਹਿਮਤਰੀਨ ਕਾਲ ਹੈ। ਇਹ ਸਮਾਂ ਜਿਥੇ ਕਲਾ, ਸਾਹਿਤ ਅਤੇ ਗਿਆਨ ਦੀ ਮੁੜ ਉਸਾਰੀ ਦਾ ਸਮਾਂ ਸੀ, ਉਥੇ ਖੋਜ ਅਤੇ ਲੱਭਤ ਦਾ ਸਮਾਂ ਵੀ ਸੀ।

ਦੁਨਿਆਵੀਂ ਸਿੱਖਿਆ ਹਾਸਲ ਕਰਨ ਲਈ ਗੁਰੂ ਨਾਨਕ ਸਾਹਿਬ ਜੀ ਨੂੰ 7 ਸਾਲ ਦੀ ਉਮਰ ਵਿੱਚ ਗੋਪਾਲ ਪੰਡਿਤ ਪਾਸੋਂ ਹਿੰਦੀ ਅਤੇ ਬਿਰਜ ਲਾਲ ਪਾਸੋਂ ਸੰਸਕ੍ਰਿਤ ਪੜ੍ਹਨ ਹਿੱਤ ਭੇਜਿਆ ਗਿਆ। ਇਥੇ ਹੀ ਬੱਸ ਨਹੀਂ 13 ਸਾਲ ਦੀ ਉਮਰ ਵਿੱਚ ਗੁਰੂ ਜੀ ਨੂੰ ਫ਼ਾਰਸੀ ਤਾਲੀਮ ਸਿੱਖਣ ਦੇ ਮਨੋਰਥ ਹਿੱਤ ਮੌਲਵੀ ਕੁਤਬਦੀਨ ਪਾਸ ਵੀ ਭੇਜਿਆ ਗਿਆ। ਆਪ ਜੀ ਨੇ ਜਿਥੇ ਉਪਰੋਕਤ ਉਸਤਾਦਾਂ ਪਾਸੋਂ ਸੰਸਾਰੀ ਸਿੱਖਿਆ ਗ੍ਰਹਿਣ ਕੀਤੀ, ਉਥੇ ਉਹਨਾਂ (ਉਸਤਾਦਾਂ) ਨੂੰ ਸੱਚੀ ਸਿੱਖਿਆ (ਰੱਬੀ ਗਿਆਨ) ਦਾ ਪਾਠ ਵੀ ਪੜ੍ਹਾਇਆ। ਆਪਣੇ ਹਾਣੀਆਂ ਨੂੰ ਵੀ ਗੁਰੂ ਜੀ ਨੇ ਸੱਚ/ਪ੍ਰਮਾਤਮਾ ਦੀ ਸਿੱਖਿਆ ਨਾਲ ਜੋੜਿਆ। ਰਾਇ ਬੁਲਾਰ ਭੱਟੀ ਗੁਰੂ ਸਾਹਿਬ ਦੇ ਜੀਵਨ ਤੋਂ ਏਨਾ ਪ੍ਰਭਾਵਿਤ ਹੋਇਆ ਹੈ ਕਿ ਉਸਨੂੰ ਸਭ ਤੋਂ ਪਹਿਲਾਂ ਸਿੱਖ ਹੋਣ ਦਾ ਸ਼ਰਫ ਹਾਸਿਲ ਹੈ।

ਜਦੋਂ ਗੁਰੂ ਨਾਨਕ ਸਾਹਿਬ ਜੀ 10-11 ਸਾਲ ਦੇ ਹੋਏ ਤਾਂ ਉਹਨਾਂ ਦਾ ਨਿਖੇੜਾ ਜਾਤਹੀਣ ਸ਼ੂਦਰਾਂ ਤੋਂ ਕਰਨ ਲਈ ਪੁਰੋਹਿਤ ਨੇ ਜਨੇਊ ਪਹਿਨਾਉਣ ਦੇ ਬਹੁਤ ਯਤਨ ਕੀਤੇ। ਇਹ ਰਸਮੀ ਯਤਨ ਬ੍ਰਾਹਮਣ ਨੂੰ ਗੁਰੂ ਧਾਰਨ ਵੱਲ ਸੇਧਤ ਸਨ। ਪਰ ਆਪ ਤਾਂ ਜਗਤ ਜਲੰਦੇ ਨੂੰ ਤਾਰਨ ਹਿੱਤ ਧੁਰੋਂ ਪਠਾਏ ਹੋਏ ਗੁਰੂ ਸਨ। ਇਸ ਲਈ ਉਹਨਾਂ ਨੇ ਬ੍ਰਾਹਮਣ ਨੂੰ ਗੁਰੂ (ਜਨੇਊ) ਧਾਰਨ ਤੋਂ ਇਨਕਾਰ ਕਰ ਦਿੱਤਾ। ਇਸ ਮੌਕੇ’ਤੇ ਗੁਰੂ ਜੀ ਵਲੋਂ ਇਹ ਸ਼ਬਦ ਉਚਾਰਿਆ ਗਿਆ:

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥** (ਪੰਨਾ-471)

ਪਿੰਡ ਤਲਵੰਡੀ ਦੇ ਵਸਨੀਕ ਭਾਈ ਮਰਦਾਨਾ ਜੀ ਜੋ ਮੁਸਲਮਾਨ ਮਿਰਾਸੀ ਸਨ, ਗੁਰੂ ਸਾਹਿਬ ਦੇ ਬਹੁਤ ਪਿਆਰੇ ਮਿੱਤਰ ਸਨ। ਬਤੌਰ ਰਬਾਬੀ ਉਹ ਗੁਰੂ ਨਾਨਕ ਸਾਹਿਬ ਜੀ ਨਾਲ 6 ਦਹਾਕਿਆਂ ਤੱਕ ਰਹੇ ਹਨ।

18 ਸਾਲ ਦੀ ਉਮਰ ਵਿੱਚ ਗੁਰੂ ਨਾਨਕ ਸਾਹਿਬ ਜੀ ਦਾ ਆਨੰਦ ਕਾਰਜ ਬਟਾਲੇ ਸ਼ਹਿਰ ਦੇ ਬਸ਼ਿੰਦੇ ਸ੍ਰੀ ਮੂਲ ਚੰਦ ਦੀ ਧੀ ਸੁਲੱਖਣੀ ਨਾਲ ਹੋਇਆ। ਇਸ ਪਵਿੱਤਰ ਬੰਧਨ ਦੇ ਮੌਕੇ ਕੁਝ ਸ਼ਰਾਰਤੀ ਪੁਰੋਹਿਤਾਂ ਨੇ ਗੁਰੂ ਜੀ ਉਪਰ ਕੱਚੀ ਕੰਧ ਡੇਗਣ ਦੀ ਵਿਉਂਤਬੰਦੀ ਕੀਤੀ ਪਰ ਦਿਲਾਂ ਦੀਆਂ ਬੁੱਝਣ ਵਾਲੇ ਨਾਨਕ ਨੇ ਉਹਨਾਂ ਦੀ ਵਿਉਂਤ ਹਮੇਸ਼ਾਂ ਲਈ ਫੇਲ੍ਹ ਕਰ ਦਿੱਤੀ। ਇਹ ਕੰਧ ਅਜੇ ਵੀ ਬਟਾਲੇ ਵਿੱਚ ਯਾਦਗਾਰ ਦੇ ਤੌਰ’ਤੇ ਕਾਇਮ ਹੈ। ਆਪ ਜੀ ਦੇ ਘਰ ਦੋ ਪੁੱਤਰ ਬਾਬਾ ਸ੍ਰੀ ਚੰਦ ਅਤੇ ਲਖਮੀ ਜੀ ਦਾਸ ਪੈਦਾ ਹੋਏ।

35 ਸਾਲ ਦੀ ਉਮਰ ਵਿੱਚ ਗੁਰੂ ਨਾਨਕ ਸਾਹਿਬ ਆਪਣੀ ਭੈਣ ਨਾਨਕੀ ਦੇ ਗ੍ਰਹਿ ਸੁਲਤਾਨਪੁਰ ਵਿਖੇ ਪੁਹੰਚ ਗਏ। ਇਥੇ ਆਪ ਨਵਾਬ ਦੌਲਤ ਖਾਂ ਲੋਧੀ ਦੇ ਮੋਦੀ ਬਣ ਗਏ। ਜਿਥੇ ਆਪ ਨੇ ਰਿਸ਼ਵਤ ਖੋਰੀ ਬੰਦ ਕਰਵਾਈ ਅਤੇ ਗਰੀਬਾਂ ਅਮੀਰਾਂ ਨੂੰ ਇਕੋ ਜਿਹਾ ਇਨਸਾਫ ਦਿੱਤਾ। ਕਾਰੋਬਾਰ ਤੋਂ ਵਿਹਲੇ ਹੋ ਕੇ

ਰਮੇਸ਼ ਬੱਗਾ ਚੋਹਲਾ
9463132719



ਗੁਰੂ ਜੀ ਇਸ ਨਗਰ ਵਿੱਚ ਸਤਿਸੰਗ ਵੀ ਕਰਿਆ ਕਰਦੇ ਸਨ। ਇਸ ਸਤਿਸੰਗ ਦੀ ਬਦੌਲਤ ਸਿੱਖੀ ਧਾਰਕਾਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋਇਆ। ਇਥੇ ਹੀ ਮਲਸੀਹਾਂ ਦੇ ਵਸਨੀਕ ਭਗੀਰਥ ਅਤੇ ਮਨਸੁੱਖ ਆਪ ਜੀ ਦੇ ਸਿੱਖ ਬਣੇ। 1507 ਈ: ਵਿੱਚ ਗੁਰੂ ਨਾਨਕ ਸਾਹਿਬ ਜੀ ਵਲੋਂ ਜਗਤ ਜਲੰਦੇ ਦੇ ਸੁਧਾਰ ਹਿੱਤ ਇਕਾਂਤਵਾਸ ਕੀਤਾ ਗਿਆ। ਇਸ ਇਕਾਂਤਵਾਸ ਤੋਂ ਬਾਦ ਉਹਨਾਂ ਨੇ ਭਟਕੀ ਹੋਈ ਲੋਕਾਈ ਨੂੰ ਇੱਕ ਨਵੀਨ ‘ਨਾਅਰਾ ਨਾ ਕੋ ਹਿੰਦੂ ਨਾ ਮੁਸਲਮਾਨ’ ਦਿੱਤਾ। ਮਨੁੱਖਤਾ ਨੂੰ ਪਰਨਾਏ ਇਸ ਨਾਅਰੇ ਦੀ ਖੂਬ ਚਰਚਾ ਹੋਈ ਪਰ ਇਹ ਚਰਚਾ ਉਸ ਵਕਤ ਦੇ ਨਵਾਬ ਅਤੇ ਕਾਜ਼ੀ ਨੂੰ ਹਜ਼ਮ ਨਾ ਹੋ ਸਕੀ। ਉਹਨਾਂ ਨੇ ਗੁਰੂ ਸਾਹਿਬ ਦੀ ਇਨਕਲਾਬੀ ਸੋਚ ਦਾ ਵਿਰੋਧ ਕੀਤਾ ਪਰ ਜਿੱਤ ਆਖਰ ਸੱਚ ਦੀ ਹੀ ਹੋਈ। ਆਪਣੀ ਇਸ ਸੋਚ ਨੂੰ ਦੁਨੀਆਂ ਦੇ ਵੱਖ-ਵੱਖ ਖੇਤਰਾਂ ਤੱਕ ਪਹੁੰਚਾਉਣ ਹਿੱਤ ਗੁਰੂ ਜੀ ਵਲੋਂ ਕਈ ਪ੍ਰਚਾਰ ਦੌਰੇ ਵੀ ਕੀਤੇ ਗਏ, ਜਿਹਨਾਂ ਨੂੰ ਸਿੱਖ ਇਤਿਹਾਸ ਵਿੱਚ ਉਦਾਸੀਆਂ ਦੇ ਨਾਂ ਨਾਲ ਸਤਿਕਾਰਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਦੀਆਂ ਇਹਨਾਂ ਉਦਾਸੀਆਂ ਦਾ ਵਰਨਣ ਇਸ ਪ੍ਰਕਾਰ ਹੈ:

ਗੁਰੂ ਨਾਨਕ ਸਾਹਿਬ ਜੀ ਦੇ ਅਵਤਾਰ ਧਾਰਨ ਤੋਂ ਪਹਿਲਾਂ ਭਾਰਤ ਵਿੱਚ ਵੈਦਿਕ ਧਰਮ ਦੀ ਚੜ੍ਹਤ ਸੀ, ਜਿਸ ਦੀ ਬੁਨਿਆਦ ਵਰਣ ਆਸ਼ਰਮ ਧਰਮ’ਤੇ ਆਧਾਰਿਤ ਸੀ। ਜਦੋਂ ਗੁਰੂ ਜੀ ਨੇ ਅਵਤਾਰ ਧਾਰਿਆ ਤਾਂ ਉਸ ਸਮੇਂ ਭਾਰਤੀ ਸਮਾਜ ਬਹੁਤ ਹੀ ਗੁੰਝਲਦਾਰ ਜਾਤੀਆਂ ਅਤੇ ਧਾਰਮਿਕ ਫਿਰਕਿਆਂ ਵਿੱਚ ਵੰਡਿਆ ਹੋਇਆ ਸੀ। ਮਨੁੱਖ ਦੀ ਪਛਾਣ ਕਰਮ ਆਧਾਰਿਤ ਨਾ ਹੋ ਕੇ ਸਗੋਂ ਜਨਮ ਆਧਾਰਿਤ ਸੀ। ਲੋਕਾਂ ਵਿਚੋਂ ਆਪਸੀ ਭਾਈਚਾਰੇ ਅਤੇ ਇਕਸੁਰਤਾ ਦੀ ਭਾਵਨਾ ਪੂਰੀ ਤਰ੍ਹਾਂ ਅਲੋਪ ਹੋ ਚੁੱਕੀ ਸੀ।

ਅਜਿਹੀ ਤਰਸਯੋਗ ਸੂਰਤ-ਏ-ਹਾਲ ਵਿੱਚ ਸਿਫ਼ਤੀ ਅਤੇ ਇਨਕਲਾਬੀ ਤਬਦੀਲੀ ਲਿਆਉਣ ਲਈ ਗੁਰੂ ਨਾਨਕ ਸਾਹਿਬ ਜੀ ਨੇ ਸਤੰਬਰ 1507 ਈ: ਨੂੰ ਭਾਈ ਮਰਦਾਨੇ ਨੂੰ ਨਾਲ ਲੈ ਕੇ ਦੁਨੀਆਂ ਦੀਆਂ ਵੱਖ-ਵੱਖ ਦਿਸ਼ਾਵਾਂ ਵਿੱਚ ਪ੍ਰਚਾਰ ਦੌਰੇ ਅਰੰਭ ਕੀਤੇ ਜਿਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਉਹ ਭਾਰਤ ਦੀਆਂ ਸਾਰੀਆਂ ਕੂੰਟਾਂ ਵਿੱਚ ਜਾਣ ਦੇ ਨਾਲ-ਨਾਲ ਵਿਦੇਸ਼ਾਂ ਵਿੱਚ ਵੀ ਗਏ। ਇਸ ਦੇਸ਼ਾਂ ਰਟਨ ਵਿੱਚ ਗੁਰੂ ਸਾਹਿਬ ਦਾ ਲਗਪਗ 25 ਕੁ ਸਾਲ ਦਾ ਸਮਾਂ ਲੇਖੇ ਲੱਗਾ। ਇਨ੍ਹਾਂ ਉਦਾਸੀਆਂ ਸਮੇਂ ਉਹ ਬਹੁਤ ਸਾਰੇ ਵਿਅਕਤੀਆਂ ਨੂੰ ਮਿਲੇ। ਉਹਨਾਂ ਦਾ ਪੜਾਅ ਕਦੇ ਗਰੀਬ ਘਰਾਂ ਅਤੇ ਕਦੇ ਨੀਲੀ ਛੱਤ ਹੇਠ ਹੀ ਹੁੰਦਾ ਰਿਹਾ। ਇਹਨਾਂ ਉਦਾਸੀਆਂ ਵਿੱਚ ਉਹਨਾਂ ਦਾ ਮਿਲਾਪ ਛੋਟੇ ਅਤੇ ਅਣਗੋਲੇ ਲੋਕਾਂ ਦੇ ਨਾਲ-ਨਾਲ ਕਈ ਬਾਦਸ਼ਾਹਾਂ ਨਾਲ ਵੀ ਹੋਇਆ।

**ਪਹਿਲੀ ਉਦਾਸੀ**:- ਗੁਰੂ ਸਾਹਿਬ ਦੀ ਪਹਿਲੀ ਉਦਾਸੀ ਦਾ ਸਮਾਂ ਲਗਪਗ 8 ਸਾਲ ਹੈ। ਇਸ ਉਦਾਸੀ ਦੌਰਾਨ ਉਹ ਸਭ ਤੋਂ ਪਹਿਲਾਂ ਐਮਨਾਬਾਦ ਗਏ ਜੋ ਤਲਵੰਡੀ ਤੋਂ ਲਗਪਗ 60 ਕਿ: ਮੀ:’ਤੇ ਸਥਿਤ ਹੈ। ਇਥੇ ਆਪ ਧਰਮ ਦੀ ਕਿਰਤ ਕਰਨ ਵਾਲੇ ਇੱਕ ਅਤਿ ਗਰੀਬੜੇ ਮਨੁੱਖ ਭਾਈ ਲਾਲੋ ਦੇ ਘਰ ਠਹਿਰੇ। ਭਾਈ ਸਾਹਿਬ ਲੱਕੜੀ ਦਾ ਕੰਮ ਕਰਦੇ ਸਨ। ਬ੍ਰਾਹਮਣਾਂ ਨੇ ਇਸ ਗੱਲ ਦਾ ਬੁਰਾ ਮਨਾਇਆ ਕਿ ਗੁਰੂ ਜੀ ਨੀਵੀਂ ਜਾਤੀ ਦੇ ਵਿਅਕਤੀ ਦੇ ਘਰ ਕਿਉਂ ਠਹਿਰੇ ਹਨ। ਪਰ ਆਪ ਨੇ ਇਸ ਵਿਰੋਧ ਦਾ ਕੋਈ ਅਸਰ ਨਾ ਕਬੂਲਿਆ। ਕਿਉਂਕਿ ਉਹਨਾਂ ਦਾ ਮਿਸ਼ਨ ਵੀ ਵਰਣਵਾਦੀ ਸਿਸਟਮ ਨੂੰ ਤੋੜਨਾ ਸੀ। ਇਸ ਮਿਸ਼ਨ ਦੀ ਹੀ ਪੁਸ਼ਟੀ ਕਰਦਾ ਹੈ ਉਹਨਾਂ ਦਾ ਇਹ ਫੁਰਮਾਨ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥** (ਪੰਨਾ-15)

ਹਰਿਦੁਆਰ ਵਿਖੇ ਵਿਸਾਖੀ ਦਾ ਪੁਰਬ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਸੀ। ਮੇਲਾ ਵੇਖਣ ਵਾਲੇ ਮੇਲੀ ਅਤੇ ਸ਼ਰਧਾਲੂ ਗੰਗਾ ਨਦੀ ਵਿੱਚ ਇਸ਼ਨਾਨ ਕਰਦੇ ਸਨ। ਸਿਰਫ਼ ਇਸ਼ਨਾਨ ਹੀ ਨਹੀਂ ਸਗੋਂ ਆਪਣੇ ਪਿੱਤਰਾਂ ਨੂੰ ਸੂਰਜ ਸਾਹਿਬਤਾ ਰਾਹੀਂ ਪਾਣੀ ਵੀ ਪਹੁੰਚਾਉਂਦੇ ਸਨ।

ਗੁਰੂ ਜੀ ਨੇ ਜਿਥੇ ਬੜੇ ਨਾਟਕੀ ਢੰਗ ਨਾਲ ਅਜਿਹੇ ਵਿਚਾਰਾਂ ਨੂੰ ਤਿਲਾਂਜਲੀ ਦੇਣ ਦਾ ਉਪਦੇਸ਼ ਦਿੱਤਾ, ਉਥੇ ਵੈਸ਼ਨਵ ਸਾਧੂਆਂ ਨੂੰ ਮਨੁੱਖੀ ਬਰਾਬਰਤਾ ਦਾ ਸਬਕ ਵੀ ਦਿੱਤਾ। ਗੁਰੂ ਜੀ ਨੇ ਉਹਨਾਂ ਨੂੰ ਬੜਾ ਸਮਝਾਇਆ ਕਿ ਰੱਬ ਦਾ ਕੋਈ ਵੀ ਬੰਦਾ ਮਾੜਾ ਜਾਂ ਨੀਚ ਨਹੀਂ ਹੈ। ਗੋਰਖ ਮਤੇ ਗੋਰਖ ਨਾਥ ਅਤੇ ਉਸਦੇ ਚੇਲਿਆਂ ਦਾ ਗੜ੍ਹ ਸੀ। ਇਹ ਸਥਾਨ ਪੀਲੀਭੀਤ ਤੋਂ ਲਗਪਗ 20 ਕੁ ਕਿਲੋਮੀਟਰ ਦੀ ਵਿੱਥ'ਤੇ ਸਥਿਤ ਹੈ। ਇਥੇ ਗੁਰੂ ਜੀ ਨੇ ਜੋਗੀਆਂ ਨੂੰ ਸਮਝਾਇਆ ਕਿ ਪ੍ਰਮਾਤਮਾ ਬਾਹਰੀ ਭੇਖ'ਤੇ ਨਹੀਂ ਰੀਝਦਾ ਸਗੋਂ ਉਸ ਦੀ ਪ੍ਰਾਪਤੀ ਦੀ ਜੁਗਤ ਵਿਕਾਰ ਰਹਿਤ ਜੀਵਨ ਬਸਰ ਕਰਦਿਆਂ ਉਸ ਦੀ ਸਿਫਤ ਸਲਾਹ ਕਰਨਾ ਹੈ। ਗੁਰੂ ਜੀ ਦੀ ਆਮਦ ਸਦਕਾ ਇਸ ਸਥਾਨ ਦਾ ਨਾਂ ਗੋਰਖ ਮਤੇ ਤੋਂ ਤਬਦੀਲ ਹੋ ਕੇ ਨਾਨਕ ਮਤਾ ਪੈ ਗਿਆ।

ਨਾਨਕ ਮਤੇ ਤੋਂ ਪ੍ਰਚਾਰ ਕਰਦੇ ਹੋਏ ਗੁਰੂ ਨਾਨਕ ਸਾਹਿਬ ਜੀ ਦੀਵਾਲੀ ਵਾਲੇ ਦਿਨ ਅਯੁੱਧਿਆ ਪਹੁੰਚੇ। ਇਥੇ ਆਪ ਜੀ ਦੀ ਭੇਟ ਭਾਈ ਰਾਮਾਨੰਦ ਜੀ ਦੇ ਚੇਲਿਆਂ ਨਾਲ ਹੋਈ। ਇਹਨਾਂ ਬੈਰਾਗੀਆਂ ਨੂੰ ਮੁਕਤੀ ਮਾਰਗ ਬਾਰੇ ਦਸਦਿਆ ਗੁਰੂ ਜੀ ਨੇ ਫੁਰਮਾਇਆ ਕਿ ਮੂਰਤੀ ਪੂਜਾ ਨੂੰ ਤਿਆਗ ਕੇ ਇੱਕ ਅਕਾਲ ਪੁਰਖ ਦੀ ਪੂਜਾ ਵਿੱਚ ਲੱਗ ਜਾਉ।

ਇਲਾਹਬਾਦ ਦਾ ਪੁਰਾਣਾ ਨਾਂ ਪ੍ਰਯਾਗ ਸੀ। ਗੰਗਾ ਜਮਨਾ ਦੇ ਸੰਗਮ ਵਾਲਾ ਇਹ ਹਿੰਦੂਆਂ ਦਾ ਤੀਰਥ ਸਥਾਨ ਹੈ। ਇਹਨਾਂ ਨਦੀਆਂ ਵਿੱਚ ਇਸ਼ਨਾਨ ਕਰਨ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਇਸ ਮਹੱਤਵ ਨੂੰ ਘਟਾਉਂਦਿਆਂ ਗੁਰੂ ਜੀ ਨੇ ਕਿਹਾ ਕਿ ਤੀਰਥ ਇਸ਼ਨਾਨ ਦਾ ਪ੍ਰਭੂ ਦੀ ਭਗਤੀ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਹੈ। ਕਿਉਂਕਿ ਇਸ਼ਨਾਨ ਸਿਰਫ ਤਨ ਦੀ ਮੈਲ ਉਤਾਰਦਾ ਹੈ, ਮਨ ਦੀ ਨਹੀਂ। ਸੱਚਾ ਤੀਰਥ ਤਾਂ ਗੁਰੂ ਆਪ ਹੈ ਜਿਸ ਦੀ ਸਿੱਖਿਆ ਰੂਪੀ ਨਦੀ ਵਿੱਚ ਨਹਾ ਕੇ ਜੀਵ ਮੁਕਤੀ ਪ੍ਰਾਪਤ ਕਰ ਸਕਦਾ ਹੈ।

ਬਨਾਰਸ ਸੰਸਕ੍ਰਿਤ ਵਿਦਿਆ ਅਤੇ ਹਿੰਦੂ ਧਰਮ ਦਾ ਕੇਂਦਰ ਹੈ। ਇਥੋਂ ਦੇ ਪੰਡਿਤਾਂ ਨੇ ਇਹ ਗੱਲ ਪ੍ਰਚਾਰੀ ਹੋਈ ਸੀ ਕਿ ਜੇਕਰ ਕੋਈ ਮਨੁੱਖ ਪੰਡਿਤਾਂ ਨੂੰ ਦਾਨ-ਪੁੰਨ ਕਰਨ ਮਗਰੋਂ ਆਰੇ ਨਾਲ ਸਰੀਰ ਚਿਰਾਵੇਗਾ ਤਾਂ ਉਹ ਸਿੱਧਾ ਸ਼ਿਵਪੁਰੀ ਨੂੰ ਜਾਏਗਾ ਪਰ ਗੁਰੂ ਜੀ ਨੇ ਬਨਾਰਸ ਵਾਸੀਆਂ ਨੂੰ ਪੰਡਿਤਾਂ ਦੀਆਂ ਚਾਲਾਂ ਤੋਂ ਸੁਚੇਤ ਕਰਦਿਆਂ ਕਿਹਾ ਕਿ ਮੁਕਤੀ ਕਿਸੇ ਵਿਸ਼ੇਸ਼ ਥਾ ਤੇ ਮਰਨ ਨਾਲ ਨਹੀਂ ਸਗੋਂ ਚੰਗੇ ਕਰਮਾਂ ਨਾਲ ਮਿਲਦੀ ਹੈ।

ਇਥੇ ਆਪ ਨੇ ਪੰਡਿਤ ਚਤੁਰਦਾਸ ਨੂੰ ਸਮਝਾਇਆ ਕਿ ਤਿਲਕ, ਤੁਲਸੀ, ਮਾਲਾ ਸਾਲਗ੍ਰਾਮ ਅਤੇ ਧਾਰਮਿਕ ਪਹਿਰਾਵਾ ਬ੍ਰਾਹਮਣ ਹੋਣ ਦੀ ਬਾਹਰਮੁਖੀ ਨਿਸ਼ਾਨੀ ਹਨ ਪਰ ਅਸਲੀ ਬ੍ਰਾਹਮਣ ਫੋਕਟ ਕਰਮਕਾਡਾਂ ਵਿੱਚ ਸਮਾਂ ਨਸਟ ਕਰਨ ਦੀ ਬਜਾਏ ਉਸ ਪ੍ਰਭੂ ਦੀ ਸਿਫਤ ਸਲਾਹ ਵਿੱਚ ਸਮਾਂ ਬਤੀਤ ਕਰਦਾ ਹੈ। ਬਨਾਰਸ ਵਿਚੋਂ ਗੁਰੂ ਨਾਨਕ ਸਾਹਿਬ ਜੀ ਨੇ ਭਗਤ ਕਬੀਰ, ਭਗਤ ਰਵੀਦਾਸ ਅਤੇ ਰਾਮਾਨੰਦ ਜੀ ਦੀ ਬਾਣੀ ਪ੍ਰਾਪਤ ਕੀਤੀ।



ਗਯਾ ਬਿਹਾਰ ਪ੍ਰਾਂਤ ਵਿੱਚ ਫਲਗੂ ਨਦੀ ਦੇ ਕੰਢੇ ਤੇ ਸਥਿਤ ਹੈ। ਬ੍ਰਾਹਮਣਾਂ ਦੇ ਸਿਖਾਏ ਲੋਕ ਇਥੇ ਆਪਣੇ ਪਿਤਰਾਂ ਦੀ ਗਤੀ ਲਈ ਦਾਨ-ਪੁੰਨ ਕਰਨ ਵਾਸਤੇ ਆਉਂਦੇ ਸਨ। ਅਜਿਹੇ ਲੋਕਾਂ ਨੂੰ ਸਿਖਿਆ ਦਿੰਦਿਆਂ ਗੁਰੂ ਜੀ ਨੇ ਕਿਹਾ ਕਿ ਮੌਤ ਪਿਛੋਂ ਕੀਤੀਆਂ ਜਾਣ ਵਾਲੀਆਂ ਰਸਮਾਂ ਦਾ ਵਿਛੜੀ ਹੋਈ ਆਤਮਾ ਨੂੰ ਕੋਈ ਲਾਭ ਨਹੀਂ ਪਹੁੰਚਦਾ।

ਬਿਹਾਰ ਪ੍ਰਾਂਤ ਤੋਂ ਬਾਅਦ ਗੁਰੂ ਨਾਨਕ ਸਾਹਿਬ ਜੀ ਆਸਾਮ ਵਿੱਚ ਦਾਖਲ ਹੋਏ। ਉਸ ਵਕਤ ਇਸ ਪ੍ਰਾਂਤ ਨੂੰ ਕਾਮਰੂਪ ਕਿਹਾ ਜਾਂਦਾ ਸੀ, ਇਸ ਪ੍ਰਾਂਤ ਦੇ ਪ੍ਰਸਿੱਧ ਸ਼ਹਿਰ ਗੋਹਾਟੀ ਵਿੱਚ ਕਾਮਖਯਾ ਸਾਹਿਬੀ ਦਾ ਮੰਦਰ ਹੈ। ਇਹ ਮੰਦਰ ਵਾਮ ਮਾਰਗੀਆਂ ਦਾ ਹੈ। ਇਹ ਲੋਕ ਧਰਮ ਤੇ ਆਚਰਣ ਤੋਂ ਗਿਰੇ ਕੰਮਾਂ ਨੂੰ ਧਰਮ ਦਾ ਜ਼ਰੂਰੀ ਅੰਗ ਸਮਝਦੇ ਸਨ। ਗੁਰੂ ਜੀ ਨੇ ਇਹਨਾਂ ਲੋਕਾਂ ਨੂੰ ਨਸ਼ਿਆਂ ਤੇ ਆਚਰਣ ਹੀਣ ਕੰਮਾਂ ਤੋਂ ਪ੍ਰਹੇਜ਼ ਕਰਨ ਲਈ ਕਿਹਾ ਅਤੇ ਸਮਝਾਇਆ ਕਿ ਕੁਕਰਮਾਂ ਨੂੰ ਧਰਮ ਦੀ ਆੜ ਵਿੱਚ ਸੁਕਰਮ ਨਹੀਂ ਬਣਾਇਆ ਜਾ ਸਕਦਾ।

ਢਾਕੇ ਵਿਚੋਂ ਹੀ ਗੁਰੂ ਜੀ ਨੇ ਭਗਤ ਜੈ ਸਾਹਿਬ ਜੀ ਦੇ ਦੋ ਸ਼ਬਦ ਪ੍ਰਾਪਤ ਕੀਤੇ।

ਜਗਨ ਨਾਥ ਪੁਰੀ ਦੇ ਮੰਦਰ ਜੋ ਕਿ ਉੜੀਸਾ ਵਿਖੇ ਸਥਿਤ ਹੈ, ਵਿੱਚ ਪਹੁੰਚ ਕੇ ਗੁਰੂ ਜੀ ਨੇ ਲੋਕਾਂ ਨੂੰ ਦਸਿਆ ਕਿ ਕੋਈ ਵੀ ਸਾਹਿਬੀ ਸਾਹਿਬਤਾ ਜਗਨਨਾਥ ਨਹੀਂ ਹੋ ਸਕਦਾ ਸਗੋਂ ਜਗਤ ਦਾ ਨਾਥ ਤਾਂ ਵਾਹਿਗੁਰੂ ਆਪ ਹੈ।

ਜਦੋਂ ਗੁਰੂ ਜੀ ਨੂੰ ਜਗਨਨਾਥ ਦੀ ਮੂਰਤੀ ਦੀ ਆਰਤੀ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ ਤਾਂ ਉਹਨਾਂ ਨੂੰ ਇਹ ਕਹਿ ਕੇ ਆਰਤੀ ਵਿੱਚ ਸ਼ਮੂਲੀਅਤ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਉਸ ਦੇ ਜਗਨਨਾਥ ਦੀ ਆਰਤੀ ਤਾਂ ਉਸ ਦੀ ਬਣਾਈ ਕੁਦਰਤ ਆਪ ਹੀ ਉਤਾਰ ਰਹੀ ਹੈ। ਉਹਨਾਂ ਨੇ ਕਿਹਾ ਕਿ ਪ੍ਰਮਾਤਮਾ ਦਿਖਾਵੇ ਦੀ ਆਰਤੀ ਨਾਲ ਖੁਸ਼ ਨਹੀਂ ਹੁੰਦਾ, ਸਗੋਂ ਉਸ ਦੀ ਸੱਚੀ ਆਰਤੀ ਤਾਂ ਉਸ ਦੇ ਭਾਣੇ ਵਿੱਚ ਰਹਿ ਕੇ ਸਰਬੱਤ ਦਾ ਭਲਾ ਲੋਚਣਾ ਹੈ। ਇਥੇ ਹੀ ਆਪ ਨੇ ਕਲਯੁੱਗ ਨਾਂ ਦੇ ਪਾਂਧੇ ਦਾ ਪਰਦਾਫਾਸ਼ ਕੀਤਾ ਜੋ ਮਾਇਆ ਦੇ ਲਾਲਚ ਵਿੱਚ ਭੋਲੀ ਜਨਤਾ ਨੂੰ ਗੁੰਮਰਾਹ ਕਰ ਰਿਹਾ ਸੀ। ਪੁਰੀ ਤੋਂ ਬਾਅਦ ਗੁਰੂ ਜੀ ਭੀਲਾਂ ਦੇ ਇਲਾਕੇ ਵਿੱਚ ਆ ਗਏ ਜਿਸਨੂੰ ਦ੍ਰਾਵਿੜ ਵੀ ਕਿਹਾ ਜਾਂਦਾ ਹੈ। ਇਥੇ ਆਉਣ ਦਾ ਸਬੱਬ ਭਾਈ ਮਰਦਾਨਾ ਸੀ/ ਕੌਡਾ ਰਾਖਸ਼ ਭਾਈ ਜੀ ਨੂੰ ਮਾਰਨ ਦੀਆਂ ਤਿਆਰੀਆਂ ਕਰ ਰਿਹਾ ਸੀ ਤਾਂ ਗੁਰੂ ਜੀ ਵੀ ਉਥੇ ਪਹੁੰਚ ਗਏ। ਗੁਰੂ ਜੀ ਦਾ ਉਪਦੇਸ਼ ਸੁਣ ਕੇ ਅਤੇ ਦਰਸ਼ਨ-ਦੀਦਾਰ ਕਰਕੇ ਕੌਡਾ ਨਿਹਾਲ ਹੋ ਗਿਆ ਤਾਂ ਉਸ ਨੇ ਭਾਈ ਮਰਦਾਨੇ ਨੂੰ ਛੱਡ ਦਿੱਤਾ। ਇਸ ਦੇ ਨਾਲ ਹੀ ਉਸ ਨੇ ਗੁਰੂ ਜੀ ਨੂੰ ਅੱਗੇ ਤੋਂ ਹਮੇਸ਼ਾਂ ਲਈ ਸੱਚੇ ਮਾਰਗ ਉੱਤੇ ਚੱਲਣ ਦਾ ਵਿਸ਼ਵਾਸ਼ ਵੀ ਦਿਵਾਇਆ।

ਇਸ ਉਦਾਸੀ ਦੇ ਸਫ਼ਰ ਦੌਰਾਨ ਗੁਰੂ ਜੀ ਸਿੰਗਲਾਦੀਪ (ਸ੍ਰੀ ਲੰਕਾ) ਪਹੁੰਚੇ। ਇਥੋਂ ਦਾ ਰਾਜਾ ਸ਼ਿਵਨਾਭ ਜੋ ਕਿ ਗੁਰੂ ਨਾਨਕ ਸਾਹਿਬ ਜੀ ਦਾ ਅਨਿਨ ਸ਼ਰਧਾਲੂ ਸੀ, ਨੂੰ ਗੁਰੂ ਜੀ ਦੇ ਦਰਸ਼ਨਾਂ ਦੀ ਤੀਬਰ ਤਾਂਘ ਸੀ। ਗੁਰੂ ਜੀ ਨੇ ਉਸ ਨੂੰ ਦਰਸ਼ਨ ਦੇ ਕੇ ਉਸ ਦੀ ਤਾਂਘ ਪੂਰੀ ਕੀਤੀ। ਇਸ ਉਦਾਸੀ ਦੌਰਾਨ ਹੀ ਗੁਰੂ ਨਾਨਕ ਸਾਹਿਬ ਜੀ ਦਿੱਲੀ ਵਿਖੇ ਜਮਨਾ ਨਦੀ ਦੇ ਕਿਨਾਰੇ ਮਜਨੂੰ ਭਗਤ ਨੂੰ ਮਿਲੇ, ਉਹਨਾਂ ਦੇ ਮਿਲਾਪ ਦੀ ਸ਼ਾਹਦੀ ਭਰਦਾ ਹੈ, ਗੁਰਦੁਆਰਾ ਮਜਨੂੰ ਟਿੱਲਾ।

ਗੁਰੂ ਜੀ ਦੀ ਇਸ (ਪਹਿਲੀ) ਉਦਾਸੀ ਦਾ ਅੰਤਮ ਪੜਾਅ ਕੁਰੂਕਸ਼ੇਤਰ ਸੀ। ਇਥੇ ਆਪ ਨੇ ਸੂਰਜ ਗ੍ਰਹਿਣ ਸਮੇਂ ਭੋਜਨ ਦੇ ਛਕਣ ਦੇ ਵਿਚਾਰਾਂ ਦਾ ਖੰਡਣ ਕੀਤਾ ਜੋ ਬ੍ਰਾਹਮਣਾਂ ਦੁਆਰਾ ਨਿੱਜੀ ਸੁਆਰਥ ਹਿੱਤ ਫੈਲਾਏ ਗਏ ਸਨ।

**ਦੂਜੀ ਉਦਾਸੀ**:- ਪਹਿਲੀ ਉਦਾਸੀ ਦੀ ਤਰਜ਼'ਤੇ ਇਸ ਉਦਾਸੀ ਦਾ ਮੁਹਾਣ ਵੀ ਹਿੰਦੂ ਤੀਰਥ ਅਸਥਾਨਾਂ ਅਤੇ ਸਿੱਧ ਜੋਗੀਆਂ ਦੇ ਟਿਕਾਣਿਆਂ ਵੱਲ ਸੀ। ਇਸ ਉਦਾਸੀ ਦੇ ਕੁਝ ਚੌਣਵੇਂ ਪੜਾਅ:-

ਸੁਮੇਰ ਪਰਬਤ ਦੀਆਂ ਗੁਫਾਵਾਂ ਵਿੱਚ ਸਿੱਧ, ਜੋਗੀ ਤੇ ਨਾਥ ਨਿਵਾਸ ਕਰਦੇ ਸਨ। ਇਥੇ ਗੁਰੂ ਸਾਹਿਬ ਦੀਆਂ ਸਿੱਧਾਂ ਨਾਲ ਧਾਰਮਿਕ ਗੋਸ਼ਟੀਆਂ ਹੋਈਆਂ। ਜੋ ਸਿੱਧ ਜੋਗੀ ਗੁਰੂ ਜੀ ਦੇ ਤਰਕ ਦਾ ਸਾਹਮਣਾ ਨਾ ਕਰ ਸਕੇ ਤਾਂ ਉਹਨਾਂ ਨੇ ਕਰਾਮਾਤੀ ਚੱਕਰ ਚਲਾਉਣੇ ਸ਼ੁਰੂ ਕਰ ਦਿੱਤੇ ਪਰ ਇਹ ਚੱਕਰ ਵੀ ਗੁਰੂ ਸਾਹਿਬ'ਤੇ ਕੋਈ ਪ੍ਰਭਾਵ ਨਾ ਪਾ ਸਕੇ। ਅਖੀਰ ਸਿੱਧਾਂ ਨੇ ਗੁਰੂ ਜੀ ਦੇ ਦਲੀਲਮਈ ਵਿਚਾਰਾਂ ਅੱਗੇ ਹਥਿਆਰ ਸੁੱਟ ਦਿੱਤੇ। ਸੁਮੇਰ ਪਰਬਤ ਤੋਂ ਬਾਅਦ ਗੁਰੂ ਜੀ ਨੇਪਾਲ ਪਹੁੰਚੇ ਅਤੇ ਉਥੋਂ ਦੇ ਰਾਜੇ ਰਘਬੀਰ ਨੂੰ ਆਪਣਾ ਸੇਵਕ ਬਣਾਇਆ।

ਕਸ਼ਮੀਰ ਦੇ ਇਲਾਕੇ ਵਿੱਚ ਗੁਰੂ ਜੀ ਨੇ ਸ੍ਰੀਨਗਰ, ਮਟਨ ਸਾਹਿਬ, ਅਮਰਨਾਥ ਅਤੇ ਵੈਸ਼ਨੋ ਸਾਹਿਬੀ ਦਾ ਰਟਨ ਕੀਤਾ ਅਤੇ ਲੋਕਾਂ ਨੂੰ ਸੱਚ ਦਾ ਰਾਹ ਵਿਖਾਇਆ।

ਜੰਮੂ ਵਿੱਚ ਆਪ ਨੇ ਰਘੂਨਾਥ ਮੰਦਰ ਵਿੱਚ ਟਿਕਾਣਾ ਕੀਤਾ ਅਤੇ ਇਥੇ ਜੁੜੀ ਲੋਕਾਈ ਨੂੰ ਪੱਥਰ ਪੂਜਣ ਤੋਂ ਵਰਜਿਆ।

ਸਿਆਲਕੋਟ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ ਪੀਰ ਹਮਜ਼ਾ ਗੌਂਸ ਨੂੰ ਸਿੱਧੇ ਰਾਹੇ ਪਾਇਆ ਅਤੇ ਮੌਤ ਦੀ ਸੱਚਾਈ ਨੂੰ ਬਿਆਨ ਕੀਤਾ।

ਇਸ ਉਦਾਸੀ ਦਾ ਛੇਕੜਲਾ ਪੜਾਅ ਪਸਰੂਰ ਸੀ। ਇਥੇ ਗੁਰੂ ਜੀ ਦੀ ਮੀਆਂ ਮਿੱਠਾ ਰਾਮ ਦੇ ਫਕੀਰ ਨਾਲ ਚਰਚਾ ਹੋਈ ਅਤੇ ਆਪ ਨੇ ਉਸ ਨੂੰ ਗੁਰਮਤਿ ਗਿਆਨ ਦੀ ਬਖਸ਼ਿਸ਼ ਕੀਤੀ।

ਤੀਜੀ ਉਦਾਸੀ:- ਗੁਰੂ ਨਾਨਕ ਸਾਹਿਬ ਜੀ ਦੀ ਤੀਜੀ ਉਦਾਸੀ ਮੁਸਲਮਾਨੀ ਮੱਤ ਦੇ ਧਾਰਮਿਕ ਸਥਾਨਾਂ ਵੱਲ ਸੀ। ਤਿੰਨ ਵਰ੍ਹਿਆਂ ਦੀ ਇਸ ਉਦਾਸੀ ਦੌਰਾਨ ਗੁਰੂ ਨਾਨਕ ਸਾਹਿਬ ਜੀ ਨੇ ਇਸਲਾਮ ਧਰਮ ਦੇ ਪੀਰਾਂ, ਫਕੀਰਾਂ, ਮੌਲਵੀਆਂ ਅਤੇ ਹੋਰ ਪੈਰੋਕਾਰਾਂ ਨੂੰ ਅੱਲ੍ਹਾ ਤੋਂ ਦੂਰ ਲਿਜਾਣ ਵਾਲੇ ਵਿਚਾਰ ਅਤੇ ਵਿਵਹਾਰ ਤੋਂ ਪ੍ਰਹੇਜ ਕਰਨ ਦਾ ਉਪਦੇਸ਼ ਦਿੱਤਾ।

ਪਾਕਪਟਨ ਦਾ ਪਹਿਲਾ ਨਾਂ ਅਯੋਧਨ ਸੀ। ਗੁਰੂ ਸਾਹਿਬ ਉਥੇ ਬਾਬਾ ਸ਼ੇਖ ਫਰੀਦ ਦੇ 11ਵੇਂ ਗੱਦੀ-ਨਸ਼ੀਨ ਬਾਬਾ ਸ਼ੇਖ ਬ੍ਰਹਮ ਨੂੰ ਮਿਲੇ ਅਤੇ ਬਾਬਾ ਫਰੀਦ ਦੀ ਬਾਣੀ ਪ੍ਰਾਪਤ ਕੀਤੀ ਜੋ ਗੁਰਮਤਿ ਦੀ ਅਨੁਸਾਰੀ ਸੀ।

ਇਸ ਤੋਂ ਅਗਲੇਰਾ ਪੈਂਡਾ ਤਹਿ ਕਰਦੇ ਗੁਰੂ ਜੀ ਤੁਲੰਬੇ ਜੋ ਲਾਹੌਰ ਤੋਂ ਮੁਲਤਾਨ ਵਾਲੀ ਸੜਕ ਉਤੇ ਸਥਿਤ ਹੈ, ਪਹੁੰਚੇ। ਇਥੋਂ ਦਾ ਵਸਨੀਕ ਸੱਜਣ ਮੱਲ ਪਹਿਲਾਂ ਆਏ-ਗਏ ਨੂੰ ਆਪਣੇ ਮੁਸਾਫਰਖਾਨੇ ਵਿੱਚ ਠਹਿਰਾ ਦਿੰਦਾ ਸੀ, ਪਰ ਬਾਅਦ ਵਿੱਚ ਲਾਲਚ ਵੱਸ ਆ ਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੰਦਾ ਸੀ। ਜਦੋਂ ਗੁਰੂ ਨਾਨਕ ਸਾਹਿਬ ਜੀ ਭਾਈ ਮਰਦਾਨੇ ਸਮੇਤ ਉਸ ਕੋਲ ਪਹੁੰਚੇ ਤਾਂ ਉਸ ਨੇ ਅਜਿਹੇ ਪਾਪਾਂ ਤੋਂ ਤੋਬਾ ਕੀਤੀ ਅਤੇ ਧਰਮੀ ਬੰਦਾ ਬਣਨ ਦਾ ਵਚਨ ਦਿੱਤਾ। ਮੱਕਾ ਅਰਬ ਦੇਸ਼ ਦਾ ਅੰਤਰਰਾਸ਼ਟਰੀ ਪ੍ਰਸਿੱਧੀ ਦਾ ਸ਼ਹਿਰ ਹੈ। ਇਥੇ ਇਸਲਾਮ ਦੇ ਪੈਰੋਕਾਰਾਂ ਦਾ ਤੀਰਥ ਸਥਾਨ ਕਾਅਬਾ ਵਾਕਿਆ ਹੈ। ਇਥੇ ਆਪ ਨੇ ਮੁਸਲਮਾਨ ਕਾਜ਼ੀਆਂ, ਪੀਰਾਂ ਅਤੇ ਫਕੀਰਾਂ ਨੂੰ ਖੁਦਾ ਦੀ ਸਰਵਵਿਆਪਕਤਾ ਦਾ ਉਪਦੇਸ਼ ਦੇ ਕੇ ਉਹਨਾਂ ਦੇ ਤੰਗਦਿਲੀ ਵਾਲੇ ਭਰਮ ਨੂੰ ਤੋੜਿਆ।

ਇਰਾਕ ਦੇ ਸ਼ਹਿਰ ਬਗਦਾਦ ਦੇ ਵਸਨੀਕ ਸੰਗੀਤ ਨੂੰ ਨਫ਼ਰਤ ਕਰਦੇ ਸਨ ਪਰ ਗੁਰੂ ਜੀ ਨੇ ਉਹਨਾਂ ਨੂੰ ਸਮਝਾਇਆ ਕਿ ਜੇਕਰ ਸੰਗੀਤ ਦਾ ਉਦੇਸ਼ ਮਾੜਾ ਨਾ ਹੋਵੇ ਤਾਂ ਇਹ ਇੱਕ ਸਰਵੋਤਮ ਵਸਤੂ ਹੋ ਨਿਬੜਦਾ ਹੈ।

ਹਸਨ ਅਬਦਾਲ ਵਿਖੇ ਗੁਰੂ ਨਾਨਕ ਸਾਹਿਬ ਜੀ ਨੇ ਇੱਕ ਕਰਾਮਾਤੀ ਫ਼ਕੀਰ ਵਲੀ ਕੰਧਾਰੀ ਦਾ ਹੰਕਾਰ ਤੋੜਿਆ। ਜਿਸ ਨੇ ਆਪਣੇ ਆਪ ਨੂੰ ਕਰਾਮਾਤੀ ਸਮਝਦਿਆਂ ਗੁਰੂ ਸਾਹਿਬ ਅਤੇ ਭਾਈ ਮਰਦਾਨਾ ਜੀ ਨਾਲ ਬੁਰਾ ਵਿਵਹਾਰ ਕੀਤਾ ਸੀ। ਜਦੋਂ ਉਸ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ ਤਾਂ ਉਸ ਨੇ ਗੁਰੂ ਜੀ ਦੇ ਚਰਨੀ ਢਹਿ ਕੇ ਭੁੱਲ ਬਖਸ਼ਾਈ। ਇਥੇ ਇਸ ਘਟਨਾ ਨੂੰ ਤਾਜ਼ਾ ਕਰਦਿਆਂ ਹੋਇਆ ਗੁਰਦੁਆਰਾ ਪੰਜਾ ਸਾਹਿਬ ਮੌਜੂਦ ਹੈ।

ਸਿੱਖ ਇਤਿਹਾਸ ਵਿੱਚ ਸੈਦਪੁਰ ਦੀ ਘਟਨਾ ਵੀ ਸੁਨਹਿਰੀ ਅੱਖਰਾਂ ਵਿੱਚ ਲਿਖੀ ਹੋਈ ਮਿਲਦੀ ਹੈ। ਇਥੇ ਆਪ ਸਿੱਖ ਸ਼ਰਧਾਲੂ ਭਾਈ ਲਾਲੋ ਦੇ ਘਰ ਠਹਿਰੇ। ਇਸੇ ਠਹਿਰ ਸਮੇਂ ਬਾਬਰ ਦਾ ਹਮਲਾ ਹੋ ਗਿਆ। ਇਸ ਹਮਲੇ ਤਹਿਤ ਮਾਰਧਾੜ ਅਤੇ ਲੁੱਟ ਕਾਰਨ ਚਾਰੇ ਪਾਸੇ ਹਾਹਾਕਾਰ ਮੱਚ ਗਈ। ਸ਼ਹਿਰ ਤਬਾਹ ਹੋ ਗਏ, ਜੋ ਪ੍ਰਾਣੀ ਬਚ ਗਏ ਸਨ, ਉਹਨਾਂ ਨੂੰ ਕੈਦ ਕਰ ਲਿਆ ਗਿਆ। ਗੁਰੂ ਜੀ ਵੀ ਭਾਈ ਮਰਦਾਨੇ ਸਮੇਤ ਕੈਦ ਹੋ ਗਏ। ਇਸ ਕੈਦ ਦੌਰਾਨ ਗੁਰੂ ਜੀ ਨੇ ਬਾਬਰ ਨੂੰ ਖਰੀਆਂ-ਖਰੀਆਂ ਸੁਣਾਈਆਂ। ਗੁਰੂ ਸਾਹਿਬ ਮੂੰਹੋਂ ਸੱਚ ਸੁਣ ਕੇ ਬਾਬਰ ਨੇ ਸਾਰੇ ਕੈਦੀਆਂ ਨੂੰ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ।

ਉਪਰੋਕਤ ਦੀ ਰੋਸ਼ਨੀ ਵਿੱਚ ਕਿਹਾ ਜਾ ਸਕਦਾ ਹੈ ਕਿ ਰੱਬੀ ਰੂਪ ਗੁਰੂ ਨਾਨਕ ਸਾਹਿਬ ਜੀ ਨੂੰ ਉਸ ਵਕਤ ਦੁਨੀਆਂ ਭਰ ਦੀ ਲੋਕਾਈ ਦੇ ਨਾਲ ਹੁੰਦੇ ਧੱਕੇ ਅਤੇ ਬੇਇਨਸਾਫ਼ੀ ਦਾ ਇਲਮ ਸੀ। ਸਿਰਫ਼ ਇਲਮ ਹੀ ਨਹੀਂ ਸਗੋਂ ਗੁਰੂ ਜੀ ਦੇ ਮਨ ਮੰਦਰ ਵਿੱਚ ਲੋਕਾਂ ਦਾ ਦਰਦ ਵੀ ਸੀ। ਇਸ ਦਰਦ ਨੂੰ ਵੰਡਾਉਣ ਲਈ ਉਹਨਾਂ ਦੇਸ਼-ਵਿਦੇਸ਼ ਦਾ ਕੋਹਾਂ ਮੀਲ ਪੈਂਡਾ ਤਹਿ ਕੀਤਾ। ਇਹ ਇੱਕ ਅਜਿਹਾ ਬਿਖੜਿਆ ਪੈਂਡਾ ਸੀ ਜਿਸ ਉਪਰ ਚਲਣਾ ਗੁਰੂ ਨਾਨਕ ਮਹਾਰਾਜ ਜੀ ਵਰਗੇ ਦਲੇਰ, ਫਿਲਾਸਫਰ ਅਤੇ ਸੱਚ ਦੇ ਵਪਾਰੀ ਮਹਾਂਪੁਰਖ ਦੇ ਹੀ ਹਿੱਸੇ ਆ ਸਕਦਾ ਹੈ।



# ਹਰ ਥਾਂ ਦਿਸਦਾ ਰਹੇ ਤੇਰਾ ਹੀ ਨੂਰ ਨਾਨਕ .....




ਅੰਮ੍ਰਿਤ ਕੌਰ (ਬਡਰੁੱਖਾਂ)
ਸੰਗਰੂਰ
9876714004


ਸਾਹਿਬ ਸ਼੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਜਨਮ ਦਿਹਾੜੇ ਦੀਆਂ ਰੌਣਕਾਂ ਬਚਪਨ ਤੋਂ ਹੀ ਦੇਖਦੇ ਆ ਰਹੇ ਹਾਂ। ਗੁਰਦੁਆਰਾ ਸਾਹਿਬ ਆਖੰਡ ਪਾਠ ਪ੍ਰਕਾਸ਼ ਕਰਵਾਏ ਜਾਂਦੇ ਹਨ। ਕੱਤਕ ਦੀ ਪੂਰਨਮਾਸ਼ੀ ਨੂੰ ਭੋਗ ਪਾਏ ਜਾਂਦੇ। ਸਾਰੇ ਪਿੰਡ ਵਿੱਚ ਵਿਆਹ ਵਰਗਾ ਮਾਹੌਲ ਹੁੰਦਾ ਹੈ। ਬੀਬੀਆਂ ਲੰਗਰ ਬਣਾਉਣ ਦੀ ਸੇਵਾ ਕਰਦੀਆਂ ਵੀਰ ਵਰਤਾਉਣ ਦੀ ਸੇਵਾ ਕਰਦੇ ਹੁੰਦੇ। ਸਾਰਾ ਦਿਨ ਗੁਰੂ ਨਾਨਕ ਪਾਤਸ਼ਾਹ ਨਾਲ ਸੰਬੰਧਿਤ ਸਪੀਕਰ ਵਿੱਚ ਧਾਰਮਿਕ ਗੀਤ ਚੱਲਦੇ ਰਹਿੰਦੇ। ਤੁਰਦਿਆਂ ਫਿਰਦਿਆਂ ਖੇਡਦਿਆਂ ਨੂੰ ਹੀ ਗੁਰੂ ਨਾਨਕ ਪਾਤਸ਼ਾਹ ਨਾਲ ਸੰਬੰਧਿਤ ਬਹੁਤ ਸਾਰੀ ਇਤਿਹਾਸਕ ਜਾਣਕਾਰੀ ਕੰਠ ਹੋ ਜਾਂਦੀ । ਇਹ ਜਾਣਕਾਰੀ ਤਾਂ ਵੈਸੇ ਵੀ ਹਰ ਰੋਜ਼ ਗੁਰੂ ਘਰਾਂ ਵਿੱਚ ਸਵੇਰੇ ਸ਼ਾਮ ਲੱਗਦੇ ਸਪੀਕਰਾਂ ਤੋਂ ਮਨਾਂ ਵਿੱਚ ਉੱਤਰ ਜਾਂਦੀ ਸੀ। ਜਿਸ ਨੂੰ ਅੱਜ ਕੱਲ੍ਹ ਦੇ ਜਵਾਕ ਰੱਟੇ ਲਾ ਲਾ ਕੇ ਯਾਦ ਕਰਦੇ ਦੇਖੇ ਜਾਂਦੇ ਹਨ। ਪਿੰਡ ਵਿੱਚ ਛੋਟੇ ਹੁੰਦਿਆਂ ਭਾਈ ਗੋਪਾਲ ਸਿੰਘ ਜੀ ਵੱਲੋਂ ਆਪਣੀ ਰਸਭਿੰਨੀ ਆਵਾਜ਼ ਵਿੱਚ ਗਾਇਆ.. ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ,.... ਇਹ ਸੀਸ ਝੁਕਾਵਾਂ ਮੈਂ ਤੇਰੇ ਹਜ਼ੂਰ ਨਾਨਕ, ਬਣ ਜਾਏ ਜ਼ਿੰਦਗੀ ਦਾ ਇਹ ਦਸਤੂਰ ਨਾਨਕ। ਸੁਣ ਕੇ ਹੁਣ ਵੀ ਮਨ ਬਚਪਨ ਵਿੱਚ ਪਹੁੰਚ ਜਾਂਦਾ ਹੈ। ਅੰਮ੍ਰਿਤ ਵੇਲੇ ਮਾਂ ਦੁੱਧ ਰਿੜਕਦੀ ਜਪੁਜੀ ਸਾਹਿਬ ਦਾ ਪਾਠ ਕਰਦੀ। ਗੁਰਦੁਆਰਾ ਸਾਹਿਬ ਵਿਖੇ ਭਾਈ ਸਾਹਿਬ ਦੇ ਉਪਰੋਕਤ ਗੀਤ ਚਲਦੇ ਹੁੰਦੇ। ਹੁਣ ਵੀ ਇਹ ਰੂਹ ਅਤੇ ਆਤਮਾ ਵਿੱਚ ਵਸੇ ਹੋਏ ਨੇ। ਸੁਣ ਕੇ ਉਸੇ ਤਰ੍ਹਾਂ ਰੂਹ ਆਨੰਦਿਤ ਹੋ ਜਾਂਦੀ ਹੈ।

...ਲਾਲ ਚੰਦ ਯਮਲਾ ਜੱਟ ਜੀ ਵੱਲੋਂ ਤੂੰਬੀ ਨਾਲ ਮਾਰੀਆਂ 'ਵਾਜਾਂ ਸਭ ਦੀਆਂ ਸਾਂਝੀਆਂ ਆਵਾਜ਼ਾਂ ਪ੍ਰਤੀਤ ਹੁੰਦੀਆਂ ਸਨ ਜੋ ਅਜੇ ਤੱਕ ਮਨੀਂ ਵਸੀਆਂ ਹੋਈਆਂ ਹਨ। ਉਸ ਵੇਲੇ ਕਈ ਗੱਲਾਂ ਦੀ ਸਮਝ ਨਹੀਂ ਸੀ ਪੈਂਦੀ ਇਸ ਲਈ ਜਦੋਂ ਯਮਲਾ ਜੀ ਗਾਉਂਦੇ.. ਤੇਰੇ ਹੱਥ ਵਿੱਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ... ਉਦੋਂ ਇਹੀ ਸਮਝਦੇ ਸੀ ਬਾਬਾ ਜੀ ਕੋਲ ਕਿਸੇ ਵੱਡੇ.... ਏ.... ਏ ਸਾਰੇ ਟਰੰਕ ਦੀ ਚਾਬੀ ਹੈ ਜਿਸ ਵਿੱਚ ਸਾਰੇ ਜਹਾਨ ਲਈ ਲੋੜੀਂਦੀਆਂ ਬਹੁਤ ਸੁਹਣੀਆਂ ਸੁਹਣੀਆਂ ਵਸਤਾਂ ਪਈਆਂ ਹੋਣਗੀਆਂ। ਜਿਹਨੇ ਬਾਬਾ ਜੀ ਦਾ ਪਿਆਰ ਪਾ ਲਿਆ ਉਹਨੂੰ ਥੁੜ੍ਹ ਨਹੀਂ ਰਹਿੰਦੀ। ਗੱਲ ਤਾਂ ਹੁਣ ਵੀ ਇਹੀ ਸਹੀ ਲੱਗਦੀ ਹੈ। ਪਰ ਬਾਬਾ ਜੀ ਦਾ ਪਿਆਰ ਤਾਂ ਉਹਨਾਂ ਦੇ ਸਿਧਾਂਤਾਂ ਨੂੰ ਪੜ੍ਹ ਸੁਣ ਕੇ, ਅਪਣਾ ਕੇ ਅਤੇ ਅਮਲ ਵਿੱਚ ਲਿਆ ਕੇ ਪਾਇਆ ਜਾ ਸਕਦਾ ਹੈ। ਉਹ ਅਸੀਂ ਸਾਰੇ ਖੁਦ ਅੰਦਰ ਝਾਤੀ ਮਾਰ ਕੇ ਦੇਖ ਸਕਦੇ ਹਾਂ ਕਿ ਅਸੀਂ ਕਿੰਨੀ ਕੁ ਗੁਰੂ ਬਾਬੇ ਦੀ ਗੱਲ ਪੜ੍ਹੀ ਸੁਣੀ ਜਾਂ ਮੰਨ ਕੇ ਅਮਲ ਕੀਤਾ ਹੈ। ਸਿਰਫ਼ ਤਿੰਨ ਗੱਲਾਂ ਵਿੱਚ ਬਾਬਾ ਜੀ ਨੇ ਜੀਵਨ ਨੂੰ ਸੁਖੀ ਰੱਖਣ ਦਾ ਸਿਧਾਂਤ ਸਮਝਾ ਦਿੱਤਾ। ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ। ਉਹਨਾਂ ਇਹ ਸਭ ਕਰ ਕੇ ਵਿਖਾਇਆ ਹੈ।

ਆਪਣੀ ਗੱਲ ਸਾਡੇ ਤੱਕ ਅੱਪੜਦੀ ਕਰਨ ਲਈ ਉਹਨਾਂ ਨੂੰ ਆਪਣੇ ਪਿਤਾ ਜੀ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ। ਭਾਵੇਂ ਉਹ ਇੱਕ ਨੂਰੀ ਰੱਬੀ ਜੋਤ ਸਨ ਫਿਰ ਵੀ ਆਮ ਬੱਚਿਆਂ ਵਾਂਗ ਉਹ ਵੀ ਪਿਤਾ ਜੀ ਤੋਂ ਡਰਦੇ ਘਰ ਨਹੀਂ ਸੀ ਆਏ। ਆਪਣੇ ਹਿਸਾਬ ਨਾਲ ਉਹਨਾਂ ਆਪਣੇ ਪਿਤਾ ਜੀ ਦੀ ਗੱਲ ਮੰਨੀ ਸੀ। ਬਿਲਕੁੱਲ... ਖ਼ਰਾ ਸੌਦਾ... ਕਰਕੇ ਆਏ ਸਨ। ਪਿਤਾ ਜੀ ਦੁਨਿਆਵੀ ਵਪਾਰ ਕਰਵਾਉਣਾ ਚਾਹੁੰਦੇ ਸੀ। ਨਾਨਕ ਪਾਤਸ਼ਾਹ ਰੱਬੀ ਰੂਹ ਹੋਣ ਕਰ ਕੇ ਦੁਨੀਆਂ ਤੋਂ ਬਹੁਤ ਉੱਚੀ ਸੋਚ ਰੱਖਦੇ ਸਨ। ਇਸੇ ਲਈ ਤਾਂ ਹੁਣ ਵੀ ਕਈ ਵਾਰ ਵੀਰ ਭੈਣਾਂ ਬੜੇ ਮਾਣ ਨਾਲ ਆਪਣਾ ਲਿਖਿਆ ਸਾਂਝਾ ਕਰਦੇ ਹਨ ਕਿ ਬਾਬੇ ਨਾਨਕ ਦੇ ਵੀਹ ਰੁਪਏ ਵਾਲਾ ਸ਼ੁਰੂ ਕੀਤਾ ਲੰਗਰ ਅਜੇ ਵੀ ਅਤੁੱਟ ਵਰਤ ਰਿਹਾ ਹੈ।

ਉਦਾਸੀਆਂ ਤੋਂ ਬਾਅਦ ਗੁਰੂ ਬਾਬਾ ਜੀ ਨੇ ਕਰਤਾਰਪੁਰ ਵਸਾ ਕੇ ਆਪਣੇ ਹੱਥੀਂ ਹਲ ਵਾਹਿਆ, ਬੀਜ ਬੀਜੇ, ਅਨਾਜ ਪੈਦਾ ਕੀਤਾ । ਬਚਪਨ ਵਿੱਚ ਮੱਝਾਂ ਚਾਰੀਆਂ। ਦੌਲਤ ਖਾਂ ਲੋਧੀ ਦੇ ਮੋਦੀਖ਼ਾਨੇ ਵਿੱਚ ਨੌਕਰੀ ਕੀਤੀ। ਭਾਵੇਂ ਉਹਨਾਂ ਦਾ ਨੌਕਰੀ ਕਰਨ ਦਾ ਢੰਗ ਨਿਰਾਲਾ ਸੀ। ਸੁਰਤੀ ਜੁੜੀ ਹੁੰਦੀ ਤਾਂ.. ਤੇਰਾਂ ਤੋਂ ਬਿੰਦੀ ਉੱਤਰ ਜਾਂਦੀ.... ਤੇਰਾ... ਤੇਰਾ....ਤੇਰਾ ...ਆਖਦੇ ਹੀ ਗਰੀਬਾਂ ਦੀਆਂ ਝੋਲੀਆਂ ਭਰੀ ਜਾਂਦੇ ਸਨ। ਭਾਵੇਂ ਇਹਨਾਂ ਗੱਲਾਂ ਦਾ ਖਮਿਆਜ਼ਾ ਕਈ ਵਾਰ ਉਹ ਆਪਣੀ ਤਨਖ਼ਾਹ ਵਿੱਚੋਂ ਭੁਗਤਦੇ ਜਾਂ ਫਿਰ ਨਿਰੰਕਾਰ ਆਪ ਆ ਕੇ ਆਪਣੇ ਪਿਆਰੇ ਨਾਨਕ ਦੇ ਨਾਲ ਆ ਖੜ੍ਹਦਾ ਅਤੇ ਹਿਸਾਬ ਕਿਤਾਬ ਸਹੀ ਨਿਕਲਦਾ ਸੀ। ਇਸ ਹਿਸਾਬ ਨਾਲ ਤਾਂ ਇਸ ਰੱਬੀ ਜੋਤ ਨੇ ਸਭ ਤਰ੍ਹਾਂ ਦੀ ਸੱਚੀ ਸੁੱਚੀ ਕਿਰਤ ਕੀਤੀ। ਪਸ਼ੂ ਵੀ ਚਰਾਏ, ਦੁਕਾਨਦਾਰੀ ਵੀ ਕੀਤੀ, ਖੇਤੀ ਵੀ ਕੀਤੀ ਇਹੀ ਕੰਮ ਤਾਂ ਉਸ ਵੇਲੇ ਦੇ ਮੁੱਖ ਕਿੱਤਿਆਂ ਵਿੱਚ ਸ਼ਾਮਲ ਸਨ। ਫਿਰ ਅਸੀਂ ਹੁਣ ਕਿਉਂ ਕਿਰਤ ਨਾਲੋਂ ਤੋੜ ਵਿਛੋੜਾ ਕਰ ਰਹੇ ਹਾਂ... ਕਿਉਂ ਸਾਨੂੰ ਹੱਥੀਂ ਕੰਮ ਕਰਨਾ ਚੰਗਾ ਨਹੀਂ ਲੱਗਦਾ। ਕਿਉਂ ਸਾਡੇ ਬੱਚੇ ਕੰਮਾਂ ਤੋਂ ਦੂਰ ਭੱਜਦੇ ਹਨ। ਆਪਣੇ ਆਪ ਹੀ ਸੋਚ ਕੇ ਦੇਖੀਏ ਜਿਹੜੇ ਲਗਾਤਾਰ ਮਿਹਨਤਾਂ ਕਰਦੇ ਹਨ ਉਹਨਾਂ ਦੇ ਘਰ ਬਰਕਤਾਂ ਨਾਲ ਭਰੇ ਰਹਿੰਦੇ ਹਨ। ਜਿਹੜੇ ਪਰਿਵਾਰਾਂ ਦੇ ਜੀਅ ਕਿਰਤ ਛੱਡ ਕੇ ਸ਼ੋਸ਼ੇਬਾਜ਼ੀ ਫ਼ੁਕਰਪੁਣੇ ਦੇ ਦਿਖਾਵੇ ਵਿੱਚ ਆ ਜਾਂਦੇ ਹਨ ਉਹਨਾਂ ਦਾ ਕੀ ਹਾਲ ਹੁੰਦਾ ਹੈ? ਦੂਰ ਜਾਣ ਦੀ ਲੋੜ ਨਹੀਂ ਸਾਡੇ ਅੱਧੋਂ ਵੱਧ ਪੰਜਾਬ ਦਾ ਇਹੀ ਹਾਲ ਹੈ। ਕੁੱਝ ਲੋਕਾਂ ਦੀਆਂ ਆਪਣੀਆਂ ਗਲਤੀਆਂ ਕਰਕੇ ਜਾਂ ਫਿਰ ਅਗਲੀਆਂ ਪਿਛਲੀਆਂ ਸਰਕਾਰਾਂ ਦੇ ਕੁੱਝ ਸੁਆਰਥੀ ਬੰਦਿਆਂ ਨੇ ਆਪਣੇ ਖ਼ਾਤੇ ਭਰਪੂਰ ਕਰਨ ਲਈ ਕਿਰਤੀ , ਕਿਸਾਨ, ਮਜ਼ਦੂਰ ਜਮਾਂ ਨਿਚੋੜ ਕੇ ਰੱਖ ਦਿੱਤੇ। ਜੇ ਨੇਤਾ ਲੋਕ ਇਹ ਗੱਲਾਂ ਯਾਦ ਰੱਖਣ .... ਗੁਰੂ ਮਹਾਰਾਜ ਜੀ ਨੇ ਮਲਿਕ ਭਾਗੋ ਦੇ ਘਰ ਪਕਵਾਨ ਕਿਉਂ ਨਹੀਂ ਸੀ ਖਾਧੇ? ਭਾਈ ਲਾਲੋ ਦੀ ਰੁੱਖੀ ਮਿੱਸੀ ਵਿੱਚੋਂ ਦੁੱਧ ਵਰਗਾ ਸੁਆਦ ਕਿਉਂ ਦੱਸਿਆ ਸੀ? ਸਾਰੇ ਸਰਕਾਰੀਏ ਏਨਾ ਕੁ ਪੜ੍ਹੇ ਲਿਖੇ ਤਾਂ ਹਨ ਇਹ ਤਾਂ ਹੋ ਨਹੀਂ ਸਕਦਾ ਕਿ ਉਹ ਬਾਬਾ ਜੀ ਦੀ ਇਸ ਰਮਜ਼ ਨੂੰ ਸਮਝਦੇ ਨਾ ਹੋਣ। ਸਮਝਦੇ ਤਾਂ ਸਾਰੇ ਹਨ ਪਰ ਉਹਨਾਂ ਕੋਲ ਬਾਬਾ ਜੀ ਵਾਲੀ ਪਾਕ ਨਿਰਮਲ ਉੱਚ ਦ੍ਰਿਸ਼ਟੀ ਨਹੀਂ ਕਿ ਉਹ ਆਪਣੇ ਅੱਗੇ ਪਰੋਸੇ ਭੋਜਨ ਵਿੱਚ ਗਰੀਬਾਂ ਦਾ ਖ਼ੂਨ ਦੇਖ ਸਕਣ। ਇਹ ਵੀ ਸਹੀ ਹੈ ਕਿ ਸਾਰੇ ਇਨਸਾਨ ਸਭ ਤਰ੍ਹਾਂ ਦਾ ਕੰਮ ਨਹੀਂ ਕਰ ਸਕਦੇ ਹੁੰਦੇ। ਕਈ ਦਿਮਾਗੀ ਮਿਹਨਤ ਕਰਦੇ ਹਨ ਜੋ ਘੰਟਿਆਂ ਵਿੱਚ ਹੀ ਲੱਖਾਂ ਕਰੋੜਾਂ ਕਮਾ ਲੈਂਦੇ ਹਨ। ਮਜ਼ਦੂਰ ਨੂੰ ਇੱਕ ਦਿਨ ਦੀ ਦਿਹਾੜੀ ਕੁੱਝ ਕੁ ਰੁਪਏ ਮਿਲਦੇ ਹਨ ਅਤੇ ਕਿਸਾਨ ਨੂੰ ਕਈ ਮਹੀਨੇ ਬਾਅਦ ਯਾਨੀ ਕਿ ਬੀਜ ਬੀਜੇ ਜਾਂਦੇ ਹਨ, ਫਸਲ ਉੱਗਦੀ ਹੈ, ਵੱਡੀ ਹੁੰਦੀ ਹੈ, ਫਿਰ ਉਹ ਪੱਕਦੀ ਹੈ, ਜੇ ਕੁਦਰਤੀ ਆਫਤਾਂ ਤੋਂ ਬਚ ਕੇ ਸੁੱਖੀ ਸਾਂਦੀ ਨੇਪਰੇ ਚੜ੍ਹ ਜਾਵੇ ਤਾਂ ਚਾਰ ਪੈਸੇ ਘਰੇ ਆ ਜਾਂਦੇ ਹਨ ਜਾਂ ਫਿਰ ਜਿਹਨਾਂ ਨੇ ਛੇ ਮਹੀਨਿਆਂ ਦਾ ਪਰਿਵਾਰ ਦਾ ਖਰਚਾ ਵੀ ਆੜ੍ਹਤੀਏ ਤੋਂ ਪੈਸੇ ਚੁੱਕ ਕੇ ਕੀਤਾ ਹੁੰਦਾ ਹੈ ਉਹਨਾਂ ਦੀ ਫਸਲ ਦੀ ਤਾਂ ਵਿੱਚੇ ਕੱਟ ਕਟਾਈ ਹੋ ਜਾਂਦੀ ਹੈ। ਘਰ ਲਿਆਉਣ ਲਈ ਪੈਸੇ ਬਚਦੇ ਹੀ ਨਹੀਂ। ਬਹੁਤੇ ਕਿਸਾਨਾਂ ਨਾਲ ਇਹੀ ਕੁੱਝ ਹੁੰਦਾ ਹੈ। ਇਹ ਵੀ ਤਾਂ ਹੋ ਸਕਦਾ ਹੈ ਕਿ ਬਾਬਾ ਜੀ ਦੇ... ਵੰਡ ਛਕਣ... ਵਾਲੇ ਸਿਧਾਂਤ ਨੂੰ ਸਾਰੇ ਅਮੀਰ ਥੋੜ੍ਹਾ ਬਹੁਤਾ ਹੀ ਮੰਨ ਲੈਣ ਕਿਰਤੀ, ਕਿਸਾਨਾਂ, ਮਜ਼ਦੂਰਾਂ ਨੂੰ ਉਹਨਾਂ ਦੀ ਮਿਹਨਤ ਦਾ ਮੁੱਲ ਦਿੱਤਾ ਜਾਵੇ ਅਤੇ ਸਾਰੇ ਚੰਗੀ ਜ਼ਿੰਦਗੀ ਬਸਰ ਕਰ ਸਕਣ। ਨੌਜਵਾਨ ਰਾਹੋਂ ਕੁਰਾਹੇ ਨਾ ਤੁਰਨ। ਸਭ ਨੂੰ ਮਹਿਸੂਸ ਹੋਵੇ ਕਿ ਸਰਕਾਰਾਂ ਉਹਨਾਂ ਲਈ ਹਨ। ਗੁਰੂ ਜੀ ਨੇ ਪਰਾਇਆ ਹੱਕ ਖਾਣ ਤੋਂ ਵਰਜਿਆ ਹੈ। ਪਰ ਉਹਨਾਂ ਦੇ ਜਨਮ ਦਿਨ 'ਤੇ ਡੱਕਾ ਤੋੜ ਕੇ ਦੂਹਰਾ ਨਾ ਕਰਨ ਵਾਲੇ ਵੀ ਹੁੱਬ ਹੁੱਬ ਕੇ ਉਹਨਾਂ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਆਖਦੇ ਹਨ।

ਧੰਨ ਧੰਨ ਸਾਹਿਬ ਸ਼੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪ ਰੂਹਾਨੀ ਬਾਣੀ ਉਚਾਰੀ ਉਸ ਨੂੰ ਗਾਵਿਆ ਅਤੇ ਅਨੇਕਾਂ ਤਪਦੀਆਂ ਰੂਹਾਂ ਨੂੰ ਠੰਢ ਪਾਈ। ਆਪਣੇ ਰੂਹਾਨੀ ਮਿੱਠੇ ਬੋਲਾਂ ਸਦਕਾ ਭੁੱਲਿਆਂ ਨੂੰ ਰਾਹੇ ਪਾਇਆ। ਠੱਗਾਂ ਨੂੰ ਸੱਜਣ ਬਣਾਇਆ। ਵਲੀ ਕੰਧਾਰੀ ਵਰਗਿਆਂ ਦਾ ਹੰਕਾਰ ਤੋੜਨ ਲਈ ਨਿਰਮਲ ਜਲ ਦੇ ਚਸ਼ਮੇ ਬਹਾਏ। ਕੌਡੇ ਰਾਖ਼ਸ਼ ਵਰਗਿਆਂ ਦੇ ਅੰਦਰ ਅਤੇ ਬਾਹਰ ਬਲ਼ਦੇ ਤੇਲ ਦੇ ਕੜਾਹੇ ਠੰਢੇ ਸੀਤ ਕੀਤੇ। ਬਾਬਾ ਜੀ ਦੀ ਸੂਝ ਸਿਆਣਪ ਉੱਚ ਪਾਏ ਦੀ ਵਿਗਿਆਨਕ ਸਮਝ ਕਰਕੇ ਹੀ ਉਹਨਾਂ ਨੂੰ ਪਹਾੜਾਂ ਅਤੇ ਮੈਦਾਨਾਂ ਅੰਦਰ ਗਰਮ ਠੰਢੇ ਪਾਣੀ ਦੇ ਚਸ਼ਮੇ ਵਗਣ ਦਾ ਪਤਾ ਚੱਲਿਆ ਜੋ ਲੋੜ ਮੁਤਾਬਕ ਉਹਨਾਂ ਜਨਤਾ ਸਾਹਮਣੇ ਪ੍ਰਗਟ ਵੀ ਕੀਤੇ। ਵਹਿਮਾਂ ਭਰਮਾਂ ਵਿੱਚ ਫਸੇ ਲੋਕਾਂ ਨੂੰ ਆਪਣੀ ਪ੍ਰਭਾਵਸ਼ਾਲੀ ਵਿਦਵਤਾ ਨਾਲ ਉਹਨਾਂ ਦੇ ਦਿਲ ਦਿਮਾਗ ਵਿੱਚ ਵਸੇ ਸਦੀਆਂ ਪੁਰਾਣੇ ਵਹਿਮਾਂ ਭਰਮਾਂ ਪਖੰਡਾਂ ਨੂੰ ਦੂਰ ਕੀਤਾ। ਭਾਵੇਂ ਉਸ ਸਮੇਂ ਗੁਰੂ ਜੀ ਨੂੰ ਬਹੁਤ ਸਾਰੇ ਲੋਕਾਂ ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ। ਇਹ ਕੁਦਰਤੀ ਗੱਲ ਹੈ ਕਿ ਸਦੀਆਂ ਪੁਰਾਣੇ ਭਰਮ ਤੋੜਨ ਲਈ ਵਿਰੋਧਤਾ ਹੁੰਦੀ ਹੈ। ਪਰ ਵਿਰੋਧ ਉਹੀ ਲੋਕ ਕਰਦੇ ਸਨ ਜਿਹਨਾਂ ਦੀਆਂ ਗੋਗੜਾਂ ਇਹਨਾਂ ਵਹਿਮਾਂ ਭਰਮਾਂ ਨੂੰ ਲੋਕਾਂ ਵਿੱਚ ਫੈਲਾ ਕੇ ਹੀ ਪਲਦੀਆਂ ਸਨ। ਗੁਰੂ ਨਾਨਕ ਪਾਤਸ਼ਾਹ ਦੇ ਪੂਰੇ ਜੀਵਨ ਨਾਲ ਸੰਬੰਧਿਤ ਸਾਖੀਆਂ ਪ੍ਰਚੱਲਿਤ ਹਨ। ਕਿਤੇ ਉਹ ਖ਼ਰਾ ਸੌਦਾ ਕਰਦੇ, ਭੁੱਖੇ ਸਾਧੂਆਂ ਨੂੰ ਲੰਗਰ ਛਕਾ ਕੇ ਇੱਕ ਵਹਿੰਦੀ ਨਦੀ ਵਰਗੀ ਪਿਰਤ ਪਾ ਗਏ ਜਿਹੜੀ ਨਾ ਕਦੇ ਸੁੱਕੇ ਨਾ ਮੁੱਕੇ। ਕਿਤੇ ਮੱਝਾਂ ਚਾਰਨ ਵੇਲੇ ਆਪਣੇ ਪਿਆਰੇ ਨਾਲ ਐਸੀ ਸੁਰਤ ਜੁੜੀ ਦੀਨ ਦੁਨੀਆਂ ਦੀ ਸੁੱਧ ਬੁੱਧ ਭੁੱਲ ਗਏ, ਮੱਝੀਆਂ ਲੋਕਾਂ ਦੇ ਖੇਤਾਂ ਵਿੱਚ ਜਾ ਵੜੀਆਂ, ਕਿਤੇ ਨਾਨਕ ਦੇ ਭੋਲੇ ਮੁੱਖ ਤੇ ਆਪਣਾ ਫਨ ਫੈਲਾ ਕੇ ਸੱਪ ਨੇ ਛਾਂ ਕੀਤੀ। ਕਿਤੇ ਜਨੇਊ ਪਾਉਣ ਵੇਲੇ ਅਸਲੀ ਸੱਚੇ ਜਨੇਊ ਦੀਆਂ ਸਿਫ਼ਤਾਂ ਦੱਸ ਕੇ ਸਭ ਨੂੰ ਹੈਰਾਨ ਕਰ ਦਿੱਤਾ। ਕਿਤੇ ਮੋਦੀਖ਼ਾਨੇ ਵਿੱਚ ਨੌਕਰੀ ਕਰਦੇ ਸਮੇਂ ਤੇਰਾ ਤੇਰਾ ਹੀ ਤੋਲਦੇ। ਵੇਈਂ ਵਿੱਚ ਇਸ਼ਨਾਨ ਕਰਕੇ ਤੀਜੇ ਦਿਨ ਮੁੜੇ ਤਾਂ ਇਹੀ ਉਚਾਰਿਆ... ਨ ਕੋਈ ਹਿੰਦੂ ਨ ਮੁਸਲਮਾਨ। ਫਿਰ ਆਪਣਾ ਪਰਿਵਾਰ ਛੱਡ ਕੇ ਉਦਾਸੀਆਂ ਨੂੰ ਚੱਲ ਪਏ। ਉਦਾਸੀਆਂ ਵੇਲੇ ਜੋ ਤਪਦੇ ਹਿਰਦਿਆਂ ਨੂੰ ਠੰਢ ਪਾਈ, ਭੁੱਲੇ ਭਟਕਿਆਂ ਸਹੀ ਰਸਤੇ ਤੋਰਿਆ। ਉਹ ਮੇਰੇ ਵਰਨਣ ਤੋਂ ਪਰੇ ਦੀਆਂ ਗੱਲਾਂ ਨੇ। ਗੁਰੂ ਨਾਨਕ ਸਾਹਿਬ ਜੀ ਪ੍ਰਤੀ ਸਭ ਧਰਮਾਂ ਵਾਲੇ ਬਹੁਤ ਸ਼ਰਧਾ ਰੱਖਦੇ ਹਨ ਉਹ ਸਭ ਦੇ ਸਾਂਝੇ ਰਹਿਬਰ ਹਨ। ਉਹ ਸਿਰਫ਼ ਮੇਰੇ ਜਾਂ ਤੁਹਾਡੇ ਹੀ ਨਹੀਂ ਸਭ ਦੇ ਸਾਂਝੇ ਹਨ।

ਗੁਰੂ ਨਾਨਕ ਪਾਤਸ਼ਾਹ ਜੀ ਦੀਆਂ ਸਿਫ਼ਤਾਂ, ਸਮਾਜ ਸੁਧਾਰਕ ਕਾਰਜ , ਉਹਨਾਂ ਦੀ ਰੂਹਾਨੀ ਬਾਣੀ, ਉਹਨਾਂ ਦੇ ਜੀਵਨ ਨਾਲ ਸੰਬੰਧਿਤ ਸਾਖੀਆਂ ਬਿਆਨ ਕਰਨਾ ਮੇਰੀ ਪਹੁੰਚ ਤੋਂ ਪਰੇ ਹੈ। ਫਿਰ ਵੀ ਇਹ ਸਤਰ ... ਮੈਨੂੰ ਹਰ ਥਾਂ ਦਿਸਦਾ ਰਹੇ, ਤੇਰਾ ਹੀ ਨੂਰ ਨਾਨਕ... ਸਭ ਦੇ ਮਨਾਂ ਵਿੱਚ ਵਸੇ ਇਸ ਦਾ ਮਤਲਬ ਨੂਰਾਨੀ ਨਾਨਕ ਨੂੰ ਸਾਰੇ ਅੰਗ ਸੰਗ ਮਹਿਸੂਸ ਕਰਨ ਬਾਬਾ ਨਾਨਕ ਸਾਹਮਣੇ ਹੋਵੇ ਫਿਰ ਕਿਤੇ ਵੀ ਕੁੱਝ ਗਲਤ ਹੋਣ ਦੀ ਗੁੰਜਾਇਸ਼ ਨਹੀਂ ਹੋਵੇਗੀ। ਮਾੜੇ ਕੰਮ ਕਰਕੇ ਬਹੁਤ ਵਿਗਾੜ ਲਿਆ। ਹੁਣ ਸਾਨੂੰ ਬਹੁਤ ਲੋੜ ਹੈ ਗੁਰੂ ਨਾਨਕ ਮਹਾਰਾਜ ਜੀ ਦੇ ਸਾਦਗੀ ਭਰਪੂਰ, ਅਡੰਬਰਾਂ ਤੋਂ ਰਹਿਤ ਪਰਉਪਕਾਰੀ ਜੀਵਨ ਤੋਂ ਪ੍ਰੇਰਨਾ ਲੈਣ ਦੀ।








ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ

# ਲੱਖ-ਲੱਖ ਵਧਾਈ

# ਗਿੱਲ ਬ੍ਰਦਰਜ਼

ਸੌਗੀ, ਬਦਾਮ, ਅੰਗੂਰ ਦੀ ਕਾਸ਼ਤ ਵਿਚ ਅਮਰੀਕਾ ਦੇ ਉਘੇ ਕਿਸਾਨ ਸਿੱਖ ਯੂਥ ਆਫ਼ ਅਮਰੀਕਾ ਦੇ ਸੀਨੀਅਰ ਅਤੇ ਫਾਉਂਡਰ ਮੈਂਬਰ ਗੁਰਦੁਆਰਾ ਸਾਹਿਬ ਦੇ ਸਾਬਕਾ ਸਕੱਤਰ



ਸ੍ਰ. ਗੁਰਮੇਜ ਸਿੰਘ ਗਿੱਲ, ਡਾ. ਬਲਜੀਤ ਸਿੰਘ ਗਿੱਲ,
ਸ੍ਰ. ਗੁਰਜੰਟ ਸਿੰਘ ਗਿੱਲ, ਸ੍ਰ. ਸੁਖਵੰਤ ਸਿੰਘ ਗਿੱਲ (ਸ਼ਾਨ ਗਿੱਲ)



ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ, ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ

ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ

# ਲੱਖ-ਲੱਖ ਵਧਾਈ



# ਬੋਪਾਰਾਏ ਬ੍ਰਦਰਜ਼

ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ

ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਰਾਏ

1033. W Charter Way Stockton CA 95206 (1-5 Hwy4)



ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ
ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ
ਲੱਖ-ਲੱਖ ਵਧਾਈ
ਜਥੇਦਾਰ ਪਾਖਰ ਸਿੰਘ ਅਕਾਲੀ
Manhamir Singh Nijjar
ਜਥੇਦਾਰ ਸੌਦਾਗਰ ਸਿੰਘ ਅਕਾਲੀ
ਸ. ਅੰਮ੍ਰਿਤਪਾਲ ਸਿੰਘ ਨਿੱਝਰ, ਜਥੇਦਾਰ ਅਵਤਾਰ ਸਿੰਘ ਅਕਾਲੀ, ਸ. ਸੁਰਿੰਦਰ ਸਿੰਘ ਨਿੱਝਰ
Varinder Singh Nijjar
Jagbir Singh Nijjar
ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ
ਟਕਸਾਲੀ ਅਕਾਲੀ ਆਗੂ, ਪਿੰਡ ਭਾਗ ਸਿੰਘਪੁਰਾ, ਫਿਲੌਰ, (ਜਲੰਧਰ)
ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ
ਨਿੱਝਰ ਬ੍ਰਦਰਜ਼ ਤੇ ਪਰਿਵਾਰ
ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ : 559-479-1804, 1-800-317-2577

# ਭਾਈ ਗੁਰਦਾਸ ਦੀ ਦ੍ਰਿਸ਼ਟੀ ਵਿੱਚ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ

ਭਾਈ ਗੁਰਦਾਸ ਜੀ ਸਿੱਖ ਧਰਮ ਵਿੱਚ ਸਿੱਖ ਗੁਰੂਆਂ ਤੋਂ ਬਾਅਦ ਇੱਕ ਸਨਮਾਨਯੋਗ ਹਸਤੀ ਹੋ ਗੁਜ਼ਰੇ ਹਨ। ਜਿਨ੍ਹਾਂ ਕਵੀਆਂ ਦੇ ਕਲਾਮ ਨੂੰ ਗੁਰਦੁਆਰਿਆਂ ਵਿੱਚ ਗਾਏ ਜਾਣ ਦੀ ਪ੍ਰਵਾਨਗੀ ਪ੍ਰਾਪਤ ਹੈ, ਉਨ੍ਹਾਂ ਵਿੱਚ ਗੁਰਬਾਣੀ ਅਤੇ ਭਾਈ ਨੰਦ ਲਾਲ ਗੋਯਾ ਤੋਂ ਇਲਾਵਾ ਭਾਈ ਗੁਰਦਾਸ ਜੀ ਦਾ ਨਾਂ ਵੀ ਸ਼ਾਮਿਲ ਹੈ। ਉਂਜ ਵੀ ਭਾਈ ਗੁਰਦਾਸ ਜੀ ਗੁਰੂ ਘਰ ਦੇ ਨਿਕਟਵਰਤੀ ਸਨ।

ਸਿੱਖ ਪੰਥ ਦੇ ਸਭ ਤੋਂ ਪਹਿਲੇ ਮਹਾਨ ਵਿਦਵਾਨ ਤੇ ਗੁਰਮਤਿ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਦੇ ਜਨਮ ਬਾਰੇ ਕੋਈ ਠੋਸ ਤੇ ਪੱਕਾ ਹਵਾਲਾ ਨਹੀਂ ਮਿਲਦਾ। ਉਨ੍ਹਾਂ ਦੇ ਜੀਵਨ ਬਾਰੇ ਸਿਰਫ ਅੰਦਾਜ਼ੇ ਹੀ ਲਗਾਏ ਗਏ ਹਨ, ਸਹੀ ਜਾਣਕਾਰੀ ਕਿਤੋਂ ਵੀ ਨਹੀਂ ਮਿਲਦੀ। ਗਿਆਨੀ ਨਰੈਣ ਸਿੰਘ ਨੇ ਉਨ੍ਹਾਂ ਦਾ ਜਨਮ 2 ਕਤਕ ਸੰਮਤ 1612 ਲਿਖਿਆ ਹੈ, ਜਦ ਕਿ ਡਾ. ਸੁਖਦਿਆਲ ਸਿੰਘ ਉਨ੍ਹਾਂ ਦਾ ਜਨਮ 1553 ਈ. ਮੰਨਦੇ ਹਨ। ਆਪ ਜੀ ਦਾ ਜਨਮ ਗੁਰੂ ਅਮਰਦਾਸ ਜੀ ਦੇ ਪਿੰਡ ਬਾਸਰਕੇ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਂ ਭਾਈ ਈਸ਼ਰ ਦਾਸ ਸੀ, ਜੋ ਗੁਰੂ ਅਮਰਦਾਸ ਜੀ ਦੇ ਚਚੇਰੇ ਭਰਾ ਸਨ। ਆਪ ਦੀ ਉਮਰ ਕਰੀਬ ਤਿੰਨ ਸਾਲ ਦੀ ਹੀ ਸੀ ਕਿ ਪਿਤਾ ਦਾ ਦੇਹਾਂਤ ਹੋ ਗਿਆ। ਆਪ ਦੇ ਮਾਤਾ ਜੀ ਆਪ ਨੂੰ ਗੁਰੂ ਅਮਰਦਾਸ ਜੀ ਦੀ ਛਤਰ-ਛਾਇਆ ਵਿੱਚ ਗੋਇੰਦਵਾਲ ਸਾਹਿਬ ਲੈ ਆਏ। ਆਪ ਰਿਸ਼ਤੇ ਵਜੋਂ ਗੁਰੂ ਅਮਰਦਾਸ ਜੀ ਦੇ ਭਤੀਜੇ ਅਤੇ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਲੱਗਦੇ ਸਨ।

ਭਾਈ ਗੁਰਦਾਸ ਜੀ ਨੂੰ ਚਾਰ ਗੁਰੂ ਸਾਹਿਬਾਨ ਦੀ ਹਜ਼ੂਰੀ ਵਿੱਚ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਅਤੇ (ਗਿ.ਨਰੈਣ ਸਿੰਘ ਮੁਤਾਬਕ) ਅੰਦਾਜ਼ਨ 1686 ਸੰਮਤ ਵਿੱਚ ਆਪ ਚਲਾਣਾ ਕਰ ਗਏ। ਡਾ. ਸੁਖਦਿਆਲ ਸਿੰਘ ਉਨ੍ਹਾਂ ਦੇ ਅਕਾਲ ਚਲਾਣੇ ਦੀ ਮਿਤੀ 1629 ਈ.ਮੰਨਦੇ ਹਨ। ਆਪ ਦੀ ਰਚਨਾ ਭਾਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਨਹੀਂ ਹੈ, ਪਰ ਇਸ ਰਚਨਾ ਨੂੰ 'ਗੁਰਬਾਣੀ ਦੀ ਕੁੰਜੀ' ਹੋਣ ਦਾ ਮਾਣ ਪ੍ਰਾਪਤ ਹੈ:

**ਗੁਰਬਾਣੀ ਦੀ ਕੁੰਜੀ ਬਾਣੀ ਜੋ ਭਾਈ ਗੁਰਦਾਸ ਵਖਾਣੀ।**

ਆਪ ਨੂੰ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਲੇਖਕ ਹੋਣ ਦਾ ਮਾਣ ਪ੍ਰਾਪਤ ਹੈ, ਜਿਸ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਕੀਤੀ ਸੀ। ਅਕਾਲ ਤਖਤ ਸਾਹਿਬ ਦੇ ਪਹਿਲੇ ਜਥੇਦਾਰ ਹੋਣ ਦਾ ਸੁਭਾਗ ਵੀ ਆਪ ਨੂੰ ਮਿਲਿਆ। ਆਪ ਦੀ ਪੰਜਾਬੀ ਰਚਨਾ ਵਾਰਾਂ ਦੇ ਰੂਪ ਵਿੱਚ ਮਿਲਦੀ ਹੈ, ਜਿਨ੍ਹਾਂ ਦੀ ਗਿਣਤੀ 40 ਮੰਨੀ ਗਈ ਹੈ। ਇਸ ਤੋਂ ਬਿਨਾਂ ਆਪ ਨੇ ਕੁਝ ਕਬਿੱਤ ਅਤੇ ਸਵੱਈਆਂ ਦੀ ਰਚਨਾ ਵੀ ਕੀਤੀ, ਜੋ ਬ੍ਰਜ ਭਾਸ਼ਾ ਵਿੱਚ ਹਨ।

ਆਪ ਦੀਆਂ ਵਾਰਾਂ ਵਿੱਚ ਗੁਰਬਾਣੀ ਦੇ ਗੁੱਝੇ ਭਾਵਾਂ, ਰਹੱਸਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਗਿਆ ਹੈ। ਸਿੱਖ ਧਰਮ ਦੇ ਪ੍ਰਚਾਰਕ ਵਜੋਂ ਆਪ ਨੇ ਲਾਹੌਰ, ਆਗਰਾ, ਕਾਂਸ਼ੀ ਆਦਿ ਅਸਥਾਨਾਂ ਤੇ ਸਿੱਖ ਧਰਮ ਦਾ ਪ੍ਰਚਾਰ- ਪ੍ਰਸਾਰ ਕੀਤਾ। ਆਪ ਗੁਰਮੁਖੀ, ਬ੍ਰਜ, ਹਿੰਦੀ, ਅਰਬੀ, ਫਾਰਸੀ ਦੇ ਬਹੁਤ ਵੱਡੇ ਵਿਦਵਾਨ ਸਨ। ਸਿੱਖ ਸਿਧਾਂਤ, ਸਿੱਖ ਦਰਸ਼ਨ ਅਤੇ ਹੋਰ ਧਰਮਾਂ ਦੇ ਸਾਹਿਤ ਤੇ ਦਰਸ਼ਨ ਬਾਰੇ ਆਪ ਨੂੰ ਡੂੰਘੀ ਜਾਣਕਾਰੀ ਸੀ। ਭਾਈ ਗੁਰਦਾਸ ਦੀ ਰਚਨਾ ਨੂੰ 'ਸਿੱਖੀ ਦਾ ਰਹਿਤਨਾਮਾ' ਵਜੋਂ ਵੀ ਸਵੀਕਾਰ ਕੀਤਾ ਗਿਆ ਹੈ।



ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੇ ਸਮੇਂ ਬਾਰੇ ਸਭ ਤੋਂ ਪ੍ਰਮਾਣਿਕ ਅਤੇ ਸਟੀਕ ਹਵਾਲੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਹੀ ਮਿਲਦੇ ਹਨ। ਅਸਲ ਵਿੱਚ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿੱਚ ਹੀ ਗੁਰੂ ਨਾਨਕ ਦੇਵ ਜੀ ਬਾਰੇ ਭਰਪੂਰ ਚਰਚਾ ਮਿਲਦੀ ਹੈ, ਜਦ ਕਿ ਗਿਆਰ੍ਹਵੀਂ, ਚੌਵੀਵੀਂ, ਪੱਚੀਵੀਂ ਅਤੇ ਛੱਬੀਵੀਂ ਆਦਿ ਵਾਰਾਂ ਦੀਆਂ ਵੱਖ- ਵੱਖ ਪਉੜੀਆਂ ਵਿੱਚ ਵੀ ਗੁਰੂ- ਬਾਬੇ ਬਾਰੇ ਉਲੇਖਯੋਗ ਰੂਪ ਵਿੱਚ ਚਰਚਾ ਮਿਲਦੀ ਹੈ।

ਭਾਈ ਗੁਰਦਾਸ ਦੀ ਪਹਿਲੀ ਵਾਰ ਵਿੱਚ 49 ਪਉੜੀਆਂ ਹਨ। ਇਸ ਵਿਚ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਸ੍ਰਿਸ਼ਟੀ ਰਚਨਾ, ਮਨੁੱਖਾ ਜੂਨ ਦੀ ਉਤਪਤੀ, ਚਾਰ ਯੁੱਗਾਂ ਦੀ ਸਥਾਪਨਾ, ਚਾਰ ਵਰਨਾਂ, ਹਿੰਦੂ ਮੁਸਲਮਾਨਾਂ ਦੇ ਝਗੜੇ ਆਦਿ ਦਾ ਵਰਣਨ ਕਰਨ ਪਿੱਛੋਂ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਮਹੱਤਵਪੂਰਨ ਤੱਥਾਂ ਦੀ ਨਿਸ਼ਾਨਦੇਹੀ ਕੀਤੀ ਹੈ। ਇਨ੍ਹਾਂ ਪਉੜੀਆਂ ਵਿੱਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼, ਉਨ੍ਹਾਂ ਦਾ ਘਰੋਂ ਚੱਲਣਾ, ਉਸ ਸਮੇਂ ਦੇ ਹਾਲਾਤ ਦਾ ਵਰਣਨ, ਰਾਜਿਆਂ ਵਿੱਚ ਹਉਮੈ ਦਾ ਹੰਕਾਰ, ਗੁਰੂ ਨਾਨਕ ਦਾ ਸੁਮੇਰ ਪਰਬਤ ਤੇ ਪਹੁੰਚਣਾ, ਸਿੱਧਾਂ ਨਾਲ ਸਵਾਲ ਜਵਾਬ, ਕਲਯੁਗ ਵਿੱਚ ਹਨੇਰਗਰਦੀ ਦਾ ਵਰਣਨ, ਸਿੱਧਾਂ ਵੱਲੋਂ ਗੁਰੂ ਜੀ ਦੀ ਪ੍ਰੀਖਿਆ, ਗੁਰੂ ਜੀ ਦੇ ਮੱਕੇ ਦੀ ਯਾਤਰਾ, ਕਾਜ਼ੀਆਂ- ਮੌਲਵੀਆਂ ਵੱਲੋਂ ਗੁਰੂ ਜੀ ਨਾਲ ਬਹਿਸ, ਗੁਰੂ ਜੀ ਦੀ ਮੱਕੇ ਵਿੱਚ ਜਿੱਤ, ਗੁਰੂ ਜੀ ਦਾ ਬਗਦਾਦ ਪਹੁੰਚਣਾ, ਗੁਰੂ ਜੀ ਦੀ ਕਲਾ, ਸਤਿਨਾਮ ਦਾ ਚੱਕਰ, ਕਰਤਾਰਪੁਰ ਰਹਿਣਾ, ਸ਼ਿਵਰਾਤਰੀ ਦਾ ਮੇਲਾ, ਜੋਗੀਆਂ ਨਾਲ ਚਰਚਾ, ਸਿੱਧਾਂ ਵੱਲੋਂ ਕਰਾਮਾਤਾਂ, ਸਿੱਧਾਂ ਨਾਲ ਫੇਰ ਸਵਾਲ ਜਵਾਬ, ਸੱਚੇ ਸ਼ਬਦ ਦਾ ਪ੍ਰਤਾਪ, ਸਿੱਧਾਂ ਨੂੰ ਜਿੱਤਣਾ ਤੇ ਮੁਲਤਾਨ ਜਾਣਾ ਆਦਿ ਦਾ ਬਿਰਤਾਂਤ ਹੈ।

ਇਨ੍ਹਾਂ ਵਾਰਾਂ ਵਿੱਚ ਗੁਰੂ ਨਾਨਕ ਦੇਵ ਜੀ ਦਾ ਜਨਮ, ਜੋਤੀ ਜੋਤਿ ਦੀਆਂ ਤਰੀਕਾਂ ਅਤੇ ਉਨ੍ਹਾਂ ਦੇ ਸਕੇ- ਸਬੰਧੀਆਂ ਦਾ ਕੋਈ ਵੇਰਵਾ ਤਾਂ ਨਹੀਂ ਹੈ, ਪਰ ਗੁਰੂ ਜੀ ਦੇ ਪ੍ਰਭਾਵਸ਼ਾਲੀ ਵਿਅਕਤਿੱਤਵ ਨੂੰ ਚਿੱਤਰਿਆ ਗਿਆ ਹੈ। ਇਤਿਹਾਸਕ ਪੱਖੋਂ ਇਨ੍ਹਾਂ ਵਾਰਾਂ ਵਿੱਚ ਉਸ ਸਮੇਂ ਦੀ ਸਮਾਜਿਕ, ਧਾਰਮਿਕ, ਰਾਜਨੀਤਕ ਅਵਸਥਾ ਦਾ ਡੂੰਘਾ ਵਿਸ਼ਲੇਸ਼ਣ ਕੀਤਾ ਗਿਆ ਹੈ। ਭਾਈ ਸਾਹਿਬ ਦੱਸਦੇ ਹਨ ਕਿ ਪਰਮਾਤਮਾ ਨੇ ਦੁਖੀ ਦੁਨੀਆਂ ਦੀ ਪੁਕਾਰ ਸੁਣ ਕੇ ਉਸ ਸਮੇਂ ਗੁਰੂ ਨਾਨਕ ਦੇਵ ਜੀ ਨੂੰ ਸੰਸਾਰ ਤੇ ਭੇਜਿਆ।



ਪ੍ਰੋ. ਨਵ ਸੰਗੀਤ ਸਿੰਘ
9417692015

ਹਿੰਦੁਸਤਾਨ ਵਾਸੀ ਚਾਰ ਵਰਣਾਂ (ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ) ਵਿੱਚ ਵੰਡੇ ਹੋਏ ਸਨ, ਪਰ ਗੁਰੂ ਨਾਨਕ ਦੇਵ ਜੀ ਨੇ ਕਲਯੁਗ ਵਿੱਚ ਅਵਤਾਰ ਧਾਰਨ ਕਰਕੇ ਦੁਨੀਆਂ ਦੇ ਲੋਕਾਂ ਨੂੰ ਸਤਿਨਾਮੁ ਦਾ ਮੰਤਰ ਦ੍ਰਿੜ੍ਹ ਕਰਵਾਇਆ ਤੇ ਇਉ ਕਲਯੁਗੀ ਲੋਕਾਂ ਦਾ ਉਧਾਰ ਕਰਨ ਦੀ ਕੋਸਿਸ਼ ਕੀਤੀ।

ਧੁਰੋਂ ਬਖ਼ਸ਼ਿਸ਼ ਪ੍ਰਾਪਤ ਸਤਿਗੁਰੂ ਨੇ ਬੜੀ ਸਖ਼ਤ ਘਾਲਣਾ ਕਰਕੇ ਦੁਨੀਆਂ ਨੂੰ ਸ਼ਾਂਤ ਕਰਨ ਦਾ ਬੀੜਾ ਚੁੱਕਿਆ ਅਤੇ ਲੋਕਾਂ ਦੀ ਪੀੜਾ ਨੂੰ ਹਰਨ ਲਈ ਚਾਰ ਉਦਾਸੀਆਂ (ਪ੍ਰਚਾਰ ਦੌਰੇ) ਕੀਤੀਆਂ। ਇਨ੍ਹਾਂ ਉਦਾਸੀਆਂ ਦੌਰਾਨ ਉਹ ਵੱਖ- ਵੱਖ ਮੱਤ- ਮਤਾਂਤਰਾਂ, ਭੇਖਾਂ, ਜਾਤਾਂ- ਪਾਤਾਂ, ਵਰਣਾਂ, ਚਿਹਨਾਂ, ਧਰਮਾਂ, ਰੰਗਾਂ, ਰੂਪਾਂ, ਨਸਲਾਂ ਦੇ ਲੋਕਾਂ ਨੂੰ ਮਿਲੇ, ਜਿਨ੍ਹਾਂ ਵਿੱਚ ਜਤੀ, ਸਤੀ, ਸਿੱਧ, ਦੇਵੀ ਦੇਵਤਿਆਂ ਦੀ ਪੂਜਾ ਕਰਨ ਵਾਲੇ, ਚੰਗੇ- ਮਾੜੇ ਗੁਣਾਂ ਵਾਲੇ ਸਾਰੇ ਲੋਕ ਸ਼ਾਮਿਲ ਸਨ।

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਅਗਿਆਨਤਾ ਰੂਪੀ ਹਨੇਰਾ ਮਿਟ ਗਿਆ ਅਤੇ ਸੱਚ ਦੇ ਸੂਰਜ ਦਾ ਪ੍ਰਕਾਸ਼ ਹੋਇਆ। ਗੁਰੂ ਜੀ ਧਰਤ ਲੋਕਾਈ ਨੂੰ ਸੋਧਣ ਲਈ ਹਿੰਦੂਆਂ ਦੇ ਤੀਰਥਾਂ ਤੇ ਗਏ, ਪਰਬਤਾਂ ਤੇ ਜਾ ਕੇ ਸਿੱਧਾਂ ਜੋਗੀਆਂ ਨਾਲ ਗੋਸ਼ਟਾਂ ਕੀਤੀਆਂ ਪਰ ਕਿਧਰੇ ਵੀ ਗੁਰਮੁਖ ਬਿਰਤੀ ਵਾਲੇ ਇਨਸਾਨ ਦੇ ਦਰਸ਼ਨ ਉਨ੍ਹਾਂ ਨੂੰ ਨਹੀਂ ਹੋਏ।

ਗੁਰੂ ਜੀ ਦੀਆਂ ਯਾਤਰਾਵਾਂ ਦੌਰਾਨ ਉਨ੍ਹਾਂ ਦਾ ਸਾਥੀ ਭਾਈ ਮਰਦਾਨਾ ਵੀ ਉਨ੍ਹਾਂ ਦੇ ਨਾਲ ਸੀ:

**ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।**
(ਵਾਰ 1/35)

ਭਾਰਤ ਤੋਂ ਬਾਹਰ ਗੁਰੂ ਜੀ ਨੇ ਮੁਸਲਮਾਨਾਂ ਦੇ ਪਵਿੱਤਰ ਅਸਥਾਨਾਂ ਮੱਕਾ, ਮਦੀਨਾ ਅਤੇ ਬਗ਼ਦਾਦ ਦੀ ਜ਼ਿਆਰਤ ਕੀਤੀ। ਮੌਲਾਣਿਆਂ ਤੇ ਕਾਜ਼ੀਆਂ ਨਾਲ ਚਰਚਾ ਕਰਕੇ ਉਨ੍ਹਾਂ ਨੂੰ ਧਰਮ ਦੇ ਅਸਲੀ ਅਰਥ ਦ੍ਰਿੜ੍ਹ ਕਰਵਾਏ ਅਤੇ ਉਨ੍ਹਾਂ ਦੇ ਅਭਿਮਾਨ ਨੂੰ ਚਕਨਾਚੂਰ ਕੀਤਾ। ਭਾਈ ਸਾਹਿਬ ਇਸ ਪ੍ਰਸੰਗ ਵਿੱਚ ਲਿਖਦੇ ਹਨ:

**ਗੜ੍ਹ ਬਗਦਾਦ ਨਿਵਾਏ ਕੇ**
**ਮੱਕਾ ਮਦੀਨਾ ਸਭ ਨਿਭਾਇਆ।**

ਗੁਰੂ ਜੀ ਦੇ ਸਮੇਂ ਵਿੱਚ ਉੱਚੇ ਅਹੁਦੇ ਤੇ ਬੈਠੇ ਸਾਰੇ ਹੀ ਲੋਕ ਅੱਤਿਆਚਾਰੀ ਤੇ ਪਾਪੀ ਬਣ ਗਏ ਸਨ; ਗਿਆਨ ਵਿਹੂਣੇ ਲੋਕੀਂ ਕੂੜ ਤੇ ਝੂਠ ਬੋਲੀ ਜਾ ਰਹੇ ਸਨ; ਨਿਆਂ ਤੇ ਇਨਸਾਫ਼ ਕਰਨ ਵਾਲੇ ਮੁਸਲਮਾਨ ਕਾਜ਼ੀ ਰਿਸ਼ਵਤਾਂ ਲੈ ਕੇ ਗਲਤ ਫੈਸਲੇ ਕਰੀ ਜਾ ਰਹੇ ਸਨ; ਹਰ ਤਰ੍ਹਾਂ ਦੇ ਕਾਰਜ ਨੂੰ ਸਿਰਫ ਪੈਸੇ ਦੀ ਦ੍ਰਿਸ਼ਟੀ ਤੋਂ ਵੇਖਿਆ ਜਾ ਰਿਹਾ ਸੀ। ਅਜਿਹੇ ਕਲਯੁਗੀ ਸਮੇਂ ਨੂੰ ਭਾਈ ਸਾਹਿਬ ਨੇ ਬੜੇ ਹੀ ਸਟੀਕ ਢੰਗ ਨਾਲ ਅਭਿਵਿਅਕਤੀ ਦਿੱਤੀ ਹੈ:

**ਕਲਿ ਆਈ ਕੁੱਤੇ ਮੂਹੀ ਖਾਜ ਹੋਆ ਮੁਰਦਾਰ ਗੁਸਾਈ।**
**ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।**
**ਪਰਜਾ ਅੰਧੀ ਗਿਆਨ ਬਿਨ ਕੂੜ ਕੁਸੱਤ ਮੁਖਹੁ ਆਲਾਈ।**
**ਚੇਲੇ ਸਾਜ ਵਜਾਇੰਦੇ ਨੱਚਣ ਗੁਰੂ ਬਹੁਤ ਬਿਧ ਭਾਈ।**
**ਸੇਵਕ ਬੈਠਨ ਘਰਾਂ ਵਿੱਚ ਗੁਰ ਉਠ ਘਰੀਂ ਤਿਨਾੜੇ ਜਾਈ।**
**ਕਾਜ਼ੀ ਹੋਏ ਰਿਸ਼ਵਤੀ ਵੱਢੀ ਲੈ ਕੇ ਹੱਕ ਗਵਾਈ।**
**ਇਸਤ੍ਰੀ ਪੁਰਖੈ ਦਾਮ ਹਿਤ ਭਾਵੇਂ ਆਇ ਕਿਥਾਊਂ ਜਾਈ।**
**ਵਰਤਿਆ ਪਾਪ ਸਭਸੁ ਜਗ ਮਾਂਹੀ।**
(ਵਾਰ 1/30)

ਜਿੱਥੇ ਜਿੱਥੇ ਵੀ ਗੁਰੂ ਨਾਨਕ ਦੇਵ ਜੀ ਦੇ ਮੁਬਾਰਕ ਕਦਮ ਪਏ, ਉੱਥੇ ਉੱਥੇ ਸਭ ਧਰਮਾਂ ਦੇ ਲੋਕ ਉਨ੍ਹਾਂ ਨੂੰ ਆਪੋ ਆਪਣਾ ਗੁਰੂ/ ਪੀਰ ਮੰਨਣ ਲੱਗ ਪਏ ਅਤੇ ਲੋਕਾਂ ਨੇ ਧਰਮਸ਼ਾਲਾਵਾਂ ਸਥਾਪਤ ਕਰਕੇ ਹਰਿ-ਕੀਰਤਨ ਸ਼ੁਰੂ ਕਰ ਦਿੱਤਾ:

**ਘਰ ਘਰ ਬਾਬਾ ਪੂਜੀਐ ਹਿੰਦੂ ਮੁਸਲਮਾਨ ਦੁਆਈ।**
(ਵਾਰ 1/34)

**ਘਰ ਘਰ ਅੰਦਰ ਧਰਮਸਾਲ ਹੋਵੈ**
**ਕੀਰਤਨ ਸਦਾ ਵਿਸੋਆ।** (ਵਾਰ 1/27)

ਵੇਈਂ ਨਦੀ ਵਿੱਚ ਇਸ਼ਨਾਨ ਕਰਨ ਗਏ ਗੁਰੂ ਜੀ ਜਦੋਂ ਨਦੀ ਤੋਂ ਬਾਹਰ ਆਏ ਤਾਂ ਉਨ੍ਹਾਂ ਦੇ ਮੁਖਾਰਬਿੰਦ 'ਚੋਂ ਜਿਹੜਾ ਪਹਿਲਾਂ ਵਾਕ ਨਿਕਲਿਆ ਸੀ ਉਹ ਸੀ- 'ਨਾ ਕੋ ਹਿੰਦੂ ਨਾ ਮੁਸਲਮਾਨ'। ਜਦੋਂ ਗੁਰੂ ਜੀ ਨੂੰ ਪੁੱਛਿਆ ਗਿਆ ਕਿ ਜੇ ਕੋਈ ਹਿੰਦੂ ਜਾਂ ਮੁਸਲਮਾਨ ਨਹੀਂ ਹੈ, ਤਾਂ ਅਸੀਂ ਕਿਸ ਨੂੰ ਮੰਨੀਏ, ਕਿਸ ਰਾਹ ਤੇ ਤੁਰੀਏ। ਗੁਰੂ ਜੀ ਨੇ ਫ਼ਰਮਾਇਆ: ਖ਼ੁਦਾ ਦੇ ਰਾਹ ਤੇ ਚੱਲੋ; ਉਹ ਨਾ ਹਿੰਦੂ ਹੈ ਨਾ ਮੁਸਲਮਾਨ। ਮੱਕੇ ਦੀ ਧਰਤੀ ਉੱਤੇ ਜਦੋਂ ਗੁਰੂ ਨਾਨਕ ਦੇਵ ਜੀ ਨੂੰ ਕਾਜ਼ੀਆਂ ਨੇ ਪੁੱਛਿਆ ਕਿ ਤੁਹਾਡੀ ਨਜ਼ਰ ਵਿੱਚ ਹਿੰਦੂ ਵੱਡਾ ਹੈ ਜਾਂ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸਾਫ਼ ਤੇ ਸਪਸ਼ਟ ਸੀ:

ਪੁੱਛਣ ਗੱਲ ਈਮਾਨ ਦੀ ਕਾਜ਼ੀ ਮੁੱਲਾਂ ਇਕੱਠੇ ਹੋਈ।

**ਵੱਡਾ ਸਾਂਗ ਵਰਤਾਇਆ ਲਖ ਨ ਸਕੇ ਕੁਦਰਤ ਕੋਈ।**
**ਪੁੱਛਣ ਖੋਲ੍ਹ ਕਿਤਾਬ ਨੂੰ ਵੱਡਾ ਹਿੰਦੂ ਕਿ ਮੁਸਲਮਾਨੋਈ।**
**ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ।**
**ਹਿੰਦੂ ਮੁਸਲਮਾਨ ਦੋਇ ਦਰਗਹ ਅੰਦਰ ਲੈਨ ਨ ਢੋਈ।**
**ਕੱਚਾ ਰੰਗ ਕੁਸੁੰਭ ਦਾ ਪਾਣੀ ਧੋਤੈ ਥਿਰ ਨ ਰਹੋਈ।**
**ਕਰਨ ਬਖੀਲੀ ਆਪ ਵਿਚ ਰਾਮ ਰਹੀਮ ਕਥਾਇ ਖਲੋਈ।**
**ਰਾਹ ਸ਼ੈਤਾਨੀ ਦੁਨੀਆ ਗੋਈ।**
(ਵਾਰ 1/33)

ਦੇਸ਼- ਵਿਦੇਸ਼ ਦਾ ਭ੍ਰਮਣ ਕਰਨ ਪਿੱਛੋਂ ਜਦੋਂ ਗੁਰੂ ਜੀ ਕਰਤਾਰਪੁਰ ਵਿਖੇ ਆਣ ਬਿਰਾਜੇ, ਤਾਂ ਉਨ੍ਹਾਂ ਨੇ ਗੁਰਿਆਈ ਦਾ ਤਿਲਕ ਭਾਈ ਲਹਿਣਾ ਜੀ ਨੂੰ ਲਾਇਆ, ਜੋ ਬਾਅਦ ਵਿੱਚ ਗੁਰੂ ਅੰਗਦ ਦੇਵ ਜੀ ਵਜੋਂ ਜਾਣੇ ਗਏ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਸਿਰਫ਼ ਸਰੀਰ ਦਾ ਚੋਲ਼ਾ ਹੀ ਬਦਲਿਆ ਅਤੇ ਆਪਣੀ ਜੋਤਿ ਨੂੰ ਗੁਰੂ ਅੰਗਦ ਦੇਵ ਵਿੱਚ ਟਿਕਾ ਕੇ ਅਜਿਹੇ ਨਵੇਂ ਮੱਤ ਦੀ ਨੀਂਹ ਰੱਖੀ ਜਿਸ ਨੂੰ ਸੱਚਾ ਸੁੱਚਾ ਸਿੱਖ ਧਰਮ ਹੋਣ ਦਾ ਮਾਣ ਪ੍ਰਾਪਤ ਹੈ।

ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਤੋਂ ਇਲਾਵਾ ਜਿਨ੍ਹਾਂ ਬਾਕੀ ਵਾਰਾਂ ਦੀਆਂ ਵਿਭਿੰਨ ਪਉੜੀਆਂ ਵਿੱਚ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਚਿੱਤਰਿਆ ਹੈ, ਉੱਥੇ ਵੀ ਗੁਰੂ ਨਾਨਕ ਦੇਵ ਜੀ ਨੂੰ ਸਾਰੇ ਸੰਸਾਰ ਦੇ ਗੁਰੂ (ਜਗਤੁ ਗੁਰੂ ਗੁਰੁ ਨਾਨਕ ਦੇਉ, ਵਾਰ 24/2); ਜਾਹਰਾ ਪੀਰ (ਜ਼ਾਹਰ ਪੀਰ ਜਗਤੁ ਗੁਰੁ ਬਾਬਾ,ਵਾਰ 24/3); ਹਰ ਪੱਖ ਤੋਂ ਪੂਰੇ ਗੁਰੂ (ਪੂਰਾ ਸਤਿਗੁਰ ਜਾਣੀਐ ਪੂਰੈ ਪੂਰਾ ਠਾਟ ਬਣਾਯਾ,ਵਾਰ 26/16); ਗੁਣਾਂ ਦਾ ਖ਼ਜ਼ਾਨਾ, ਨਿਰਭਉ ਨਿਰਵੈਰ (ਗੁਰ ਪੂਰਾ ਨਿਰਵੈਰ ਹੈ...; ਗੁਰ ਪੂਰਾ ਨਿਰਭਉ ਸਦਾ...ਵਾਰ 26/19); ਦੀਨ ਦੁਨੀਆਂ ਦਾ ਪਾਤਸ਼ਾਹ (ਦੀਨ ਦੁਨੀਆਂ ਦਾ ਪਾਤਿਸ਼ਾਹ ਬੇਮੁਹਤਾਜ ਰਾਜ ਘਰ ਆਯਾ,ਵਾਰ 26/21) ਆਦਿ ਲਕਬਾਂ ਨਾਲ ਵਡਿਆਇਆ ਗਿਆ ਹੈ।

ਮੱਧਕਾਲੀ ਪੰਜਾਬੀ ਸਾਹਿਤ ਵਿੱਚ ਮਿਲਦੇ ਵਿਭਿੰਨ ਰੂਪਾਂ (ਜਨਮਸਾਖੀਆਂ, ਗੋਸ਼ਟਾਂ ਅਤੇ ਪਰਚੀਆਂ ਆਦਿ) ਵਿੱਚ ਜਿਵੇਂ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ ਇੱਕ ਪੌਰਾਣਿਕ ਤੇ ਮਿਥਿਹਾਸਕ ਵਿਅਕਤੀ ਵਜੋਂ ਪੇਸ਼ ਕੀਤਾ ਗਿਆ ਹੈ, ਉਹਦੀ ਥਾਂ ਤੇ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿੱਚ ਗੁਰੂ ਨਾਨਕ ਦੇਵ ਜੀ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਨੂੰ ਇੱਕ ਇਤਿਹਾਸਕ ਵਿਅਕਤੀ ਦੇ ਤੌਰ ਤੇ ਚਿਤਰਿਆ ਹੈ। ਗੁਰੂ ਨਾਨਕ ਦੇਵ ਜੀ ਨੇ ਹਿੰਦੂਆਂ ਤੇ ਮੁਸਲਮਾਨਾਂ ਦੇ ਮੁਕੱਦਸ ਸਥਾਨਾਂ ਤੇ ਜਾ ਕੇ ਅਤੇ ਖਾਸ ਕਰਕੇ ਅਖੌਤੀ ਸੰਨਿਆਸੀਆਂ ਤੇ ਭੇਖੀਆਂ ਦੇ ਕੂੜੇ ਭੇਖ ਨੂੰ ਲੋਕਾਂ ਸਾਹਮਣੇ ਨੰਗਾ ਕਰਕੇ ਅਜਿਹੀ ਜ਼ਾਹਿਰੀ ਕਲਾ ਵਰਤਾਈ, ਜਿਸ ਤੋਂ ਪ੍ਰਭਾਵਿਤ ਹੋ ਕੇ ਆਮ ਲੋਕਾਂ ਅਤੇ ਸਿੱਧਾਂ ਨੂੰ ਇਹ ਕਹਿਣ ਲਈ ਮਜਬੂਰ ਹੋਣਾ ਪਿਆ:

**ਭਯਾ ਅਨੰਦ ਜਗਤ ਵਿਚ ਕਲਿ ਤਾਰਨ ਗੁਰ ਨਾਨਕ ਆਯਾ।** (ਵਾਰ 1/37)

**ਸਿੱਧ ਬੋਲਨ ਸ਼ੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ।** (ਵਾਰ 1/44)




ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ
ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ
ਲੱਖ-ਲੱਖ ਵਧਾਈ
ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਸੇਵਾਦਾਰ ਮਿੱਠੇ ਅਤੇ ਨਿੱਘੇ ਸੁਭਾਅ ਦੇ ਮਾਲਕ
ਪੰਜਾਬੀ ਬੋਲੀ, ਪੰਜਾਬੀ ਕਲਚਰ, ਪੰਜਾਬੀ ਸਭਿਆਚਾਰ ਨੂੰ ਸਮਰਪਿਤ ਸਿੱਖ ਕੌਮ ਦੀ ਅਜ਼ਾਦੀ ਵਾਸਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਵਾਲੇ
ਗੁਰਦੁਆਰਾ ਸਾਹਿਬ ਯੂਬਾ ਸਿਟੀ ਦੇ ਸਾਬਕਾ ਪ੍ਰਧਾਨ ਅਤੇ ਅਮਰੀਕਾ ਦੇ ਸੀਨੀਅਰ ਸਿੱਖ ਆਗੂ
ਸ. ਬਲਰਾਜ ਸਿੰਘ ਢਿੱਲੋਂ ਤੇ ਉਨ੍ਹਾਂ ਦੇ ਵੀਰ ਸ. ਮਨਦੀਪ ਸਿੰਘ ਢਿੱਲੋਂ


ਫੇਰ ਉਠੀ ਆਖਿਰ ਸਦਾ ਤੌਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ
ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ
ਲੱਖ-ਲੱਖ ਵਧਾਈ
CHARKHA's
ਦੀ ਚੇਨ ਦੇ ਮਾਲਕ
Pabla Beverages inc &
Pauls Liquors & Markets
Www.bevstore.com 408-515-5330,
San Jose Morgan Hill Gilroy California
Surinder Singh Pabla
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸਮਾਜ ਸੇਵਕ ਪੰਜਾਬੀ ਬੋਲੀ ਅਤੇ
ਖੇਡਾਂ ਨੂੰ ਪ੍ਰਮੋਟ ਕਰਨ ਵਾਲੇ ਉਘੇ ਨੌਜਵਾਨ ਆਗੂ
ਸ. ਜਰਨੈਲ ਸਿੰਘ ਮੌਜੀ, ਸ. ਬਲਵੀਰ ਸਿੰਘ ਪਾਬਲਾ, ਸ. ਸੁਰਿੰਦਰ ਸਿੰਘ ਪਾਬਲਾ, ਸ. ਐਮ.ਪੀ. ਸਿੰਘ ਪਾਬਲਾ


ਫੇ ਉਠੀ ਆਖਿ ਸਦਾ ਤੌਹੀਦ ਹਿੰਦ ਕੀ ਪੰਜਾਬ ਸੇ ,ਹਿੰਦ ਕੋ ਇੱਕ ਮਦੇ ਕਾਮਲ ਨੇ ਜਗਾਇਆ ਖਾਬ ਸੇ
ਧੰਨ ਧੰਨ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ
ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਦੀ ਸਮੂਹ ਸਾਧ ਸੰਗਤ ਨੂੰ
ਲੱਖ ਲੱਖ ਵਧਾਈਆਂ
Best Western
Holiday Inn Express & Suites
ਸਿਟੀ ਆਫ਼ ਗਾਲਟ ਦੇ ਮੇਅਰ ਅਤੇ
ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ
ਦੇ ਮੁੱਖ ਸੇਵਾਦਾਰ
ਸ. ਪਰਗਟ ਸਿੰਘ ਸੰਧੂ


ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ
ਜਗਤ ਗੁਰੂ ਬਾਬਾ ਨਾਨਕ
ਧੰਨ ਧੰਨ ਸਾਹਿਬ
ਸ੍ਰੀ ਗੁਰੂ ਨਾਨਕ ਦੇਵ ਜੀ
ਦੇ ਪਾਵਨ ਪ੍ਰਕਾਸ਼ ਦਿਵਸ
ਮੌਕੇ ਸਮੂਹ ਜਗਤ ਨੂੰ
ਲੱਖ-ਲੱਖ
ਵਧਾਈ
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ
ਸ੍ਰੀ ਰਾਮ ਮੂਰਤੀ ਸਰੋਏ ਤੇ ਸ੍ਰੀਮਤੀ ਸੱਤਿਆਵਤੀ ਸਰੋਏ
ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ
ਸ੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ


ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ
ਧੰਨ ਧੰਨ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ
ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਦੀ ਸਮੂਹ ਸਾਧ ਸੰਗਤ ਨੂੰ
ਲੱਖ-ਲੱਖ ਵਧਾਈ
LTA BROS.
LIVINGSTON CALIFORNIA
ਸ. ਹੈਰੀ ਸਿੰਘ ਭੰਗੂ
L T A Bros
11145 E Clausen Road
Turlock, CA 95380
ਸ. ਰਾਜਾ ਧਾਮੀ

# ਦੇਵਾਨ ਦੇਵ ਗੁਰੂ ਨਾਨਕ ਦੇਵ ॥

**ਕਰ ਜੋਰੁੰ ਪਰਣਾਮ ਕਰ ਧਰੋ ਚਰਨ ਪਰ ਸੀਸ।**
**ਨਾਨਕ ਤੁਮ ਗੁਰਦੇਵ ਜੀ ਪੂਰਨ ਵਿਸ੍ਵੇ ਬੀਸ।**
**ਪਰਮਹੰਸ ਤਾਰਨ ਤਰਨ ਗੁਰੂ ਦੇਵਨ ਕੇ ਦੇਵ।**
**ਅਨਭੈ ਬਾਣੀ ਦੀਜਿਯੇ ਨਾਨਕ ਪਾਵੈ ਭੇਵ॥**
(ਗੁਰ ਮਹਿਮਾ ਰਤਨਾਵਲੀ)

ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰੂ ਨਾਨਕ ਦੇਵ ਜੀ ਦਾ ਜਿਕਰ ਕਰਦੇ ਹਨ ਤਾਂ ਫੁਰਮਾਂਦੇ ਹਨ,

**ਗਿਆਨ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ।।**
**ਸਭ ਤੇ ਵਡਾ ਸਤਿਗੁਰੁ ਨਾਨਕ ਜਿਨਿ ਕਲ ਰਾਖੀ ਮੇਰੀ।।**(ਮ.5 750)

ਹੁਣ "ਸਭ ਤੇ ਵਡਾ" ਲਈ ਜੇਕਰ ਧਰਮਿਕ ਖੇਤਰ ਵਿਚ ਕੋਈ ਲਫ਼ਜ਼ ਹੈ ਤਾਂ ਉਹ ਹੈ ਦੇਵ।। ਸੰਸਕ੍ਰਿਤ ਵਿਚ ਦੇਵ ਦਾ ਅਰਥ ਰੱਬ ਜਾਂ ਪ੍ਰਮਾਤਮਾ ਹੁੰਦਾ ਹੈ। ਦੇਵੀ ਦੇਵਤੇ ਦੇਵ ਦੇ ਤੁਲ ਨਹੀਂ ਹੁੰਦੇ। ਯੂਨਾਨੀ ਜਾਂ ਗ੍ਰੀਕ ਗ੍ਰੰਥਾਂ ਵਿਚ ਵੀ ਰੱਬ ਜਾਂ ਪ੍ਰਮਾਤਮਾ ਲਈ ਲਫ਼ਜ਼ Deus ਆਇਆ ਹੈ। ਇਹ ਪੁਰਤਗਾਲੀ, ਸਪੈਨਿਸ਼, ਫਰੈਂਚ, ਇਤਾਲਵੀ, ਰੋਮਾਨੀਅਨ ਨੇ ਅਪਣਾਇਆ ਅਤੇ ਇਸਦਾ ਮਤਲਬ ਆਕਾਸ਼ ਜਾਂ ਸਵਰਗ ਲੋਕ ਲਿਖਿਆ। ਇਸੇ Deus ਨੂੰ ਯਹੂਦੀਆਂ ਨੇ Dio/Dyo ਕਰ ਕੇ ਲਿਖਿਆ। ਇਸੇ ਤੋਂ ਡਿਵਨਿਟੀ ਜਾਂ ਰੁਹਾਨੀਅਤ ਲਫ਼ਜ਼ ਨਿਕਲਿਆ। ਸੋ ਸਭ ਤੋਂ ਵੱਡੀ ਹਸਤੀ ਲਈ ਧਰਮ ਦੀ ਦੁਨੀਆ ਵਿਚ ਦੇਵ ਕਿਹਾ ਗਿਆ। ਗੁਰੂ ਨਾਨਕ ਦੇਵ ਜੀ ਸਚਿਖੰਡ ਤੋਂ ਇਸ ਮਾਤ ਲੋਕ ਵਿਚ ਪਠਾਏ ਗਏ।

ਪੰਚਮ ਪਿਤਾ ਗੁਰੂ ਨਾਨਕ ਦੇਵ ਜੀ ਨੂੰ ਦੇਵ ਸ਼ਬਦ ਨਾਲ ਮੁਖਾਤਬ ਕਰਦੇ ਹਨ,

**ਪਾਰ ਬ੍ਰਹਮ ਨਾਨਕ ਗੁਰ ਦੇਵ।।**
**ਵਡੇ ਭਾਗਿ ਪਾਈਐ ਹਰਿ ਸੇਵ।।**(ਮ.5 1338)

ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਨੂੰ ਦੇਵ ਕਹਿਣ ਬਾਬਤ ਕਮਾਲ ਦੀ ਉਦਾਹਰਣ ਦਿੰਦੇ ਹਨ,

ਸੋਰਠਾ: ਅਬਿਗਤਿ ਅਲਖ ਅਭੇਵ ਅਗਮ ਅਪਾਰ ਅਨੰਤ ਗੁਰ।।
ਸਤਿਗੁਰ ਨਾਨਕ ਦੇਵ ਪਾਰਬ੍ਰਹਮ ਪੂਰਨ ਬ੍ਰਹਮ।।
ਦੋਹਰਾ: ਅਗਮ ਪਾਰ ਅਨੰਤ ਗੁਰ ਅਬਿਗਤਿ ਅਲਖ ਅਭੇਵ।।
ਪਾਰਬ੍ਰਹਮ ਪੂਰਨ ਬ੍ਰਹਮ ਸਤਿਗੁਰ ਨਾਨਕ ਦੇਵ।।
ਛੰਤ: ਸਤਿਗੁਰ ਨਾਨਕ ਦੇਵ ਦੇਵ ਦੇਵੀ ਸਭ ਧਿਆਵਹਿ।।
ਨਾਦ ਬਾਦ ਬਿਸਮਾਦ ਰਾਗ ਰਾਗਨਿ ਗੁਨ ਗਾਵਹਿ।। (ਕਬਿੱਤ 3)

ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।। (ਵਾਰ 1 ਪ 27) ਗੁਰੂ ਸਾਹਿਬ ਦੇ ਪ੍ਰਕਾਸ਼ਮਾਨ ਹੋਣ ਦੀ ਚਕਾਚੌਂਧ ਸੂਰਜ ਨਿਕਲਣ ਦੀ ਨਿਆਈਂ ਸੀ। ਇਸ ਵਿਚ ਐਸੇ ਵੀ ਲਛਮੀ ਵਾਹਨ ਪ੍ਰਗਟ ਹੋਏ ਜਿਹਨਾਂ ਨੂੰ ਗੁਰੂ ਨਾਨਕ ਦੇਵ ਜੀ ਦੇ "ਦੇਵ" ਰੂਪ ਨੇ ਹੀ ਚੁੰਧਿਆ ਦਿੱਤਾ।

ਈਸਵੀ ਸੰਨ 1969 ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਪੰਜਵੀਂ ਪ੍ਰਕਾਸ਼ ਸ਼ਤਾਬਦੀ ਦੇ ਮੌਕੇ ਤੇ ਭਾਰਤ ਸਰਕਾਰ ਦੇ ਪ੍ਰਕਾਸ਼ਨ ਵਿਭਾਗ ਵਲੋਂ ਇਕ ਯਾਦਗਾਰੀ ਪੁਸਤਕ ਗੁਰੂ ਨਾਨਕ ਛਾਪੀ ਗਈ ਸੀ। ਇਸ ਵਿਚ ਮੋਹਸਿਨ ਫ਼ਾਨੀ ਦੇ ਦਬਿਸਤਾਨਿ ਮਜਾਹਿਬ ਦੇ ਹਵਾਲੇ ਨਾਲ ਐਸ. ਕੇ. ਰਾਮਚੰਦਰ ਰਾਉ ਦਾ ਰਹਸਵਾਦੀ ਨਾਨਕ ਸਿਰਲੇਖ ਹੇਠ ਇਕ ਲੇਖ ਛਪਿਆ ਸੀ। ਇਸ ਵਿਚ ਗੁਰੂ ਨਾਨਕ ਦੇਵ ਜੀ ਦੇ ਪਿਛਲੇ ਜਨਮ ਅਤੇ ਉਹਨਾਂ ਦੇ ਪ੍ਰਕਾਸ਼ਮਾਨ ਹੋਣ ਦੇ ਕਾਰਣਾਂ ਨੂੰ ਬਿਆਨ ਕੀਤਾ ਗਿਆ ਸੀ। ਇਸ ਵਿਚ ਕਿਹਾ ਗਿਆ,

"ਦਬਿਸਤਾਨ ਵਿਚ ਗੁਰੂ ਨਾਨਕ ਦੇਵ ਦੇ ਇਸ ਸੰਸਾਰ ਵਿਚ ਆਗਮਨ ਸੰਬੰਧੀ ਇਕ ਸਾਖੀ ਦਰਜ ਹੈ ਜਿਸ ਦਾ ਸੰਬੰਧ ਉਨ੍ਹਾਂ ਦੇ ਪੂਰਬਲੇ ਜੀਵਨ ਨਾਲ ਹੈ। ਕਹਿੰਦੇ ਹਨ ਕਿ ਉਸ ਜੀਵਨ ਯਾਤ੍ਰਾ ਦੇ ਅੰਤ ਉਤੇ ਉਨ੍ਹਾਂ ਦੀ ਆਤਮਾ ਨੇ ਦੋ ਮਾਰਗਾਂ ਵਿਚੋਂ ਇਕ ਦੀ ਚੋਣ ਕਰਨੀ ਸੀ। ਇਨ੍ਹਾਂ ਵਿਚੋਂ ਇਕ ਸਵਰਗ ਨੂੰ ਜਾਂਦਾ ਸੀ ਅਤੇ ਦੂਜਾ ਨਰਕ ਨੂੰ। ਨਾਨਕ ਦੀ ਆਤਮਾ ਨੇ ਅਜੀਬ ਚੋਣ ਕੀਤੀ। ਉਹ ਨਰਕ ਦੇ ਮਾਰਗ ਤੇ ਚੱਲ ਪਈ। ਉਨ੍ਹਾਂ ਦੀ ਆਤਮਾ ਸੜਦੇ



ਬਲਦੇ ਨਰਕ ਦੇ ਦੁਆਰ ਤੇ ਪਹੁੰਚੀ ਤਾਂ ਪਾਪ-ਗ੍ਰਸੀਆਂ ਲੁਛਦੀਆਂ ਅਤੇ ਤੜਪਦੀਆਂ ਰੂਹਾਂ ਨੂੰ ਸ਼ਾਂਤੀ ਮਿਲ ਗਈ। ਨਾਨਕ ਦੀ ਨੂਰੀ ਆਤਮਾ ਦੀ ਇਕ ਕਿਰਨ ਦੇ ਚਾਨਣ ਨੇ ਹੀ ਨਰਕੀ ਰੂਹਾਂ ਦੇ ਸਾਰੇ ਪਾਪ ਧੋ ਦਿਤੇ ਤੇ ਉਹ ਸਾਰੀਆਂ ਸਵਰਗ ਦੀਆਂ ਹੱਕਦਾਰ ਬਣ ਗਈਆਂ। ਪਰ ਅਕਾਲ ਪੁਰਖ ਦਾ ਹੁਕਮ ਹੋਇਆ ਕਿ ਇਹ ਪਾਪੀ ਸਵਰਗ ਵਿਚ ਪੈਰ ਨਹੀਂ ਧਰ ਸਕਦੇ । ਪਹਿਲਾਂ ਸੰਸਾਰ ਵਿਚ ਜਨਮ ਲਉ, ਅਤੇ ਇਨ੍ਹਾਂ ਨੂੰ ਮੁਕਤ ਕਰੋ, ਤਾਂ ਹੀ ਇਹ ਸਵਰਗ ਵਿਚ ਪ੍ਰਵੇਸ਼ ਕਰ ਸਕਣਗੀਆਂ। ਸੋ 'ਗੁਰਮੁਖ ਕਲ ਵਿਚ ਪ੍ਰਗਟ ਹੋਆ।'

ਉਕਤ ਲਿਖਤ ਵਿਚੋਂ ਇਕ ਅਹਿਮ ਨੁਕਤਾ ਉਜਾਗਰ ਹੁੰਦਾ ਹੈ ਕਿ ਆਮ ਤੌਰ ਤੇ ਭਗਤੀ ਕੀਤੀ ਜਾਂਦੀ ਹੈ ਅਤੇ ਘਾਲਣਾ ਪੂਰੀ ਹੋਣ 'ਤੇ ਮੁਕਤੀ ਦਾ ਦਰ ਪ੍ਰਾਪਤ ਹੋ ਜਾਂਦਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਪਿਛਲੇ ਜਨਮ ਵਿਚ ਭਾਰੀ ਤਪਸਿਆ ਕੀਤੀ ਅਤੇ ਮੁਕਤੀ ਪ੍ਰਾਪਤ ਹੋ ਗਈ। ਜਿਸ ਪਾਵਨ ਦੇਹ ਵਿਚ ਨਿਰੰਕਾਰ ਨੇ ਗੁਰਬਾਣੀ ਰੂਪ ਹੋ ਕੇ ਵਿਰਾਜਮਾਨ ਹੋਣਾ ਸੀ ਉਸਦੀ ਤਿਆਰੀ ਇਸ ਭਾਰੀ ਤਪਸਿਆ ਬਿਨਾ ਕਿਵੇਂ ਹੋ ਸਕਦੀ ਸੀ। ਦੂਸਰੇ ਪਾਸੇ ਪਾਪਾਂ ਗ੍ਰਸੀ ਧਰਤੀ ਪੁਕਾਰ ਰਹੀ ਸੀ। ਅਕਾਲ ਪੁਰਖ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਜਨਮ ਮਰਨ ਤੋਂ ਮੁਕਤ ਹੋ ਚੁਕੇ ਗੁਰੂ ਨਾਨਕ ਦੇਵ ਜੀ ਨੂੰ ਮਾਤ ਲੋਕ ਵਿਚ ਭੇਜਿਆ।

**ਸੁਣੀ ਪੁਕਾਰਿ ਦਾਤਾਰ ਪ੍ਰਭੁ**
**ਗੁਰੁ ਨਾਨਕ ਜਗ ਮਾਹਿ ਪਠਾਇਆ।।**
(ਵਾਰ 1 ਪ 23)।

**ਜਨਮ ਮਰਣ ਦੁਹਹੂ ਮਹਿ ਨਾਹੀ**
**ਜਨ ਪਰਉਪਕਾਰੀ ਆਏ।।**
**ਜੀਅ ਦਾਨੁ ਦੇ ਭਗਤੀ ਲਾਇਨਿ**
**ਹਰਿ ਸਿਉ ਲੈਨਿ ਮਿਲਾਏ।।2।।**(ਮ.5 749)

ਜਗ ਮਾਹਿ ਪਠਾਯਾ ਦੇ ਬਚਨ ਅਨੁਸਾਰ ਜਗਤ ਉਧਾਰਣ ਹਿਤ ਗੁਰੂ ਨਾਨਕ ਦੇਵ ਜੀ ਦਾ ਆਗਮਨ ਮਾਤ ਲੋਕ ਵਿਚ ਹੋਇਆ। ਇੱਥੇ ਆ ਕੇ ਗੁਰੂ ਸਾਹਿਬ ਜੀ ਨੇ ਫਿਰ ਘਾਲਣਾ ਘਾਲੀ। ਭਾਈ ਗੁਰਦਾਸ ਜੀ ਨੇ ਗਵਾਹੀ ਦਿੱਤੀ,

**ਪਹਿਲਾ ਬਾਬੇ ਪਾਯਾ ਬਖਸੁ ਦਰਿ**
**ਪਿਛੋ ਦੇ ਫਿਰਿ ਘਾਲਿ ਕਮਾਈ।**
**ਰੇਤੁ ਅਕੁ ਆਹਾਰ ਕਰ ਰੋੜਾ**
**ਕੀ ਗੁਰ ਕਰੀ ਵਿਛਾਈ।**
**ਭਾਰੀ ਕਰੀ ਤਪਸਿਆ ਵਡੇ ਭਾਗੁ**
**ਹਰਿ ਸਿਉ ਬਣਿ ਆਈ।**
**ਬਾਬਾ ਪੈਧਾ ਸਚਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ।**

ਗੁਰਮਤਿ ਦੇ ਰਹੱਸਵਾਦ ਦਾ ਇਕ ਗੰਭੀਰ ਨੁਕਤਾ ਵਿਚਾਰਨ ਯੋਗ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਚਨ ਹੈ, ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ।।(1408)। ਭਾਈ ਗੁਰਦਾਸ ਜੀ ਨੇ ਵੀ ਗਵਾਹੀ ਦਿੱਤੀ,

**ਨਾਰਾਇਣ ਨਿਜ ਰੂਪ ਧਰਿ**
**ਨਾਥਾ ਨਾਥ ਸਨਾਥ ਕਰਾਇਆ।**
**ਨਰਪਤਿ ਨਰਹ ਨਰਿੰਦੁ ਹੈ**
**ਨਿਰੰਕਾਰਿ ਆਕਾਰ ਬਣਾਇਆ।।**

ਅਕਾਲ ਪੁਰਖ ਦੀ ਜੋਤਿ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਰੂਪ ਵਿਚ ਪ੍ਰਗਟ ਹੋਈ। ਪੁਰਾਤਨ


ਸ੍ਰ. ਗੁਰਚਰਨਜੀਤ ਸਿੰਘ ਲਾਂਬਾ
+1 973 699 0950

ਸ਼ਾਸਤ੍ਰਾਂ ਵਿਚ ਚਾਰ ਪ੍ਰਕਾਰ ਦੀ ਬਾਨੀ ਦਾ ਜਿਕਰ ਹੈ, ਪਰਾ, ਪਸ਼ਯੰਤੀ, ਮੱਧਮਾ ਅਤੇ ਬੈਖਰੀ। ਬਾਨੀ ਦੀ ਪਹਿਲੀ ਅਵਸਥਾ ਹੈ ਪਰਾ। ਇਸ ਦਾ ਸਥਾਨ ਧੁੰਨੀ ਜਾਂ ਨਾਭੀ ਤੋਂ ਥੋੜਾ ਹੇਠਾ ਮੰਨਿਆ ਗਿਆ ਹੈ। ਇਸ ਅਵਸਥਾ ਵਿਚ ਖਿਆਲ ਅਤੇ ਵਿਚਾਰ ਵਾ-ਵਰੋਲਾ ਜਿਹਾ ਬਣਦਾ ਹੈ। ਘਲਿਆਈ ਜਿਹੀ ਪੈਂਦੀ ਹੈ। ਇੱਥੇ ਬਾਨੀ ਦੇ ਕੋਈ ਸ਼ਬਦ ਨਹੀਂ ਹੁੰਦੇ, ਕੋਈ ਵਿਆਕਰਣ ਨਹੀਂ ਹੁੰਦੀ।

ਇਸ ਤੋਂ ਅਗਲੀ ਅਵਸਥਾ ਪਸ਼ਯੰਤੀ ਮੰਨੀ ਗਈ ਹੈ। ਇਸ ਵਿਚ ਸੀਨੇ ਦੇ ਕੋਲ ਬਾਨੀ ਦਾ ਰੂਪ ਬਨਦਾ ਹੈ। ਉਪਰੰਤ ਇਸ ਤੋਂ ਉਤਲੀ ਅਵਸਥਾ ਹੈ ਜਦੋਂ ਬਾਨੀ ਕੰਠ ਦੇ ਕੋਲ ਹੁੰਦੀ ਹੈ। ਇੱਥੇ ਲਫ਼ਜ਼ ਵੀ ਬਣ ਜਾਂਦੇ ਹਨ ਪਰ ਬਾਨੀ ਪ੍ਰਤਖ ਰੂਪ ਵਿਚ ਪ੍ਰਗਟ ਨਹੀਂ ਹੁੰਦੀ। ਜਿਵੇਂ ਕਈ ਵਾਰ ਕਈ ਕਹਿੰਦੇ ਹਨ ਕਿ ਕਹਿਣਾ ਚਾਹ ਰਿਹਾ ਹਾਂ ਪਰ ਅੱਖਰ ਨਹੀਂ ਔੜ ਰਹੇ।

ਇਸ ਤੋਂ ਅਗਲੀ ਅਤੇ ਅਖੀਰਲੀ ਅਵਸਥਾ ਹੈ ਬੈਖਰੀ ਬਾਨੀ। ਇਹ ਬਾਨੀ ਜਦੋਂ ਸ਼ਬਦ ਰੂਪ ਹੋ ਕੇ ਮੂੰਹ ਵਿਚੋਂ ਪ੍ਰਗਟ ਹੁੰਦੀ ਹੈ। ਇਹ ਸੁਣੀ ਅਤੇ ਸਮਝੀ ਜਾ ਸਕਦੀ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਾਵਨ ਸਰੀਰ ਵਿਚ ਨਿਰੰਕਾਰ ਪ੍ਰਭੂ ਨੇ ਪਰਾ ਰੂਪ ਹੋ ਕੇ ਪ੍ਰਵੇਸ਼ ਕੀਤਾ ਅਤੇ ਪਸ਼ਯੰਤੀ ਅਤੇ ਮੱਧਮਾ ਰੂਪਾਂ ਚੋਂ ਲੰਘ ਕੇ ਬੈਖਰੀ ਰੂਪ ਵਿਚ ਇਹ ਪਾਵਨ ਬਾਨੀ ਗੁਰੂ ਸਾਹਿਬ ਜੀ ਦੇ ਮੁਖਾਰ ਬਿੰਦ ਤੋਂ ਉਚਰਿਤ ਹੋਈ। ਸਤਿਗੁਰ ਜੀ ਦੇ ਪਾਵਨ ਬਚਨ ਹਨ,

**ਵਾਹੁ ਵਾਹੁ ਬਾਣੀ ਨਿਰੰਕਾਰ ਹੈ**
**ਤਿਸ ਜੇਵਡੁ ਅਵਰੁ ਨ ਕੋਇ।।**(ਮ.3 516)

ਇਹ ਨਿਰੰਕਾਰ ਹੀ ਸੀ ਜਿਸ ਨੇ ਬਾਣੀ ਰੂਪ ਹੋ ਕੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਰੀਰ ਵਿਚ ਟਿਕਾ ਕੀਤਾ।

**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ।।**
**ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ।।**
(1365)

ਹੁਣ ਇਹੀ ਗੁਰਬਾਣੀ ਉਚਾਰਣ ਕਰਕੇ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਿੱਖਾਂ ਦੇ ਮੂੰਹ ਵਿਚ ਪਾਈ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪਾਵਨ ਸਰੀਰ ਵੀ ਗੁਰੂ ਸੀ ਅਤੇ ਮੁਖਾਰਬਿੰਦ 'ਚੋਂ ਨਿਕਲੀ ਬਾਣੀ ਵੀ ਗੁਰੂ ਸੀ। ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ।। 5।। (ਮ.4 1310)। ਪਰ ਮੁੜ ਜਦੋਂ ਗੁਰਸਿੱਖਾਂ ਦੇ ਮੂੰਹ ਵਿਚੋਂ ਇਹ ਬਾਣੀ ਉਚਰਤਿ ਹੋਈ ਤਾਂ ਬਾਣੀ ਤਾਂ ਨਿਰੰਕਾਰ ਹੀ ਸੀ ਪਰ ਉਹ ਬੋਲਣ ਪੜ੍ਹਨ ਵਾਲਾ ਸਿੱਖ ਗੁਰੂ ਨਹੀਂ ਸੀ। ਜੇ ਕੋਈ ਗੁਰੂ ਦੀ ਬਾਣੀ ਪੜ੍ਹ ਕੇ ਸੁਣਾ ਕੇ ਆਪਣੇ ਆਪ ਨੂੰ ਗੁਰੂ ਅਖਵਾਉਣ ਦਾ ਕੂੜਾ ਦਾਅਵਾ ਕਰਦਾ ਹੈ ਤਾਂ ਉਹ ਵੱਡਾ ਨੌਸਰ ਬਾਜ ਅਤੇ ਪਾਖੰਡੀ ਹੈ।

ਸਤਿਗੁਰੂ ਜੀ ਨੇ ਇਹ ਬਾਣੀ ਕਿਵੇਂ ਸਿਖਾਂ ਨੂੰ ਦਿੱਤੀ ਉਸ ਬਾਰੇ ਵਿਚਾਰ ਜ਼ਰੂਰੀ ਹੈ। ਪੁਰਾਤਨ ਭਾਰਤੀ ਸੰਸਕ੍ਰਿਤੀ ਵਿਚ ਕਿਹਾ ਗਿਆ ਸੀ ਗੁਰੋ: ਪਾਦੋਦਕਂ ਪੀਤਵਾ ਗੁਰੋਰੁਛਿਸ਼ਟਭੋਜਨਮ (ਸ੍ਰੀ ਗੁਰੂ ਗੀਤਾ) ਯਾਨਿ ਕਿ ਗੁਰੂ ਦੇ ਮੂੰਹ ਚੋਂ ਨਿਕਲੇ ਉਛਿੱਸ਼ਟ ਕੀਤੇ ਜੂਠੇ ਭੋਜਨ ਨੂੰ ਖਾਣਾ ਚਾਹੀਦਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਗੁਰੋਰੁਛਿਸ਼ਟਭੋਜਨਮ ਦੇ ਆਯਾਮ ਅਤੇ ਅਰਥ ਹੀ ਬਦਲ ਦਿੱਤੇ। ਸਤਿਗੁਰੂ ਜੀ ਨੇ ਵੀ ਗੁਰਸਿੱਖਾਂ ਨੂੰ ਉਛਿੱਸ਼ਟ ਭੋਜਨ ਦਿੱਤਾ। ਪਰ ਉਹ ਕੈਸਾ ਸੀ। ਸਤਿਗੁਰਾਂ ਨੇ ਨਾਮ ਰੂਪੀ ਅਗੰਮੀ ਇਲਾਹੀ ਭੋਜਨ ਆਪਣੇ ਮੂਹੋਂ ਉਚਾਰਨ ਕੀਤਾ ਅਤੇ ਗੁਰ ਮਿਤਾ ਪੁਤਾ ਭਾਈਆ।।(648) ਦੇ ਮੂੰਹ ਵਿਚ ਪਾਇਆ। ਸਾਖ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ,

**ਤੁਮ ਵਡ ਪੁਰਖ ਦੀਨ ਦੁਖ ਭੰਜਨ**
**ਹਰਿ ਦੀਓ ਨਾਮੁ ਮੁਖੇ।।1।।**(ਮ.4 976)
**ਵਡਭਾਗੀ ਹਰਿ ਸੰਤੁ ਮਿਲਾਇਆ।।**
**ਗੁਰਿ ਪੂਰੈ ਹਰਿ ਰਸੁ ਮੁਖਿ ਪਾਇਆ।।** (ਮ.4 95)

ਇਸ ਉਛਿੱਸ਼ਟ ਭੋਜਨ ਨੂੰ ਸਮਝਣ ਲਈ ਇਕ ਪੰਛੀ ਅਤੇ ਬੋਟ ਵਲ ਝਾਤ ਮਾਰਨੀ ਜ਼ਰੂਰੀ ਹੈ। ਬੋਟ ਪੰਛੀ ਦਾ ਉਹ ਨਵਜਾਤ ਸ਼ਿਸ਼ੂ ਹੁੰਦਾ ਹੈ ਜਿਸਦੇ ਹਾਲੇ ਪੰਖ ਵੀ ਨਹੀਂ ਨਿਕਲੇ। ਉਹ ਨਿਰਾ ਮਾਸ ਦਾ ਇਕ ਲੋਥੜਾ ਹੁੰਦਾ ਹੈ ਅਤੇ ਕੁਝ ਵੀ ਕਰ ਨਹੀਂ ਸਕਦਾ। ਉਸ ਬੋਟ ਦੀ ਮਾਂ ਆਪਣੇ ਮੂੰਹ ਵਿਚੋਂ ਭੋਜਨ ਦਾ ਟੁਕੜਾ ਉਸ ਬੋਟ ਦੇ ਮੂੰਹ ਵਿਚ ਪਾਂਦੀ ਹੈ। ਸਿੱਖ ਅਤੇ ਗੁਰੂ ਦਾ ਵੀ ਇਹੀ ਰਿਸ਼ਤਾ ਹੈ। ਸਾਡੀ ਅਵਸਥਾ ਵੀ ਅੰਧ ਗੁੰਗ ਪਿੰਗੁਲ ਮਤਿ ਹੀਨਾ ਪ੍ਰਭ ਰਾਖਹੁ ਰਾਖਨਹਾਰਾ।। (ਮ.5 530) ਵਰਗੀ ਹੈ। ਇਸ ਲਈ ਸਤਿਗੁਰੂ ਜੀ ਨੇ ਕਿਰਪਾ ਕਰਕੇ ਨਾਮ ਰੂਪੀ ਭੋਜਨ ਸਿੱਖਾਂ ਦੇ ਮੂੰਹ ਵਿਚ ਪਾਇਆ।

**ਮੇਰਾ ਬੈਦੁ ਗੁਰੂ ਗੋਵਿੰਦਾ।।**
**ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ**
**ਕਾਟੈ ਜਮ ਕੀ ਫੰਧਾ।।1।।**(ਮ. 5 618)

ਗੁਰਬਾਣੀ ਰੂਪੀ ਇਹ ਭੋਜਨ ਗੁਰੂ ਸਾਹਿਬ ਨੇ ਸਿੱਖਾਂ ਦੇ ਮੂੰਹ ਵਿਚ ਪਾਇਆ। ਸਿਖਾਂ ਦੀ ਭਗਤ ਮਾਲਾ ਵਿਚ ਅੰਕਤ ਹੈ ਕਿ ਸਿੱਖਾਂ ਨੇ ਗੁਰ ਨਾਨਕ ਦੇਵ ਜੀ ਨੂੰ ਬੇਨਤੀ ਕੀਤੀ ਕਿ ਗਰੀਬ ਨਿਵਾਜ ਅਸਾਨੂੰ ਆਪਣਿਆ ਚਰਨਾਂ ਦੀ ਸਰਨੀਂ ਰਖੀਏ। ਸਤਿਗੁਰੂ ਸੱਚੇ ਪਾਤਸ਼ਾਹ ਨੇ ਜਵਾਬ ਦਿੱਤਾ, ਸਰੀਰ ਨਾਲਿ ਮਿਲੋਗੇ ਤਾਂ ਫੇਰਿ ਭੀ ਵਿਛੜੋਗੇ ਤੇ ਜੇ ਸਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ।।3।। ਸੋ ਸਦੀਵ ਕਾਲ ਸਦ ਜੀਵਨ ਰਹਿਣ ਲਈ ਗੁਰਸਿੱਖ ਇਹ ਭੋਜਨ ਪ੍ਰਾਪਤ ਕਰਦੇ ਰਹਿਣਗੇ।

ਪਾਵਨ ਗੁਰਬਾਣੀ ਨੇ ਇਕ ਹੋਰ ਅਦਭੁਤ ਹਵਾਲਾ ਚਾਤਕ ਜਾਂ ਚਾਤ੍ਰਿਕ ਦਾ ਦਿੱਤਾ ਹੈ। ਇਹ ਪੰਛੀ ਸਿਵਾਏ ਸ੍ਵਾਤਬੂੰਦ ਦੇ ਆਪਣੇ ਮੂੰਹ ਵਿਚ ਪਾਣੀ ਦਾ ਹੋਰ ਕੋਈ ਤੁਪਕਾ ਨਹੀਂ ਪਾਂਦਾ। ਗੁਰੂ ਸਾਹਿਬ ਨੇ ਵੀ ਸਿੱਖ ਦੀ ਬਿਰਤੀ ਦੀ ਉਪਮਾ ਚਾਤ੍ਰਕ ਨਾਲ ਦਿੱਤੀ ਹੈ ਕਿ ਸਤਿਗੁਰੂ ਨੇ ਖੁਦ ਹਰਿ ਜਸ ਨਾਮ ਦੀ ਬੂੰਦ ਇਸਦੇ ਮੂੰਹ ਵਿਚ ਪਾਈ ਹੈ। ਹੁਣ ਸਿੱਖ ਦੀ ਪਿਆਸ ਕੇਵਲ ਗੁਰਬਾਣੀ ਨਾਲ ਹੀ ਮਿਟ ਸਕਦੀ ਹੈ। ਇਹ ਕਿਧਰੇ ਹੋਰ ਜਾਣਾ ਤਾਂ ਕੀ, ਜਾਣ ਬਾਰੇ ਵੀ ਸੋਚ ਹੀ ਨਹੀਂ ਸਕਦਾ।

**ਹਰਿ ਹਰਿ ਬੂੰਦ ਭਏ ਹਰਿ ਸੁਆਮੀ**
**ਹਮ ਚਾਤ੍ਰਿਕ ਬਿਲਲ ਬਿਲਲਾਤੀ।।**
**ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ ਮੁਖਿ**
**ਦੇਵਹੂ ਹਰਿ ਨਿਮਖਾਤੀ।।1।।**(ਮ. 4 668)

ਜੋਤਿ ਅਤੇ ਜੁਗਤਿ ਦੀ ਇਹ ਅਜਬ ਖੇਡ ਸੀ ਕਿ ਨਿਰੰਕਾਰ ਨੇ ਤਰੁੱਠ ਕੇ ਆਪਣੀ ਜੋਤਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੀਰ ਵਿਚ ਸਥਾਪਤ ਕੀਤੀ। ਇਸ ਤੋਂ ਬਾਅਦ ਇਸ ਜੋਤਿ ਦਾ ਅਗਲਾ ਸਫ਼ਰ ਪ੍ਰਾਰੰਭ ਹੁੰਦਾ ਹੈ। ਆਮ ਤੌਰ ਤੇ ਕਿਸੇ ਵਿਅਕਤੀ ਦੇ ਚਲਾਣਾ ਕਰ ਜਾਣ ਦੇ ਬਾਅਦ ਉਸ ਦੀ ਜਾਇਦਾਦ ਵਗੈਰਾ ਉਸਦੇ ਵਾਰਸਾਂ ਨੂੰ ਮਿਲ ਜਾਂਦੀ ਹੈ। ਪਰ ਗੁਰੂ ਘਰ ਵਿਚ ਰਹੱਸਵਾਦ ਦਾ ਅਜਬ ਲਿਸ਼ਕਾਰਾ ਹੋਇਆ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਆਪਣੀ ਹਯਾਤੀ ਵਿਚ, ਆਪਣੇ ਜੀਵਨ ਕਾਲ ਵਿਚ ਹੀ ਨਿਰੰਕਾਰ ਦੀ ਉਹ ਜੋਤਿ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਰੀਰ ਵਿਚ ਸਥਾਪਤ ਕਰ ਦਿੱਤੀ। ਗੁਰਿਆਈ ਦੇ ਸਿੰਘਾਸਨ ਤੇ ਗੁਰੂ ਅੰਗਦ ਦੇਵ ਜੀ ਨੂੰ ਬਿਠਾ ਕੇ ਆਪ ਸੰਗਤ ਵਿਚ ਬਿਰਾਜਮਾਨ ਹੋਏ। ਫਿਰ ਗੁਰੂ ਅਮਰਦਾਸ ਜੀ ਦੇ ਬਾਅਦ ਇਹੀ ਨਿਰੰਕਾਰੀ ਜੋਤਿ ਗੁਰੂ ਰਾਮਦਾਸ ਜੀ ਮਹਾਰਾਜ ਨੇ ਗੁਰੂ ਅਰਜਨ ਦੇਵ ਜੀ ਦੇ ਸਰੀਰ ਵਿਚ ਸਥਾਪਤ ਕੀਤੀ।

**ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ**
**ਅਰਜੁਨ ਮਾਹਿ ਧਰੀ।।4।।**(1409)

ਇਸ ਤਰ੍ਹਾਂ ਇਹ ਸਿਲਸਿਲਾ ਚਲਦਾ ਰਿਹਾ ਤੇ ਅਖੀਰ ਇਹ ਜੋਤਿ ਗੁਰੂ ਗੋਬਿੰਦ ਸਿੰਘ ਜੀ ਤਕ ਪਹੁੰਚੀ। ਪਾਵਨ ਗੁਰਵਾਕ ਹੈ ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।। (937)

**ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ।।**
**ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ।।**
**ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥**

**ਅਮਰਦਾਸਿ ਅਮਰਤੁ ਛਤ੍ਰੁ**

**ਗੁਰ ਰਾਮਹਿ ਦੀਅਉ ।।**
**ਗੁਰ ਰਾਮਦਾਸ ਦਰਸਨੁ ਪਰਸਿ**
**ਕਹਿ ਮਥੁਰਾ ਅੰਮ੍ਰਿਤ ਬਯਣ ।।**
**ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ।।1 ।।** (ਸਵਈਏ ਮ. ਪੰਜਵੇ ਕੇ 1408)

ਇਸ ਤੋਂ ਨਿਰਸੰਦੇਹ ਤੌਰ ਤੇ ਪ੍ਰਕਟ ਹੈ ਕਿ ਜਿਹੜੀ ਨਿਰੰਕਾਰ ਦੀ ਜੋਤਿ ਗੁਰੂ ਨਾਨਕ ਦੇਵ ਜੀ ਵਿਚ ਸਥਾਪਤ ਹੋਈ ਸੀ ਉਹੀ ਜੋਤਿ ਸਫ਼ਰ ਕਰਦਿਆਂ ਹੋਇਆ ਗੁਰੂ ਗੋਬਿੰਦ ਸਿੰਘ ਜੀ ਤਕ ਪਹੁੰਚੀ। ਕਲਗੀਧਰ ਪਿਤਾ ਹਜ਼ੂਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਇਸ ਦੀ ਪ੍ਰਸ਼ਟੀ ਕੀਤੀ,

**ਸ੍ਰੀ ਨਾਨਕ ਅੰਗਦਿ ਕਰਿ ਮਾਨਾ ।।**
**ਅਮਰ ਦਾਸ ਅੰਗਦ ਪਹਿਚਾਨਾ ।।**
**ਅਮਰ ਦਾਸ ਰਾਮਦਾਸ ਕਹਾਯੋ ।।**
**ਸਾਧਨ ਲਖਾ ਮੂੜ ਨਹਿ ਪਾਯੋ ।।9 ।।**
**ਭਿੰਨ ਭਿੰਨ ਸਭਹੂੰ ਕਰਿ ਜਾਨਾ ।।**
**ਏਕ ਰੂਪ ਕਿਨਹੂੰ ਪਹਿਚਾਨਾ ।।**
**ਜਿਨ ਜਾਨਾ ਤਿਨ ਹੀ ਸਿਧਿ ਪਾਈ ।।**
**ਬਿਨੁ ਸਮਝੇ ਸਿਧਿ ਹਾਥਿ ਨ ਆਈ ।।**

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਹਰ ਗੁਰੂ ਸਾਹਿਬ ਨੇ ਆਪਣੇ ਜੀਵਨ ਕਾਲ ਵਿਚ ਹੀ, ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਇਹ ਨਿਰੰਕਾਰ ਦੀ ਜੋਤਿ ਅਗਲੇ ਗੁਰ ਸਰੀਰ ਵਿਚ ਟਿਕਾਈ। ਇਸ ਤਰ੍ਹਾਂ ਜਦੋਂ ਇਹ ਨਿਰੰਕਾਰ ਦੀ ਜੋਤਿ ਜੋ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਰੀਰ ਵਿਚ ਟਿਕਾਈ ਗਈ ਸੀ ਹੁਣ ਗੁਰੂ ਗੋਬਿੰਦ ਸਿੰਘ ਜੀ ਪਾਸ ਪਹੁੰਚੀ। ਇਸ ਦੇ ਨਾਲ ਹੀ ਇਕ ਨੁਕਤਾ ਹੋਰ ਵਿਚਾਰ ਯੋਗ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਥਾਂ ਥਾਂ ਤੇ ਸੰਗਤਾਂ ਕਾਇਮ ਕੀਤੀਆਂ। ਫਿਰ ਇਹ ਰਹੱਸਵਾਦ ਦਾ ਸਿਖਰ ਹੈ ਜਦੋਂ ਸਤਿਗੁਰ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਨਿਰੰਕਾਰ ਰੂਪੀ ਜੋਤਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਦੀਵ ਕਾਲ ਲਈ ਟਿਕਾ ਦਿੱਤੀ ਅਤੇ ਗੁਰ ਸੰਗਤ ਕੀਨੀ ਖਾਲਸਾ ਮੁਤਾਬਕ ਜੁਗਤ ਖਾਲਸਾ ਪੰਥ ਵਿਚ ਸਥਾਪਤ ਕਰ ਦਿੱਤੀ। ਇਸ ਤਰ੍ਹਾਂ ਜੋਤਿ ਅਤੇ ਜੁਗਤਿ ਦਾ ਸਫ਼ਰ ਜੋ ਗੁਰੂ ਨਾਨਕ ਦੇਵ ਜੀ ਨੇ ਅਰੰਭਿਆ ਸੀ ਉਹ ਗੁਰੂ ਗ੍ਰੰਥ - ਗੁਰੂ ਪੰਥ ਦੇ ਰੂਪ ਵਿਚ ਜੁਗੋ ਜੁਗ ਅਟਲ ਲਈ ਸਥਾਪਤ ਹੋ ਗਿਆ।

ਭਾਈ ਮਰਦਾਨਾ ਜੀ ਨੇ ਇਕ ਵੇਰ ਗੁਰੂ ਬਾਬੇ ਨੂੰ ਪਿਆਰ ਵਿਚ ਆ ਕੇ ਕਿਹਾ, ਬਾਬਾ! ਤੇਰਾ ਮੇਰਾ ਬਹੁਤਾ ਅੰਤਰ ਨਹੀਂ। ਤੂੰ ਰੱਬ ਦਾ ਡੂਮ, ਮੈਂ ਤੇਰਾ ਡੂਮ। ਪਹਿਲੇ ਜਾਮੇ ਵਿਚ ਸਿੱਖ ਗੁਰੂ ਨੂੰ ਕਹਿ ਪਾ ਰਿਹਾ ਹੈ। ਕਿਤਨੀ ਨੇੜਤਾ ਹੈ, ਕਿਤਨਾ ਨਿੱਘ ਹੈ, ਕਿਤਨਾ ਪਿਆਰ ਹੈ। ਫਿਰ ਦਸਵੇਂ ਜਾਮੇ ਵਿਚ ਕਲਗੀਧਰ ਪਿਤਾ ਇਹੀ ਕਹਿ ਰਹੇ ਹਨ ਯਾ ਮੈ ਭੇਦੁ ਨ ਰੰਚ ਪਛਾਨੋ ।।32।। ਅਤੇ ਖਾਲਸੇ ਨੂੰ ਗੁਰੂ ਖਾਲਸੇ ਵਿਚ ਤਬਦੀਲ ਕਰ ਦਿੱਤਾ ਤਾਂ ਹਜ਼ੂਰ ਕਹਿ ਰਹੇ ਹਨ, ਪ੍ਰਭੁ ਮੈ ਮੋਮੈ ਤਾਸ ਮੈ ਰੰਚਕ ਨਾਹਿਨ ਭੇਵ ।।19।। ਇਹ ਹੈ ਸਤਿਗੁਰੂ ਦੀ ਪਰਤੱਖ ਕਰਾਮਾਤ ਤੇ ਅਗੰਮੀ ਰਹੱਸਵਾਦ। ਐਸੀ ਲਾਲ ਤੁਝ ਬਿਨੁ ਕਉਨੁ ਕਰੈ ।। ਗਰੀਬ ਨਿਵਾਜੁ ਗੁਸਈਆ ਮੇਰਾ ਮੈਥੈ ਛਤ੍ਰ ਧਰੈ ।।( ਮਾਰੂ ਰਵਿਦਾਸ ਜੀ 1106) ਗੁਰਬਰ ਅਕਾਲ ਯਾਨਿ ਕਿ ਗੁਰੂ ਬਰਾਬਰ ਹੈ ਅਕਾਲ ਦੇ। ਇਸ ਭਾਵਨੀ ਨਾਲ ਨਿਰੰਕਾਰ ਦੀ ਪ੍ਰਤਖ ਜੋਤਿ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਢਹਿ ਪਈਏ ਅਤੇ ਗੁਰਦੇਵ ਗੁਰੂ ਨਾਨਕ ਦੇਵ ਜੀ ਬਾਰੇ ਇਹੀ ਕਿਹਾ ਫ਼ਬਦਾ ਹੈ,

**ਦੇਵ ਦੇਵਤਾਨ ਕੌ ਸੁਰੇਸ ਦਾਨਵਾਨ ਕੌ**
**ਮਹੇਸ ਗੰਗ ਧਾਨ ਕੌ ਅਭੇਸ ਕਹੀਅਤੁ ਹੈਂ ।।**
**(ਦ.ਗ੍ਰ.)**

Web: www.santsipahi.org;
Email: santsipahi@gmail.com

# ਅਕਾਲ ਪੁਰਖ ਸਬੰਧੀ ਗੁਰੂ ਨਾਨਕ ਦੇਵ ਜੀ ਦੇ ਵਿਚਾਰ

ਪ੍ਰਿੰ. ਸਾਵਨ ਸਿੰਘ (ਸੇਵਾਮੁਕਤ)

ਅਕਾਲਪੁਰਖ ਨੂੰ ਕੋਈ ਨਹੀਂ ਵੇਖ ਸਕਦਾ ਪਰ ਉਹ ਸਾਰੇ ਸੰਸਾਰ ਨੂੰ ਵੇਖ ਸਕਦਾ ਹੈ। ਇਸ ਕਰਕੇ ਉਸ ਦੀ ਹੋਂਦ ਬਾਰੇ ਕਈ ਭੁਲੇਖੇ ਹਨ। ਗੁਰੂ ਨਾਨਕ ਦੇਵ ਜੀ ਨੇ ਵੀ ਜਪਜੀ ਸਾਹਿਬ ਵਿਚ ਇਸ ਸਮੱਸਿਆ ਵੱਲ ਇਸ਼ਾਰਾ ਕੀਤਾ ਹੈ ਤੇ ਲਿਖਦੇ ਹਨ ਕਿ ਅਸਚਰਜ ਕੌਤਕ ਇਹ ਹੈ ਕਿ ਅਕਾਲਪੁਰਖ ਸਾਰਿਆਂ ਨੂੰ ਵੇਖ ਰਿਹਾ ਹੈ ਪਰ ਕੋਈ ਵੀ ਉਸ ਨੂੰ ਨਹੀਂ ਵੇਖ ਸਕਦਾ:-

**ਓਹੁ ਵੇਖੈ ਓਨਾ ਨਦਰਿ ਨ**
**ਆਵੈ ਬਹੁਤਾ ਏਹੁ ਵਿਡਾਣੁ ।। ਪੰਨਾ ੭**

ਭਾਵੇਂ ਅਕਾਲਪੁਰਖ ਦਾ ਕੋਈ ਰੰਗ ਰੂਪ ਨਹੀਂ ਹੈ ਪਰ ਗੁਰੂ ਨਾਨਕ ਦੇਵ ਜੀ ਦੇ ਕਹਿਣ ਮੁਤਾਬਕ ਅਸੀਂ ਉਸ ਨੂੰ ਕੁਦਰਤ ਤੇ ਉਸ ਦੀ ਰੱਚੀ ਰਚਨਾ ਵਿਚ ਵੇਖ ਸਕਦੇ ਹਾਂ ਕਿਉਂਕਿ ਉਹ ਕੁਦਰਤ ਵਿਚ ਵੱਸ ਰਿਹਾ ਹੈ:-

**ਬਲਿਹਾਰੀ ਕੁਦਰਤਿ ਵਸਿਆ ।। ਪੰਨਾ ੪੬੯**

ਗੁਰੂ ਨਾਨਕ ਦੇਵ ਜੀ ਲਿਖਦੇ ਹਨ ਕਿ ਅਕਾਲਪੁਰਖ ਗੁਪਤ ਵੀ ਹੈ ਤੇ ਪ੍ਰਗਟ ਵੀ ਹੈ। ਉਹ ਗੁਪਤ ਹੈ ਕਿਉਂਕਿ ਉਹ ਨਜ਼ਰ ਨਹੀਂ ਆਂਉਦਾ ਤੇ ਪਹੁੰਚ ਤੋਂ ਪਰੇ ਹੈ। ਉਹ ਪ੍ਰਗਟ ਹੈ ਕਿਉਂਕਿ ਉਹ ਹਰ ਇੱਕ ਵਿਚ ਵਸਦਾ ਹੈ ਸਭ ਜੀਵਾਂ ਵਿਚ ਵਿਆਪਕ ਹੋਣ ਕਰਕੇ ਉਸ ਦੀ ਹਜ਼ਾਰਾਂ ਅੱਖਾਂ ਹਨ ਪਰ ਇਹ ਵੀ ਕਹਿ ਸਕਦੇ ਹਾਂ ਕਿ ਉਸ ਦੀ ਕੋਈ ਅੱਖ ਨਹੀਂ। ਉਸ ਦੀ ਹਜ਼ਾਰਾਂ ਸ਼ਕਲਾਂ ਹਨ ਪਰ ਇੱਕ ਵੀ ਨਹੀਂ ਦਿਸਦੀ ਕਿਉਂਕਿ ਉਹ ਨਿਰਾਕਾਰ ਹੈ।

**ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋੁਹਿ। ਪੰਨਾ ੧੩**

ਆਪ ਲਿਖਦੇ ਹਨ ਕਿ ਵਾਹਿਗੁਰੂ ਦੀ ਜੋਤ ਹਰ ਇੱਕ ਵਿਚ ਵਰਤ ਰਹੀ ਹੈ ਤੇ ਉਸ ਜੋਤ ਦੇ ਪਰਕਾਸ਼ ਨਾਲ ਸਾਰੇ ਜੀਵਾਂ ਵਿਚ ਚਾਨਣ ਹੈ।

**ਸਭਿ ਮਹਿ ਜੋਤਿ ਜੋਤਿ ਹੈ ਸੋਇ ।। ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ। ਪੰਨਾ ੧੩**

ਜੋ ਇਹ ਜਾਨਣਾ ਚਾਹੁੰਦੇ ਹਨ ਕਿ ਅਕਾਲਪੁਰਖ ਕੇਡਾ ਵੱਡਾ ਹੈ ਉਨ੍ਹਾਂ ਨੂੰ ਗੁਰੂ ਜੀ ਸਮਝਾਂਦੇ ਹਨ ਕਿ ਅਕਾਲ ਪੁਰਖ ਆਪ ਹੀ ਜਾਣਦਾ ਹੈ ਕਿ ਉਹ ਕਿਡਾ ਵੱਡਾ ਹੈ:-

**ਜੇਵਡ ਆਪਿ ਜਾਣੈ ਆਪਿ ਆਪਿ। ਪੰਨਾ ੫**

ਜੇਕਰ ਕੋਈ ਉਸ ਜੇਡਾ ਵੱਡਾ ਹੋਵੇ ਤਾਂ ਹੀ ਉਸ ਅਕਾਲ ਪੁਰਖ ਨੂੰ ਸਮਝ ਸਕਦਾ ਹੈ ਕਿ ਉਹ ਕੇਡਾ ਵੱਡਾ ਹੈ:-

**ਏਵਡੁ ਊਚਾ ਹੋਵੈ ਕੋਇ ।।**
**ਤਿਸ ਊਚੇ ਕਉ ਜਾਣੈ ਸੋਇ। ਪੰਨਾ ੫**

ਜੇਕਰ ਮੈਂ ਉਸ ਅਕਾਲ ਪੁਰਖ ਨੂੰ ਸਮਝ ਵੀ ਲਵਾਂ ਤਾਂ ਵੀ ਮੈਂ ਉਸ ਦਾ ਵਰਣਨ ਨਹੀਂ ਕਰ ਸਕਦਾ ਕਿਉਂਕਿ ਉਸ ਦਾ ਕਥਨ ਕੀਤਾ ਹੀ ਨਹੀਂ ਜਾ ਸਕਦਾ:-

**ਜੇ ਹਉ ਜਾਣਾ ਆਖਾ ਨਾਹੀ**
**ਕਹਣਾ ਕਥਨੁ ਨ ਜਾਈ ।। ਪੰਨਾ ੨**

ਅਕਾਲ ਪੁਰਖ ਆਪ ਹੀ ਜਾਣਦਾ ਹੈ ਕਿ ਉਹ ਕੇਡਾ ਵੱਡਾ ਹੈ ਤੇ ਉਸ ਦੀ ਸ਼ਕਲ ਕਿਹੋ ਜਿਹੀ ਹੈ। ਉਸ ਤੋਂ ਬਿਨਾਂ ਕੋਈ ਨਹੀਂ ਜਾਣਦਾ। ਅਸੀਂ ਇਸ ਯੋਗ ਹੀ ਨਹੀਂ ਕਿ ਉਸ ਬਾਰੇ ਕੁਝ ਕਹਿ ਸਕੀਏ। ਅਸੀਂ ਉਸ ਦੀ ਵਡਿਆਈ ਦਾ ਅੰਦਾਜ਼ਾ ਹੀ ਨਹੀਂ ਲਾ ਸਕਦੇ ਅਸੀਂ ਤਾਂ ਕੇਵਲ ਇਤਨਾ ਹੀ ਕਹਿ ਸਕਦੇ ਹਾਂ ਕਿ ਉਹ ਸਭ ਤੋਂ ਵੱਡਾ ਹੈ:-

**ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ।। ਪੰਨਾ ੫**
**ਕੀਮਤਿ ਪਾਇ ਨ ਕਹਿਆ ਜਾਇ ।। ਪੰਨਾ ੯**

ਉਹ ਅਕਾਲ ਪੁਰਖ ਮਾਇਆ ਦੇ ਪਰਭਾਵ ਤੋਂ ਪਰੇ ਹੈ ਕਿਉਂਕਿ ਉਹ ਨਿਰਲੇਪ ਆਪ ਹੀ ਆਪ ਹੈ। ਨਾਹ ਉਹ ਪੈਦਾ ਕੀਤਾ ਜਾ ਸਕਦਾ ਹੈ ਨਾਹ ਬਣਾਇਆ ਜਾ ਸਕਦਾ ਹੈ।

**ਥਾਪਿਆ ਨ ਜਾਇ ਕੀਤਾ ਨ ਹੋਇ ।।**
**ਆਪੇ ਆਪਿ ਨਿਰੰਜਨੁ ਸੋਇ ।। ਪੰਨਾ ੨**

ਜਪੁ ਜੀ ਸਾਹਿਬ ਦੀ ੨੭ਵੀਂ ਪੌੜੀ ਵਿਚ ਗੁਰੂ ਜੀ ਲਿਖਦੇ ਹਨ ਕਿ ਹਵਾ, ਪਾਣੀ ਆਦਿਕ ਤੱਤਾਂ ਤੋਂ ਲੈ ਕੇ ਉੱਚੇ ਜੀਵਨ ਵਾਲੇ ਮਹਾਂ ਪੁਰਖਾਂ ਤਕ ਸਾਰੇ ਉਸ ਅਕਾਲ ਪੁਰਖ ਦੀ ਸਿਫਤ-ਸਲਾਹ ਕਰ ਰਹੇ ਹਨ। ਭਾਵ ਇਹ ਕਿ ਉਸ ਦੀ ਪੈਦਾ ਕੀਤੀ ਸਾਰੀ ਰਚਨਾ ਉਸ ਦੀ ਰਜ਼ਾ ਵਿਚ ਤੁਰ ਰਹੀ ਹੈ। ਇਸੇ ਪਉੜੀ ਦੇ ਅੰਤ ਵਿਚ ਆਪ ਲਿਖਦੇ ਹਨ ਕਿ ਜੋ ਅਕਾਲ ਪੁਰਖ ਨੂੰ ਭਾਂਉਂਦਾ ਹੈ, ਉਹੀ ਕਰੇਗਾ, ਕੋਈ ਵੀ ਅਕਾਲ ਪੁਰਖ ਨੂੰ ਹੁਕਮ ਨਹੀਂ ਕਰ ਸਕਦਾ। ਉਹ ਪਾਤਿਸ਼ਾਹ ਹੈ, ਪਾਤਿਸ਼ਾਹਾਂ ਦਾ ਪਾਤਿਸ਼ਾਹ ਹੈ। ਉਸ ਦੀ ਰਜ਼ਾ ਵਿਚ ਰਹਿਣਾ ਹੀ ਠੀਕ ਹੈ।

**ਜੋ ਤਿਸੁ ਭਾਵੈ ਸੋਈ ਕਰਸੀ**
**ਹੁਕਮੁ ਨ ਕਰਣਾ ਜਾਈ ।।**
**ਸੋ ਪਾਤਿਸਾਹੁ ਸਾਹਾ ਪਾਤਿ**
**ਸਾਹੁਬ ਨਾਨਕ ਰਹਣੁ ਰਜਾਈ ।। ਪੰਨਾ ੬**

ਗੁਰੂ ਨਾਨਕ ਦੇਵ ਤਾਂ ਉਸ ਅਕਾਲ ਪੁਰਖ ਦੀ ਵਡਿਆਈ ਦਾ ਜ਼ਿਕਰ ਕਰਣ ਲਗਿਆਂ ਵਿਸਮਾਦ ਵਿਚ ਆ ਜਾਂਦੇ ਹਨ , ਆਪਣੇ ਆਪ ਨੂੰ ਤੁਛ ਸਮਝਦੇ ਹਨ ਤੇ ਕਹਿੰਦੇ ਹਨ, "ਹੇ ਅਕਾਲ ਪੁਰਖ! ਤੂੰ ਤਾਂ (ਜ਼ਿੰਦਗੀ) ਦਾ ਇੱਕ ਦਰਿਆ ਹੈਂ ਤੇ ਸਾਰੇ ਜੀਵ ਤੇਰੀਆਂ ਲਹਿਰਾਂ ਹਨ। ਤੈਥੋਂ ਬਿਨਾਂ ਤੇਰੇ ਵਰਗਾ ਹੋਰ ਕੋਈ ਨਹੀਂ ਹੈ:-

**ਤੂੰ ਦਰੀਆਉ ਸਭ ਤੁਝ ਹੀ ਮਾਹਿ ।।**
**ਤੁਝ ਬਿਨੁ ਦੂਜਾ ਕੋਈ ਨਾਹਿ ।। ਪੰਨਾ ੧੧**

ਆਸਾ ਦੀ ਵਾਰ ਦੀ ਤੀਜੀ ਪੌੜੀ ਦੇ ਪਹਿਲੇ ਸਲੋਕ ਵਿਚ ਗੁਰੂ ਜੀ ਅਕਾਲ ਪੁਰਖ ਦੀ ਬੇਅੰਤ ਕੁਦਰਤ ਨੂੰ ਵੇਖਦੇ ਹਨ ਤਾਂ ਉਨ੍ਹਾਂ ਦੇ ਅੰਦਰ ਇੱਕ ਅਦਭੁਤ ਰਸ ਉਤਪੰਨ ਹੁੰਦਾ ਹੈ ਤੇ ਕਹਿੰਦੇ ਹਨ ਕਿ ਕੁਦਰਤ ਦੇ ਕਈ ਨਾਦ ਤੇ ਵੇਦ, ਬੇਅੰਤ ਜੀਵਾਂ ਦੀਆਂ ਕਈ ਕਿਸਮਾਂ ਤੇ ਜੀਵਾਂ ਤੇ ਹੋਰ ਪਦਾਰਥਾਂ ਦੇ ਕਈ ਰੰਗ ਹਨ। ਇਹ ਸਭ ਕੁਝ ਵੇਖ ਕੇ ਉਨ੍ਹਾਂ ਤੇ ਵਿਸਮਾਦ ਅਵਸਥਾ ਛਾ ਜਾਂਦੀਹੈ :-

**ਵਿਸਮਾਦੁ ਨਾਦ ਵਿਸਮਾਦੁ ਵੇਦ ।।**
**ਵਿਸਮਾਦੁ ਜੀਅ ਵਿਸਮਾਦੁ ਭੇਦ । ਪੰਨਾ ੪੬੩**

ਇਸੇ ਸਲੋਕ ਦੇ ਅੰਤ ਵਿਚ ਕਹਿੰਦੇ ਹਨ ਕਿ ਇਸ ਅਸਚਰਜ ਕੁਦਰਤ ਨੂੰ ਪੂਰੇ ਭਾਗਾਂ ਨਾਲ ਹੀ ਸਮਝਿਆ ਜਾ ਸਕਦਾ ਹੈ। ਇਸ ਨੂੰ ਵੇਖ ਕੇ ਮਨ ਵਿਚ ਕਾਂਬਾ ਜਿਹਾ ਛਿੜ ਜਾਂਦਾ ਹੈ:-

**ਵੇਖਿ ਵਿਡਾਣੁ ਰਹਿਆ ਵਿਸਮਾਦੁ ।।**
**ਨਾਨਕ ਬੁਝਣੁ ਪੂਰੈ ਭਾਗਿ ।। ਪੰਨਾ ੪੬੪**

ਚੌਥੀ ਪੌੜੀ ਦੇ ਪਹਿਲੇ ਸਲੋਕ ਵਿਚ ਗੁਰੂ ਜੀ ਕਹਿੰਦੇ ਹਨ ਕਿ ਹਵਾ ਸਦਾ ਰੱਬ ਦੇ ਡਰ ਵਿਚ ਚੱਲ ਰਹੀ ਹੈ। ਲਖਾਂ ਦਰਿਆ ਵੀ ਉਸ ਦੇ ਭੈ ਵਿਚ ਵਗ ਰਹੇ ਹਨ ਭਾਵ ਕਿ ਸਾਰਾ ਸੰਸਾਰ ਹੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਚੱਲ ਰਿਹਾ ਹੈ:-

**ਭੈ ਵਿਚਿ ਪਵਣੁ ਵਹੈ ਸਦਵਾਉ ।।**
**ਭੈ ਵਿਚਿ ਚਲਹਿ ਲਖ ਦਰੀਆਉ । ਪੰਨਾ ੪੬੪**

ਸਲੋਕ ਦੇ ਅੰਤ ਵਿਚ ਆਪ ਲਿਖਦੇ ਹਨ ਕਿ ਸਾਰੇ ਜੀਵਾਂ ਦੇ ਮੱਥੇ ਤੇ ਭਉ-ਰੂਪ ਲੇਖ ਲਿਖਿਆ ਹੋਇਆ ਹੈ। ਭਾਵ ਸਾਰੇ ਹੀ ਅਕਾਲ ਪੁਰਖ ਦੇ ਭੈ ਵਿਚ ਹਨ। ਕੇਵਲ ਇੱਕ ਸੱਚਾ ਨਿਰੰਕਾਰ ਹੀ ਭੈ-ਰਹਿਤ ਹੈ:-

**ਸਗਲਿਆ ਭਉ ਲਿਖਿਆ ਸਿਰਿ ਲੇਖੁ ।।**
**ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ।। ਪੰਨਾ ੪੬੪**

ਗੁਰੂ ਨਾਨਕ ਦੇਵ ਅਨੁਸਾਰ ਅਕਾਲ ਪੁਰਖ ਜੋ ਚਾਹੁੰਦਾ ਹੈ ਉਹੀ ਹੁੰਦਾ ਹੈ ਤੇ ਕੋਈ ਵੀ ਉਸ ਦੇ ਹੁਕਮ ਦੀ ਉਲੰਘਣਾ ਨਹੀਂ ਕਰ ਸਕਦਾ:-

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨਾ ਕੋਇ ।। ਪੰਨਾ ੧**
**ਸੋ ਕਰੈ ਜਿ ਤਿਸੈ ਰਜਾਇ ।। ਪੰਨਾ ੪੭੫**

ਉਸ ਦੇ ਹੁਕਮ ਨੂੰ ਸਮਝਣ ਲਈ ਸਾਨੂੰ ਆਪਣੀ ਨਿਮਰਤਾ ਦਾ ਅਨਭਵ ਕਰਨਾ ਪਵੇਗਾ ਤੇ ਅਪਣੇ ਹੰਕਾਰ ਨੂੰ ਤਿਆਗਣਾ ਪਵੇਗਾ:-

**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ।। ਪੰਨਾ ੧**

ਗੁਰੂ ਜੀ ਕਹਿੰਦੇ ਹਨ ਕਿ ਇਹ ਭੀ ਕੋਈ ਨਹੀਂ ਦੱਸ ਸਕਦਾ ਕਿ ਅਕਾਲ ਪੁਰਖ ਕਿੱਥੇ ਵੱਸਦਾ ਹੈ ਤੇ ਉਹ ਥਾਂ ਕੇਡਾ ਵੱਡਾ ਹੈ ਕਿਉਂਕਿ ਕੋਈ ਜੀਵ ਉਸ ਅਵਸਥਾ ਤੇ ਪਹੁੰਚ ਹੀ ਨਹੀਂ ਸਕਦਾ ਜਿਥੋਂ ਉਹ ਅਕਾਲ ਪੁਰਖ ਦੇ ਬਾਰੇ ਦੱਸ ਸਕੇ:-

**ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ ।।**
**ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ ।। ਪੰਨਾ ੫੩**

ਗੁਰੂ ਜੀ ਦੇ ਲਿਖਣ ਅਨੁਸਾਰ ਸਾਰਾ ਸੰਸਾਰ ਹੀ ਅਕਾਲ ਪੁਰਖ ਦਾ ਘਰ ਹੈ ਤੇ ਉਹ ਹਰ ਥਾਂ ਤੇ ਹਰ ਇੱਕ ਦੇ ਮਨ ਵਿਚ ਮੌਜੂਦ ਹੈ:-

**ਏਕੋ ਰਵਿ ਰਹਿਆ ਸਭ ਥਾਈ ਏਕੁ**
**ਵਸਿਆ ਮਨ ਮਾਹੀ ।। ਪੰਨਾ ੪੩੩**

ਆਸਾ ਦੀ ਵਾਰ ਵਿਚ ਗੁਰੂ ਜੀ ਲਿਖਦੇ ਹਨ ਕਿ ਅਕਾਲ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ ਅਤੇ ਆਪਣਾ ਨਾਮਣਾ (ਵਡਿਆਈ) ਬਣਾਇਆ। ਫਿਰ ਉਸ ਨੇ ਕੁਦਰਤ ਰਚੀ ਤੇ ਉਸ ਵਿਚ ਆਸਣ ਜਮਾ ਕੇ ਭਾਵ ਕੁਦਰਤ ਵਿਚ ਵਿਆਪਕ ਹੋ ਕੇ ਇਹ ਜਗਤ ਤਮਾਸ਼ਾ ਵੇਖ ਰਿਹਾ ਹੈ:-

**ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ।।**
**ਦੁਯੀ ਕੁਦਰਤਿ ਸਾਜੀਐ ਕਰਿ ਆਸਣ ਡਿਠੋ ਚਾਉ ।। ਪੰਨਾ ੪੬੩**

ਅਕਾਲ ਪੁਰਖ ਆਪ ਹੀ ਸੰਸਾਰ ਦੀ ਰਚਨਾ ਕਰਦਾ ਹੈ ਤੇ ਆਪ ਹੀ ਇਸ ਨੂੰ ਨਾਸ ਕਰਦਾ ਹੈ:-

**ਆਪੇ ਥਾਪਿ ਉਥਾਪੇ ਆਪੇ ।।**
**ਪੰਨਾ੧੦੩੩-੧੦੩੪**

ਗੁਰੂ ਜੀ ਅਨੁਸਾਰ ਜਦੋਂ ਕੁਝ ਵੀ ਨਹੀਂ ਸੀ ਤਾਂ ਅਕਾਲ ਪੁਰਖ ਨੇ ਆਪ ਹੀ ਖੰਡ ਬ੍ਰਹਮੰਡ ਪਾਤਾਲ ਆਦਿਕ ਬਣਾਏ ਤੇ ਉਹ ਆਪ ਹੀ ਗੁਪਤ ਹਾਲਤ ਤੋਂ ਪਰਗਟ ਹੋਇਆ:-

**ਖੰਡ ਬ੍ਰਹਮੰਡ ਪਾਤਾਲ ਅਰੰਭੇ**
**ਗੁਪਤਹੁ ਪਰਗਟੀ ਆਇਦਾ ।। ਪੰਨਾ ੧੦੩੬**

ਅਕਾਲ ਪੁਰਖ ਦੀ ਉਮਰ, ਜਨਮ ਤੇ ਉਸ ਦੇ



ਗੁਣਾਂ ਦੇ ਸਬੰਧ ਵਿਚ ਗੁਰੂ ਜੀ ਦਾ ਕਥਨ ਹੈ ਕਿ ਅਕਾਲ ਪੁਰਖ ਇੱਕ ਹੈ, ਜਿਸ ਦਾ ਨਾਮ ਹੋਂਦ ਵਾਲਾ ਹੈ, ਜੋ ਸੰਸਾਰ ਦਾ ਰਚਨਹਾਰ ਹੈ, ਜੋ ਸਭ ਵਿਚ ਵਿਆਪਕ ਹੈ, ਜੋ ਭੈ ਰਹਿਤ ਤੇ ਨਿਰਵੈਰ ਹੈ, ਜਿਸ ਦਾ ਸਰੂਪ ਕਾਲ ਤੋਂ ਪਰੇ ਹੈ, ਜੋ ਜੂਨਾਂ ਵਿਚ ਨਹੀਂ ਆਉਂਦਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ਅਤੇ ਜੋ ਸਤਿਗੁਰ ਦੀ ਕਿਰਪਾ ਨਾਲ ਮਿਲਦਾ ਹੈ ਅਕਾਲ ਪੁਰਖ ਮੁੱਢ ਤੋਂ ਹੋਂਦ ਵਾਲਾ ਹੈ ਤੇ ਜੁਗਾਂ ਦੇ ਮੁੱਢ ਤੋਂ ਮੌਜੂਦ ਹੈ। ਇਸ ਵੇਲੇ ਵੀ ਮੌਜੈਦ ਹੈ ਤੇ ਅਗਾਂਹ ਨੂੰ ਭੀ ਹੋਂਦ ਵਾਲਾ ਰਹੇ ਗਾ।

**੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ।।**
**ਆਦਿ ਸਚੁ ਜੁਗਾਦਿ ਸਚੁ ।। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।। ਪੰਨਾ ੧**
**ਤੂੰ ਸਦਾ ਸਲਾਮਤਿ ਨਿਰੰਕਾਰ ।। ਪੰਨਾ ੪**

ਗੁਰੂ ਜੀ ਲਿਖਦੇ ਹਨ ਕਿ ਅਕਾਲ ਪੁਰਖ ਦੇ ਦਰਬਾਰ ਵਿਚ ਪਹੁੰਚਣ ਲਈ ਅਤੇ ਉਸ ਦਾ ਪਿਆਰਾ ਬਣਨ ਲਈ ਅਸਾਨੂੰ ਪ੍ਰਭਾਤ ਵੇਲੇ ਉਸ ਦਾ ਨਾਮ ਜਪਣਾ ਚਾਹੀਦਾ ਹੈ ਤੇ ਉਸ ਦੀ ਸਿਫਤ-ਸਲਾਹ ਕਰਨੀ ਚਾਗੀਦੀ ਹੈ ।ਚੰਗੇ ਅਮਲਾਂ ਦੁਆਰਾ ਮਨੱਖੀ ਜੀਵਨ ਮਿਲਦਾ ਹੈ ਪਰ ਮੁਕਤੀ ਅਕਾਲ ਪੁਰਖ ਦੀ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ। ਇਸ ਤਰ੍ਹਾਂ ਸਮਝ ਆ ਜਾਂਦੀ ਹੈ ਕਿ ਰੱਬ ਹਰ ਥਾਂ ਮੌਜੂਦ ਹੈ:-

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ।।**
**ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ।।**
**ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ।। ਪੰਨਾ ੨**

ਗੁਰੂ ਜੀ ਸਾਨੂੰ ਸਮਝਾਉਂਦੇ ਹਨ ਕਿ ਹੇ ਮਨੁੱਖ! ਤੂੰ ਜਿਸ ਕੀਮਤੀ ਰਤਨ (ਰੱਬ) ਨੂੰ ਲੱਭਣ ਲਈ ਤੀਰਥਾਂ ਤੇ ਦਰਿਆਵਾਂ ਦੇ ਕੰਢਿਆਂ ਤੇ ਜਾਂਦਾ ਹੈਂ ਉਹ ਤੇਰੇ ਹਿਰਦੇ ਵਿਚ ਹੈ।

**ਜੈ ਕਾਰਣ ਤਟਿ ਤੀਰਥ ਜਾਹੀ ।।**
**ਰਤਨ ਪਦਾਰਥ ਘਟ ਹੀ ਮਾਹੀ ।। ਪੰਨਾ੧੫੨**

ਗੁਰੂ ਦੇ ਸ਼ਬਦ ਦੇ ਵਿਚਾਰ ਰਾਹੀਂ ਮਨੁੱਖ ਇਹ ਪਛਾਣ ਲੈਂਦਾ ਹੈ ਕਿ ਅਕਾਲ ਪੁਰਖ ਹਰੇਕ ਜੀਵਾਤਮਾ ਵਿਚ ਮੌਜੂਦ ਹੈ ਤੇ ਪਰਮਾਤਮਾ ਵਿਚ ਹੀ ਹਰੇਕ ਜੀਵ ਜੀਉਂਦਾ ਹੈ:-

**ਆਤਮ ਮਹਿ ਰਾਮੁ ਰਾਮ ਮਹਿ ਆਤਮੁ**
**ਚੀਨਸਿ ਗੁਰ ਬੀਚਾਰਾ। ਪੰਨਾ੧੧੫੩**

ਸਦਾ-ਥਿਰ ਰਹਿਣ ਵਾਲਾ ਅਕਾਲ ਪੁਰਖ ਹਰ ਥਾਂ ਵਸਦਾ ਹੈ। ਇਹ ਗੱਲ ਗੁਰੂ ਦੇ ਸ਼ਬਦ ਰਾਹੀਂ ਵੇਖਣ ਵਿਚ ਆਉਂਦੀ ਹੈ:-

**ਸਭੋ ਵਰਤੈ ਸਚੁ ਸਚੈ ਸਬਦਿ**
**ਨਿਹਾਲਿਆ। ਪੰਨਾ ੧੨੮੪**

ਗੁਰੂ ਜੀ ਲਿਖਦੇ ਹਨ ਕਿ ਮਨੁੱਖ ਤੇ ਅਕਾਲ ਪੁਰਖ ਦੇ ਵਿਚਕਾਰ ਝੂਠ ਦੀ ਦਿਵਾਰ ਹੈ। ਅਕਾਲ ਪੁਰਖ ਦੇ ਧੁਰ ਦੇ ਲਿਖੇ ਹੁਕਮ ਮੰਨਣ ਨਾਲ ਹੀ ਇਹ ਦਿਵਾਰ ਤੋੜੀ ਜਾ ਸਕਦੀ ਹੈ:-

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ।।**
**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥**
**॥ ਪੰਨਾ ੧**

ਗੁਰੂ ਜੀ ਸਾਨੂੰ ਅਕਾਲ ਪੁਰਖ ਨੂੰ ਮਿਲਣ ਦਾ ਰਾਹ ਦਿਖਾਂਦੇ ਹਨ ਤੇ ਲਿਖਦੇ ਹਨ ਕਿ ਜੋ ਮਨੁੱਖ, ਮਿਹਨਤ ਕਰਕੇ ਕਮਾ ਕੇ ਖਾਂਦਾ ਹੈ ਤੇ ਕਮਾਈ ਵਿਚੋਂ ਆਪਣੇ ਹੱਥ ਨਾਲ ਹੋਰਾਂ ਨੂੰ (ਦਾਨ) ਦਿੰਦਾ ਹੈ, ਉਹ ਇਹ ਰਾਹ ਜਾਣਦਾ ਹੈ:-

**ਘਾਲਿ ਖਾਇ ਕਿਛੁ ਹਥਹੁ ਦੇਇ ।।**
**ਨਾਨਕ ਰਾਹੁ ਪਛਾਣਹਿ ਸੇਇ ।। ਪੰਨਾ ੧੨੪੫**

ਫੇ ਉਠੀ ਆਖਿ ਸਦਾ ਤੌਹੀਦ ਹਿੰਦ ਕੀ ਪੰਜਾਬ ਸੇ ,ਹਿੰਦ ਕੋ ਇੱਕ ਮਦੇ ਕਾਮਲ ਨੇ ਜਗਾਇਆ ਖਾਬ ਸੇ

# ਧੰਨ ਧੰਨ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਦੀ ਸਮੂਹ ਸਾਧ ਸੰਗਤ ਨੂੰ



# ਲੱਖ-ਲੱਖ ਵਧਾਈ







Late : S. Kashmir Singh Sahota

ਸਹੋਤਾ ਪਰਿਵਾਰ ਵਲੋਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਏ ਜਾਂਦੇ ਸਲਾਨਾ ਕਬੱਡੀ ਵਰਲਡ ਕੱਪ ਵਿਚ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਇਨਾਮ ਦਿੱਤਾ ਜਾਂਦਾ ਹੈ।

**Jugraj Singh Sahota**
President United Sports Club USA



**Narinder Singh Sahota**
Joint Finance Secretary
United Sports Club USA

# J & N Petroleum inc. Sahota Petroleum inc

ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਪੰਜਾਬੀ ਕੱਲਚਰ ਅਤੇ ਖੇਡਾਂ ਨੂੰ ਅਮਰੀਕਾ 'ਚ ਤਨ, ਮਨ, ਧਨ ਨਾਲ ਪ੍ਰਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਪ੍ਰਸਿੱਧ ਬਿਜਨਸਮੈਨ ਅਤੇ ਯੂਨਾਈਟਿਡ ਸਪ੍ਰੋਟਸ ਕਲੱਬ ਕੈਲੀਫੋਰਨੀਆ ਦੇ ਪ੍ਰਧਾਨ

## ਸ. ਜੁਗਰਾਜ ਸਿੰਘ ਸਹੋਤਾ ਤੇ ਸ. ਨਰਿੰਦਰ ਸਿੰਘ ਸਹੋਤਾ

ਸਮੂਹ ਸਹੋਤਾ ਪਰਿਵਾਰ


ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ
ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ
ਲੱਖ-ਲੱਖ
ਵਧਾਈ
ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼
ਸ:ਹਰਮਿੰਦਰ ਸਿੰਘ ਸਮਾਣਾ
(209) 481-7750


ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ
ਧੰਨ ਧੰਨ ਸਾਹਿਬ
ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ
ਮੌਕੇ ਸਮੂਹ ਜਗਤ ਨੂੰ
ਲੱਖ-ਲੱਖ ਵਧਾਈ
CAPITAL
Accounting & Tax Services
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
PH : 530-669-5780 Fax : 530-669-5775
Cell : 530-908-9386 Cell : 530-405-6020


ਫੇਰ ਉਠੀ ਆਖਿਰ ਸਦਾ ਤੌਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ
ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ
ਲੱਖ-ਲੱਖ ਵਧਾਈ
ਸ. ਰੇਸ਼ਮ ਸਿਘ , ਪ੍ਰਧਾਨ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ
ਸ. ਜਗਤਾਰ ਸਿੰਘ ਗਿੱਲ ਜਨਰਲ ਸੈਕਟਰੀ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ ਐਸ ਏ (ਵੈਸਟ)
ਬਲਵਿੰਦਰ ਸਿਘ ਮਿੰਠੂ ਚੀਮਾ
ਨੈਸ਼ਨਲ ਪੈਨਲ ਮੈਂਬਰ
ਜਗਰਾਜ ਸਿਘ ਧਾਲੀਵਾਲ
ਸੀਨੀਅਰ ਵਾਈਸ ਪ੍ਰਧਾਨ ਕੈਲੀਫੋਰਨੀਆ
ਰਛਪਾਲ ਸਿਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ
ਅੰਮ੍ਰਿਤਸਰ ਕੈਲੇਫੋਨੀਆਂ ਵੈਸਟ
ਸ. ਜਸਬੀਰ ਸਿਘ ਤੱਖਰ
ਨੈਸ਼ਨਲ ਪੈਨਲ ਮੈਂਬਰ
ਪਰਮਜੀਤ ਸਿਘ ਲਾਸਏਂਜਲਸ
ਵਾਈਸ ਕੈਲੇਫੋਰੀਨੀਆ
ਕੁਲਵੰਤ ਸਿਘ
ਸਮਰਜੀਤ ਸਿਘ
ਚੀਫ ਐਗਜੇਕਟਿਵ ਮੈਬਰ
ਲਵਦੀਪ ਸਿਘ
ਸਹਾਇਕ ਖਜਾਨਚੀ
ਤਰਨਜੀਤ ਸਿਘ
ਚੀਫ ਐਗਜੇਕਟਿਵ ਮੈਂਬਰ
ਗੁਰਮੀਤ ਸਿਘ
ਯੂਬਾਸਿਟੀ ਵਾਈਸ ਪ੍ਰਧਾਨ
ਸੁਖਬੀਰ ਸਿਘ ਗਿੱਲ
ਮੀਡੀਆ ਇਚਾਰਜ
ਵਿਕਰਮਜੀਤ ਸਿਘ
ਐਗਜੇਕਟਿਵ ਮੈਂਬਰ
ਚਰਨਜੀਤ ਸਿਘ ਧਾਲੀਵਾਲ
ਗੁਰਵਿੰਦਰ ਸਿਘ
ਜਸਕਰਨ ਸਿਘ
ਨਿਰਮਲ ਸਿਘ
ਪਰਮਜੀਤ ਸਿਘ ਧਾਲੀਵਾਲ
ਰਾਜਦੀਪ ਸਿਘ
ਸੰਦੀਪ ਸਿਘ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ ਯੂ ਐਸ ਏ
661-209-0118

# ਨਾਨਕ ਤੋਂ ਨਨਕਾਣਾ (ਨਾਨਕ ਸੇ ਨਨਕਾਣਾ)



ਲੇਖਕ :
ਪ੍ਰੋ: ਅਬਦੁਲ ਕ੍ਰੀਮ ਤਬਸੁੱਮ
ਪ੍ਰੋ; ਮੁਹੰਮਦ ਉਮਰਾਵ ਤਬਸੁੱਮ
ਅਨੁਵਾਦਕ :
ਪ੍ਰੋ. ਗੁਰਬਖ਼ਸ਼ ਸਿੰਘ ਸਚਦੇਵ

ਜਦੋਂ ਮੈਂ ਰਾਏ ਬੁਲਾਰ ਖਾਂ ਭੱਟੀ ਦੇ ਜੀਵਨ ਦੇ ਅਖੀਰਲੇ ਕੁਝ ਸਾਲਾਂ ਦੀ ਅਤਿ-ਭਾਵਿਕ ਵਿਵਸਥਾ (ਜਿਸ ਵਿਚ ਉਹ ਲੰਘ ਰਿਹਾ ਸੀ) ਬਾਰੇ ਲਿਖ ਰਿਹਾ ਸਾਂ ਤਾਂ ਮੈਨੂੰ ਇਉਂ ਲੱਗਾ ਜਿਵੇਂ ਨਾ ਕੇਵਲ ਤਲਵੰਡੀ ਤੋਂ ਨਨਕਾਣਾ ਸਾਹਿਬ ਦਾ ਸਫ਼ਰ ਹੀ ਖ਼ਤਮ ਹੋ ਗਿਆ ਹੈ ਮੈਨੂੰ ਮੇਰੀ ਪੁਸਤਕ ਦਾ ਸਿਰਲੇਖ ਵੀ ਮਿਲ ਗਿਆ ਹੈ ਜਿਸ ਦੀ ਮੈਨੂੰ ਕਈ ਵਰ੍ਹਿਆਂ ਤੋਂ ਤਲਾਸ਼ ਸੀ। ਮੇਰੇ ਸਾਹਮਣੇ ਕਈ ਨਾਂ ਆਏ ਪਰ ਉਨ੍ਹਾਂ ਵਿਚੋਂ ਕੋਈ ਵੀ ਮੇਰੇ ਮਨ ਨੂੰ ਨਾ ਜਚਿਆ ਜਿਸ ਵਿਚ ਇਤਨੀ ਵਿਸ਼ਾਲਤਾ ਤੇ ਡੂੰਘਾਈ ਹੁੰਦੀ ਜੋ ਪਾਠਕਾਂ ਦੇ ਮਨਾਂ ਵਿਚ ਉਹੋ ਜਿਹੀ ਖਿਚ ਪਾਉਂਦੀ ਜਿਸ ਨੇ ਮੇਰੇ ਮਨ ਦੀ ਹਸਰਤ ਨੂੰ ਪੂਰਾ ਕੀਤਾ ਸੀ ਅਥਵਾ "ਨਾਨਕ ਤੋਂ ਨਨਕਾਣਾ"।

ਭਾਵੇਂ ਨਾਨਕ ਤੋਂ ਨਨਕਾਣੇ ਸਫ਼ਰ ਪੰਜ ਸੌ ਇਕਤਾਲੀ ਵਰ੍ਹਿਆਂ ਜਿੰਨਾ ਲੰਮਾ ਹੈ ਪਰ ਇਨ੍ਹਾਂ ਸਾਰਿਆਂ ਵਰ੍ਹਿਆਂ ਨੂੰ ਇਸ ਵਿਚ ਸਮਾਉਣ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਤਲਵੰਡੀ ਤੋਂ ਨਾਨਕ ਤੇ ਨਾਨਕ ਤੋਂ ਨਨਕਾਣਾ ਤਕ ਦੇ ਸਾਰੇ ਪੜਾਅ ਅਸਾਨੀ ਨਾਲ ਤੈਅ ਹੋ ਜਾਣ ਤਾਂ ਜੋ ਇਸ ਦਾ ਪਾਠ ਕਰਦੇ ਸਮੇਂ ਪਾਠਕਾਂ ਨੂੰ ਕਿਸੇ ਕਿਸਮ ਦੀ ਕਮੀ ਮਹਿਸੂਸ ਨਾ ਹੋਵੇ ਤੇ ਜੋ ਵੀ ਕੋਈ ਪ੍ਰਸ਼ਨ ਉਨ੍ਹਾਂ ਦੇ ਮਨ ਵਿਚ ਪੈਦਾ ਹੋਵੇ ਉਸ ਦਾ ਉੱਤਰ ਉਨ੍ਹਾਂ ਨੂੰ ਇਨ੍ਹਾਂ ਪੰਨਿਆ ਵਿਚ ਠੋਸ ਤੇ ਸੰਖੇਪ ਰੂਪ ਵਿਚ ਕਿਤੇ ਨਾ ਕਿਤੇ ਜ਼ਰੂਰ ਏਥੇ ਤੁਹਾਨੂੰ "ਨਾਨਕ ਤੋਂ ਨਨਕਾਣਾ" ਦਾ ਸਫ਼ਰ ਸੰਖੇਪ ਰੂਪ ਵਿਚ ਯਾਦ ਕਰਵਾ ਦੇਣਾ ਉਚਿਤ ਹੋਵੇਗਾ। ਸਾਂਦਲ ਬਾਰ ਦੇ ਇਲਾਕੇ ਵਿਚ "ਸਾਬੋ ਕੀ ਤਲਵੰਡੀ" ਨਾਂ ਦੀ ਇਕ ਬਸਤੀ ਪੰਦਰਵੀਂ ਸ਼ਤਾਬਦੀ ਦੇ ਮੁਢਲੇ ਸਾਲਾਂ ਵਿਚ ਹੀ ਮੌਜੂਦ ਸੀ। ਦਰਿਆ ਰਾਵੀ ਤੇ ਦਰਿਆ ਝਨਾਬ ਦੇ ਵਿਚਕਾਰ ਦਾ ਇਹ ਇਲਾਕਾ ਬੜੀ ਉਪਜਾਊ ਧਰਤੀ ਵਾਲਾ ਸੀ। ਸੰਨ 1426-88 ਦੇ ਸਮੇਂ ਬਹਿਲੋਲ ਖਾਂ ਲੋਧੀ ਦੇ ਰਾਜ ਵਿਚ ਅਠਾਰਾਂ ਸੌ ਮੁਰੱਬਿਆਂ ਦੀ ਇਕ ਜਗੀਰ ਰਾਏ ਭੋਂਏ ਖਾਂ ਭੱਟੀ ਦੇ ਨਾਂ ਕਰ ਦਿੱਤੀ ਗਈ।

ਆਪਣੀ ਜਗੀਰ ਦੀ ਮਾਲਕੀ ਉਤੇ ਕਬਜ਼ਾ ਜਮਾਓਬਣ ਲਈ ਰਾਏ ਭੋਂਏ ਮੁਲਤਾਨ ਦੇ "ਰਾਨਾ ਮਲ ਪਿੰਡਾਂ" ਨੂੰ ਜਿਸ ਨੂੰ ਭੱਟੀ ਪਰਿਵਾਰ ਨੇ ਆਪ ਹੀ ਵਧਾਇਆ ਸੀ, ਛੱਡ ਕੇ ਆਪਣੇ ਪਰਿਵਾਰ ਸਮੇਤ ਇਸ ਜਗੀਰ ਤੇ ਆ ਵਸਾਇਆ ਸੀ, ਛਡ ਕੇ ਆਪਣੇ ਪਰਿਵਾਰ ਸਮੇਤ ਇਸ ਜਗੀਰ ਤੇ ਆ ਵਸਿਆ। ਭੱਟੀ ਪਰਿਵਾਰ ਵਿਚ ਸਭ ਤੋਂ ਪਹਿਲਾਂ ਮੁਸਲਮਾਨ ਬਣਨ ਵਾਲਾ ਮਨੁੱਖ ਰਾਏ ਭੋਏ ਖਾਂ ਭੱਟੀ ਦਾ ਪਿਤਾ "ਅਚਿਤ ਰਾਏ" ਸੀ। ਮੁਸਲਮਾਨ ਬਣਨ ਪਿਛੋਂ ਉਹਦਾ ਨਾਂ ਅੱਲ੍ਹਾ ਦਿੱਤਾ ਪੈ ਗਿਆ। ਅਚਿਤ ਰਾਏ ਨੇ ਹਜ਼ਰਤ ਖੁਆਜਾ ਬਹਾਉਦੀਨ ਜ਼ਰਕੀਆ ਦੇ ਪੜਪੋਤੇ ਹੱਥੋਂ ਇਸਲਾਮ ਕਬੂਲ ਕੀਤਾ ਸੀ। ਭੱਟੀਆਂ ਦਾ ਰਿਆਸਤ ਭਟਨੇਰ ਤੋਂ ਹਿੰਦੂਆਂ ਦੇ ਰੂਪ ਵਿਚ ਹੀ ਮੁਲਤਾਨ ਆ ਕੇ ਵਧਣਾ ਤੇ ਏਥੋਂ ਦੇ ਇਸਲਾਮ ਧਰਮ ਦੇ ਬਜ਼ੁਰਗਾਂ ਦੇ ਹੱਥੋਂ ਇਸਲਾਮੀ ਸਿੱਖਿਆ ਲੈ ਕੇ ਇਸਲਾਮ ਕਬੂਲ ਕਰਨਾ ਇਕ ਬਹੁਤ ਵੱਡੇ ਇਨਾਮ ਵਾਲੀ ਗਲ ਸੀ। ਇਸੇ ਇਨਾਮ ਨੂੰ ਨਾਲ ਲੈ ਕੇ ਰਾਏ ਭੋਏ ਭੱਟੀ ਸਾਬੋ ਕੀ ਤਲਵੰਡੀ ਆਇਆ ਜਿਸ ਨੂੰ ਬਾਅਦ ਵਿਚ "ਰਾਏ ਭੋਏਂ ਦੀ ਤਲਵੰਡੀ" ਦਾ ਨਾਂ ਦਿਤਾ ਗਿਆ।

ਇਸ ਵਾਰਤਾ ਤੋਂ ਇਹ ਗਲ ਤਾਂ ਸਪਸ਼ਟ ਹੋ ਜਾਂਦੀ ਹੈ ਕਿ ਰਾਏ ਭੋਂਏ ਦੇ ਆਉਣ ਤੋਂ ਪਹਿਲਾਂ ਵੀ ਇਸ ਇਲਾਕੇ ਵਿਚ ਇਕ ਤਲਵੰਡੀ ਦੀ ਹੋਂਦ ਜ਼ਰੂਰ ਸੀ। ਇਸ ਤਲਵੰਡੀ ਦੇ ਲੋਕ ਬੜੇ ਰੱਜੇ-ਪੁੱਜੇ ਸਨ ਕਿਉਂ ਜੋ ਤਲਵੰਡੀ ਦੀ ਧਰਤੀ ਬੜੀ ਉਪਜਾਊ ਤੇ ਵਾਹੀਯੋਗ ਸੀ। ਸਭ ਤੋਂ ਵੱਡੀ ਗਲ ਇਹ ਕਿ ਰਾਜਨੀਤਿਕ ਦ੍ਰਿਸ਼ਟੀ ਤੋਂ ਇਹ ਇਲਾਕਾ ਬੜਾ ਸੁਰੱਖਿਅਤ ਸੀ। ਅੰਮ੍ਰਿਤਸਰ ਤੇ ਹੋਰ ਇਲਾਕਿਆਂ ਤੋਂ ਲੋਕ ਰੋਟੀ-ਰੋਜ਼ੀ ਦੀ ਭਾਲ ਵਿਚ ਏਥੇ ਆ ਕੇ ਆਬਾਦ ਹੋ ਜਾਂਦੇ ਹਨ। ਰਾਏ ਬੁਲਾਰ ਖਾਂ ਭੱਟੀ ਨੇ ਆਪਣੇ ਪਿਤਾ ਰਾਏ ਭੋਏ ਦੀ ਮੌਤ ਪਿਛੋਂ ਤਲਵੰਡੀ ਵਲ ਵਿਸ਼ੇਸ਼ ਧਿਆਨ ਦਿਤਾ ਤੇ ਇਸ ਦੀਆਂ ਜ਼ਮੀਨਾਂ ਨੂੰ ਵਧ ਤੋਂ ਵਧ ਅਬਾਦ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਕਾਰੀਗਰ ਤੇ ਲਾਭ-ਦਾਇਕ ਕਿੱਤਿਆਂ ਦੇ ਲੋਕ ਏਥੇ ਵਸਾਏ।

ਆਪਣੀ ਜਗੀਰ ਦੀ ਦੇਖਭਾਲ ਕਰਨ, ਮਾਮਲਾ ਉਘਰਾਹੁਣ ਤੇ ਹਿਸਾਬ-ਕਿਤਾਬ ਰੱਖਣ ਲਈ ਰਾਏ ਬੁਲਾਰ ਖਾਂ ਭੱਟੀ ਨੇ ਕਲਿਆਨ ਚੰਦ ਉਰਫ਼ ਮਹਿਤਾ ਕਾਲੂ ਨਾਮੀ ਇਕ ਖ਼ਤਰੀ ਨੂੰ ਆਪਣਾ ਮੁਨਸ਼ੀ ਨਿਯੁਕਤ ਕੀਤਾ। ਪੰਦਰਾਂ ਅਪਰੈਲ ਸੰਨ 1469 ਨੂੰ ਮਹਿਤਾ ਕਾਲੂ ਦੇ ਘਰ ਨਾਨਕ ਨਾਮੀ ਇਕ ਬੱਚੇ ਨੇ ਜਨਮ ਲਿਆ। ਇਸ ਬੱਚੇ ਦੇ ਮਾਸੂਮ ਤੇ ਅਨੋਖੇ ਤੌਰ-ਤਰੀਕਿਆਂ ਤੇ ਹਰਕਤਾਂ ਤੋਂ ਰਾਏ ਬੁਲਾਰ ਬਹੁਤ ਪ੍ਰਭਾਵਿਤ ਹੋਇਆ। ਉਹਦੇ ਅੰਦਰ ਨਾਨਕ ਲਈ ਇਕ ਦਿਲੀ-ਸਾਂਝ ਪੈਦਾ ਹੋ ਗਈ। ਆਪਣੇ ਜੀਵਨ ਦੇ ਅੰਤਲੇ ਸਾਲਾਂ ਵਿਚ ਰਾਏ ਬੁਲਾਰ ਗੁਰੂ ਨਾਨਕ ਨੂੰ ਏਨੀ ਸ਼ਿਦਤ ਨਾਲ ਯਾਦ ਕਰਦਾ ਹੁੰਦਾ ਸੀ ਕਿ ਉਹਦੀ ਜ਼ਬਾਨ ਵਿਚੋਂ ਹਰ ਵਕਤ ਇਕੋ ਸ਼ਬਦ ਨਿਕਲਦਾ ਰਹਿੰਦਾ ਸੀ - 'ਨਾਨਕਆਣਾ', 'ਨਾਨਕਆਣਾ', 'ਨਾਨਕਆਣਾ'।

ਰਾਏ ਬੁਲਾਰ ਦਾ ਇਹ ਸ਼ਬਦ ਜਦ ਲੋਕਾਂ ਦੀ ਜ਼ਬਾਨ ਤੇ ਚੜ੍ਹਿਆ ਤਾਂ 'ਨਾਨਕਆਣਾ' ਤੋਂ 'ਨਨਕਾਣਾ' ਬਣ ਗਿਆ। ਇਸ ਤਰ੍ਹਾਂ, ਰਾਏ ਬੁਲਾਰ ਦੇ ਜੀਵਨ ਸਮੇਂ ਹੀ ਤਲਵੰਡੀ ਰਾਏ ਭੋਏ ਦੀ 'ਨਨਕਾਣਾ' ਨਾਂ ਵਜੋਂ ਜਾਣੀ ਜਾਣ ਲੱਗ ਪਈ ਸੀ ਅਤੇ ਇਹ ਨਾਂ ਹੁਣ ਤੱਕ ਚਲਿਆ ਆ ਰਿਹਾ ਹੈ। 'ਸਾਹਿਬ' ਦਾ ਸ਼ਬਦ ਸਿਖ ਧਰਮ ਦੇ ਚਿੰਨ ਵਜੋਂ ਇਹਦੇ ਨਾਲ ਜੁੜ ਗਿਆ ਹੈ ਜਿਵੇਂ ਗੁਰਦਵਾਰਾ 'ਪੱਟੀ ਸਾਹਿਬ', 'ਬਾਲ ਲੀਲਾ ਸਾਹਿਬ', 'ਤੰਬੂ ਸਾਹਿਬ', 'ਭਿਆਰਾ ਸਾਹਿਬ', 'ਮਾਲ ਜੀ ਸਾਹਿਬ' ਅਤੇ ਸਿੱਖ ਧਰਮ ਨਾਲ ਸਬੰਧਿਤ ਸਭ ਇਮਾਰਤਾਂ ਨਾਲ ਸ਼ਬਦ 'ਸਾਹਿਬ' ਜੁੜਿਆ ਹੁੰਦਾ ਹੈ।

ਮੇਰੇ ਅਧਿਆਨ ਵਿਚ ਅੱਜ ਤੱਕ ਜਿੰਨੇ ਵੀ ਸ਼ਹਿਰ ਆਏ ਹਨ ਉਨ੍ਹਾਂ ਵਿਚੋਂ ਕਿਸੇ ਨਾਲ ਵੀ 'ਸਾਹਿਬ' ਸ਼ਬਦ ਜੁੜਿਆ ਮੈਨੂੰ ਨਹੀਂ ਮਿਲਿਆ ਪਰ ਨਨਕਾਣੇ ਨਾਲ ਜੁੜਿਆ 'ਸਾਹਿਬ' ਸ਼ਬਦ ਮੈਨੂੰ ਬੜਾ ਢੁਕਵਾਂ ਅਤੇ ਦਿਲ ਭਾਉਂਦਾ ਜਾਪਦਾ ਹੈ। ਇਹ ਗਲ ਕਹਿਣੀ ਅਢੁਕਵੀ ਨਹੀਂ ਹੋਵੇਗੀ ਕਿ ਸ਼ਾਇਦ ਦੁਨੀਆਂ ਭਰ ਦੇ ਨਕਸ਼ੇ ਤੇ ਇਹੋ ਇਕ ਸ਼ਹਿਰ ਹੈ ਜੋ ਆਪਣੇ ਅਨੋਖੇ ਢੰਗ ਨਾਲ ਬਹੁਤ ਢੁਕਵਾਂ ਤੇ ਗਠਵਾਂ ਹੈ। ਭਾਵ ਇਹ ਕਿ 'ਸਾਹਿਬ' ਸ਼ਬਦ ਨਾਲ ਜੁੜਿਆ ਇਹੋ ਜਿਹਾ ਸੁੰਦਰ ਸ਼ਹਿਰ ਹੋਰ ਕੋਈ ਨਹੀਂ। ਇਹ ਨਨਕਾਣਾ ਸਾਹਿਬ ਦੇ ਅਨੋਖੇ ਵਿਅਕਤੀਤਵ ਦੀ ਇਕ ਹੋਰ ਮਿਸਾਲ ਹੈ।

ਨਨਕਾਣਾ ਸਾਹਿਬ ਵਿਚ ਸਾਰੇ ਸਿਰਕਢ ਵਿਅਕਤੀਆਂ ਦਾ ਸਬੰਧ ਪੰਦਰਵੀ ਪੀੜੀ ਦੇ ਰਾਏ ਬੁਲਾਰ ਖਾ ਭੱਟੀ ਨਾਲ ਜਾ ਮਿਲਦਾ ਹੈ। ਰਾਏ ਬੁਲਾਰ ਖਾਂ ਨੇ ਆਪਣੇ ਜੀਵਨ-ਕਾਲ ਵਿਚ ਹੀ ਆਪਣੀ ਅਠਾਰਾਂ ਸੌ ਮੁਰੱਬਾ ਜ਼ਮੀਨ ਵਿਚੋਂ ਸਾਢੇ ਸੱਤ ਸੌ ਮੁਰੱਬਾ ਜ਼ਮੀਨ ਬਾਬਾ ਨਾਨਕ ਦੇਵ ਜੀ ਦੇ ਨਾਂ ਵਕਫ਼ ਕਰ ਦਿੱਤੀ ਸੀ। ਇਹੋ ਕਾਰਣ ਹੈ ਕਿ ਹਰ ਸਾਲ ਬਾਬਾ ਜੀ ਦੇ ਜਨਮ ਦਿਹਾੜੇ ਤੇ ਏਥੋਂ ਦੇ ਸਿਖ ਵਸਨੀਕ ਭੱਟੀ ਪਰਿਵਾਰ ਦੀ ਸਰਪ੍ਰਸਤੀ ਹੇਠ ਹੀ ਜਲੂਸ ਦਾ ਪ੍ਰਬੰਧ ਕਰਦੇ ਹਨ।

**ਸਾਂਦਲ ਤੇ ਸਾਂਦਲ ਬਾਰ**

ਨਨਕਾਣਾ ਦਾ ਇਤਿਹਾਸ ਓਦੋਂ ਤਕ ਪੂਰਣ ਨਹੀਂ ਹੁੰਦਾ ਜਦੋਂ ਤਕ ਸਾਂਦਲ ਤੇ ਸਾਂਦਲ-ਬਾਰ ਦਾ ਵਰਣਨ ਨਾ ਕੀਤਾ ਜਾਵੇ। ਸਾਂਦਲ ਤੇ ਸਾਂਦਲ-ਬਾਰ ਦੋਵੇਂ ਇਕ ਦੂਜੇ ਨਾਲ ਜੁੜੇ ਹੋਏ ਹਨ। ਜੇ ਇਹ ਇਲਾਕਾ ਪਹਿਲਾਂ ਬਾਰ ਹੁੰਦਾ ਸੀ ਤਾਂ 'ਸਾਂਦਲ' ਨੇ ਇਸ ਨੂੰ 'ਨਾਂ' ਦੇ ਦਿਤਾ ਅਤੇ ਜੇ ਇਹ ਪਹਿਲਾਂ 'ਸਾਂਦਲ' ਹੁੰਦਾ ਸੀ ਤਾਂ ਬਾਰ ਨੇ ਇਸਨੂੰ ਪ੍ਰਸਿਧੀ ਦੇ ਦਿਤੀ। ਇਉਂ ਸਮਝੋ ਜਿਵੇਂ ਦੋਵੇਂ ਇਕ ਦੂਜੇ ਦਾ ਅੰਗ ਬਣ ਗਏ ਹੋਣ। ਸਾਂਦਲ ਸਬੰਧੀ ਬਹੁਤ ਸਾਰੇ ਕਿਆਸ ਤੇ ਕਥਾਵਾਂ ਮਸ਼ਹੂਰ ਹਨ। ਏਥੇ ਸਾਡੇ ਵਿਸ਼ਾ ਇਨ੍ਹਾਂ ਸਾਰਿਆਂ ਦਾ ਵਿਸਥਾਰ-ਪੂਰਵਕ ਵਰਣਨ ਕਰਨਾ ਨਹੀਂ। ਹਾਂ, ਇਨ੍ਹਾਂ ਬਾਰੇ ਉਹ ਕਥਾਵਾਂ ਤੁਹਾਨੂੰ ਦਸ ਦੇਂਦੇ ਹਾਂ ਜੋ ਲੋਕਾਂ ਵਿਚ ਪੀੜੀਓ ਪੀੜੀ ਚਲੀਆਂ ਆ ਰਹੀਆਂ ਹਨ। ਸਭ ਤੋਂ ਪਹਿਲਾਂ ਸਾਂਦਲ ਸੰਬੰਧੀ ਵਿਭਿੰਨ ਖੋਜੀਆਂ ਦੀਆਂ ਰਾਵਾਂ ਸੁਣੋ:-

ਸਾਂਦਲ ਦੇ ਭਗੋਲ ਬਾਰੇ ਵੰਜਾਰਾ ਬੇਦੀ "ਪੰਜਾਬੀ ਲੋਕ ਧਾਰਾ" ਵਿਚ ਇਸ ਤਰ੍ਹਾਂ ਕਹਿੰਦਾ ਹੈ-

"ਰਾਵੀ ਤੇ ਝਨਾਬ ਦਰਿਆਵਾਂ ਦਾ ਉਹ ਹਿੱਸਾ ਜਿਸ ਵਿਚ ਸ਼ੇਖੂਪੁਰਾ, ਮਿੰਟਗੁਮਾਰੀ ਤੇ ਝੰਗ ਦੇ ਕੁਝ ਭਾਗ ਅਤੇ ਲਾਇਲਪੁਰ ਦਾ ਸਾਰਾ ਜ਼ਿਲ੍ਹਾ ਪੈਂਦਾ ਹੈ ਉਸ ਨੂੰ ਸਾਂਦਲ-ਬਾਰ ਕਿਹਾ ਜਾਂਦਾ ਹੈ।"

**ਹਰਜੀਤ ਸਿੰਘ ਦੇ ਸ਼ਬਦਾਂ ਵਿਚ -**

"ਜੇ ਇਕ ਅਜਿਹੀ ਲਕੀਰ ਖਿਚੀ ਜਾਵੇ ਜਿਹੜੀ ਚਿਨਯੋਟ ਤੇ ਨਨਕਾਣਾ ਸਾਹਿਬ ਨੂੰ ਚੀਰਦੀ ਹੋਈ ਦਰਿਆ ਰਾਵੀ ਨੂੰ ਜਾ ਮਿਲੇ ਤਾਂ ਇਸ ਲਕੀਰ ਦੇ ਉਤਰ ਤੋਂ ਦੱਖਣ ਵਲ ਦੋਹਾਂ ਦਰਿਆਵਾਂ ਦੇ ਵਿਚਾਲੇ ਇਲਾਕੇ ਨੂੰ ਬਾਰ ਦਾ ਦੇਸ਼ ਕਿਹਾ ਜਾਵੇਗਾ।"

"ਪੰਜਾਬ ਦੀ ਸੈਰ" ਅਨੁਸਾਰ ਇਹ ਸਾਰਾ ਇਲਾਕਾ ਸੱਤਰ ਕੋਹ ਲੰਮਾ ਤੇ ਚਾਲੀ ਕੋਹ ਚੌੜਾ ਹੈ।" ਉਪਰੋਕਤ ਬਿਆਨ ਦੀ ਰੋਸ਼ਨੀ ਵਿਚ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਤਹਿਸੀਲ ਨਨਕਾਣਾ ਵੀ ਸਾਂਦਲ ਬਾਰ ਦਾ ਹੀ ਹਿੱਸਾ ਹੈ ਕਿਉਂ ਜੋ ਝਨਾਬ ਤੇ ਰਾਵੀ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਵਿਚ ਜੋ ਵੀ ਅਬਾਦੀਆਂ ਹਨ ਉਨ੍ਹਾਂ, ਸਭਨਾਂ ਦਾ ਸਬੰਧ ਸਾਂਦਲ-ਬਾਰ ਨਾਲ ਹੀ ਹੈ। ਜੇ ਅਸੀਂ ਇਨ੍ਹਾਂ, ਦਰਿਆਵਾਂ ਦੇ ਵਿਚਕਾਰਲੇ ਦਰਿਆਈ ਫਾਸਲਿਆਂ ਦਾ ਅੰਦਾਜ਼ਾ ਲਗਾਈਏ ਤਾਂ ਇਹ ਸੱਤਰ ਕੋਹ ਲੰਮਾਈ ਤੇ ਚਾਲੀ ਕੋਹ ਦੀ ਚੌੜਾਈ ਨਾਲ 2800 ਮੁਰੱਬਾ ਕੋਹ ਬਣਦਾ ਹੈ। ਅੱਜ ਕਲ ਦੇ ਕਿਲੋ ਮੀਟਰਾਂ ਦੇ ਹਿਸਾਬ ਨਾਲ ਇਹ ਇਲਾਕਾ 105 ਕਿਲੋਮੀਟਰ ਲੰਮਾ ਤੇ 60 ਕਿਲੋਮੀਟਰ ਚੌੜਾ ਹੋਣ ਕਰਕੇ ਇਸ ਦਾ ਰਕਬਾ 6300 ਕਿਲੋਮੀਟਰ ਹੋਵੇਗਾ, ਇਕ ਗਲ ਇਹ ਵੀ ਸਮਝਣ ਵਾਲੀ ਹੈ ਕਿ ਕਿਸੇ ਵੇਲੇ ਸੈਦਵਾਲਾ ਫ਼ੈਸਲਾਬਾਦ ਦੀ ਤਹਿਸੀਲ ਦਾ ਇੱਕ ਹਿੱਸਾ ਹੁੰਦਾ ਸੀ ਤੇ ਅਜ ਕਲ ਇਹ ਜ਼ਿਲ੍ਹਾ ਸ਼ੇਖੂਪੁਰਾ ਦੀ ਤਹਿਸੀਲ ਦਾ ਹਿੱਸਾ ਹੈ। ਇਹੋ ਕਾਰਣ ਹੈ ਕਿ ਇਨ੍ਹਾਂ ਇਲਾਕਿਆਂ ਦੇ ਵਾਸੀਆਂ ਵਿਚ ਸਾਂਦਲ ਦੇ ਪ੍ਰਭਾਵ ਤੇ ਲਛਣ ਮਿਲਦੇ ਹਨ। ਇਸ ਹੀਕਕਤ ਨੂੰ ਮੰਨਣ ਤੋਂ ਪਿਛੋਂ ਕਿ ਇਹ ਇਲਾਕੇ ਕੇਵਲ ਘਣੇ ਜੰਗਲ ਤੇ ਝਾੜੀਆਂ ਹੀ ਹੁੰਦੇ ਸਨ ਤੇ ਇਨ੍ਹਾਂ ਦੇ ਵਾਸੀਆਂ ਨੂੰ ਜੰਗਲੀ ਕਿਹਾ ਜਾਂਦਾ ਸੀ ਇਹ ਸਮਝਣਾ ਔਖਾ ਨਹੀਂ ਹੋਵੇਗਾ ਕਿ ਇਹ ਲੋਕ ਆਪਣੇ ਰਹਿਣ-ਸਹਿਣ ਦੇ ਢੰਗ ਕਾਰਣ ਬੜੇ ਜੰਗਜੂ, ਨਿਡਰ, ਬੇਬਾਕ ਤੇ ਬਹਾਦੁਰ ਹੋਣਗੇ।

ਇਹ ਗੱਲ ਕਿ ਸਾਂਦਲ-ਬਾਰ ਦਾ ਇਤਿਹਾਸ ਕਿੰਨਾ ਕੁ ਪੁਰਾਣਾ ਹੈ ਅਤੇ ਕੀ ਸਾਂਦਲ-ਬਾਰ ਦਾ ਨਾਂ ਸਾਂਦਲ ਤੋਂ ਹੀ ਪਿਆ ਹੈ ਜਾਂ ਕਿ ਇਸ ਤੋਂ ਪਹਿਲਾਂ ਵੀ ਇਸ ਦੀ ਕੋਈ ਹੋਂਦ ਸੀ, ਜੇ ਇਸ ਦਾ ਸੰਖੇਪ ਜਿਹਾ ਉੱਤਰ ਅਸੀਂ ਇਹ ਦੇਈਏ ਕਿ ਇਸ ਇਲਾਕੇ ਨੂੰ ਸਾਂਦਲ ਡਾਕੂ ਦੇ ਹਵਾਲੇ ਨਾਲ ਸਾਂਦਲ-ਬਾਰ ਕਿਹਾ ਜਾਣ ਲੱਗਾ ਤਾਂ ਇਹ ਗਲ ਕਿਸੇ ਹੱਦ ਤਕ ਸਪਸ਼ਟ ਹੋ ਜਾਂਦੀ ਹੈ ਕਿਉਂਕਿ ਉਹ ਇਨ੍ਹਾਂ ਘਣੇ ਜੰਗਲਾਂ ਵਿਚ ਲੁਕ ਕੇ ਡਾਕੇ ਮਾਰਿਆ ਕਰਦਾ ਸੀ ਤੇ ਇਨ੍ਹਾਂ ਘਣੇ ਜੰਗਲਾਂ ਵਿਚ ਹੀ ਉਹਨੂੰ ਸੁਰੱਖਿਆ ਪ੍ਰਾਪਤ ਹੁੰਦੀ ਸੀ। ਇਸੇ ਕਾਰਣ ਇਹ ਇਲਾਕਾ ਸਾਂਦਲ-ਬਾਰ ਦੇ ਨਾਂ ਨਾਲ ਪ੍ਰਸਿੱਧ ਹੋ ਗਿਆ ਤੇ ਲੋਕ ਸਾਂਦਲ ਦੀਆਂ ਕਹਾਣੀਆਂ ਪਾਉਣ ਲਗ ਪਏ। ਇਸੇ ਤਰ੍ਹਾਂ ਬਾਅਦ ਵਿਚ, ਸ਼ਾਂਗਾ-ਮਾਂਗਾ ਦੇ ਜੰਗਲਾਂ ਨੇ ਵੀ ਪ੍ਰਸਿਧੀ ਖੱਟ ਲਈ ਸੀ। ਇਸੇ ਪ੍ਰਸ਼ਨ ਦਾ ਦੂਜਾ ਪੱਖ ਲਈ ਵਧੇਰੇ ਵਿਸਥਾਰ ਦੀ ਲੋੜ ਹੈ, ਉਹ ਇਹ ਕਿ ਉਹ ਘਣੇ ਜੰਗਲ ਸਾਂਦਲ ਡਾਕੂ ਤੋਂ ਪਹਿਲਾਂ ਵੀ ਹੁੰਦੇ ਸਨ ਤੇ ਕਦੋਂ ਤੋਂ ਸਨ। ਸਮੇਂ ਤੇ ਸਥਾਨ ਦੇ ਪੱਖ ਤੋਂ ਇਸ ਬਾਰੇ ਪੱਕੀ ਤਰ੍ਹਾਂ, ਨੂੰ ਕੁਝ ਨਹੀਂ ਕਿਹਾ ਜਾ ਸਕਦਾ। ਹਾਂ, ਸਾਂਦਲ-ਬਾਰ ਦੇ ਘਣੇ ਜੰਗਲਾਂ ਦੀ ਇਕ ਤਸਵੀਰ ਮੁਫ਼ਤੀ ਮੁਹੱਮਦ ਸਰਵਰ ਨੇ ਆਪਣੀ ਇਤਿਹਾਸ ਦੀ ਪੁਸਤਕ '=ਮਖ਼ਜ਼ਨ ਪੰਜਾਬ" ਦੇ ਪੰਨਾ 250 ਤੇ ਇਸ ਤਰ੍ਹਾਂ ਖਿੱਚੀ ਹੈ:-

"ਬੜੇ ਭਾਰੀ ਜੰਗਲ ਦਾ ਇਹ ਇਲਾਕਾ ਪੰਜਾਬ ਦੇ ਦੇਸ਼ ਵਿਚ ਹੈ। ਪੰਜਾਬੀ ਬੋਲੀ ਵਿਚ ਇਸ ਨੂੰ ਸਾਂਦਲ-ਬਾਰ ਕਹਿੰਦੇ ਹਨ। ਇਸ ਵਿਚ ਦਰੱਖ਼ਤ ਇੰਨੇ ਜ਼ਿਆਦਾ ਹਨ ਕਿ ਜੇ ਕੋਈ ਅਣਜਾਣ ਇਸ ਵਿਚ ਰਸਤਾ ਭੁਲ ਜਾਵੇ ਤਾਂ ਜਿਉਂਦਾ ਬਾਹਰ ਨਹੀਂ ਨਿਕਲ ਸਕਦਾ। ਕਈ ਥਾਵਾਂ 'ਤੇ ਘਾ ਏਨਾ ਉੱਚਾ ਹੁੰਦਾ ਹੈ ਕਿ ਘੋੜੇ ਸਮੇਤ ਸੁਆਰ ਇਸ ਵਿਚ ਲੁਕ ਜਾਂਦਾ ਹੈ ਤੇ ਲੰਘਣ ਨੂੰ ਰਸਤਾ ਨਹੀਂ ਮਿਲਦਾ। ਇਸ ਜੰਗਲ ਦਾ ਆਰੰਭ ਸ਼ੇਖੂਪੁਰਾ ਦੀ ਧਰਤੀ ਤੋਂ ਹੁੰਦਾ ਹੈ ਤੇ ਅੰਤ ਭਾਵੇਂ ਦੂਰ ਤਕ ਚਲੇ ਜਾਂਦਾ ਹੈ ਪਰ ਘਣਾ ਜੰਗਲ ਓਥੋਂ ਤੱਕ ਜਾਂਦਾ ਹੈ ਜਿਥੇ ਝਨਾ ਤੇ ਰਾਵੀ ਦਰਿਆ ਇਕ ਦੂਜੇ ਨਾਲ ਮਿਲਦੇ ਹਨ। ਇਸ ਇਲਾਕੇ ਦੀ ਲੰਮਾਈ ਇਕ ਸੌ ਸੱਤਰ ਕੋਹ ਤੇ ਚੌੜਾਈ ਦੋਹਾਂ ਦਰਿਆਵਾਂ ਦੇ ਵਿਚਕਾਰ ਕਿਤੇ 40 ਤੇ ਕਿਤੇ 30 ਕੋਹ ਹੈ ਤੇ ਕਿਤੇ ਘਟ ਵਧ ਵੀ। ਇਸ ਜੰਗਲ ਵਿਚ ਪਾਣੀ ਬਹੁਤ ਘਟ ਹੈ। ਇਸ ਦੀ ਭੂਮੀ ਉਚਾਈ ਵਾਲੀ ਹੈ। ਕੁਝ ਨੀਵੇਂ ਸਥਾਨਾਂ ਨੂੰ ਛੱਡ ਕੇ ਬਰਸਾਤ ਦਾ ਪਾਣੀ ਕਿਤੇ ਠਹਿਰ ਨਹੀਂ ਸਕਦਾ। ਜੇ ਖੂਹ ਖੁਦਵਾਇਆ ਜਾਵੇ ਤਾਂ ਅੱਸੀ ਗਜ਼ ਡੂੰਘਾ ਜਾ ਕੇ ਪਾਣੀ

ਨਿਕਲਦਾ ਹੈ। ਖੂਹ ਖੁਦਵਾਉਣ ਉਤੇ ਪੈਸਾ ਵੀ ਬਹੁਤ ਖਰਚ ਆਉਂਦਾ ਹੈ ਤੇ ਪਾਣੀ ਵੀ ਬੜੀ ਮੁਸ਼ਕਿਲ ਨਾਲ ਖਿਚਿਆ ਜਾਂਦਾ ਹੈ। ਇਹਦੇ ਅੰਦਰ ਜੰਡ, ਕਰੀਰ, ਬਬੋਲ, ਬੇਰੀ, ਝਾੜੀ, ਕਿਕਰ, ਸ਼ੀਸ਼ਮ ਆਦਿ ਦੇ ਅਣਗਿਣਤ ਦਰਖਤ ਹਨ। ਇਸ ਅੰਨ੍ਹੇ ਢੇਰ ਵਿਚੋਂ ਕਿਸੇ ਆਦਮੀ ਦਾ ਪਥ-ਦਰਸ਼ਕ ਤੋਂ ਬਗੈਰ ਲੰਘਣਾ ਬਹੁਤ ਮੁਸ਼ਕਿਲ ਹੈ। ਤੁਰਨ ਫਿਰਨ ਲਈ ਥਾਂ ਨਹੀਂ ਲਭਦੀ। ਇਹਦੀ ਵਿਰਾਣ ਧਰਤੀ ਕੋਹਾਂ ਤਕ ਜਾਂਦੀ ਹੈ। ਲੱਖਾਂ ਦੀ ਗਿਣਤੀ ਵਿਚ ਡਰਾਉਣੇ, ਬਗਿਆੜ, ਹਰਨ, ਚੀਤੇ, ਲੂਮੜ, ਗਿਦੜ ਆਦਿ ਜੰਗਲੀ ਤੇ ਬੰਜਰੀ ਜਾਨਵਰ ਇਸ ਧਰਤੀ ਵਿਚ ਰਹਿੰਦੇ ਹਨ। ਸੱਪ ਵੀ ਏਥੇ ਹਜ਼ਾਰਾਂ ਕਿਸਮਾਂ ਦੇ ਹਨ। ਇਸ ਇਲਾਕੇ ਵਿਚ ਸੈਂਕੜੇ ਪਿੰਡ ਵੀ ਵਧਦੇ ਹਨ ਅਤੇ ਏਥੋਂ ਦੇ ਲੋਕ ਜੰਗਲੀ, ਅਕਲ ਤੋਂ ਖਾਲੀ, ਖੁਸ਼ ਸੁਭਾ ਵਾਲੇ, ਚੋਰ, ਲੁਟੇਰੇ, ਡਾਕੂ, ਆਜੜੀ, ਉਚੇ ਕੱਦ ਵਾਲੇ, ਜ਼ੋਰਾਵਰ ਤੇ ਬਹਾਦੁਰ ਹਨ।"

ਸਾਂਦਲ-ਬਾਰ ਦੀ ਸਹੀ ਤਸਵੀਰ ਦੇਖਣ ਤੋਂ ਬਾਅਦ ਇਹ ਅੰਦਾਜ਼ਾ ਚੰਗੀ ਤਰ੍ਹਾਂ ਹੋ ਜਾਂਦਾ ਹੈ ਕਿ ਸਾਂਦਲ-ਬਾਰ ਦਾ ਇਲਾਕਾ ਕੀ ਤੇ ਕਿਹੋ ਜਿਹਾ ਸੀ। ਜੇ ਅਸੀਂ ਅੱਜ ਤੋਂ ਤਕਰੀਬਨ 600 ਸਾਲ ਪਿਛੇ ਵਲ ਜਾਈਏ ਜਦੋਂ ਰਾਏ ਭੋਏ ਖਾਂ ਨੇ ਇਸ ਜਾਗੀਰ ਨੂੰ ਆਬਾਦ ਕੀਤਾ ਸੀ ਤਾਂ ਓਦੋਂ ਇਹ ਸਾਨੂੰ ਹਰ ਪਾਸੇ ਜੰਗਲ ਹੀ ਜੰਗਲ ਦਿਸਦਾ ਹੈ। ਇਨ੍ਹਾਂ ਜੰਗਲਾਂ ਦੇ ਇਤਿਹਾਸ ਵਿਚ ਇਕ ਭੇਦ ਵੀ ਲੁਕਿਆ ਹੋਇਆ ਹੈ ਜਿਸ ਬਾਰੇ ਇਸ ਵੇਲੇ ਅਸੀਂ ਕੁਝ ਦਸਣ ਦੇ ਯੋਗ ਨਹੀਂ ਹਾਂ। ਫਿਰ ਵੀ ਇਸ ਬਾਰੇ ਕੁਝ ਲੋਕਾਂ ਨੇ ਕਿਆਸ ਜ਼ਰੂਰ ਲਾਏ ਹਨ। ਪ੍ਰੋ. ਮੁਹੰਮਦ ਅਕਰਮ ਸ਼ਾਹਦ ਦੇ ਸ਼ਬਦਾਂ ਵਿਚ :- ਸ਼ਹਿਰ ਦੇ ਉੱਤਰ ਪੱਛਮ ਵਿਚ ਬਚਿਆਣਾ ਨਚੀਕੀ ਰੋਡ ਦੇ ਸੰਗਮ 'ਤੇ ਇਕ ਬਹੁਤ ਵਡਾ ਮਿੱਟੀ ਦਾ ਟਿੱਲਾ ਹੈ ਜਿਹੜਾ ਧੌਲਰ ਦੇ ਨਾਂ ਨਾਲ ਪ੍ਰਸਿਧ ਹੈ। ਅੱਜ ਕਲ ਇਸ ਦਾ ਰੂਪ ਇਕ ਬੜੇ ਪੁਰਾਣੇ ਕਬਰਸਤਾਨ ਵਰਗਾ ਹੈ। ਕਿਹਾ ਜਾਂਦਾ ਹੈ ਕਿ ਪੁਰਾਣੇ ਜ਼ਮਾਨੇ ਵਿਚ ਇਹ ਸੀਤਾ ਦਾ ਮਹੱਲ ਹੁੰਦਾ ਸੀ। ਇਸ ਦੇ ਚਾਰੇ ਪਾਸੇ ਖੂਹ ਹੁੰਦੇ ਸਨ। ਤਲਵੰਡੀਆਂ ਵਿਚ ਬਾਬਾ ਨੌਲੱਖੀ ਹਜ਼ਾਰੀ ਦਾ ਵਸੇਬਾ ਹੁੰਦਾ ਸੀ ਜਿਸ ਦਾ ਮਜ਼ਾਰ ਨਨਕਾਣਾ ਸਾਹਿਬ ਦੇ ਨੇੜੇ ਕਸਬਾ ਸ਼ਾਹਕੋਟ ਵਿਚ ਹੈ। ਉਸ ਜ਼ਮਾਨੇ ਵਿਚ ਬਾਬਾ ਨੌਲੱਖਾ ਹਜ਼ਾਰੀ ਬਹੁਤ ਵਡੇ ਬਜ਼ੁਰਗ ਹੁੰਦੇ ਸਨ ਤੇ ਸਾਰੇ ਇਲਾਕੇ ਵਿਚ ਉਨ੍ਹਾਂ ਦੇ ਮੁਰੀਦ ਫੈਲੇ ਹੋਏ ਸਨ। ਕਹਿੰਦੇ ਹਨ ਕਿ ਬਾਬਾ ਜੀ ਦੇ ਕੁਝ ਮੁਰੀਦ ਚੋਰੀਆਂ ਕਰਨ ਲਗ ਪਏ ਸਨ ਤੇ ਚੋਰੀ ਕਰਨ ਤੋਂ ਬਾਅਦ ਸੀਤਾ ਦੇ ਮਹੱਲ ਤੇ ਉਹਦੇ ਗੁਆਂਢ ਵਿਚ ਜਾ ਕੇ ਪਨਾਹ ਲੈ ਲੈਂਦੇ ਸਨ। ਬਾਬਾ ਜੀ ਕਈ ਵਾਰੀ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਵਰਜਦੇ ਵੀ ਸਨ ਪਰ ਉਹ ਬਾਜ਼ ਨਹੀਂ ਸੀ ਆਉਂਦੇ। ਇਸ ਦੇ ਸਿੱਟੇ ਵਜੋਂ ਬਾਬਾ ਜੀ ਇਕ ਬਾਬਾ ਜੀ ਨੇ ਇਕ ਬਦਦੁਆ ਦਿਤੀ ਜਿਸ ਕਾਰਣ ਇਹ ਮਹੱਲ ਗਰਕ ਹੋ ਕੇ ਮਲਬੇ ਦੇ ਇਕ ਢੇਰ ਵਿਚ ਬਦਲ ਗਿਆ। ਇਹੋ ਮਿੱਟੀ ਦਾ ਢੇਰ ਅੱਜਕਲ੍ਹ "ਧੌਲਰ" ਦੇ ਨਾਂ ਨਾਲ ਪ੍ਰਸਿੱਧ ਹੈ। ਇਕ ਬਜ਼ੁਰਗ ਦੇ ਕਥਨ ਮੁਤਾਬਿਕ ਕੌਰੋ ਪਾਂਡਵਾਂ ਨੇ ਵੀ ਏਥੇ ਦਰਖ਼ਤ ਲਗਵਾਏ ਸਨ ਤੇ ਇਸ ਧਰਤੀ ਨੂੰ "ਨਿਰਵਾਏ ਧਰਤੀ" ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ।

ਇਸ ਲੰਮੇ ਬਿਰਤਾਂਤ ਤੋਂ ਬਾਅਦ ਦੋ ਗੱਲਾਂ ਸਾਹਮਣੇ ਆਉਂਦੀਆਂ ਹਨ ਇਕ ਸੀਤਾ ਦਾ ਮਹੱਲ, ਤੇ ਦੂਜਾ ਬਾਬਾ ਨੌਲਖਾ ਹਜ਼ਾਰੀ। ਸੀਤਾ ਦੇ ਮਹੱਲ ਦੀ ਤਬਾਹੀ ਬਾਬਾ ਨੌਲਖਾ ਹਜ਼ਾਰੀ ਦੀ ਬਦ-ਅਸੀਸ ਨਾਲ ਹੋਈ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਸੀਤਾ ਦੇ ਮਹੱਲ ਦੀ ਉਸਾਰੀ ਕਦੋਂ ਹੋਈ। ਉਸ ਸਮੇਂ ਇਸ ਇਲਾਕੇ ਦੀ ਮਨੁੱਖੀ ਅਬਾਦੀ ਕਿਹੋ ਜਿਹੀ ਸੀ। ਦੂਸਰੀ ਗੱਲ ਇਹ ਕਿ ਬਾਬਾ ਨੌਲਖਾ ਹਜ਼ਾਰੀ ਦੀ ਬਦ-ਅਸੀਸ ਉਨ੍ਹਾਂ ਦੇ ਅਵਗਿਆਕਾਰੀ ਤੇ ਚੋਰ ਮੁਰੀਦਾਂ ਲਈ ਤਾਂ ਹੋ ਸਕਦੀ ਸੀ, ਪਰ ਇਸ ਦਾ ਸੀਤਾ ਦੇ ਮਹੱਲ ਕੀ ਸਬੰਧ। ਖ਼ੈਰ ਇਤਿਹਾਸ ਦੇ ਇਸ ਲੰਮੇ ਚੌੜੇ ਪੈਂਡੇ ਲਈ ਤੇ ਹੋਏ ਬੀਤੇ ਦੀ ਛਾਣਬੀਣ ਲਈ ਅਸੀਂ ਇਸ ਸਮੇਂ ਦੇ ਇਤਿਹਾਸਕਾਰਾਂ ਨੂੰ ਕੁਝ ਦਸਣ ਲਈ ਕਹਾਂਗੇ ਅਤੇ ਇਹ ਵੀ ਕਿ ਸੀਤਾ ਦੇ ਮਹੱਲ ਦੀ ਤਬਾਹੀ ਤੋਂ ਬਾਅਦ ਇਹ ਸਥਾਨ "ਧੌਲਰ" ਕਰਕੇ ਕਿਵੇਂ ਪ੍ਰਸਿੱਧ ਹੋ ਗਿਆ। ਇਹ ਕਿਆਸ ਕੀਤਾ ਜਾ ਸਕਦਾ ਹੈ ਕਿ ਜਦੋਂ ਕੋਈ ਇਮਾਰਤ ਖੰਡਰ ਬਣ ਜਾਂਦੀ ਹੈ ਤਾਂ ਇਸ ਦਾ ਉਜਾੜਾ ਤੇ ਵੀਰਾਨੀ ਧੂਲ ਉਡਾਉਂਦੀ ਰਹਿੰਦੀ ਹੈ ਅਤੇ ਮਿੱਟੀ ਘੱਟੇ ਦੇ ਉਡਣ ਵਾਲਾ ਇਹ ਸਿਲਸਿਲਾ ਖ਼ਤਮ ਹੋਣ ਵਿਚ ਹੀ ਨਹੀਂ ਆਉਂਦਾ, ਹੋ ਸਕਦਾ ਹੈ ਕਿ ਧੂਲ ਦੇ ਉਡਣ ਅਤੇ ਜਗ੍ਹਾ ਦੇ ਉਚਾਈ ਉਤੇ ਹੋਣ ਕਾਰਣ ਇਹ ਜਗ੍ਹਾ ਨਜ਼ਰ ਆਉਣ ਲਗ ਪਈ ਹੋਵੇ ਅਤੇ ਲੋਕਾਂ ਨੇ ਧੂਲ ਕਾਰਣ ਇਸ ਨੂੰ "ਧੌਲਰ" ਕਹਿਣਾ ਸ਼ੁਰੂ ਕਰ ਦਿੱਤਾ ਹੋਵੇ। ਜਿਥੋਂ ਤੱਕ ਸੀਤਾ ਦੇ ਮਹੱਲ ਦਾ ਸੰਬਧ ਹੈ, ਹਿੰਦੂਆਂ ਦੀ ਧਾਰਮਿਕ ਪੁਸਤਕ ਰਮਾਇਣ ਵਿਚ ਇਸ ਦਾ ਕਿਤੇ ਜ਼ਿਕਰ ਨਹੀਂ ਮਿਲਦਾ,, ਐਪਰ ਵਿਭਿੰਨ ਪੁਸਤਕਾਂ ਦੇ ਅਧਿਆਨ ਤੋਂ ਜੋ ਸਿੱਟੇ ਕੱਢੇ ਜਾ ਸਕਦੇ ਹਨ, ਉਹ ਇਸ ਤਰ੍ਹਾਂ ਹਨ :- "ਏਸ ਪੰਜਾਬ ਨੇ ਰਾਮ ਚੰਦਰ ਦੇ ਪੈਰ ਚੁੰਮੇ ਜਦੋਂ ਉਹ ਬਨਬਾਸ ਸਮੇਂ ਏਧਰ ਨੂੰ ਆ ਨਿਕਲੇ ਸਨ।" (ਅਹਿਮਦ ਸਲੀਮ 'ਸਰਜ਼ਮੀਨ ਪੰਜਾਬ')

ਉਪਰੋਕਤ ਖੋਜਾਂ ਤੋਂ ਇਹ ਪ੍ਰਗਟ ਤੇ ਸਿੱਧ ਹੁੰਦਾ ਹੈ ਕਿ ਸੀਤਾ ਤੇ ਰਾਮਚੰਦਰ ਦਾ ਸਾਂਦਲ-ਬਾਰ ਦੇ ਇਲਾਕੇ ਵਿਚ ਆਉਣਾ ਤਾਂ ਜ਼ਰੂਰ ਹੋਇਆ ਹੈ ਪਰ ਉਹ ਆਏ ਕਦੋਂ ਸਨ ਇਸ ਬਾਰੇ ਯਕੀਨ ਨਾਲ ਕੁਝ ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ ਇਤਿਹਾਸ ਦੇ ਪੰਨੇ ਇਸ ਬਾਰੇ, ਸਾਡਾ ਕੋਈ ਪਥ ਪ੍ਰਦਰਸ਼ਨ ਕਰ ਸਕਦੇ ਹਨ। ਹਾਂ ਸਾਂਦਲ-ਬਾਰ ਦੇ ਅਬਾਦ ਇਲਾਕਿਆਂ ਦੇ ਹਵਾਲਿਆਂ ਤੋਂ ਇਹ ਪਤਾ ਲਗਦਾ ਹੈ ਕਿ ਪ੍ਰਾਚੀਨ ਸਮੇਂ ਵਿਚ ਸਾਂਦਲ-ਬਾਰ ਦਿੱਲੀ ਦੇ ਰਾਜਿਆਂ ਦੀ ਦੇਖ ਰੇਖ ਹੇਠਾਂ ਹੁੰਦਾ ਸੀ ਕਿਉਂ ਜੋ ਇਸ ਇਲਾਕੇ ਤੋਂ ਮਾਮਲਾ ਵਸੂਲ ਕਰਨ ਲਈ ਬਹਿਲੋਲ ਖਾਂ ਲੋਧੀ ਸੁਲਤਾਨਪੁਰ ਦੇ ਹਾਕਿਮ ਰਾਹੀਂ ਜੈਰਾਮ ਨੂੰ ਰਾਏ ਬੁਲਾਰ ਦੇ ਸਮੇਂ ਏਥੇ ਭੇਜਿਆ ਕਰਦਾ ਸੀ ਤੇ ਉਹ ਮਾਮਲਾ ਵਸੂਲ ਕਰਕੇ ਹਕੂਮਤ ਦੇ ਖ਼ਜ਼ਾਨੇ ਵਿਚ ਜਮ੍ਹਾ ਕਰਵਾ ਦੇਂਦਾ ਸੀ।

ਦਿੱਲੀ ਦੇ ਰਾਜੇ ਇਸ ਇਲਾਕੇ ਉਤੇ ਲਾਹੌਰ ਵਿਚ ਨਿਯੁਕਤ ਆਪਣੇ ਸੂਬੇਦਾਰ ਰਾਹੀਂ ਰਾਜ ਕਰਦੇ ਸਨ। ਜੇ ਧੌਲਰ ਦੀ ਮੁਢਲੀ ਹੈਸੀਅਤ ਅਰਥਾਤ ਸੀਤਾ ਤੇ ਰਾਮਚੰਦਰ ਦੇ ਮਹੱਲ ਦਾ ਚਿੱਤਰ ਅੱਖਾਂ ਸਾਹਮਣੇ ਲਿਆਈਏ ਤਾਂ ਜਿਸ ਢੰਗ ਨਾਲ ਇਸ ਦੀ ਉਸਾਰੀ ਹੋਈ ਲਗਦੀ ਹੈ ਉਸ ਤੋਂ ਯਕੀਨ ਹੋ ਜਾਂਦਾ ਹੈ ਕਿ ਇਹ ਉਸਾਰੀ ਰਾਜਿਆਂ ਮਹਾਰਾਜਿਆਂ ਦੀ ਹੀ ਹੋ ਸਕਦੀ ਹੈ ਕਿਉਂਕਿ ਉਨ੍ਹਾਂ ਦਾ ਜੀਵਨ ਢੰਗ ਇਹੋ ਜਿਹਾ ਹੁੰਦਾ ਸੀ ਕਿ ਦਾਸੀਆਂ ਵੀ ਮਹੱਲਾਂ ਤੋਂ ਬਾਹਰ ਨਹੀਂ ਸਨ ਨਿਕਲਦੀਆਂ। ਪ੍ਰੋ. ਮੁਹੰਮਦ ਅਕਰਮ ਦੇ ਸ਼ਬਦਾਂ ਵਿਚ,"ਕਿਹਾ ਜਾਂਦਾ ਹੈ ਕਿ ਪੁਰਾਣੇ ਸਮੇਂ ਵਿਚ ਇਹ ਸੀਤਾ ਦਾ ਮਹੱਲ ਹੁੰਦਾ ਸੀ। ਇਹਦੇ ਚਾਰੇ ਪਾਸੇ, ਭਾਵ ਪੂਰਬ, ਪੱਛਮ, ਉੱਤਰ, ਦੱਖਣ ਵਲ ਚਾਰ ਖੂਹ ਹੁੰਦੇ ਸਨ। ਪੁਰਾਣੇ ਸਮਿਆਂ ਵਿਚ ਇਨ੍ਹਾਂ ਨੂੰ ਬਾਉਲੀ ਕਿਹਾ ਜਾਂਦਾ ਸੀ ਕਿਉਂ ਜੋ ਇਨ੍ਹਾਂ ਖੂਹਾਂ ਵਿਚ ਇਕ ਦਰਵਾਜ਼ਾ ਹੁੰਦਾ ਸੀ ਜਿਸ ਵਿਚੋਂ ਇਕ ਸੁਰੰਗ ਨਿਕਲ ਕੇ ਸੀਤਾ ਦੇ ਮਹੱਲ ਨੂੰ ਜਾਂਦੀ ਸੀ।"

ਇਹ ਮਹੱਲ ਇਕ ਕਿਲੇ ਵਾਂਗ ਸੀ। ਅੱਜਕੱਲ ਦੇ ਨਨਕਾਣਾ ਸ਼ਹਿਰ ਤੋਂ ਇਹ ਟਿੱਲਾ ਕਾਫ਼ੀ ਉੱਚਾ ਹੈ। ਪੁਰਾਣੇ ਖੰਡਰਾਂ ਦੇ ਖੋਜੀਆਂ ਦਾ ਅੰਦਾਜ਼ਾ ਹੈ ਕਿ ਇਸ ਦੇ ਚਾਰੇ ਪਾਸੇ ਇੱਕ ਉਚੀ ਕੰਧ ਹੋਵੇਗੀ ਤੇ ਇਸ ਵਿਚ ਦਾਖਲ ਹੋਣ ਦਾ ਕੇਵਲ ਇਕੋ ਰਸਤਾ ਹੀ ਹੋਵੇਗਾ। ਆਪਣੇ ਵਿਸ਼ਾਲ ਤੇ ਵੱਡੇ ਵਰਗਫਲ 'ਤੇ ਫੈਲਿਆ ਹੋਇਆ ਇਹ ਮਹੱਲ ਆਪਣੇ ਸਮੇਂ ਵਿਚ ਯਕੀਨਨ ਬੜਾ ਸੋਹਣਾ ਤੇ ਖੁਸ਼ਨੁਮਾ ਹੁੰਦਾ ਹੋਵੇਗਾ। ' ਇਸ ਵਿਚ ਸੁੰਦਰ ਕੁਮਾਰੀਆਂ ਆਪਣੀ ਮਟਕੀਲੀ ਚਾਲ ਵਿਚ ਤੁਰਦੀਆਂ ਫਿਰਦੀਆਂ ਹੋਣਗੀਆਂ। ਆਕਰਸ਼ਕ ਦਾਸੀਆਂ ਵੀ ਆਪਣੀਆਂ ਅਦਾਵਾਂ ਨਾਲ ਅਠਕੇਲੀਆਂ ਕਰਦੀਆਂ ਹੋਣਗੀਆਂ। ਦੂਰ ਨਜ਼ਰ ਤਕ ਫੈਲੇ ਹੋਏ ਇਸ ਘਣੇ ਜੰਗਲ ਵਿਚ ਮਾਨਵੀ ਜੀਵਨ ਦੇ ਚਿੱਤਰ ਬਾਰੇ ਕਹਾਣੀਆਂ ਪੈਂਦੀਆਂ ਰਹੀਆਂ ਹੋਣਗੀਆਂ।

ਇਕ ਵਿਦਿਆਰਥੀ ਦੇ ਮਨ ਵਿਚ ਇਹ ਸਵਾਲ ਅਵੱਸ਼ ਤੌਰ ਤੇ ਪੈਦਾ ਹੁੰਦਾ ਹੈ ਕਿ ਜੇ ਇਹ ਮਹੱਲ ਸੀਤਾ ਤੇ ਰਾਮ ਚੰਦਰ ਦਾ ਹੁੰਦਾ ਸੀ ਤਾਂ ਇਸ ਦੀ ਤਬਾਹੀ ਤੇ ਬਰਬਾਦੀ ਦਾ ਕਾਰਣ ਕੀ ਹੋ ਸਕਦਾ ਹੈ। ਅੱਜ ਤੱਕ ਇਹ ਭੇਦ ਕੋਈ ਨਹੀਂ ਜਾਣ ਸਕਿਆ। ਜੇ ਸਾਂਦਲ-ਬਾਰ ਦੇ ਚਿਤਰ ਨੂੰ ਅਪਣੇ ਮਨ ਦੇ ਚਿਤ੍ਰ-ਪੱਟ ਦੇ ਲਿਆਈਏ ਤੇ ਦੇਖੀਏ ਕਿ ਹਰ ਪਾਸੇ ਕਿਵੇਂ ਘਣੇ ਜੰਗਲ ਹੀ ਜੰਗਲ ਫੈਲੇ ਹੋਏ ਹਨ ਤੇ ਮਨੁਖੀ ਸਭਿਆਚਾਰ ਤੇ ਸੰਸਕ੍ਰਿਤੀ ਦਾ ਕੋਈ ਚਿੰਨ ਨਹੀਂ ਦਿਸਦਾ ਤਾਂ ਇਹ ਗੁਮਾਨ ਯਕੀਨ ਵਿਚ ਬਦਲ ਜਾਂਦਾ ਹੈ, ਕਿ ਜੰਗਲ ਤਾਂ ਡਾਕੂਆਂ, ਚੋਰਾਂ ਤੇ ਲੁਟੇਰਿਆਂ ਦੇ ਰਹਿਣ ਦੀਆਂ ਥਾਵਾਂ ਹੁੰਦੀਆਂ ਹਨ ਤੇ ਜੰਗਲ ਵਿਚ ਰਹਿਣ ਵਾਲੇ ਲੋਕ ਪੱਕੇ ਤੌਰ ਤੇ ਚੋਰ, ਡਾਕੂ ਤੇ ਲੁਟੇਰੇ ਹੁੰਦੇ ਸਨ ਜੋ ਡਾਕਾ ਮਾਰਨ ਪਿੱਛੋਂ ਆਪਣੀ ਸੁਰੱਖਿਆ ਲਈ ਜੰਗਲਾਂ ਵਿਚ ਜਾ ਲੁਕਦੇ ਹਨ। ਸਾਂਦਲ-ਬਾਰ ਦਾ ਇਹ ਇਲਾਕਾ ਵੀ ਬਿਨਾਂ ਸ਼ੱਕ ਇਸ ਕੰਮ ਵਿਚ ਪਿਛੇ ਨਹੀਂ ਰਿਹਾ ਹੋਵੇਗਾ। ਸੀਤਾ ਤੇ ਰਾਮਚੰਦਰ ਦੇ ਇਸ ਮਹੱਲ ਦੀ ਤਬਾਹੀ ਤੇ ਬਰਬਾਦੀ ਬਾਰੇ ਲੋਕਾਂ ਵਿਚ ਜੋ ਆਮ ਖਿਆਲ ਹੈ ਉਸ ਬਾਰੇ ਪ੍ਰੋ. ਮੁਹੰਮਦ ਅਕਰਮ ਸ਼ਾਹਦ ਕਹਿੰਦਾ ਹੈ

"ਇਸ ਇਲਾਕੇ ਵਿਚ ਬਾਬਾ ਨੌਲਖਾ ਹਜ਼ਾਰੀ ਰਹਿੰਦਾ ਹੁੰਦਾ ਸੀ ਜਿਸ ਦਾ ਮਜ਼ਾਰ ਨਨਕਾਣਾ ਸਾਹਿਬ ਦੇ ਨਜ਼ਦੀਕੀ ਕਸਬੇ ਸ਼ਾਹਕੋਟ ਵਿਚ ਹੈ। ਉਸ ਜ਼ਮਾਨੇ ਵਿਚ ਬਾਬਾ ਨੌਲਖਾ ਹਜ਼ਾਰੀ ਬਹੁਤ ਵੱਡੇ ਬਜ਼ੁਰਗ ਹੁੰਦੇ ਸਨ ਤੇ ਸਾਰੇ ਇਲਾਕੇ ਵਿੱਚ ਉਨ੍ਹਾਂ ਦੇ ਮੁਰੀਦ ਫੈਲੇ ਹੋਏ ਸਨ। ਕਹਿੰਦੇ ਹਨ ਕਿ ਬਾਬਾ ਜੀ ਦੇ ਕੁਝ ਮੁਰੀਦ ਚੋਰੀਆਂ ਕਰਨ ਲਗ ਪਏ ਸਨ ਤੇ ਚੋਰੀ ਕਰਕੇ ਸੀਤਾ ਦੇ ਮਹੱਲ ਤੇ ਉਹਦੇ ਗੁਆਂਢ ਵਿਚ ਪਨਾਹ ਲੈ ਲੈਂਦੇ ਸਨ। ਬਾਬਾ ਜੀ ਕਈ ਵਾਰੀ ਉਨ੍ਹਾਂ ਨੂੰ ਅਜਿਹੀ ਕਰਨ ਤੋਂ ਵਰਜਦੇ ਵੀ ਸਨ ਪਰ ਉਹ ਬਾਜ਼ ਨਹੀਂ ਸੀ ਆਉਂਦੇ। ਇਸ ਦੇ ਸਿੱਟੇ ਵਜੋਂ ਬਾਬਾ ਜੀ ਨੇ ਇਕ ਬਦ-ਦੁਆ ਦਿਤੀ ਜਿਸ ਕਾਰਣ ਇਹ ਮਹੱਲ ਗਰਕ ਹੋ ਕੇ ਮਲਬੇ ਦੇ ਇਕ ਢੇਰ ਵਿਚ ਬਦਲ ਗਿਆ। ਇਹੋ ਮਿਟੀ ਦਾ ਢੇਰ ਅੱਜ-ਕੱਲ੍ਹ"ਧੌਲਰ" ਦੇ ਨਾਂ ਨਾਲ ਪ੍ਰਸਿਧ ਹੈ।" ਅੱਲ੍ਹਾ ਦੇ ਇਕ ਵਲੀ ਦੀ ਬਦ-ਦੁਆ ਦੇ ਸਿੱਟੇ ਵਜੋਂ ਨਾ ਕੇਵਲ ਉਹਦੇ ਕੁਕਰਮੀ ਚੋਰੀ ਹੀ ਮਾਰੇ ਸਗੋਂ ਉਨ੍ਹਾਂ ਦੇ ਰਹਿਣ ਵਾਲੀ ਥਾਂ ਵੀ ਉਨ੍ਹਾਂ ਦੀਆਂ ਆਉਣ ਵਾਲੀਆਂ ਪੁਸ਼ਤਾਂ ਲਈ ਇਕ ਇਹੋ ਜਿਹਾ ਚਿੰਨ੍ਹ ਬਣ ਗਈ ਜਿਸ ਤੋਂ ਪਤਾ ਲਗਦਾ ਰਹੇ ਕਿ ਬੁਰਾਈ ਦਾ ਅੰਤ ਸਦਾ ਤਬਾਹੀ ਵਿਚ ਹੀ ਹੁੰਦਾ ਹੈ। ਅਜੋਕੀ ਧੌਲਰ ਵਿਚ ਮਨੁੱਖੀ ਜੀਵਨ ਨਾਲ ਸੰਬੰਧਿਤ ਵਸਤਾਂ ਦਾ ਪਤਾ ਕਬਰ ਖੋਦਣ ਸਮੇਂ ਲਗਦਾ ਰਹਿੰਦਾ ਹੈ। ਅੱਜ ਤੋਂ ਚਾਲੀ ਸਾਲ ਪਹਿਲਾਂ ਅਥਵਾ ਸੰਨ 1960 ਵਿਚ ਇਕ ਕਬਰ ਦੀ ਖੁਦਾਈ ਸਮੇਂ ਜਦੋਂ ਇਕ ਕਬਰ ਖੋਦਣ ਵਾਲਾ ਕਬਰ ਖੋਦ ਰਿਹਾ ਸੀ ਤਾਂ ਉਸ ਨੂੰ ਉਹਦੇ ਵਿਚੋਂ ਕੁਝ ਮਿੱਟੀ ਦੇ ਭਾਂਡੇ ਜਿਨ੍ਹਾਂ ਵਿਚ ਕੁਨਾਲੀ ਮਿੱਟੀ ਦਾ ਤਵਾ, ਇਕ ਵੱਡਾ ਸਾਰਾ ਮਟਕਾ ਜਿਸ ਵਿਚ ਕਣਕ ਅਸਲੀ ਹਾਲਤ ਵਿਚ ਪਈ ਹੋਈ ਸੀ ਤੇ ਕੁਝ ਪੁਰਾਣੇ ਸਿੱਕੇ ਮਿਲੇ। ਇਨ੍ਹਾਂ ਸਾਰੀਆਂ ਗਲਾਂ ਤੋਂ ਇਸ ਸੱਚਾਈ ਦਾ ਅੰਦਾਜ਼ਾ ਤਾਂ ਹੋ ਜਾਂਦਾ ਹੈ ਕਿ ਇਸ ਖੰਡਰ ਵਿਚ ਜੀਵਨ ਦੀਆਂ ਸਾਰੀਆਂ ਲੋੜੀਂਦੀਆਂ ਚੀਜ਼ਾਂ ਮੌਜੂਦ ਸਨ ਪਰ ਇਹ ਕਿਸੇ ਨੂੰ ਪਤਾ ਨਹੀਂ ਸੀ ਕਿ ਇਹ, ਚੀਜ਼ਾਂ ਕਿਸ ਸਮੇਂ ਦੀਆਂ ਹਨ ਤੇ ਨਾ ਹੀ ਕਬਰ ਖੋਦਣ ਵਾਲੇ ਜਾਣਦੇ ਸਨ। ਇਕ ਵਾਰੀ ਕਬਰ ਦੀ ਖੁਦਾਈ ਸਮੇਂ ਕਬਰ ਪੁਟਣ ਵਾਲੇ ਨੂੰ ਇਕ ਮੂਰਤੀ ਮਿਲੀ ਜਿਸ ਨੂੰ ਕੋਈ ਸਰਦਾਰ ਆਪਣੇ ਨਾਲ ਯਾਦਗਾਰ ਵਜੋਂ ਲੈ ਗਿਆ।

ਸੀਤਾ ਦੇ ਮਹਿਲਾਂ ਦੇ ਖੰਡਰਾਂ ਵਾਲਾ ਅਜੋਕਾ "ਧੌਲਰ" ਕਿੰਨਾ ਪੁਰਾਣਾ ਹੈ, ਇਸ ਉੱਤਰ ਤਾਂ ਪ੍ਰਾਚੀਨ ਸਥਾਨਾਂ ਦਾ ਖੋਜੀ ਹੀ ਦੇ ਸਕਦਾ ਹੈ। ਮੈਂ ਇਸ ਵਿਚ ਉਸ ਸੁਰੰਗ ਨੂੰ ਵੀ ਦੇਖਿਆ ਹੈ ਜਿਸ ਵਿਚੋਂ ਲੰਘ ਕੇ ਦਾਸੀਆਂ ਬਾਉਲੀਆਂ ਵਿਚੋਂ ਪਾਣੀ ਭਰ ਕੇ ਮਹਿਲਾਂ ਵਿਚ ਲਿਆਇਆ ਕਰਦੀਆਂ ਸਨ। ਇਹ ਸੁਰੰਗਾਂ ਮਹੱਲ ਦੇ ਚੌਹਾਂ ਕੋਣਿਆਂ 'ਤੇ ਬਣਾਈਆਂ ਗਈਆਂ ਸਨ। ਜੇ ਅੱਜ ਤਿੰਨ ਨਹੀਂ ਮਿਲਦੀਆਂ ਤਾਂ ਇਕ ਖੂਹ ਆਪਣੀ ਚਾਲੂ ਹਾਲਤ ਵਿਚ ਅਜੇ ਵੀ ਸਾਨੂੰ ਪ੍ਰਾਚੀਨ ਸਮੇਂ ਦੀ ਕਹਾਣੀ ਸੁਣਾਉਂਦਾ ਜਾਪਦਾ ਹੈ। ਬਾਉਲੀਆ ਨੂੰ ਜਾਣ ਵਾਲੀ ਸੁਰੰਗ ਅਜੇ ਵੀ ਮੌਜੂਦ ਹੈ ਜਿਸ ਵਿਚ ਸ਼ਹੀਦ ਕੁਰਾਨ ਪਾਕ ਦੇ ਨੁਸਖ਼ੇ ਰੱਖੇ ਹੋਏ ਹਨ ਤੇ ਫ਼ਕੀਰਾਂ ਨੇ ਇਸ ਨੂੰ ਆਪਣਾ ਟਿਕਾਣਾ ਬਣਾਇਆ ਹੋਇਆ ਹੈ। ਇਸ ਸੁਰੰਗ ਦੇ ਪੱਛਮ ਵਲ ਸਭ ਤੋਂ ਉਪਰ ਰਾਏ ਬੁਲਾਰ ਦੀ ਕੱਚੀ ਕਬਰ ਹੈ ਜਿਹੜਾ ਰਾਏ ਭੋਏ ਤੋਂ ਪਿਛੋਂ ਇਸ ਜਾਗੀਰ ਦਾ ਮਾਲਿਕ ਬਣਿਆ ਸੀ। ਉਸ ਨੇ ਆਪਣੀ ਜੀਵਨ ਸਮੇਂ ਹੀ ਸਾਢੇ ਸੱਤ ਸੌ ਮੁਰੱਬਾ ਜ਼ਮੀਨ ਬਾਬਾ ਨਾਨਕ ਦੇ ਨਾਂ ਵਾਕਫ਼ ਕਰ ਦਿਤੀ ਸੀ।

ਦਰਿਆ ਰਾਵੀ ਅਤੇ ਸਾਂਦਲ-ਬਾਰ ਦੀ ਪ੍ਰਾਚੀਨ ਸਮੇਂ ਦੀ ਦਰਾਵੜ ਕੌਮ ਬਾਰੇ ਨਿਆਮਤ ਅਹਿਮਦ ਕੁਝ ਇਸ ਤਰ੍ਹਾਂ ਚਾਨਣ ਪਾਉਂਦੇ ਹਨ :-



"ਦਰਿਆਏ ਰਾਵੀ ਦੇ ਕੰਢੇ ਬੈਠ ਕੇ ਗੁਰੂ ਬਾਲਮੀਕ ਸਵਾਮੀ ਜੀ ਨੇ ਰਮਾਇਣ ਵਰਗੀ ਅਜ਼ੀਮ ਕਿਤਾਬ ਲਿਖੀ। ਏਥੇ ਹੀ ਸੀਤਾ ਜੀ ਨੇ ਸੀਤਾ-ਰਮਾਇਣ ਲਿਖਿਆ। ਏਸੇ ਥਾਂ ਹੀ ਸੀਤਾ ਜੀ ਦੇ ਦੋ ਪੁੱਤਰ 'ਲੋਹ ਕੁਸ਼' ਪੈਦਾ ਹੋਏ ਜਿਨ੍ਹਾਂ, ਗਭਰੂ ਹੋ ਕੇ ਸ੍ਰੀ ਰਾਮ ਚੰਦਰ ਤੇ ਲਛਮਣ ਜੀ ਨਾਲ ਯੁਧ ਕੀਤਾ। ਰਾਵੀ ਦਰਿਆ ਦੇ ਕੰਢੇ ਹੜੱਪਾ ਵਰਗਾ ਅਜ਼ੀਮ ਨਗਰ ਆਬਾਦ ਹੋਇਆ। ਸੋ ਦਰਾਵੜਾਂ ਦੀ ਜੜ ਤੇ ਰਾਵੀ ਦਰਿਆ ਨਾਲ ਬਹੁਤ ਪੱਕੀ ਰਹੀ ਹੈ।"

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਰਾਵੀ ਦਰਿਆ ਸਾਂਦਲ-ਬਾਰ ਵਿਚ ਕਦੋਂ ਵਹਿੰਦਾ ਹੁੰਦਾ ਸੀ ਤੇ ਇਹਦੇ ਕਿਨਾਰੇ ਸੀਤਾ-ਰਾਮ ਚੰਦਰ ਦਾ ਮਹਿਲ ਕਦੋਂ ਉਸਰਿਆ ਸੀ। ਇਹ ਗਲ ਤਾਂ ਪੱਕੀ ਹੈ ਕਿ ਰਾਵੀ ਦਰਿਆ ਇਸ ਸਾਂਦਲ-ਬਾਰ ਦੇ ਇਲਾਕਿਆਂ ਵਿਚ ਹੀ ਵਹਿੰਦਾ ਰਿਹਾ ਹੈ ਕਿਉਂ ਜੋ ਜ਼ਮੀਨ ਦੀ ਜ਼ਰਖੇਜ਼ੀ ਦਰਿਆ ਦੇ ਪਾਣੀਆਂ ਕਾਰਣ ਹੀ ਹੁੰਦੀ ਹੈ ਤੇ ਸਾਂਦਲ-ਬਾਰ ਦੀਆਂ ਸਾਰੀਆਂ ਜ਼ਮੀਨਾਂ ਅੱਜ ਵੀ ਸੋਨਾ ਉਗਲਦੀਆਂ ਹਨ। ਜੇ ਇਸ ਇਲਾਕੇ ਦੀ ਆਬਾਦਕਾਲ ਦਾ ਪਤਾ ਲਾਉਣਾ ਹੋਵੇ ਤਾਂ ਅਸੀਂ ਦੇਖਦੇ ਹਾਂ ਕਿ ਜਦੋਂ ਅੰਗ੍ਰੇਜ਼ਾਂ ਨੇ ਸੰਨ 1892 ਵਿਚ ਨਹਿਰ ਅਪਰ ਚਨਾਬ ਕਢ ਕੇ ਜ਼ਮੀਨਾਂ ਨੂੰ ਪਾਣੀ ਦਿਤਾ ਤਾਂ ਲੋਕਾਂ ਨੇ ਜੰਗਲਾਂ ਨੂੰ ਕੱਟ ਕੱਟ ਕੇ ਜ਼ਮੀਨਾਂ ਨੂੰ ਆਬਾਦ ਕਰਨਾ ਸ਼ੁਰੂ ਕਰ ਦਿੱਤਾ ਤੇ ਇਸ ਸਾਂਦਲ-ਬਾਰ ਦੇ ਇਲਾਕੇ ਵਿਚ ਮਨੁੱਖੀ ਆਬਾਦੀਆਂ ਦਾ ਵਿਸ਼ਾਲ ਫੈਲਾ 1892 ਤੋਂ ਹੀ ਸ਼ੁਰੂ ਹੋ ਗਿਆ ਤੇ ਅੱਜ ਇਹ ਹਾਲਤ ਹੈ ਕਿ ਸਾਂਦਲ-ਬਾਰ ਦੇ ਕਿਸੇ ਇਲਾਕੇ ਵਿਚ ਵੀ ਕੋਈ ਜੰਗਲ ਨਹੀਂ ਮਿਲਦਾ।

ਹੁਣ ਪੁਰਾਣੀਆਂ ਰਿਵਾਇਤੀ ਕਹਾਣੀਆਂ ਦਾ ਵੀ ਸੰਖੇਪ ਰੂਪ ਵਿਚ ਵਰਣਨ ਕਰ ਲਿਆ ਜਾਵੇ ਜੋ ਸਾਂਦਲ-ਬਾਰ ਸਬੰਧੀ ਸਮੇਂ ਨਾਲ ਜੁੜੀਆਂ ਹੋਈਆਂ ਹਨ ਤੇ ਲੋਕਾਂ ਵਿਚ ਪੀੜ੍ਹੀਓਂ-ਪੀੜ੍ਹੀ ਤੁਰੀਆਂ ਆ ਰਹੀਆਂ ਹਨ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਾਂਦਲ ਭੂਤਕਾਲ ਦਾ ਇਕ ਨਾ ਭੁੱਲਣ ਵਾਲਾ ਪਾਤਰ ਹੈ। ਕੋਈ ਉਸ ਨੂੰ ਅਕਬਰਿ-ਆਜ਼ਿਮ ਸਮੇਂ ਦਾ ਦਸਦਾ ਹੈ ਤੇ ਕੋਈ ਸਕੰਦਰਿ-ਆਜ਼ਮ ਦੇ ਕਾਲ ਦਾ। ਆਓ ਇਨ੍ਹਾਂ ਸਾਰੇ ਸਾਂਦਲਾਂ ਨਾਲ ਇਕ ਸੰਖੇਪ ਆਜ਼ਮ ਦੇ ਕਾਲ ਦਾ। ਆਓ ਇਨ੍ਹਾਂ ਸਾਰੇ ਸਾਂਦਲਾਂ ਨਾਲ ਇੱਕ ਸੰਖੇਪ ਜਿਹੀ ਮੁਲਾਕਾਤ ਕਰ ਲਈਏ ਜੋ ਸਮੇਂ ਅਤੇ ਇਤਿਹਾਸ ਦੇ ਪੰਨਿਆਂ ਤੇ ਅਜੇ ਵੀ ਕਿਸੇ ਨਾ ਕਿਸੇ ਰੂਪ ਵਿਚ ਜੀਉਂਦੀ ਹੈ।

**ਬਿਜਲੀ ਖਾਂ ਉਰਫ਼ ਸਾਂਦਲ**

ਜੇ ਭੱਟੀਆਂ ਦੀ ਬੰਸਾਵਲੀ ਦਾ ਗਹੁ ਨਾਲ ਅਧਿਐਨ ਕੀਤਾ ਜਾਵੇ ਤਾਂ ਰਾਏ ਰਾਜਾ ਭੁਜ ਉਰਫ਼ ਭੋਨੀ ਖਾਂ ਦਾ ਪਤਾ ਲਗਦਾ ਹੈ ਜਿਸ ਦਾ ਰਾਜ ਕਾਲ ਸੰਨ 970-71 ਤੋਂ 1004 ਤਕ ਦਾ ਹੈ। ਰਾਏ ਭੋਨੀ ਖਾਂ ਦੇ ਬਾਰਾਂ ਬਚਿਆਂ ਵਿਚ ਸਭ ਤੋਂ ਵੱਡਾ ਲੜਕਾ ਰਾਏ ਗੁਰਪਾਲ ਰਾਜਾ ਸੀ ਜਿਸ ਦੀ ਪੀੜ੍ਹੀ ਵਿਚੋਂ ਬਿਜਲੀ ਖਾਂ ਦਾ ਜਨਮ ਹੋਇਆ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਪਿੰਡ ਭੱਟੀਆਂ ਦਾ ਬਿਜਲੀ ਖਾਂ ਉਰਫ਼ ਸਾਂਦਲ ਰਾਏ ਭੋਨੀ ਦੇ ਹੀ ਘਰਾਣੇ ਵਿਚੋਂ ਸੀ। ਇਹ ਸਿਲਸਿਲਾ ਕਿਹੜੀ ਪੁਸ਼ਤ ਨਾਲ ਜਾ ਕੇ ਮਿਲਦਾ ਹੈ, ਇਹ ਇਕ ਵੱਖਰੀ ਕਹਾਣੀ ਹੈ। ਇਸ ਵੇਲੇ ਸਾਡੇ ਦੱਸਣ ਦਾ ਮੰਤਵ ਇਹ ਹੈ ਕਿ ਸਾਂਦਲ-ਬਾਰ ਦਾ ਇਲਾਕਾ ਸਾਂਦਲ ਦੀ ਵਜ੍ਹਾ ਨਾਲ ਹੀ ਮਸ਼ਹੂਰ ਹੋਇਆ। ਬਿਜਲੀ ਖਾਂ ਦੁੱਲਾ ਭੱਟੀ ਦਾ ਦਾਦਾ ਸੀ। ਲੋਕਾਂ ਵਿਚ ਉਹ ਸਾਂਦਲ ਦੇ ਨਾਂ ਨਾਲ ਪ੍ਰਸਿੱਧ ਸੀ। ਪਿੰਡੀ ਭੱਟੀਆਂ ਤੋਂ ਲੈ ਕੇ 'ਦੂਲੇ-ਵਾਲਾ' ਤਕ ਦਾ ਸਾਰਾ ਇਲਾਕਾ ਉਹਦੇ ਅਸੀਣ ਸੀ। ਇਸ ਲਈ ਸਾਂਦਲ ਦੀ ਬਾਰ ਜਾਂ ਸਾਂਦਲ-ਬਾਰ ਦਾ ਨਾਂ ਹੀ ਇਸ ਦੀ ਪਛਾਣ ਬਣ ਗਿਆ। ਬਿਜਲੀ ਖਾਂ ਉਰਫ਼ ਸਾਂਦਲ ਤੇ ਉਸ ਦੇ ਪੁੱਤਰ ਫਰੀਦ ਖਾਂ, ਜੋ ਦੁੱਲਾ-ਭੱਟੀ ਦਾ ਪਿਤਾ ਸੀ, ਉਨ੍ਹਾਂ ਦੋਹਾਂ ਨੂੰ ਮੁਗਲਾਂ ਨੇ ਬਗਾਵਤ ਦੇ ਜੁਰਮ ਵਿਚ ਸ਼ਰੇਆਮ ਫਾਂਸੀ ਦੇ ਦਿਤੀ ਸੀ। ਸਾਂਦਲ ਦੀ ਇਹ ਰਵਾਇਤ ਪੰਜਾਬ ਵਿਚ ਬਹੁਤ ਪ੍ਰਸਿੱਧ ਹੈ।

**ਸਾਂਦਲ, ਸਾਂਗਲ ਤੇ ਸਾਰੂ**

ਇਸ ਇਲਾਕੇ ਸਬੰਧੀ ਇਕ ਹੋਰ ਰਵਾਇਤ ਵੀ ਪ੍ਰਸਿਧ ਹੈ। ਉਹ ਇਹ ਕਿ ਸਾਂਦਲ, ਸਾਂਗਲ ਤੇ ਸਾਰੂ ਤਿੰਨ ਭਰਾ ਹੁੰਦੇ ਸਨ ਜਿਨ੍ਹਾਂ ਵਿਚੋਂ ਸਾਂਦਲ ਸਭ ਤੋਂ ਤਕੜਾ ਤੇ ਡਾਕੂ ਹੁੰਦਾ ਸੀ। ਉਹਨੇ ਸ਼ਾਹਕੋਟ ਅਤੇ ਉਸਦੇ ਨਾਲ ਲਗਦੇ ਇਲਾਕੇ ਨੂੰ ਆਪਣਾ ਨਿਸ਼ਾਨਾ ਬਣਾਇਆ ਹੋਇਆ ਸੀ ਤੇ ਵਾਰਦਾਤ ਕਰਨ ਤੋਂ ਬਾਅਦ ਬਾਰ ਦੇ ਇਨ੍ਹਾਂ ਜੰਗਲਾਂ ਵਿਚ ਜਾ ਕੇ ਲੁਕ ਜਾਂਦਾ ਸੀ। ਦੂਸਰਾ ਭਰਾ ਸਾਂਗਲ ਸੀ। ਰਵਾਇਤ ਅਨੁਸਾਰ ਅਜੋਕਾ ਸਾਂਗਲਾ-ਹਿਲ ਉਹਦੇ ਨਾਂ ਉਤੇ ਹੀ ਆਬਾਦ ਹੋਇਆ ਹੈ। ਸਾਂਗਲ ਨਾਂ ਤਾਂ ਪਹਿਲਾਂ ਹੀ ਸੀ ਤੇ ਜਦੋਂ ਅੰਗ੍ਰੇਜ਼ਾਂ ਨੇ ਇਸ ਇਲਾਕੇ ਵਿਚ ਆ ਕੇ ਆਪਣੀ ਕਾਰਵਾਈ ਸ਼ੁਰੂ ਕੀਤੀ ਤਾਂ ਉਨ੍ਹਾਂ ਨੇ ਪਹਾੜੀ ਨੂੰ ਸਾਂਗਲਾ ਦਾ ਨਾਂ ਦੇ ਕੇ ਇਸ ਨੂੰ ਸਾਂਗਲਾ ਹਿਲ ਬਣਾ ਦਿੱਤਾ। ਅੱਜ ਵੀ ਸਾਂਗਲ ਦਾ ਸਾਂਗਲਾ ਹਿਲ ਸ਼ਹਿਰ ਸ਼ੇਖੂਪੁਰਾ ਦੀ ਸਭ ਤੋਂ ਵੱਡੀ ਤਹਿਸੀਲ ਹੈ। ਸਭ ਤੋਂ ਛੋਟਾ ਭਰਾ ਸਾਰੂ ਸੀ ਜਿਹੜਾ ਅਜੋਕੇ ਫ਼ੈਸਲਾਬਾਦ ਦੇ ਸਥਾਨ ਵਿਚ ਰਹਿੰਦਾ ਹੁੰਦਾ ਸੀ। ਸਾਂਗਲ ਤੇ ਸਾਰੂ ਬਾਰੇ ਸਾਨੂੰ ਬਹੁਤਾ ਕੁਝ ਨਹੀਂ ਮਿਲਦਾ ਐਪਰ ਸਾਂਦਲ ਦੀ ਮੌਤ ਬਾਰੇ ਲੋਕਾਂ ਵਿਚ ਇਹ ਗਲ ਮਸ਼ਹੂਰ ਹੈ ਕਿ ਸਾਂਦਲ ਡੱਚ ਕੌਮ ਦੇ ਹੱਥੋਂ ਇਕ ਲੜਾਈ ਵਿਚ ਮਾਰਿਆ ਗਿਆ ਸੀ। ਦੂਸਰੀ ਰਵਾਇਤ ਇਹ ਵੀ ਮਸ਼ਹੂਰ ਹੈ ਕਿ ਉਹਨੂੰ ਕਿਸੇ ਹਜਾਮ ਨੇ ਕਤਲ ਕਰ ਦਿੱਤਾ ਸੀ ਜਦੋਂ ਉਹ ਨਸ਼ੇ ਦੀ ਹਾਲਤ ਵਿਚ ਬੇਖ਼ਬਰ ਸੁੱਤਾ ਹੋਇਆ ਸੀ। ਸ਼ਾਇਦ ਉਸ ਨੂੰ ਨਵਾਬਾਂ ਵਾਲੇ ਛੱਪੜ, ਜਿਥੇ ਅੱਜਕਲ ਫੈਸਲਾਬਾਦ ਦੀ ਨਿਸ਼ਾਰ ਕਲੋਨੀ ਹੈ, ਤੇ ਜਿਥੇ ਮੀਂਹ ਦਾ ਪਾਣੀ ਇਕੱਠਾ ਕੀਤਾ ਜਾਂਦਾ ਸੀ, ਦੇ ਨਜ਼ਦੀਕ ਹੀ ਕਿਤੇ ਦਫਣ ਕਰ ਦਿੱਤਾ ਗਿਆ ਸੀ। ਇਨ੍ਹਾਂ ਗੱਲਾਂ ਵਿਚ ਕਿੰਨਾ ਕੁਝ ਸੱਚ ਹੈ ਇਸ ਭੇਦ ਦਾ ਪਤਾ ਅਜੇ ਤਕ ਨਹੀਂ ਲਗ ਸਕਿਆ।

**ਸਾਂਦਲ ਡਾਕੂ**

ਸਾਂਦਲ ਸਬੰਧੀ ਇਹ ਇਕ ਸਪੱਸ਼ਟ ਰਾਏ ਹੈ ਕਿ ਸਾਂਦਲ ਇਕ ਡਾਕੂ ਹੁੰਦਾ ਸੀ ਤੇ ਉਹ ਚੂਹੜਾ ਸੀ। ਉਹਦੀ ਕੌਮ ਦੇ ਲੋਕ ਉਹਨੂੰ ਆਪਣਾ ਸਰਦਾਰ ਮੰਨਦੇ ਸਨ। ਉਹ ਬੜਾ ਨਿਡਰ ਤੇ ਜ਼ੋਰਾਵਰ ਸੀ। ਸਾਰਾ ਇਲਾਕਾ ਉਹਦੇ ਨਾਂ ਤੋਂ ਕੰਬਦਾ ਸੀ। ਇਕ ਵਾਰੀ ਸਾਂਦਲ ਨੇ ਰਾਜਪੂਤਾਂ ਤੋਂ ਰਿਸ਼ਤਾ ਮੰਗਿਆ। ਰਾਜਪੂਤ ਦਿਲੋਂ ਤਾਂ ਰਿਸ਼ਤਾ ਦੇਣ ਨੂੰ ਰਾਜ਼ੀ ਨਹੀਂ ਸਨ ਪਰ ਉਨ੍ਹਾਂ ਵਿਚ ਖੁੱਲ੍ਹੇ ਤੌਰ 'ਤੇ ਨਾਂਹ ਕਰਨ ਦਾ ਹੌਸਲਾ

ਵੀ ਨਹੀਂ ਸੀ ਕਿਉਂਜੋ ਨਾਂ ਦਾ ਭਾਵ ਸੀ ਸਾਂਦਲ ਦੇ ਗੁੱਸੇ ਤੇ ਮੁਕਾਬ ਨੂੰ ਸਹੇੜਨਾ। ਇਸ ਲਈ ਰਾਜਪੂਤਾਂ ਨੇ ਉਪਰੋਂ ਉਪਰੋਂ ਇਕਰਾਰ ਕਰ ਲਿਆ ਤੇ ਰਿਸ਼ਤੇ ਲਈ ਹਾਂ ਕਰ ਦਿਤੀ ਪਰ ਨਾਲ ਹੀ ਸਾਂਦਲ ਤੋਂ ਇਹ ਵਚਨ ਲੈ ਲਿਆ ਕਿ ਇਕ ਸਾਲ ਪਿਛੋਂ ਜਦੋਂ ਉਹ ਜੰਞ ਲੈ ਕੇ ਆਵੇਗਾ ਤਾਂ ਉਹਦੇ ਨਾਲ ਚੂਹੜਾ ਕੌਮ ਦੇ ਸਾਰੇ ਪੁਰਸ਼ ਤੇ ਇਸਤਰੀਆਂ ਹੋਣਗੀਆਂ। ਇਹ ਪੂਰਾ ਵਰ੍ਹਾ ਰਾਜਪੂਤ ਆਪਣੀ ਬੇ-ਇਜ਼ਤੀ ਦਾ ਬਦਲਾ ਲੈਣ ਲਈ ਬੜੇ ਭੇਦ-ਭਰੇ ਢੰਗ ਨਾਲ ਯੋਜਨਾ ਘੜਦੇ ਰਹੇ ਕਿ ਸਾਂਦਲ ਨੇ ਰਿਸ਼ਤਾ ਮੰਗ ਕੇ ਸਾਡੀ ਇੱਜ਼ਤ ਨੂੰ ਵੰਗਾਰਿਆ ਹੈ। ਦੂਜੇ ਪਾਸੇ ਸਾਂਦਲ ਖੁਸ਼ ਸੀ ਕਿ ਉਹ ਰਾਜਪੂਤਾਂ ਦੀ ਸਭ ਤੋਂ ਸੋਹਣੀ ਕੁੜੀ ਨਾਲ ਸ਼ਾਦੀ ਕਰ ਰਿਹਾ ਹੈ। ਦੋਹਾਂ ਧੜਿਆਂ ਲਈ ਇਹ ਸਾਲ ਬੜਾ ਮਹੱਤਵਪੂਰਨ ਸੀ। ਇਕ ਨੇ ਬਦਲਾ ਲੈਣਾ ਸੀ ਤੇ ਦੂਜੇ ਦੀ ਮੁਰਾਦ ਪੂਰੀ ਹੋਣ ਦਾ ਸਮਾਂ ਸੀ। ਰਵਾਇਤ ਇਹ ਦਸਦੀ ਹੈ ਕਿ ਜਦੋਂ ਸਾਂਦਲ ਆਪਣੇ ਵਿਆਹ ਦੀ ਰਸਮ ਲਈ ਆਪਣੀ ਬਰਾਦਰੀ ਦੇ ਸਾਰੇ ਮਰਦ ਤੇ ਇਸਤਰੀਆਂ ਨੂੰ ਲੈ ਕੇ ਰਾਜਪੂਤਾਂ ਪਿੰਡ ਵਿਚ ਦਾਖਲ ਹੋਇਆ ਤਾਂ ਜੰਞ ਦੇ ਸੁਆਗਤ 'ਤੇ ਉਨ੍ਹਾਂ ਨੂੰ ਬਿਠਾਉਣ ਲਈ ਜ਼ਮੀਨ ਉਤੇ ਘਾਹ ਦੀ ਇਕ ਮੋਟੀ ਜਿਹੀ ਤੈਹ ਵਿਛਾਈ ਹੋਈ ਸੀ ਜਿਸ ਉਤੇ ਬਰਾਤੀਆਂ ਨੂੰ ਬੈਠਣ ਲਈ ਕਿਹਾ ਗਿਆ ਤੇ ਨਾਲ ਹੀ ਇਹ ਵੀ ਸਪਸ਼ਟੀਕਰਣ ਕਰ ਦਿਤਾ ਕਿ ਬਰਾਤੀਆਂ ਦੇ ਜ਼ਿਆਦਾ ਹੋਣ ਕਾਰਣ ਉਨ੍ਹਾਂ, ਪਾਸ ਏਨੀਆਂ ਮੰਜੀਆਂ ਨਹੀਂ ਹਨ ਇਸ ਲਈ ਸਾਰੇ ਮਰਦ ਏਥੇ ਘਾਹ ਉਤੇ ਬੈਠ ਜਾਣ ਤੇ ਜਨਾਨੀਆਂ ਨੂੰ ਇਕ ਵੱਖਰੀ ਥਾਂ ਤੇ ਬਿਠਾ ਦਿੱਤਾ ਗਿਆ। ਜਦੋਂ ਸਾਰੇ ਮਰਦ ਘਾਹ ਉਤੇ ਬੈਠ ਗਏ ਤਾਂ ਰਾਜਪੂਤਾਂ ਨੇ ਆਪਣੇ ਲੜਾਕੇ ਜੁਆਨਾਂ ਨੂੰ ਇਨ੍ਹਾਂ ਮਰਦਾਂ ਦੇ ਚਾਰੇ ਪਾਸੇ ਖੜਾ ਕਰ ਦਿਤਾ। ਬਾਹਰ ਨਿਕਲਣ ਵਾਲੇ ਰਸਤਿਆਂ 'ਤੇ ਵਿਸ਼ੇਸ਼ ਤੌਰ ਤੇ ਸਿਹਤਮੰਦ ਤੇ ਤਗੜੇ ਜੁਆਨਾਂ ਨੂੰ ਨਿਯੁਕਤ ਕੀਤਾ ਗਿਆ। ਸਾਰੀ ਮਨਸੂਬਾ ਬੰਦੀ ਨੂੰ ਪੂਰਿਆਂ ਕਰ ਲੈਣ ਤੋਂ ਪਿਛੋਂ ਬੜੀ ਰਾਜ਼ਦਾਰੀ ਨਾਲ ਘਾਹ ਨੂੰ ਅੱਗ ਲਗਾ ਦਿੱਤੀ ਗਈ। ਅੱਗ ਲਗਣ ਦੀ ਦੇਰ ਸੀ ਕਿ ਬਰਾਤੀਆਂ ਵਿਚ ਭਗਦੜ ਮੱਚ ਗਈ। ਚਾਰੇ ਪਾਸੇ ਅੱਗ ਤੇ ਧੂੰਆਂ ਫੈਲ ਗਿਆ। ਕੁਝ ਸਮਝ ਨਹੀਂ ਸੀ ਆਉਂਦੀ ਕਿ ਕੀ ਕੀਤਾ ਜਾਵੇ। ਬਰਾਤੀਆਂ ਨੂੰ ਏਥੋਂ ਬਾਹਰ ਜਾਣ ਦਾ ਰਾਹ ਵੀ ਕੋਈ ਨਾ ਮਿਲਿਆ ਅਤੇ ਜੇ ਕੋਈ ਨਿਕਲਣ ਦਾ ਯਤਨ ਵੀ ਕਰਦਾ ਤਾਂ ਚੌਹੀਂ ਪਾਸੀ ਖੜੇ ਜੁਆਨ ਡਾਂਗਾਂ ਤੇ ਡੰਡਿਆਂ ਨਾਲ ਉਨ੍ਹਾਂ ਦੀ ਵਾਹਵਾ ਪਟਾਈ ਕਰਦੇ ਤੇ ਉਨ੍ਹਾਂ ਨੂੰ ਅੱਗ ਵਿਚ ਸੁੱਟ ਦਿੰਦੇ। ਆਖ਼ਰ ਸਾਰੇ ਬਰਾਤੀ ਇਸ ਅੱਗ ਵਿਚ ਸੜ ਕੇ ਭਸਮ ਹੋ ਗਏ ਤੇ ਬਰਾਤੀ ਔਰਤਾਂ ਨਾਲ ਇਨ੍ਹਾਂ ਰਾਜਪੂਤਾਂ ਨੇ ਆਪਣੀਆਂ ਸ਼ਾਦੀਆਂ ਰਚਾ ਲਈਆਂ। ਇਸ ਤਦਬੀਰ ਨਾਲ ਆਪਣੇ ਦੁਸ਼ਮਣ ਨੂੰ ਹਰਾਉਣ ਵਾਲੇ ਇਨ੍ਹਾਂ ਰਾਜਪੂਤਾਂ ਨੂੰ ਛਛੇੜਾ ਕਿਹਾ ਜਾਣ ਲੱਗਾ। ਇਸ ਤਰ੍ਹਾਂ ਸਾਂਦਲ ਡਾਕੂ ਦੀ ਕਹਾਣੀ ਦਾ ਅੰਤ ਹੁੰਦਾ ਹੈ।

ਉਪਰੋਕਤ ਘਟਨਾਵਾਂ ਨੂੰ ਦੇਖਦੇ ਹੋਏ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸਾਂਦਲ-ਬਾਰ ਦਾ ਜ਼ਿਕਰ ਜਿਸ ਸਾਂਦਲ ਨਾਮੀ ਵਿਅਕਤੀ ਨਾਲ ਜੁੜਿਆ ਹੋਇਆ ਹੈ ਉਹ ਬਿਜਲੀ ਖਾਂ ਉਰਫ਼ ਸਾਂਦਲ ਨਹੀਂ ਹੋ ਸਕਦਾ ਭਾਵੇਂ ਕਿ ਉਹ ਪਿੰਡੀ ਭਟੀਆਂ ਤੋਂ "ਦੁੱਲੇਵਾਲਾ" ਤਕ ਦੇ ਸਾਰੇ ਇਲਾਕੇ ਵਿਚ ਆਪਣੀ ਬਹਾਦਰੀ ਕਾਰਣ ਬਹੁਤ ਪ੍ਰਸਿਧ ਸੀ ਤੇ ਰਾਜ ਵੀ ਕਰਦਾ ਸੀ। ਐਪਰ ਸਾਂਦਲ-ਬਾਰ ਦੇ ਜੰਗਲਾਂ ਨਾਲ ਉਹਦਾ ਕੋਈ ਸੰਬੰਧ ਨਹੀਂ ਬਣਦਾ। ਦੂਜਾ ਇਹ ਕਿ ਸਾਂਦਲ, ਸਾਂਗਲ ਤੇ ਸਾਰੂ ਜਿਹੜੇ ਤਿੰਨ ਸਕੇ ਭਰਾ ਸਨ ਉਨ੍ਹਾਂ ਵਿਚ ਸਭ ਤੋਂ ਵੱਡਾ ਸਾਂਦਲ ਡਾਕੂ ਸੀ ਜਿਹੜਾ ਡਾਕੇ ਮਾਰ ਕੇ ਸਾਂਦਲ ਦੇ ਇਸ ਇਲਾਕੇ ਵਿਚ ਆਕੇ ਪਨਾਹ ਲੈ ਲੈਂਦਾ ਸੀ। ਜੇ ਸਾਂਦਲ ਚੂਹੜਾ ਸੀ ਤਾਂ ਇਹ ਵੀ ਗਲ ਦਿਲ ਨੂੰ ਭਾਉਂਦੀ ਹੈ ਕਿ ਉਹੀ ਸਾਂਦਲ-ਬਾਰ ਦੇ ਇਲਾਕੇ ਦਾ ਡਾਕੂ ਸੀ ਐਤ ਇਹੋ ਸਾਂਦਲ ਸੀ ਜਿਸ ਦੀ ਤਾਕਤ ਤੇ ਗੁੱਸੇ ਤੋਂ ਆਸੇ ਪਾਸੇ ਦੇ ਰਾਜਪੂਤ ਡਰਦੇ ਸਨ ਅਤੇ ਉਨ੍ਹਾਂ ਨੇ ਬਦਲਾ ਲੈਣ ਤੇ ਉਹਦੇ ਡਾਕਿਆਂ ਤੋਂ ਬਚਣ ਲਈ ਇਹ ਸਾਰੀ ਖੇਡ ਖੇਡੀ ਸੀ। ਭਾਵੇਂ ਕੁਝ ਵੀ ਹੋਵੇ ਪਰ ਉਸ ਦਾ ਸੰਬੰਧ ਇਸੇ ਸਾਂਦਲ-ਬਾਰ ਨਾਲ ਸੀ। ਕਿਸੇ ਨਾ ਕਿਸੇ ਤਰ੍ਹਾਂ ਇਹ ਸੰਬੰਧ ਤਹਿਸੀਲ ਨਨਕਾਣਾ ਨਾਲ ਵੀ ਜੁੜ ਜਾਂਦਾ ਹੈ ਜਿਸ ਦਾ ਜ਼ਿਕਰ ਕਰਨਾ ਅਸੀਂ ਜ਼ਰੂਰੀ ਸਮਝਦੇ ਸੀ।

**ਤਲਵੰਡੀ ਰਾਏਭੋਏ ਖਾਂ ਤੇ ਗੁਰੂ ਨਾਨਕ ਦੇਵ ਜੀ**

ਅੱਜ ਤੋਂ ਲਗਭਗ ਛੇ ਸੌ ਸਾਲ ਪਹਿਲਾਂ ਸਾਂਦਲ-ਬਾਰ ਦੇ ਇਸ ਇਲਾਕੇ ਵਿਚ 1800 ਮੁਰੱਬਾ ਜ਼ਮੀਨ ਦੀ ਇਕ ਜਗੀਰ ਬਹਿਲੋਲ ਖਾਂ ਲੋਧੀ ਦੇ ਰਾਜ ਸਮੇਂ (ਸੰਨ 1426-88) ਰਾਏ ਭੋਏ ਖਾਂ ਨੂੰ ਦਿਤੀ ਗਈ ਸੀ। ਉਸ ਸਮੇਂ ਰਾਏ ਭੋਏ ਖਾਂ ਮੁਲਤਾਨ ਦੇ ਨੇੜੇ ਰਾਣਾ ਮਲ ਦੇ ਪਿੰਡ ਵਿਚ ਰਹਿੰਦਾ ਹੁੰਦਾ ਸੀ। ਆਪਣੀ ਨਵੀਂ ਮਿਲੀ ਜਗੀਰ ਉਤੇ ਕਬਜ਼ਾ ਕਰਨ ਤੇ ਇਸ ਨੂੰ ਸੰਭਾਲਣ ਲਈ ਉਹ ਆਪਣੇ ਸਾਰੇ ਟੱਬਰ ਟੋਰ ਸਮੇਤ ਮੁਲਤਾਨ ਨੂੰ ਛੱਡ ਕੇ ਆਪਣੀ ਇਸ ਜਗੀਰ ਵਿਚ ਆ ਕੇ ਰਹਿਣ ਲਗ ਪਿਆ। ਰਾਏ ਭੋਏ ਖਾਂ ਭੱਟੀ ਦੇ ਆਉਣ ਤੋਂ ਪਹਿਲਾਂ ਇਸ ਬਸਦੀ ਦਾ ਨਾਂ "ਸਾਬੋ ਕੀ ਤਲਵੰਡੀ" ਹੁੰਦਾ ਸੀ ਜੋ ਬਾਅਦ ਵਿਚ ਰਾਏ ਭੋਏ ਤਲਵੰਡੀ ਪੈ ਗਿਆ। ਇਹ ਨਾਂ ਰਾਏ ਭੋਏ ਦੀ ਸੰਨ 1448 ਵਿਚ ਹੋਈ ਮੌਤ ਦੇ ਸਮੇਂ ਤੱਕ ਕਾਫ਼ੀ ਪ੍ਰਸਿਧ ਹੋ ਚੁੱਕਾ ਸੀ। ਤੇ ਉਸ ਤੋਂ ਪਿਛੋਂ ਵੀ "ਰਾਏ ਭੋਏ ਕੀ ਤਲਵੰਡੀ" ਨਾਂ ਹੀ ਚਲਦਾ ਰਿਹਾ ਜਿਹੜਾ ਰਾਏ ਬੁਲਾਰ ਦੀ ਸੰਨ 1515 ਵਿਚ ਹੋਈ ਮੌਤ ਤੋਂ ਕੁਝ ਸਮਾਂ ਪਹਿਲਾਂ "ਨਨਕਾਣਾ" ਦਾ ਨਾਂ ਨਾਲ ਪ੍ਰਸਿਧ ਹੋ ਗਿਆ ਜਿਸ ਦਾ ਵਰਣਨ ਅਸੀਂ "ਰਾਏ ਬੁਲਾਰ ਤੇ ਨਾਨਕ" ਦੇ ਅਧਿਆਇ ਵਿਚ ਪਹਿਲਾਂ ਕਰ ਚੁੱਕੇ ਹਾਂ।

ਰਾਏ ਭੋਏ ਦੇ ਇਸ ਬਸਤੀ ਵਿਚ ਆਉਣ ਤੋਂ ਪਹਿਲਾਂ ਏਥੋਂ ਦੇ ਸਾਰੇ ਲੋਕ ਮਜ਼੍ਹਬ ਦੇ ਪੱਖ ਤੋਂ ਹਿੰਦੂ ਧਰਮ ਦੇ ਪੁਜਾਰੀ ਸਨ। ਰਾਏ ਭੋਏ ਦੇ ਟੱਬਰ ਤੋਂ ਸਿਵਾ ਏਥੇ ਕੋਈ ਮੁਸਲਮਾਨਾਂ ਦਾ ਘਰ ਨਹੀਂ ਸੀ ਹੁੰਦਾ। ਰਾਏ ਭੋਏ ਦਾ ਪਿਤਾ ਅਚਿਤ ਰਾਏ ਨੇ ਹਜ਼ਰਤ ਖੁਆਜਾ ਬਹਾਉਦੀਨ ਜ਼ਕਰੀਆ ਮੁਲਤਾਨੀ ਦੇ ਪੜਪੋਤੇ ਹਥੋਂ ਇਸਲਾਮ ਕਬੂਲ ਕੀਤਾ ਸੀ। ਮੁਸਲਮਾਨ ਬਣਨ ਪਿੱਛੋਂ ਉਸ ਦਾ ਨਾਂ ਰਾਏ ਅਲ੍ਹਾ ਦਿੱਤਾ ਖਾਂ ਰਖ ਦਿਤਾ ਗਿਆ ਸੀ। ਇਸ ਤਰ੍ਹਾਂ ਇਹੋ ਇਕੋ ਮੁਸਲਮਾਨ ਟੱਬਰ ਸੀ ਜੋ ਉਸ ਵੇਲੇ ਇਸ ਬਸਤੀ ਵਿਚ ਆ ਕੇ ਵਸਿਆ ਸੀ। ਫੀਲਡ ਰਿਸਰਚ ਵੇਲੇ ਰਾਏ ਸਰਵਰ ਖਾਂ ਭੱਟੀ ਤੇ ਰਾਏ ਵਲਾਇਤ ਖਾਂ ਭੱਟੀ ਨੇ ਦੱਸਿਆ ਕਿ "ਇਹ ਬਸਤੀ ਆਪਣੇ ਸਮੇਂ ਵਿਚ ਮੁਲਤਾਨ ਤੋਂ ਲੈ ਕੇ ਸ਼ੋਰਕੋਟ ਤੱਕ ਆਪਣੇ ਕਟ-ਕਾਫ ਤੇ ਵਡੱਤਣ ਕਰਕੇ ਬਹੁਤ ਪ੍ਰਸਿਧ ਸੀ। ਸਾਂਦਲ ਬਾਰ ਦੇ ਇਨ੍ਹਾਂ ਘਣੇ ਜੰਗਲਾਂ ਵਿਚ ਮੁਲਤਾਨ ਦੇ ਸੂਫ਼ੀ ਫ਼ਕੀਰ ਆਪਣੀ ਅਬਾਦਤ, ਰਿਆਜ਼ਤ ਤੇ ਚਿਲਾ-ਕਸ਼ੀ ਲਈ ਇਸ ਇਲਾਕੇ ਵਲ ਮੂੰਹ ਕਰ ਲੈਂਦੇ ਸਨ। ਅਚਿਤ ਰਾਏ ਵੀ ਇਸੇ ਪ੍ਰਭਾਵ ਕਾਰਣ ਮੁਸਲਮਾਨ ਹੋਇਆ ਸੀ।"

ਇਸ ਤਰ੍ਹਾਂ ਰਾਏ ਭੋਏ ਦੇ ਇਸ ਬਸਤੀ ਵਿਚ ਆਉਣ ਤੋਂ ਪਹਿਲਾਂ (ਲਗਭਗ ਸੰਨ 1435 ਤੱਕ) ਇਸ ਅਤਿ ਉਪਜਾਊ ਇਲਾਕੇ ਵਿਚ ਲਗਭਗ ਢਾਈ-ਤਿੰਨ ਸੌ ਬੰਦਿਆਂ ਦੇ ਚਾਲੀ-ਪੰਜਾਹ ਘਰ ਵਸੇ ਹੋਏ ਸਨ। ਇਹ ਸਾਰੇ ਲੋਕ ਹਿੰਦੂ ਸਨ ਤੇ ਆਪਣੇ ਹੀ ਢੰਗ ਨਾਲ ਪੂਜਾ ਪਾਠ ਕਰਦੇ ਹੁੰਦੇ ਸਨ।ਇਸ ਬਸਤੀ ਵਿਚ ਕਿਸੇ ਪੰਡਤ ਹਰਦਿਆਲ ਦਾ ਨਾਂ ਬਹੁਤ ਪ੍ਰਸਿਧ ਹੈ। ਰਾਏ ਭੋਏ ਦੇ ਆਉਣ ਤੋਂ ਪਿਛੋਂ ਇਸ ਅਬਾਦੀ ਵਿਚ ਮੁਸਲਮਾਨਾਂ ਦਾ ਵਾਧਾ ਹੌਲੀ ਹੌਲੀ ਹੋਣ ਲੱਗਾ। ਗੁਰੂ ਨਾਨਕ ਦੀ ਪੜ੍ਹਾਈ ਦੇ ਸਮੇਂ ਇਕ ਮੁਸਲਮਾਨ ਵਿਦਵਾਨ ਮੌਲਵੀ ਕੁਤਬਦੀਨ ਦਾ ਪਤਾ ਚਲਦਾ ਹੈ ਜਿਸ ਤੋਂ ਗੁਰੂ ਨਾਨਕ ਤੇ ਅਰਬੀ ਤੇ ਫਾਰਸੀ ਦੀ ਸਿੱਖਿਆ ਪ੍ਰਾਪਤ ਕੀਤੀ ਸੀ।

ਹਿਊਨ ਸਾਂਗ ਨਾਮੀ ਇਕ ਯਾਤਰੀ ਜਿਸ ਨੇ ਇਸ ਇਲਾਕੇ ਦਾ ਦੌਰਾ ਸੰਨ 633 ਵਿਚ ਕੀਤਾ ਸੀ, ਨੇ ਇਸ ਇਲਾਕੇ ਦਾ ਨਾਂ (... ਪੜ੍ਹਿਆ ਨਹੀਂ ਜਾ ਰਿਹਾ) ਕਰਕੇ ਦੱਸਿਆ ਹੈ। ਤਲਵੰਡੀ ਇਲਾਕੇ ਵਾਲੀ ਹੱਦ ਉਚ ਕੇਂਦਰੀ ਪੰਜਾਬ ਦੇ ਇਲਾਕੇ ਖਾਸ ਕਰਕੇ ਮੁਲਤਾਨ ਤੇ ਸ਼ੋਰਕੋਟ ਵੀ ਸ਼ਾਮਿਲ ਸਨ। ਭਾਵ ਇਹ ਕਿ ਕੇਂਦਰੀ ਰਸਤਿਆਂ ਵਿਚ ਹੋਣ ਕਰਕੇ ਇਸ ਨੂੰ ਬਹੁਤ ਅਹਿਮੀਅਤ ਪ੍ਰਾਪਤ ਸੀ। ਮੁਲਤਾਨ ਤੇ ਸ਼ੋਰਕੋਟ ਜਿਹੇ ਤਕੜੇ ਅਸਥਾਨਾਂ, ਝਗੜੇ ਤੇ ਫ਼ਸਾਦ ਦੇ ਕੇਂਦਰਾਂ ਤੇ ਇਤਿਹਾਸ ਦੀਆਂ ਵੱਡੀਆਂ ਵੱਡੀਆਂ ਘਟਨਾਵਾਂ ਨੂੰ ਜਨਮ ਦੇਣ ਵਾਲੇ ਇਸ ਇਲਾਕੇ ਵਿਚ ਤਲਵੰਡੀ ਨਾਂ ਦਾ ਇਕ ਪਿੰਡ ਕਿਵੇਂ ਵਿਚਰਦਾ ਹੋਵੇਗਾ। ਆਪਣੇ ਇਸ ਲੰਮੇ ਇਤਿਹਾਸ ਵਿਚ ਇਹ ਬਸਤੀ ਤੇਰਾਂ ਵਾਰੀ ਢਠੀ ਤੇ ਤੇਰਾਂ ਵਾਰੀ ਹੀ ਮੁੜ ਉਸਰੀ ਹੈ। ਜਿਸ ਦੀਆਂ ਨਿਸ਼ਾਨੀਆਂ ਅੱਜ ਵੀ ਉਥੇ ਧੌਲਰ ਦੀ ਸ਼ਕਲ ਵਿਚ ਮੌਜੂਦ ਹਨ।

ਇਸ ਤਬਾਹੀ ਤੇ ਬਰਬਾਦੀ ਦੀਆਂ ਛਾਵਾਂ ਹੇਠ ਜੀਵਨ ਨੇ ਇਕ ਹੋਰ ਆਕੜ ਵੀ ਭੰਨੀ ਹੈ। ਇਸ ਦੇ ਵਾਸੀਆਂ ਨੇ ਕੁਦਰਤ ਦੀਆਂ ਆਫ਼ਤਾਂ ਦੇ ਸਾਹਮਣੇ ਆਪਣੇ ਕਿਸੇ ਕਮਜ਼ੋਰੀ ਜਾਂ ਨਿਰਾਸ਼ਾ ਦਾ ਪ੍ਰਗਟਾਵਾ ਨਹੀਂ ਕੀਤਾ। ਉਨ੍ਹਾਂ ਨੇ ਹਰ ਰੋਜ਼ ਵਾਪਰਣ ਵਾਲੀਆਂ ਤਬਾਹੀਆਂ ਦਾ ਸੋਗ ਨਹੀਂ ਮਨਾਇਆ, ਸਗੋਂ ਬੜੇ ਹੌਸਲੇ ਤੇ ਹਿੰਮਤ ਨਾਲ ਇਕ ਨਵੀਂ ਬਸਤੀ ਦੀ ਉਸਾਰੀ ਕੀਤੀ ਜੋ ਅੱਜ ਵੀ ਸਮੇਂ ਦੀ ਕ੍ਰਾਂਤੀ ਦੇ ਨਾਲ ਨਾਲ ਨਨਕਾਣਾ ਦੇ ਨਾਂ ਨਾਲ ਵਸਦੀ ਪਈ ਹੈ। ਅੱਜ ਇਸ ਦੀ ਪ੍ਰਸਿੱਧੀ ਦਾ ਕਾਰਣ ਗੁਰੂ ਨਾਨਕ ਕਰਕੇ ਹੈ।

ਰਾਏ ਬੁਲਾਰ ਨੇ ਆਪਣੇ ਪਿਤਾ ਦੀ ਮੌਤ ਤੋਂ ਪਿਛੋਂ ਤਲਵੰਡੀ ਨੂੰ ਹੋਰ ਵੀ ਵਧੇਰੇ ਵਸਾਉਣ ਲਈ ਅੰਮ੍ਰਿਤਸਰ ਤੋਂ ਚੰਗੇ ਤੇ ਸੁਚੱਜ ਕਰਮੀ ਲੋਕਾਂ ਨੂੰ ਏਥੇ ਲਿਆ ਕੇ ਵਸਾਇਆ ਤਾਂ ਜੋ ਵਧ ਤੋਂ ਵਧ ਭੂਮੀ ਤੇ ਵਾਹੀ ਕੀਤੀ ਜਾ ਸਕੇ ਤੇ ਲੋਕ ਵਧੇਰੇ ਖੁਸ਼ਹਾਲ ਹੋ ਸਕਣ। ਆਪਣੀ ਜਗੀਰ ਦੀ ਸੰਭਾਲ ਤੇ ਦੇਖਭਾਲ ਲਈ ਉਹਨੇ ਅੰਮ੍ਰਿਤਸਰ ਤੋਂ ਹੀ ਕਿਸੇ ਕਲਿਆਣ ਚੰਦ ਨਾਮੀ ਪੁਰਸ਼ ਨੂੰ ਆਪਣੀ ਸੇਵਾ ਵਿਚ ਲੈ ਲਿਆ। ਇਹ ਬੰਦਾ ਬੜਾ ਤਜ਼ਰਬੇਕਾਰ ਤੇ ਹਿਸਾਬ ਕਿਤਾਬ ਵਿਚ ਮਾਹਿਰ ਸੀ। ਮੁਨਸ਼ੀ ਕਲਿਆਣ ਚੰਦ ਦਾ ਕੰਮ ਰਾਏ ਬੁਲਾਰ ਦੀਆਂ ਸਾਰੀਆਂ ਜ਼ਮੀਨਾਂ ਦੀ ਦੇਖਭਾਲ ਕਰਨਾ, ਮਾਲੀਆ ਵਸੂਲ ਕਰਨਾ ਤੇ ਇਨ੍ਹਾਂ ਸਭ ਕੁਝ ਬਕਾਇਦਾ ਹਿਸਾਬ ਕਿਤਾਬ ਰੱਖਦਾ ਸੀ। ਕਲਿਆਣ ਚੰਦ ਉਰਫ਼ ਕਾਲੂ ਨੇ ਆਪਣੇ ਚੰਗੇ ਸੁਭਾਉ ਤੇ ਚਰਿੱਤਰ ਕਾਰਨ ਰਾਏ ਬੁਲਾਰ ਦੀਆਂ ਨਜ਼ਰਾਂ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਕਰ ਲਿਆ ਸੀ। ਇਸ ਲਈ ਰਾਏ ਬੁਲਾਰ ਹਰ ਮਾਮਲੇ ਵਿਚ ਉਸ ਤੋਂ ਰਾਏ ਲੈਣਾ ਜ਼ਰੂਰੀ ਸਮਝਦਾ ਸੀ ਤੇ ਇਉਂ ਲਗਦੀ ਸੀ ਜਿਵੇਂ ਕਲਿਆਣ ਚੰਦ ਰਾਏ ਬੁਲਾਰ ਦੇ ਘਰ ਦਾ ਹੀ ਜੀਵ ਹੋਵੇ।

ਫੀਲਡ ਰਿਸਰਚ ਸਮੇਂ ਰਾਏ ਮੁਹੱਮਦ ਸਰਵਰ ਭੱਟੀ ਨੇ (ਜਿਸ ਦਾ ਸਬੰਧ ਪੰਦਰਵੀਂ ਪੀੜ੍ਹੀ ਤੇ ਰਾਏ ਬੁਲਾਰ ਨਾਲ ਜਾ ਮਿਲਦਾ ਹੈ ) ਸਾਨੂੰ ਦਸਿਆ ਕਿ ਸਾਡੇ ਬਜ਼ੁਰਗ ਕਿਹਾ ਕਰਦੇ ਸਨ ਕਿ "ਹਜ਼ਰਤ ਬਾਬਾ ਨੌਲਖਾ ਹਜ਼ਾਰੀ ਦਾ ਰਾਏ ਬੁਲਾਰ ਦੇ ਘਰ ਕਾਫ਼ੀ ਆਉਣਾ ਜਾਣਾ ਰਹਿੰਦਾ ਸੀ ਅਤੇ ਇਹੋ ਜਿਹੇ ਮੌਕੇ ਤੇ ਹੀ ਉਨ੍ਹਾਂ ਨੇ ਕਲਿਆਣ ਚੰਦ ਨੂੰ ਇਕ ਪੁੱਤਰ ਦੀ ਅਸੀਸ ਦਿਤੀ ਸੀ।"

ਇਹ ਸਮਝੋ ਕਿ ਕਲਿਆਣਾ ਚੰਦ ਦੇ ਘਰ ਜਿਹੜਾ ਬੱਚਾ ਪੈਦਾ ਹੋਇਆ ਉਹ ਹਜ਼ਰਤ ਦੀ ਅਸੀਸ ਦਾ ਹੀ ਸਿੱਟਾ ਸੀ। ਇਸ ਤਰ੍ਹਾਂ 15 ਅਪ੍ਰੈਲ ਸੰਨ 1469 ਨੂੰ ਕਲਿਆਣ ਚੰਦ ਖਤਰੀ ਦੇ ਘਰ ਇਕ ਅਜਿਹਾ ਬੱਚਾ ਪੈਦਾ ਹੋਇਆ ਜਿਹੜਾ ਆਉਣ ਵਾਲੀਆਂ ਨਸਲਾਂ ਲਈ ਵਡਿਆ-ਯੋਗ ਬਣ ਗਿਆ। ਉਸ ਦਾ ਨਾਂ ਮਾਨਵਜਾਤੀ ਦੇ ਇਕ ਗੁਰੂ ਵਜੋਂ ਸਦਾ ਜਿਉਂਦਾ ਰਹੇਗਾ। ਜਨਮ ਸਾਖੀ ਵਿਚ ਦੱਸਿਆ ਹੈ ਕਿ ਮਿੱਟੀ ਦੇ ਬਣੇ ਹੋਏ ਇਕ ਕੱਚੇ ਕਮਰੇ ਵਿਚ ਜਦੋਂ ਇਸ ਬੱਚੇ ਦਾ ਜਨਮ ਹੋਇਆ ਸੀ ਤਾਂ ਉਸ ਵੇਲੇ ਇਕ ਤੇਜ਼ ਰੋਸ਼ਨੀ ਚਾਰੇ ਪਾਸੇ ਫੈਲ ਗਈ ਸੀ। ਮੁਸਲਮਾਨ ਦਾਈ ਦੌਲਤਾਂ ਬੀਬੀ ਬੜੀ ਹੈਰਾਨ ਹੋਈ ਸੀ ਕਿ ਇਸ ਤੋਂ ਪਹਿਲਾਂ ਤਾਂ ਕਦੀ ਅਜਿਹਾ ਨਹੀਂ ਸੀ ਵਾਪਰਿਆ। ਦੌਲਤਾਂ ਬੀਬੀ ਨੇ ਜੋ ਕਾਲੂ ਨੂੰ (ਜਿਹੜਾ ਬਾਹਰ ਬੈਠਾ ਬੜੀ ਬੇਚੈਨੀ ਅਤੇ ਬੇਕਰਾਰੀ ਨਾਲ ਕਿਸੇ ਖ਼ਬਰ ਦੀ ਉਡੀਕ ਕਰ ਰਿਹਾ ਸੀ) ਇਸ ਬੱਚੇ ਦੇ ਜਨਮ ਦੀ ਖੁਸ਼ਖਬਰੀ ਸੁਣਾਈ ਤਾਂ ਉਹਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ।

**ਪੰਡਤ ਹਰਿਦਿਆਲ ਤੇ ਗੁਰੂ ਨਾਨਕ ਦਾ ਜਨਮ ਦਿਨ**

ਬੱਚੇ ਦੇ ਜਨਮ ਦੀ ਖ਼ਬਰ ਸੁਣਦਿਆਂ ਹੀ ਕਲਿਆਣ ਚੰਦ ਨੇ ਸਭ ਤੋਂ ਪਹਿਲਾ ਕੰਮ ਆਪਣੇ ਖਾਨਦਾਨੀ ਪ੍ਰਾਹੁਤ ਪੰਡਤ ਹਰਿਦਿਆਲ ਨੂੰ ਲਿਆਉਣ ਦਾ ਕੀਤਾ ਤਾਂ ਜੋ ਉਹ ਇਸ ਬੱਚੇ ਦੀ ਕੁੰਡਲੀ ਬਣਾ ਕੇ ਉਹਦੇ ਜੀਵਨ ਬਾਰੇ ਉਨ੍ਹਾਂ ਨੂੰ ਦੱਸੇ। ਉਹ ਬੜੀ ਤੇਜ਼ੀ ਨਾਲ ਤੁਰਦਾ ਹੋਇਆ ਹਰਿਦਿਆਲ ਦੇ ਘਰ ਪੁੱਜਾ ਜਿਹੜਾ ਆਪਣੇ ਰੋਜ਼ ਦੇ ਪੂਜਾ-ਪਾਠ ਵਿਚ ਰੁਝਿਆ ਹੋਇਆ ਸੀ। ਦੂਜੇ ਪਾਸੇ ਕਾਲੂ ਦੀ ਬੇਚੈਨੀ ਵਧਦੀ ਜਾ ਰਹੀ ਸੀ ਕਿਉਂ ਜੋ ਉਹਨੇ ਅਜੇ ਤੱਕ ਆਪਣੇ ਨਵੇਂ ਜੰਮੇ ਬੱਚੇ ਨੂੰ ਨਹੀਂ ਸੀ ਦੇਖਿਆ।



ਕਲਿਆਣ ਚੰਦ ਨੇ ਪੰਡਤ ਹਰਿਦਿਆਲ ਨੂੰ ਆਪਣੇ ਬੱਚੇ ਦੇ ਜਨਮ ਬਾਰੇ ਦੱਸ ਕੇ ਉਹਨੂੰ ਆਪਣੇ ਨਾਲ ਚਲਣ ਲਈ ਕਿਹਾ ਤੇ ਹਰਿਦਿਆਲ ਨੇ ਉਹਦੇ ਨਾਲ ਪੂਜਾ-ਪਾਠ ਖ਼ਤਮ ਕਰਕੇ ਜਲਦੀ ਆਉਣ ਦਾ ਵਾਅਦਾ ਕੀਤਾ ਛੇਤੀ ਹੀ ਉਹ ਕਾਲੂ ਦੇ ਘਰ ਪਹੁੰਚ ਗਿਆ ਜਿਹੜਾ ਬੜੀ ਬੇਸਬਰੀ ਨਾਲ ਉਹਦੀ ਉਡੀਕ ਕਰ ਰਿਹਾ ਸੀ। ਹਰਿਦਿਆਲ ਦਾ ਬੜਾ ਨਿੱਘਾ ਸੁਆਗਤ ਕੀਤਾ ਗਿਆ ਤੇ ਇਕ ਬੜੇ ਸੋਹਣੇ ਤਰੀਕੇ ਤੇ ਬਿਠਾਇਆ ਗਿਆ। ਉਹਨੇ ਅਸਮਾਨ ਉਤੇ ਤਾਰਿਆਂ ਦੇ ਝੁਰਮਟ ਨੂੰ ਦੇਖਦਿਆਂ ਹੋਇਆ ਇਕ ਸੁੰਗਧੀ ਭਰੇ ਲੰਮੇ ਕਾਗਜ਼ ਉਤੇ ਨਵ-ਜੰਮੇ ਬੱਚੇ ਦੀ ਕੁੰਡਲੀ ਬਣਾਉਣੀ ਸ਼ੁਰੂ ਕੀਤੀ। ਜਿਉਂ ਜਿਉਂ ਉਹ ਕੁੰਡਲੀ ਤਿਆਰ ਕਰੀ ਜਾਵੇ ਉਹਦੇ ਤੇਜ ਵਿਚ ਵਾਧਾ ਹੁੰਦਾ ਜਾਵੇ। ਹਰਿਦਿਆਲ ਨੇ ਕਾਲੂ ਨੂੰ ਕਿਹਾ ਕਿ ਮੈਂ ਦੌਲਤਾਂ ਬੀਬੀ ਨੂੰ ਮਿਲਣਾ ਚਾਹੁੰਦਾ ਹਾਂ ਤਾਂ ਜੋ ਮੈਨੂੰ ਪਤਾ ਲਗ ਜਾਵੇ ਕਿ ਉਹਨੇ ਬੱਚੇ ਦੇ ਜਨਮ ਸਮੇਂ ਕੋਈ ਅਣਹੋਣੀ ਤਾਂ ਨਹੀਂ ਸੀ ਦੇਖੀ ਕਿਉਂ ਜੋ ਕੁੰਡਲੀ ਤੋਂ ਬੱਚੇ ਦੇ ਉੱਪਰ ਹੀ ਉੱਪਰ ਨੂੰ ਜਾਣ ਦਾ ਪਤਾ ਚਲਦਾ ਹੈ। ਦੌਲਤਾਂ ਨੇ ਪੰਡਤ ਨੂੰ ਦੱਸਿਆ ਕਿ ਇਸ ਬਸਤੀ ਵਿਚ ਮੇਰੇ ਹਥੋਂ ਭਾਵੇਂ ਕਿੰਨੇ ਹੀ ਬੱਚਿਆਂ ਨੇ ਜਨਮ ਲਿਆ ਹੈ ਪਰ ਮੈਂ ਕਾਲੂ ਦੇ ਬੱਚੇ ਜਿਹਾ ਅਸਧਾਰਣ ਬੱਚਾ ਅੱਜ ਤੱਕ ਨਹੀਂ ਦੇਖਿਆ ਕਿਉਂ ਜੋ "ਇਹਦੀ ਪਹਿਲੀ ਚੀਖ਼ ਇਕ ਜੁਆਨ ਮਨੁੱਖ ਦੇ ਹਾਸੇ ਵਰਗੀ ਸੀ ਤੇ ਫੇਰ ਉਹਨੇ ਆਪਣੇ ਆਸੇ ਪਾਸੇ ਬੜੀ ਹੈਰਾਨੀ ਨਾਲ ਤਕਿਆ ਸੀ।"

ਪੰਡਤ ਹਰਿਦਿਆਲ ਨੇ ਇਹ ਸਭ ਕੁਝ ਆਪਣੀ ਤਸੱਲੀ ਖ਼ਾਤਰ ਸੁਣਿਆ ਤੇ ਨਾਲ ਹੀ ਬੱਚੇ ਨੂੰ ਦੇਖਣ ਲਈ ਇੱਛਾ ਕੀਤੀ। ਕਲਿਆਣ ਚੰਦ ਆਪਣੀ ਪਤਨੀ ਦੇ ਪਰੇਸ਼ਾਨੀ ਤੇ ਤਬਰਾਹਟ ਦੀ ਪਰਵਾਹ ਨਾ ਕਰਦਿਆਂ ਹੋਇਆਂ ਹਰਿਦਿਆਲ ਨੂੰ ਨਵ ਜਨਮੇ ਬੱਚੇ ਨੂੰ ਦਿਖਾਉਣ ਲਈ ਲੈ ਗਿਆ ਜਦੋਂ ਹੀ ਬੱਚੇ ਨੂੰ ਬਾਹਰ ਲਿਆਂਦਾ ਗਿਆ, ਹਰਦਿਆਲ ਨੇ ਦੇਖਦਿਆਂ ਹੀ ਕਾਲੂ ਨੂੰ ਵਧਾਈ ਦਿੱਤੀ। ਉਹਨੇ ਕਾਲੂ ਨੂੰ ਹੱਥ ਜੋੜਦਿਆਂ ਕਿਹਾ ਕਿ ਮੇਰੀ ਗਲ ਧਿਆਨ ਨਾਲ ਸੁਣੋ :-

"ਕਾਲੂ ! ਤੁਹਾਡਾ ਇਹ ਪੁੱਤਰ ਇਕ ਸ਼ਾਹੀ ਛਤਰ ਵਿਚ ਬੈਠੇਗਾ। ਪੰਡਤ ਨੇ ਇਹ ਵੀ ਕਿਹਾ ਕਿ ਹਿੰਦੂ ਅਤੇ ਮੁਸਲਮਾਨ ਦੋਵੇਂ ਇਸ ਦੀ ਇੱਜ਼ਤ ਤੇ ਇਸ ਨੂੰ ਪਿਆਰ ਕਰਨਗੇ। ਸਾਗਰ ਇਸ ਨੂੰ ਰਾਹ ਦੇਵੇਗਾ। ਇਸ ਦਾ ਨਾਂ ਜ਼ਮੀਨ ਤੇ ਅਸਮਾਨ ਉਤੇ ਤੁਰੇਗਾ। ਇਹ ਜ਼ਮੀਨ ਤੇ ਅਸਮਾਨ ਤੇ ਹੋਵੇਗਾ। ਇਹ ਸਿਰਫ਼ ਇਕ ਅਦਿਖ ਤੇ ਨਿਰ-ਅਕਾਰ ਮਾਲਿਕ ਦੀ ਪੂਜਾ ਕਰੇਗਾ। ਸਭਨਾਂ ਲੋਕਾਂ ਨੂੰ ਉਹ ਅੱਲ੍ਹਾ ਦੀ ਦੇਣ ਸਮਝੇਗਾ। ਓ ਕਾਲੂ ! ਮੈਨੂੰ ਇਸ ਗਲ ਦਾ ਅਫ਼ਸੋਸ ਹੈ ਕਿ ਮੈਂ ਉਦੋਂ ਤਕ ਜੀਉਂਦਾ ਨਹੀਂ ਹੋਵਾਂਗਾ ਕਿ ਮੈਂ ਇਹਦੀ ਇਜ਼ਤ, ਮਾਣ, ਸ਼ਾਨ ਤੇ ਸ਼ੌਕਤ ਦੀ ਪ੍ਰਾਪਤੀ ਨੂੰ ਦੇਖ ਸਕਾਂ।"

ਪੰਡਤ ਹਰਿਦਿਆਲ ਨੇ ਇਹ ਵੀ ਕਿਹਾ ਕਿ ਕੌਣ ਜਾਣਦਾ ਹੈ ਕਿ ਮੈਂ ਕਦੋਂ ਤੱਕ ਜੀਉਣਾ ਹੈ। ਤੇਰਾਂ ਦਿਨਾਂ ਪਿਛੋਂ ਬੱਚੇ ਦਾ ਨਾਂ ਰਖਣ ਦਾ ਵਾਅਦਾ ਕਰਕੇ ਤੇ ਨਵ-ਜੰਮੇ ਬੱਚੇ ਨੂੰ ਬਹੁਤ ਸਾਰੀਆਂ ਅਸੀਸਾਂ ਤੇ ਕਾਲੂ ਨੂੰ ਢੇਰ ਸਾਰੀਆਂ ਵਧਾਈਆਂ ਦੇਂਦਿਆਂ ਹੋਇਆ ਉਹ ਚਲਾ ਗਿਆ। ਕਾਲੂ ਨੇ ਵੀ ਉਨ੍ਹਾਂ ਨੂੰ ਬਹੁਤ ਸਾਰੀਆਂ ਸੁਗਾਤਾਂ ਤੇ ਤੋਹਫ਼ੇ ਦਿਤੇ।

**ਨਾਨਕ ਦੇ ਜੀਵਨ ਦੇ ਮੁਢਲੇ ਦਿਨ**

ਤਲਵੰਡੀ ਵਿਚ ਕਲਿਆਣ ਚੰਦ ਦੇ ਘਰ ਬੱਚੇ ਦਾ ਜਨਮ ਇਕ ਬਹੁਤ ਵੱਡੀ ਖ਼ਬਰ ਸੀ ਕਿਉਂ ਜੋ "ਨਾਨਕੀ" ਤੋਂ ਪਿਛੋਂ ਲੰਮੇ ਸਮੇਂ ਤਕ ਉਨ੍ਹਾਂ ਦੇ ਘਰ ਕੋਈ ਸੰਤਾਨ ਨਹੀਂ ਸੀ ਹੋਈ। ਕੁਦਰਤ ਨੇ ਬੜੇ ਚਿਰਾਂ ਪਿਛੋਂ ਕਾਲੂ ਉਤੇ ਵੱਡੀ ਕਿਰਪਾ ਕੀਤੀ ਸੀ। ਬਸਤੀ ਦੇ ਜਿਸ ਬੰਦੇ ਨੂੰ ਪਤਾ ਲੱਗੇ ਉਹ ਕਾਲੂ ਨੂੰ ਵਧਾਈਆਂ ਦੇਣ ਦੌੜਦਾ ਆਵੇ। ਸਾਰੇ ਦੋਸਤ, ਮਿੱਤਰ, ਰਿਸ਼ਤੇਦਾਰ, ਵਾਕਿਫ਼, ਹਿੰਦੂ, ਮੁਸਲਮਾਨ ਉਹਨੂੰ ਵਧਾਈ ਦੇਣ ਆਏ। ਪਿਤਾ ਕਾਲੂ, ਜਿਸ ਨੂੰ ਲੰਮੇ ਸਮੇਂ ਤੋਂ ਅਜਿਹੀ ਖੁਸ਼ਖਬਰੀ ਦੀ ਉਡੀਕ ਸੀ, ਸਿਰ ਤੋਂ ਪੈਰਾਂ ਤੱਕ ਖੁਸ਼ੀ ਦਾ ਮੁਜਸੱਮਾ ਬਣਿਆ ਹੋਇਆ ਸੀ। ਉਹ ਹਰੇਕ ਨਾਲ ਪਿਆਰ ਤੇ ਨਿਮਰਤਾ ਨਾਲ ਪੇਸ਼ ਆਉਂਦਾ ਸੀ ਤੇ ਹਰ ਇਕ ਦੀ ਬੜੀ ਖ਼ਾਤਰ ਤਵਾਜ਼ਿ ਕਰਦਾ ਸੀ। ਪਿੰਡ ਦੇ ਰਵਾਜ ਅਨੁਸਾਰ ਉਹਨੇ ਸਭਨਾਂ ਘਰਾਂ ਨੂੰ ਮਠਿਆਈ ਭੇਜੀ ਅਤੇ ਗਰੀਬਾਂ ਤੇ ਮਸਕੀਨਾਂ ਵਿਚ ਕਪੜੇ ਵੰਡੇ।

ਪਿੰਡ ਦੇ ਜਿਹੜੇ ਵੀ ਮਰਾਸੀ ਉਹਨੂੰ ਵਧਾਈਆਂ ਦੇਣ ਆਉਂਦੇ ਤੇ ਬੱਚੇ ਦੀ ਖੁਸ਼ੀ ਵਿਚ ਗੀਤ ਗਾਉਂਦੇ ਉਹ ਉਨ੍ਹਾਂ ਨੂੰ ਖੁਲ੍ਹੇ ਦਿਲ ਦਾਨ ਦੇਂਦਾ। ਛੇਵੇਂ ਦਿਨ ਜਦੋਂ ਬੱਚੇ ਦੀ ਮਾਂ ਨੇ ਰੀਤੀ ਇਸ਼ਨਾਨ ਕੀਤਾ ਤਾਂ ਕਾਲੂ ਨੇ ਇਸ ਖੁਸ਼ੀ ਵਿਚ ਪਿੰਡ ਦੇ ਸਭ ਲੋਕਾਂ ਨੂੰ ਇਕ ਉੱਤਮ ਭੋਜਨ ਸਮਾਗਮ ਲਈ ਸੱਦਾ ਦਿੱਤਾ। ਇਸ ਦਾਅਵਤ ਵਿਚ ਬੇਦੀ ਪਰਿਵਾਰ ਦੇ ਸਭ ਜੀਵਾਂ, ਦੋਸਤਾਂ, ਮਿਤਰਾਂ ਤੇ ਪਿੰਡ ਦੇ ਹੋਰ ਵੱਡੇ ਵੱਡੇ ਲੋਕਾਂ ਨੂੰ ਨਿਮੰਤ੍ਰਿਤ ਕੀਤਾ ਗਿਆ। ਇਸ ਤਰ੍ਹਾਂ ਜਾਪਦਾ ਸੀ ਜਿਵੇਂ ਸਾਰੇ ਪਿੰਡ ਵਿਚ ਜ਼ਸਨ ਦਾ ਵਾਤਾਵਰਣ ਹੋਵੇ ਤਲਵੰਡੀ ਵਿਚ ਹਰ ਪਾਸੇ ਖੁਸ਼ੀਆਂ ਨੱਚ ਰਹੀਆਂ ਹੋਣ।

ਗੁਰੂ ਨਾਨਕ ਜੀਵਨ ਦੇ ਪਹਿਲੇ ਦਿਨ ਤੋਂ ਲੈ ਕੇ ਪੂਰੇ ਇਕ ਸਾਲ ਤਕ ਕਿਵੇਂ ਵਧਿਆ ਫੁਲਿਆ ਇਸ ਦਾ ਵਰਣਨ ਬੜੇ ਵਿਸਥਾਰ ਨਾਲ ਜਨਮ ਸਾਖੀ ਵਿਚ ਪ੍ਰਸਤੁਤ ਕੀਤਾ ਹੋਇਆ ਹੈ। ਜਿਸ ਅਵਸਥਾ ਵਿਚੋਂ ਗੁਰੂ ਨਾਨਕ ਆਪਣੇ ਜੀਵਨ ਦੇ ਪਹਿਲੇ ਸਾਲ ਵਿਚੋਂ ਲੰਘ ਰਿਹਾ ਸੀ ਇਸ ਬਾਰੇ ਤੁਹਾਡੇ ਲਈ ਕੁਝ ਜਾਣਕਾਰੀ ਇਸ ਤਰ੍ਹਾਂ ਹੈ:-

ਜਨਮ-ਸਾਖੀ ਅਨੁਸਾਰ "ਜਦੋਂ ਬੱਚਾ ਇਕ ਮਹੀਨੇ ਦਾ ਹੋਇਆ ਉਹ ਇਨਸਾਨਾਂ, ਹੈਵਾਨਾਂ ਤੇ ਹੋਰ ਸਭ ਚੀਜ਼ਾਂ ਵੱਲ ਇਕੋ ਤਰ੍ਹਾਂ ਟਿਕਟਿੱਕੀ ਬੰਨ ਕੇ ਦੇਖਦਾ ਰਹਿੰਦਾ ਸੀ, ਜਾਪਦਾ ਸੀ ਜਿਵੇਂ ਉਹ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਆਪਣੀਆਂ ਅੱਖਾਂ ਵਿਚ ਉਤਾਰਨ ਦਾ ਯਤਨ ਕਰ ਰਿਹਾ ਹੋਵੇ। ਜੇ ਇਸ ਸਮੇਂ ਉਹਦੇ ਮਾਂ-ਪਿਓ ਜਾਂ ਦਾਈ ਉਹਨੂੰ ਆਵਾਜ਼ ਦੇ ਕੇ ਪੁਕਾਰਦੀ ਤਾਂ ਉਹ ਬੜੀ ਜ਼ਖ਼ਮੀ ਭਾਵਨਾ ਨਾਲ ਉਹਦੇ ਵਲ ਤਕਦਾ। ਦੂਜੇ ਤੀਜੇ ਮਹੀਨੇ ਵਿਚ ਉਹਨੇ ਆਪਣੀ ਗਰਦਨ ਸੰਭਾਲਣੀ ਸਿੱਖ ਲਈ। ਚੌਥੇ ਮਹੀਨੇ ਉਹਨੂੰ ਪੰਗੂੜੇ ਵਿਚ ਲਟਾਇਆ ਗਿਆ। ਪੰਜਵੇਂ ਮਹੀਨੇ ਵਿਚ ਉਹਨੇ ਆਪਣੇ ਆਪ ਨਾਲ ਗੱਲਾਂ ਕਰਨੀਆਂ ਸਿੱਖ ਲਈਆਂ। ਛੇਵੇਂ ਮਹੀਨੇ ਉਹਨੇ ਹਰ ਇਕ ਬੁਲਾਉਣ ਵਾਲੇ ਦੀ ਆਵਾਜ਼ ਤੇ

ਤਤਲਾਉਂਦੀ ਆਵਾਜ਼ ਕੱਢਣੀ ਸ਼ੁਰੂ ਕਰ ਦਿਤੀ। ਸਤਵੇਂ ਮਹੀਨੇ ਉਹਨੇ ਬੈਠਣਾ ਸਿੱਖ ਲਿਆ। ਪਰ ਨਾਨਕ ਦੇ ਮਾਪਿਆਂ ਨੂੰ ਉਹਦੇ ਬਾਰੇ ਤਸੱਲੀ ਨਾ ਹੋਈ। ਉਹ ਸਮਝਦੇ ਸਨ ਕਿ ਸ਼ਾਇਦ ਉਹਦੀਆਂ ਲੱਤਾਂ ਸਿਧੀਆਂ ਨਹੀਂ ਤੇ ਉਹ ਠੀਕ ਤਰ੍ਹਾਂ ਬੈਠ ਨਹੀਂ ਸਕਦਾ। ਅਠਵੇਂ ਮਹੀਨੇ ਉਹਨੇ ਹੌਲੀ ਗੋਡਿਆਂ ਭਾਰ ਰਿੜਨਾ ਸ਼ੁਰੂ ਕਰ ਦਿੱਤਾ। ਨੌਵੇਂ ਦਸਵੇਂ ਮਹੀਨੇ ਉਹਨੇ ਰਿੜਨ ਦੇ ਨਾਲ ਨਾਲ ਆਪਣੇ ਪੈਰਾਂ ਤੇ ਖੜੇ ਹੋਣਾ ਵੀ ਸ਼ੁਰੂ ਕਰ ਦਿਤਾ। ਯਾਰਵੇਂ ਤੇ ਬਾਰ੍ਹਵੇਂ ਮਹੀਨੇ ਉਹ ਲੜਖੜਾਉਂਦੇ ਪੈਰਾਂ ਨਾਲ ਚਲਣ ਵੀ ਲਗ ਪਿਆ ਅਤੇ ਬਾਬਾ, ਮਾਂ, ਮਾਂ ਬੋਲਣਾ ਸਿਖ ਲਿਆ। ਜਦੋਂ ਇਹ ਬੱਚਾ ਡੇਢ ਸਾਲ ਦਾ ਹੋਇਆ ਤਾਂ ਆਪਣੇ ਆਪ ਆਪਣੇ ਪੈਰਾਂ ਤੇ ਚਲਣ ਲੱਗ ਪਿਆ। ਦੋ ਸਾਲ ਦੀ ਉਮਰ ਵਿਚ ਉਹ ਆਪਣੀ ਉਮਰ ਵਾਲੇ ਬੱਚਿਆਂ ਨਾਲ ਖੇਡਣ ਲੱਗ ਪਿਆ। ਦੂਸਰੇ ਬੱਚਿਆਂ ਵਾਂਗ ਉਹ ਆਪਣੇ ਮਾਪਿਆਂ ਦੇ ਕਾਗਜ਼ਾਂ ਨੂੰ ਆਪਣੀ ਕਛ ਵਿਚ ਨੱਪ ਕੇ ਤੁਰਦਾ ਫਿਰਦਾ ਬੜਾ ਸੋਹਣਾ ਲਗਦਾ ਸੀ।"

ਆਪਣੇ ਜੀਵਨ ਦੇ ਮੁਢਲੇ ਸਾਲਾਂ ਵਿਚ ਨਾਨਕ ਵਿਚ ਇਹੋ ਜਿਹੀ ਕੋਈ ਅਸਾਧਾਰਨ ਗਲ ਨਹੀਂ ਸੀ ਜੋ ਉਸ ਤੋਂ ਇਹੋ ਜਿਹੀਆਂ ਗੱਲਾਂ ਉਹਦੇ ਹਮ ਉਮਰ ਸਾਥੀਆਂ ਨੂੰ ਹੈਰਾਨ ਵੀ ਕਰ ਦੇਂਦੀਆ ਸਨ। ਪਿੰਡ ਦੇ ਲੋਕਾਂ ਨੂੰ ਨਾਨਕ ਵਿਚਲੀ ਵਡਿਆਈ ਦਾ ਅਹਿਸਾਸ ਹੋਣ ਲਗ ਪਿਆ। ਇਸ ਬੱਚੇ ਨੂੰ ਦੇਖ ਕੇ ਇਕ ਗਿਆਨੀ ਪੰਡਤ ਨੇ ਆਪਣੀ ਭਾਵਨਾ ਦਾ ਜੋ ਪ੍ਰਗਟਾਵਾ ਕੀਤਾ ਉਹ ਇਸ ਤਰ੍ਹਾਂ ਹੈ :- "ਰੱਬ ਮਹਾਨ ਹੈ, ਐ ਈਸ਼ਵਰ ਏਨਾ ਛੋਟਾ ਬੱਚਾ ਕਿਵੇਂ ਦਿਲ ਮੋਹਣ ਵਾਲੀਆਂ ਤੇ ਸੋਹਣੀਆਂ ਗੱਲਾਂ ਕਰਦਾ ਹੈ। ਜਿੰਨਾ ਉਹ ਆਪ ਸੋਹਣਾ ਹੈ ਉਹਦੀਆਂ ਗੱਲਾਂ ਵੀ ਓਨੀਆਂ ਹੀ ਮਨਮੋਹਣੀਆਂ ਹਨ। ਜੇ ਕੋਈ ਤੁਰਕ ਇਸਨੂੰ ਦੇਖ ਲਵੇ ਤਾਂ ਇਕ ਦਮ ਪੁਕਾਰ ਉਠੇਗਾ ਕਿ ਇਸ ਬੱਚੇ ਦੀ ਰਚਨਾ ਸੱਚਮੁੱਚ ਹੈਰਾਨੀ ਵਾਲੀ ਹੈ। ਐ ਕਿਰਪਾਲੂ ਪ੍ਰਮਾਤਮਾ ਇਹ ਬੱਚਾ ਕਿੰਨਾ ਸੋਹਣਾ ਹੈ। ਇਹਦੀ ਗੱਲਬਾਤ ਕਿੰਨੀ ਧੀਮੀ ਹੈ। ਇਹਦੀਆਂ ਗੱਲਾਂ ਤੋਂ ਦੂਜਿਆਂ ਦੇ ਦਿਲਾਂ ਨੂੰ ਆਰਾਮ ਮਿਲਦਾ ਹੈ। ਯਕੀਨੀ ਤੌਰ ਤੇ ਇਹ ਅੱਲਾ ਤਾਲਾ ਦਾ ਇਕ ਵਧੀਆ ਇਨਾਮ ਹੈ। "

**ਗੁਰੂ ਨਾਨਕ ਦਾ ਜਨਮ**

ਭਾਵੇਂ ਗੁਰੂ ਨਾਨਕ ਦੇ ਜਨਮ ਬਾਰੇ ਅਸੀਂ ਪਹਿਲਾਂ ਵੀ ਵਰਣਨ ਕਰ ਆਏ ਹਾਂ ਪਰ ਇਸ ਸੰਬੰਧੀ ਅਧਿਐਨ ਕਰਦੇ ਸਮੇਂ ਸਾਨੂੰ ਕਈ ਹੋਰ ਗੱਲਾਂ ਦਾ ਵੀ ਪਤਾ ਲਗਿਆ ਹੈ ਇਸ ਲਈ ਇਸ ਤਥ ਨੂੰ ਅਸੀਂ ਇਕ ਵਖਰੇ ਵਿਸ਼ੇ ਵਜੋਂ ਪੇਸ਼ ਕਰਨਾ ਜ਼ਰੂਰੀ ਸਮਝਦੇ ਹਾਂ ਤਾਂ ਜੋ ਨਾਨਕ ਦੇ ਜੀਵਨ ਬਾਰੇ ਕੋਈ ਗਲ ਅਧੂਰੀ ਨਾ ਰਹਿ ਜਾਵੇ ਤੇ ਪਾਠਕਾਂ ਨੂੰ ਕਿਸੇ ਤਰ੍ਹਾਂ ਦੀ ਕਮੀ ਨਾ ਮਹਿਸੂਸ ਹੋਵੇ। ਗੁਰੂ ਨਾਨਕ ਦੇ ਜਨਮ ਬਾਰੇ ਸਿਖ ਵਿਦਵਾਨਾਂ ਵਿਚ ਵਿਭਿੰਨ ਨਜ਼ਰੀਏ ਤੇ ਮਤ-ਭੇਦ ਹਨ। ਗੁਰੂ ਸਾਹਿਬ ਦੀ ਜਨਮ ਤਰੀਕ ਜਾਂ ਜਨਮ ਦਿਨ ਬਾਰੇ ਕੋਈ ਪੱਕਾ ਸਬੂਤ ਨਹੀਂ ਮਿਲਦਾ। ਸਭ ਤੋਂ ਪਹਿਲਾਂ ਅਸੀਂ ਏਥੇ ਉਨ੍ਹਾਂ ਸਾਰੇ ਹਵਾਲਿਆਂ ਦੀ ਸੂਚੀ ਦੇਂਦੇ ਹਾਂ ਜਿਨ੍ਹਾਂ, ਤੋਂ ਇਨ੍ਹਾਂ ਮਤ-ਭੇਦਾਂ ਤੇ ਵੱਖ ਵੱਖ ਦ੍ਰਿਸ਼ਟੀਆਂ ਦਾ ਪਤਾ ਲਗਦਾ ਹੈ। ਇਕ ਦ੍ਰਿਸ਼ਟੀ ਇਹ ਹੈ ਕਿ "ਆਪ ਦਾ ਜਨਮ ਕੱਤਕ ਸੁਧੀ ਪੂਰਨਮਾਸ਼ੀ ਨੂੰ ਹੋਇਆ।" ਇਸ ਤਥ ਦੀ ਪੁਸ਼ਟੀ ਇਨ੍ਹਾਂ ਹਵਾਲਿਆਂ ਤੋਂ ਹੁੰਦੀ ਹੈ- "ਜਨਮ ਸਾਖੀ ਭਾਈ ਬਾਲਾ (ਸਫਾ 5) "ਨਾਨਕ ਪ੍ਰਕਾਸ਼ ਪੂਰਬਾਰਦਹ ਅਧਿਆਇ, ਗੁਰਦਵਾਰੇ ਦਰਸ਼ਨ (ਸਫ਼ਾ 8 ), ਗੁਰੂ ਤੀਰਥ ਸੰਗ੍ਰਹਿ (ਸਫਾ 9 ), "ਗੁਰੂਧਾਮ ਸੰਗ੍ਰਹਿ" (ਸਫਾ 11), "ਗੁਰੂਧਾਮ ਦੀਦਾਰ" (ਸਫਾ 113), "ਤਵਾਰੀਖ ਗੁਰੂ ਖਾਲਸਾ" (ਸਫਾ 81), "ਪੰਥ ਪ੍ਰਕਾਸ਼ ਨਿਵਾਸ" (ਸਫਾ 4), "ਇਤਿਹਾਸ ਗੁਰੂ ਖਾਲਸਾ (ਹਿੰਦ),(ਸਫਾ14), "ਗੁਰਮੱਤ ਲੈਕਚਰ" ਸਫ਼ਾ 5 ਤੇ 14, "ਗੁਰੂ ਪ੍ਰਨਾਲੀ ਕਲਮੀ ਵਰਕ ਅੱਵਲ ਕੇਸ਼ ਫ਼ਿਲਾਸਫ਼ੀ" ਸਫ਼ਾ 31, "ਸਿੱਖਾਂ ਦੇ ਰਾਜ ਦੀ ਵਿਥਿਆ" ਸਫਾ 5, "ਸਵਾਨ, ਉਮਰੀ ਗੁਰੂ ਨਾਨਕ ਜੀ" ਸਫ਼ਾ 4, "ਗੁਰੂ ਗੋਬਿੰਦ ਸਿੰਘ ਜੀ" ਸਫ਼ਾ 31, "ਜੀਵਨ ਚਿੱਤਰ ਸ੍ਰੀ ਚੰਦ ਜੀ" ਸਫ਼ਾ 1, "ਸਿਧਾਂਤ ਬੋਰਜਨੀ ਨੰਬਰ 64", "ਤਵਾਰੀਖ ਸਿੱਖਾਂ" ਸਫ਼ਾ 13, "ਗੁਰੂ ਪ੍ਰਨਾਲੀਆਂ" ਸਫ਼ਾ 3,22,90,125, "ਕਬਿਤ, ਸਵੱਈਏ ਭਾਈ ਗੁਰਦਾਸ ਜੀ" ਸਫ਼ਾ 142,"ਜਨਮ ਸਾਖੀ (ਉਰਦੂ) ਸਫ਼ਾ 9,"ਆਫ ਬੇਟਰ ਸੰਕੰਲਣਾ ਨਾਲ ਨੰਬਰ 11", "ਗੁਰੂ ਨਾਨਕ ਜੋਤ ਤੇ ਸਰੂਪ" ਸਫ਼ਾ 41,

ਗੁਰੂ ਨਾਨਕ ਦੇਵ ਜੀ ਦੇ ਜਨਮ ਬਾਰੇ ਦੂਜਾ ਵਿਚਾਰ ਹੈ-

"ਆਪ ਦਾ ਜਨਮ ਵਿਸਾਖੀ ਦੇ ਦਿਨ ਹੋਇਆ।"

ਇਸ ਦ੍ਰਿਸ਼ਟੀ ਦਾ ਪੱਖ ਪੂਰਣ ਵਾਲੇ ਹਵਾਲੇ ਸਾਨੂੰ ਇਨ੍ਹਾਂ ਪੁਸਤਕਾਂ ਵਿਚੋਂ ਮਿਲਦੇ ਹਨ -

"ਵਲਾਇਤ ਵਾਲੀ ਜਨਮ ਸਾਖੀ" ਸਫਾ 1, "ਜਨਮ ਸਾਖੀ" ਮੈਕਾਲਿਫ ਵਾਲੀ ਸਫ਼ਾ 1, "ਪੁਰਾਤਨ ਜਨਮ ਸਾਖੀ " ਸਫ਼ਾ 1, "ਮੈਕਾਓਫ਼ ਇਤਿਹਾਸ, ਭਾਗ ਪਹਿਲਾ" ਸਫ਼ਾ 9, "ਜਨਮ ਸਾਖੀ ਭਾਈ ਮਨੀ ਸਿੰਘ" ਸਫ਼ਾ 41, "ਕੱਤਕ ਕਿ ਵਿਸਾਖ" ਸਫ਼ਾ 261, "ਗੁਰਪੁਰਬ ਨਿਰਣੈ" ਸਫ਼ਾ 44, "ਤਵਾਰੀਖ ਗੁਰੂ ਖਾਲਸਾ ਪੰਥ" ਸਫ਼ਾ 15, "ਜਨਮ ਕਥਾ ਗੁਰੂ ਨਾਨਕ ਜੀ" ਸਫ਼ਾ 39, "ਜਗਤ ਪ੍ਰਦੀਪ" ਸਫ਼ਾ 1, "ਖਾਲਸਾ ਰਹਿਤ ਪ੍ਰਕਾਸ਼" ਸਫ਼ਾ 63, "ਗੁਰੂ ਬਸਾਵਲੀ" ਸਫ਼ਾ 20, "ਗੁਰਮਤ ਦਰਸ਼ਨ" ਸਫ਼ਾ 72, "ਵਿਸ਼ਵ ਨੂਰ" ਸਫ਼ਾ 3, "ਸਿਖ ਹਿੰਦੂ ਨਹੀਂ" ਸਫ਼ਾ 7, "ਨਾਨਕ ਸ਼ਾਹੀ ਜੰਤਰੀ" ਸਫ਼ਾ 43, "ਮਾਖ਼ਜਤ ਤਾਰੀਖ ਸਿਖਾਂ" ਸਫ਼ਾ 3, "ਮਾਲਵਾ ਇਤਿਹਾਸ ਭਾਵ ਪਹਿਲਾ" ਸ਼ਾ 6, "ਵਾਰਾਂ ਭਾਈ ਗੁਰਦਾਸ, ਪਹਿਲੀ ਵਾਰ ਪਾਉੜੀ" ਸਫ਼ਾ 27, "ਜਨਮ ਸਾਖੀ ਸੋਢੀ ਮਿਰਬਾਨ ਵਾਲੀ" ਸਫ਼ਾ 9, "ਸਗਲ ਜਮਾਇਤੀ" ਸਫ਼ਾ 11, "ਨਨਕਾਣਾ ਸਾਹਿਬ ਦੇ ਪੁਰਾਤਨ ਹਾਲ" ਸਫ਼ਾ 4, "ਜਨਮ ਸਾਖੀ (ਉਰਦੂ)" ਸਫ਼ਾ 2, "ਗੁਰੂ ਨਾਨਕ ਜੋਤ ਤੇ ਸਰੂਪ" ਸਫ਼ਾ 126, "ਗਿਆਨੀ ਅਬਾਦੁਲਾ ਹਮਾਰਾ ਨਾਨਕ" ਸਫ਼ਾ 2 ।

ਗੁਰੂ ਨਾਨਕ ਦੇ ਜਨਮ ਸੰਬੰਧ ਤੀਜਾ ਵਿਚਾਰ ਕੁਝ ਇਸ ਪ੍ਰਕਾਰ ਹੈ - ਗਿਆਨੀ ਅਬਾਦੁਲਾ ਦੀ ਰਚਨਾ, "ਹਮਾਰਾ ਨਾਨਕ' ਦੇ ਸਫ਼ਾ 2 ਅਨੁਸਾਰ - "ਕੁਝ ਲੋਕਾਂ ਨੇ ਇਨ੍ਹਾਂ, ਦੋਹਾਂ ਰਿਵਾਇਤਾਂ ਨੂੰ ਮੇਲ ਕੇ ਇਹ ਕਿਹਾ ਹੈ ਕਿ ਵਿਸਾਖ ਦੇ ਮਹੀਨੇ ਗੁਰੂ ਜੀ ਹਾਲ ਵਿਚ ਆਏ ਸਨ ਤੇ ਕੱਤਕ ਸੁਧੀ ਪੂਰਨਮਾਸ਼ੀ ਨੂੰ ਪੈਦਾ ਹੋਏ ਸਨ"- ਦੇਖੋ ਬਜੇ ਮੁਕਤ ਗ੍ਰੰਥ ਸਫ਼ਾ 382।

ਇਕ ਸੱਜਨ ਅਨੁਸਾਰ ਗੁਰੂ ਜੀ ਦਾ ਸ੍ਰੀਰਕ ਜਨਮ ਵਿਸਾਖੀ ਨੂੰ ਹੋਇਆ ਸੀ ਤੇ ਰੂਹਾਨੀ ਜਨਮ ਕੱਤਕ ਦੀ ਪੂਰਨਮਾਸ਼ੀ ਨੂੰ ਜਦੋਂ ਉਨ੍ਹਾਂ, ਨੂੰ ਆਤਮਕ ਗਿਆਨ ਪ੍ਰਾਪਤ ਹੋਇਆ ਸੀ।" ਦੇਖੋ ਅਖ਼ਬਾਰ ਫ਼ਤਿਹ ਪੁਰ ਦਿੱਲੀ, 2 ਨਵੰਬਰ, 1952।

ਇਸ ਸੰਬੰਧੀ ਚੌਥਾ ਤੇ ਆਖਰੀ ਦ੍ਰਿਸ਼ਟੀਕੋਨ ਇਸ ਪ੍ਰਕਾਰ ਹੈ -

"ਗੁਰੂ ਜੀ ਨੇ ਸਾਵਨ ਸੁਧੀ ਤੀਜ 1526 ਸੰਮਤ ਬਿਕ੍ਰਮੀ ਨੂੰ ਜਨਮ ਧਾਰਨ ਕੀਤਾ ਸੀ" - ਪੰਜਾਬ ਦਾ ਸੰਖੇਪ ਇਤਿਹਾਸ ਸਫ਼ਾ 107।

ਜਨਮ ਸੰਬੰਧੀ ਉਪਰੋਕਤ ਦ੍ਰਿਸ਼ਟੀਆਂ ਤੇ ਹਵਾਲਿਆਂ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ, ਜਨਮ ਮਹੀਨਾ ਅਤੇ ਜਨਮ ਦਿਨ ਦਾ ਕੋਈ ਸਪਸ਼ਟ ਸਬੂਤ ਨਹੀਂ ਮਿਲਦਾ। ਅਗਲੇ ਪੰਨਿਆ ਵਿਚ ਇਨ੍ਹਾਂ ਸਾਰਿਆਂ ਪ੍ਰਸ਼ਨਾਂ ਦਾ ਤਸੱਲੀਬਖਸ਼ ਉੱਤਰ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਫਿਰ ਵੀ ਇਸ ਸੰਬੰਧੀ ਇਕ ਮੋਹਤਬਰ ਹਵਾਲਾ ਹੋਰ ਵੀ ਹੈ।

"ਇਕ ਮੁਸਲਮਾਨ ਫ਼ਕੀਰ ਨੇ ਗੁਰੂ ਨਾਨਕ ਜੀ ਦੇ ਪਿਤਾ ਨੂੰ ਉਨ੍ਹਾਂ ਦੇ ਜਨਮ ਸੰਬੰਧੀ ਅਸੀਸ ਦਿੱਤੀ ਸੀ। (ਰਸਾਲਾ ਸੰਤ ਸਿਪਾਹੀ, ਅੰਮ੍ਰਿਤਸਰ ਨਵੰਬਰ 1965)

ਇਹ ਫ਼ਕੀਰ ਮੁਸਲਮਾਨ ਹਜ਼ਰਤ ਬਾਬਾ ਨੌਲਖਾ ਹਜ਼ਾਰੀ ਕਸਬਾ ਸ਼ਾਹਕੋਟ ਜ਼ਿਲ੍ਹਾ ਸ਼ੇਖਾਪੁਰਾ ਵਾਲੇ ਹੀ ਹਨ ਕਿਉਂ ਜੋ ਫੀਲਡ ਰਿਸਰਚ ਸਮੇਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਇਕ ਕਰਮਚਾਰੀ ਮੁਹੱਮਦ ਇਬ੍ਰਾਹੀਮ (ਜਿਹੜਾ ਉਨੀ, ਦਿਨੀ ਅਥਵਾ 1940 ਵਿਚ ਗੁਰਦਵਾਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਚ ਵਾਟਰਮੈਨ ਵਜੋਂ ਭਰਤੀ ਹੋਇਆ ਸੀ) ਨੇ ਦੱਸਿਆ ਕਿ ਉਹ 15 ਸਾਲ ਦੀ ਉਮਰ ਵਿਚ ਭਾਵ ਸੰਨ 1925 ਵਿਚ ਸ਼ਾਹਕੋਟ ਹਜ਼ਰਤ ਦੇ ਦਰਬਾਰ ਵਿਚ ਦਰਸ਼ਨ ਕਰਨ ਗਿਆ ਸੀ ਤਾਂ ਉਥੋਂ ਦੇ ਇਕ ਮਜਾਵਰ ਜਿਸ ਦੀ ਉਮਰ ਉਸ ਵੇਲੇ ਲਗਭਗ 125 ਵਰ੍ਹਿਆਂ ਦੀ ਸੀ, ਨੇ ਉਹਨੂੰ ਦਸਿਆ ਕਿ "ਬਾਬਾ ਗੁਰੂ ਨਾਨਕ ਸੰਬੰਧੀ ਸਾਡੇ ਪੀਰ ਮੁਰਸ਼ਦ ਨੇ ਅਰਦਾਸ ਕੀਤੀ ਤੇ ਅਸੀਸ ਦਿੱਤੀ ਸੀ ਜਿਸਦਾ ਸੰਬੰਧ ਤਲਵੰਡੀ ਵਰਤਮਾਨ ਨਨਕਾਣਾ ਸਾਹਿਬ ਨਾਲ ਹੈ।"

ਜਦੋਂ ਉਨ੍ਹਾਂ ਤੋਂ ਇਹ ਪੁੱਛਿਆ ਕਿ ਤੁਹਾਡੇ ਤਕ ਇਏ ਖ਼ਬਰ ਕਿਵੇਂ ਪੁੱਜੀ ਕਿਉਂਕਿ ਇਸ ਨੂੰ ਤਾਂ ਚਾਰ ਸੌ ਸਾਲ ਦਾ ਸਮਾਂ ਬੀਤ ਚੁੱਕਾ ਹੈ ਤਾਂ ਉਹਨੇ ਕਿਹਾ ਕਿ ਇਹ ਗਲ ਤਾਂ ਪੀੜੀਓ-ਪੀੜੀ ਉਥੋਂ ਦੇ ਮਜਾਵਰਾਂ ਰਾਹੀਂ ਤੁਰਦੀ ਆ ਰਹੀ ਹੈ। ਗੁਰੂ ਨਾਨਕ ਤੋਂ ਪਹਿਲਾਂ ਉਸ ਦਾ ਇਕ ਭਰਾ ਜਾਂ ਦਾਦਾ (ਕਈ ਰਵਾਇਤਾਂ ਭਰਾ ਤੇ ਕਈ ਚਾਚਾ ਦਸਦੀਆਂ ਹਨ) ਅਤੇ ਇਕ ਵੱਡੀ ਭੈਣ ਨਾਨਕੀ ਹੁੰਦੀ ਸੀ। ਉਹ ਤਲਵੰਡੀ ਰਾਏ ਭੋਏ ਵਿਚ 15 ਅਪ੍ਰੈਲ ਸੰਨ 1469 ਸੋਮਵਾਰ ਵਾਲੇ ਦਿਨ ਸੁਭਾ ਸਵੇਰੇ ਪੈਦਾ ਹੋਏ ਅਤੇ ਮੁਸਲਮਾਨ ਦਾਈ ਦੌਲਤਾਂ ਬੀਬੀ ਨੂੰ ਜਨਮ ਦੇਣ ਵਿਚ ਸਹਾਇਤਾ ਕਰਨ ਦਾ ਮਾਨ ਪ੍ਰਾਪਤ ਹੋਇਆ।

ਗੁਰੂ ਨਾਨਕ ਦੇ ਜਨਮ ਅਸਥਾਨ ਬਾਰੇ ਵੀ ਸਿੱਖਾਂ ਵਿਚ ਮੱਤ-ਭੇਦ ਹਨ। ਕੁਝ ਲੋਕ ਕਹਿੰਦੇ ਹਨ ਕਿ ਨਾਨਕ ਨਾਂ ਦਾ ਕਾਰਣ ਇਹ ਹੈ ਕਿ ਉਹ ਆਪਣੇ ਨਾਨਕੇ ਘਰ ਪੈਦਾ ਹੋਏ ਸਨ ਜਿਸ ਕਾਰਣ ਉਹਨਾਂ ਦਾ ਨਾਂ ਨਾਨਕ ਪੈ ਗਿਆ ਕਿਉਂਕਿ ਇਸ ਸ਼ਬਦ ਅਰਥ ਹੀ ਨਾਨਕੇ ਘਰ ਜੰਮਣ ਵਾਲਾ ਬੱਚਾ ਹੈ। ਇਸ ਲਈ ਕਿਹਾ ਜਾਂਦਾ ਹੈ ਕਿ "ਗੁਰੂ ਨਾਨਕ ਸਾਹਿਬ ਆਪਣੇ ਨਾਨਾ ਰਾਮਾ (ਸਥਾਨ ਚਾਹਲ) ਦੇ ਘਰ ਪੈਦਾ ਹੋਏ ਸਨ। ਇਸ ਲਈ ਉਨ੍ਹਾਂ ਦਾ ਨਾਂ ਨਾਨਕ ਰਖਿਆ ਗਿਆ (ਤਵਾਰੀਖ ਗੁਰੂ ਖਾਲਸਾ, ਸਫ਼ਾ 29)।

ਉਪਰੋਕਤ ਵਿਰਵੇ ਦੀ ਪ੍ਰੋੜਤਾ ਹੋਰ ਸਿਖ ਵਿਦਵਾਨ ਵੀ ਕਰਦੇ ਹਨ ਕਿ ਗੁਰੂ ਜੀ ਆਪਣੇ ਨਾਨੇ ਦੇ ਘਰ ਪੈਦਾ ਹੋਏ ਸਨ। ਇਸ ਸੰਬੰਧ ਵਿਚ ਦੇਖੋ- "ਮੁਖਤਸਰ ਮੁਕੰਮਲ ਤਵਾਰੀਖ ਗੁਰੂ ਖ਼ਾਲਸਾ" ਸਫ਼ਾ 78, ਗੁਰਪੁਰਬ ਨਿਰਣੇ" ਸਫ਼ਾ 43, "ਇਤਿਹਾਸ ਗੁਰੂ ਖ਼ਾਲਸਾ (ਹਿੰਦੀ)" ਸਫ਼ਾ 78, " ਤਵਾਰੀਖ ਗੁਰੂ ਖਾਲਸਾ ਹਾਸ਼ੀਆ" ਸਫ਼ਾ 108, "ਗੁਰੂ ਪ੍ਰਣਾਲੀਆਂ" ਸਫ਼ਾ 91, "ਜਨਮ ਸਾਖੀ ਗੁਰੂ ਨਾਨਕ ਜੀ, ਸੋਢੀ ਮਿਹਰਬਾਨ ਵਾਲੀ " ਸਫ਼ਾ 9,10, ਕਨਿੰਘਮ ਦੀ "ਹਿਸਟਰੀ ਆਫ਼ ਦੀ ਸਿਖ਼ਰ ਸਫਾ 39, " ਸਿਖ ਇਤਿਹਾਸ ਕਨਿੰਘਮ ਵਾਲਾ" ਸਫ਼ਾ 84, "ਗੁਰੂਧਾਮ ਸੰਗ੍ਰਹਿ" ਸਫ਼ਾ 23, "ਖਾਲਸਾ ਸਮਾਚਾਰ" ਜਿਲਦ ਨੰ: 4 ਸਫ਼ਾ 20, "ਤਵਾਰੀਖ ਗੁਰੂ ਖਾਲਸਾ" ਸਫ਼ਾ 21, "ਅਖ਼ਬਾਰ ਫ਼ਤਹਿ ਦਿਹਲੀ, ਨਵੰਬਰ, 1956"।

ਉਪਰੋਕਤ ਹਵਾਲਿਆਂ ਦੀ ਰੋਸ਼ਨੀ ਵਿਚ ਇਸ ਗਲ ਦਾ ਪਤਾ ਲਗਦਾ ਹੈ ਕਿ ਗੁਰੂ ਨਾਨਕ ਜੀਦ ਦਾ ਜਨਮ ਆਪਣੇ ਨਾਨਕੇ ਘਰ ਵਿਚ ਹੋਇਆ ਸੀ। ਗੁਰੂ ਨਾਨਕ ਦੇਵ ਜੀ ਪੰਜ ਸੌ ਸਾਲਾ ਜਨਮ ਸ਼ਤਾਬਦੀ ਦੇ ਸੰਬੰਧ ਵਿਚ, "ਗੁਰੂ ਨਾਨਕ ਤੇ ਸਿਖ ਧਰਮ ਦੀ ਬੁਨਿਆਦ" ਬਾਰੇ ਲਿਖੀ ਜਾਣ ਵਾਲੀ ਪੁਸਤਕ ਵਿਚ ਕਿਤੇ ਹਵਾਲਿਆਂ ਤੋਂ ਪਹਿਲਾਂ ਅਸੀਂ ਇਕ ਹੋਰ ਹਵਾਲਾ ਦੇਂਦੇ ਹਾਂ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਪ੍ਰਕਾਸ਼ਤ ਹੋਈ ਪੁਸਤਕ "ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅਸਥਾਨ, ਧਰਮ ਸ਼ਾਲਾਵਾਂ ਤੇ ਗੁਰਦਵਾਰੇ" ਵਿਚ ਸਫ਼ਾ 9 ਤੇ ਇਸ ਤਰ੍ਹਾਂ ਲਿਖਿਆ ਹੈ-

"ਚਾਹਲ ਨਾਂ ਦੇ ਇਕ ਪਿੰਡ ਵਿਚ ਜਿਹੜਾ ਲਾਹੌਰ ਦੇ ਸਥਾਨ ਪੀਰ ਦੇ ਨੇੜੇ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਨਕੇ ਸਨ ਅਤੇ ਕਈ ਲੇਖਕਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਜਨਮ ਏਥੇ ਹੀ ਹੋਇਆ। ਇਸੇ ਕਾਰਣ ਉਨ੍ਹਾਂ ਦਾ ਨਾਂ ਨਾਨਕ ਰਚਿਆ ਗਿਆ।"

ਗਿਆਨੀ ਗਿਆਨ ਸਿੰਘ ਅਨੁਸਾਰ ਏਥੇ ਵੀ ਸਿਖਾਂ ਨੇ ਗੁਰੂ ਜੀ ਦੀ ਯਾਦ ਵਿਚ ਗੁਰੂਦਵਾਰਾ ਬਣਵਾਇਆ ਸੀ, (ਗੁਰੂਧਾਮ ਸੰਗ੍ਰਹਿ, ਸਫ਼ਾ 23)। ਇਕ ਭਾਰਤੀ ਵਿਦਵਾਨ ਲਾਲਾ ਅਮੀਰ ਚੰਦ ਖੰਨਾ ਕਹਿੰਦੇ ਹਨ ਕਿ- "ਮੇਰਾ ਯਕੀਨ ਹੈ ਕਿ ਜਿਹੜਾ ਬੱਚਾ ਆਪਣੇ ਨਾਨਕੇ ਜੰਮਿਆ ਹੋਵੇ ਉਹ ਬੜਾ ਸੂਝਵਾਨ, ਯੋਧਾ ਤੇ ਮਹਾਤਮਾ ਹੁੰਦਾ ਹੈ। ਅਧਿਆਤਮਕ ਸ਼ਾਸਤਰਾਂ ਦਾ ਵਰਣਨ ਭਾਵੇਂ ਏਥੇ ਯੋਗ ਨਹੀਂ ਪਰ ਪਾਠਕਾਂ ਨੂੰ ਇਹ ਗਲ ਧਿਆਨ ਵਿਚ ਰਖਣੀ ਚਾਹੀਦੀ ਹੈ ਕਿ ਭਗਵਾਨ ਕ੍ਰਿਸ਼ਨ ਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਜਨਮ ਵੀ ਆਪਣੇ ਨਾਨਕੇ ਹੀ ਹੋਇਆ ਸੀ।" (ਰਿਸਾਲਾ ਗੁਰੂ ਸੰਦੇਸ਼ ਤਸਾ ਨਗਰ ਅਗਸਤ 1966)

ਸੁਆਮੀ ਜੀ ਕੈਗੇਸ਼ਵਰ ਆਨੰਦ ਜੀ ਦੇ ਕਥਨ ਅਨੁਸਾਰ-

"ਨਨਕਾਣਾ ਸਾਹਿਬ ਵਿਚ ਵਰਤਮਾਨ ਗੁਰਦਵਾਰਾ ਜਨਮ-ਅਸਥਾਨ ਅਸਲ ਵਿਚ ਗੁਰੂ ਨਾਨਕ ਜੀ ਦੇ ਪੁੱਤਰ ਬਾਬਾ ਹਰੀ ਚੰਦ ਦਾ ਜਨਮ ਅਸਥਾਨ ਹੈ ਅਤੇ ਇਹ ਯਾਦਗਾਰ ਬਾਬਾ ਹਨੂੰਮਾਨ ਜੀ ਉਦਾਸੀ ਨੇ ਸੰਨ 1738, ਸੰਮਤ ਬ੍ਰਿਕਮੀ 1681 ਵਿਚ ਉਸਰਵਾਈ ਸੀ।" (ਅਬਾਦੁਲਾ ਗਿਆਨੀ - 'ਹਮਾਰਾ ਨਾਨਕ' ਸਫ਼ਾ 4)

ਉਪਰੋਕਤ ਸਾਰੇ ਹਵਾਲਿਆਂ ਨੂੰ ਦੇਖੀਏ ਤਾ ਪਤਾ ਲਗਦਾ ਹੈ ਕਿ ਇਹ ਸਾਰੇ ਬਾਬਾ ਨਾਨਕ ਦੇਵ ਜੀ ਮਹਾਰਾਜ ਦੇ ਪੰਜ ਸੌ ਸਾਲਾ ਜਨਮ ਦਿਨ ਅਰਥਾਤ ਸੰਨ 1969 ਤੋਂ ਪਹਿਲਾਂ ਦੇ ਹਨ। ਸੰਨ 1969 ਵਿਚ ਗੁਰੂ ਨਾਨਕ ਦੇਵ ਜੀ 'ਤੇ ਜੋ ਖੋਜ ਹੋਈ ਹੈ ਉਸ ਦੀ ਰੋਸ਼ਨੀ ਵਿਚ ਕਈ ਨਵੀਆਂ ਦ੍ਰਿਸ਼ਟੀਆਂ ਤੇ ਵਿਚਾਰ ਸਾਹਮਣੇ ਆਉਂਦੇ ਹਨ। ਹਰਬੰਸ ਸਿੰਘ ਦੀ ਪੁਸਤਕ ਗੁਰੂ ਨਾਨਕ ਤੇ ਸਿਖ ਵਿਸ਼ਵਾਸ ਦੀ ਨੀਂਹ ਵਿਚ ਇਸ ਵਿਸ਼ੇ ਬਾਰੇ ਵੱਡੀ ਖੋਜ ਕੀਤੀ ਗਈ ਹੈ। ਉਨ੍ਹਾਂ ਦੀ ਖੋਜ ਵਿਚ ਉਪਰੋਕਤ ਪ੍ਰਸ਼ਨਾਂ ਦੇ ਉੱਤਰ ਢੂੰਡੇ ਗਏ ਹਨ ਜਿਸ ਵਿਚ ਉਨ੍ਹਾਂ ਨੇ ਸਾਰੀਆਂ ਗਲਾਂ ਦਾ ਵਰਣਨ ਵਿਸਤਾਰ ਸਹਿਤ ਪੂਰੇ ਹਵਾਲਿਆਂ ਨਾਲ ਕੀਤਾ ਹੈ। ਉਨ੍ਹਾਂ ਦੇ ਕਥਨ ਅਨੁਸਾਰ:-

"ਗੁਰੂ ਨਾਨਕ ਤਲਵੰਡੀ ਵਿਚ ਆਪਣੇ ਪਿਤਾ ਦੇ ਘਰ 15 ਅਪ੍ਰੈਲ ਸੰਨ 1469 ਵਿਚ ਪੈਦਾ ਹੋਏ। ਉਹਨਾਂ, ਦੀ ਦਾਈ ਮੁਸਲਮਾਨ ਦੌਲਤਾਂ ਬੀਬੀ ਸੀ" (ਸਫ਼ਾ 66)।

ਕਿਸੇ ਵੀ ਪੁਸਤਕ ਵਿਚ ਇਹ ਗਲ ਨਹੀਂ ਦੱਸੀ ਗਈ ਕਿ ਜਿਸ ਦਿਨ ਉਨ੍ਹਾਂ ਦਾ ਜਨਮ ਹੋਇਆ ਸੀ ਉਹ ਕਿਹੜਾ ਵਾਰ ਸੀ। ਐਪਰ ਗਣਿਤ-ਗਿਆਨ ਦੇ ਫਾਰਮੂਲੇ ਦੀ ਰੌਸ਼ਨੀ ਵਿਚ ਦੇਖੀਏ ਤਾਂ ਸੰਨ 1469 ਦੇ ਹਿੰਸਿਆਂ ਦਾ ਜੋੜ 20 ਬਣਦਾ ਹੈ ਅਰਥਾਤ 2 ਹਫ਼ਤੇ ਤੇ 6 ਦਿਨ ਬਾਕੀ ਬਚਦੇ ਹਨ। ਦੂਜੇ ਪਾਸੇ 15 ਦਾ ਜੋੜ ਵੀ 6 ਬਣਦਾ ਹੈ । ਇਸ ਤਰ੍ਹਾਂ ਗਣਿਤ ਵਿਦਿਆ ਦੇ ਫਾਰਮੂਲੇ ਵਜੋਂ ਸਨੀਚਰਵਾਰ ਦਾ ਦਿਨ ਲਿਆ ਜਾ ਸਕਦਾ ਹੈ। ਇਸ ਤਰ੍ਹਾਂ ਗੁਰੂ ਨਾਨਕ 15 ਅਪ੍ਰੈਲ ਸੰਨ 1469 ਸਨੀਚਰਵਾਰ ਵਾਲੇ ਦਿਨ ਸਵੇਰੇ ਤੜਕੇ ਆਪਣੇ ਪਿਤਾ ਕਲਿਆਣ ਚੰਦ ਦੇ ਘਰ ਤਲਵੰਡੀ ਵਿਖੇ ਪੈਦਾ ਹੋਏ ਅਤੇ ਉਨ੍ਹਾਂ ਦੀ ਦਾਈ ਮੁਸਲਮਾਨ ਇਸਤਰੀ ਦੌਲਤਾਂ ਬੀਬੀ ਸੀ।

ਇਸ ਨਜ਼ਾਰੇ ਦੀ ਤਸਵੀਰ ਹਰਬੰਸ ਸਿੰਘ ਆਪਣੀ ਪੁਸਤਕ ਵਿਚ ਇਸ ਤਰ੍ਹਾਂ ਖਿੱਚੀ ਹੈ:-

"ਪਿਤਾ ਅਤਿ ਬੇਸਬਰੀ ਦੀ ਹਾਲਤ ਵਿਚ ਬੈਠਾ ਹੋਇਆ ਸੀ। ਜਦੋਂ ਦਾਈ ਨੇ ਬਾਹਰ ਆ ਕੇ ਦੱਸਿਆ ਕਿ ਉਹਦੇ ਘਰ ਬੱਚਾ ਪੈਦਾ ਹੋਇਆ ਹੈ ਤਾਂ ਉਹਦੀ ਖੁਸ਼ੀ ਦਾ ਕੋਈ ਅੰਤ ਨਾ ਰਹਿਆ। ਸਭ ਤੋਂ ਪਹਿਲਾਂ ਉਹਦੇ ਲਈ ਸਭ ਤੋਂ ਵੱਡਾ ਕੰਮ ਇਹ ਸੀ ਕਿ ਉਹ ਪਰਿਵਾਰ ਦੇ ਪੰਡਤ ਦੇ ਘਰ ਜਾ ਕੇ ਬੱਚੇ ਦੀ ਜਨਮ-ਪੱਤਰੀ ਤਿਆਰ ਕਰਵਾਏ। ਜਦੋਂ ਉਹਨੇ ਪਰਿਵਾਰ ਦੇ ਪੰਡਤ ਹਰਦਿਆਲ ਦੇ ਘਰ ਜਾ ਕੇ ਉਸ ਨੂੰ ਬੱਚੇ ਦੇ ਜਨਮ ਬਾਰੇ ਦਸਿਆ ਤਾਂ ਉਹ ਉਸ ਸਮੇਂ ਆਪਣੇ ਸਵੇਰ ਵੇਲੇ ਦੇ ਪੂਜਾ-ਪਾਠ ਵਿਚ ਰੁਝਿਆ ਹੋਇਆ ਸੀ। ਫਿਰ ਵੀ ਉਸ ਨੇ ਕਾਲੂ ਦੇ ਘਰ ਪਹੁੰਚਣ ਵਿਚ ਦੇਰ ਨਾ ਲਾਈ ਜਿਥੇ ਉਹਦੀ ਬੜੀ ਬੇਸਬਰੀ ਨਾਲ ਉਡੀਕ ਕੀਤੀ ਜਾ ਰਹੀ ਸੀ। ਉਹਦੇ ਲਈ ਬਾਹਰ ਇਕ ਆਰਾਮ ਵਾਲੀ ਕੁਰਸੀ ਦਾ ਇੰਤਜ਼ਾਮ ਕੀਤਾ ਹੋਇਆ ਸੀ। ਉਸ ਨੇ ਜ਼ੋਫਰਾਨ ਨਾਲ ਭਿਜੇ ਹੋਏ ਵੱਡੇ ਲੰਮੇ ਕਾਗਜ਼ ਉਤੇ ਸਿਤਾਰਿਆਂ ਅਨੁਸਾਰ ਬੱਚੇ ਦੇ ਜਨਮ ਦਾ ਹਿਸਾਬ ਲਗਾਉਣਾ ਸ਼ੁਰੂ ਕਰ ਦਿੱਤਾ।"

ਇਸ ਸਬੰਧੀ ਭਾਈ ਬਾਲੇ ਦੀ ਜਨਮ-ਸਾਖੀ ਵਿਚ ਇਸ ਤਰ੍ਹਾਂ ਲਿਖਿਆ :

"ਸਿਤਾਰਿਆਂ ਦੀ ਸਥਿਤੀ ਤੋਂ ਜਿਨ੍ਹਾਂ ਗੱਲਾਂ ਦਾ ਉਸ ਪਤਾ ਲਗਾ ਉਸ ਤੋਂ ਉਹ ਬਹੁਤ ਪ੍ਰਭਾਵਿਤ ਹੋਇਆ। ਫਿਰ ਉਸ ਨੇ ਦਾਈ ਨੂੰ ਇਹ ਪੁੱਛਣ ਲਈ ਬੁਲਾਇਆ ਕਿ ਜਿਸ ਵੇਲੇ ਇਹ ਬੱਚਾ ਪੈਦਾ ਹੋਇਆ ਸੀ ਉਸ ਵੇਲੇ ਉਹਨੇ ਕੁਝ ਅਸਾਧਾਰਣ ਹੋਇਆ ਜਾਂ ਵਾਪਰਿਆ ਤਾਂ ਨਹੀਂ ਸੀ ਦੇਖਿਆ। ਮੁਸਲਮਾਨ ਦਾਈ ਦੌਲਤਾਂ ਨੇ ਪੰਡਤ ਹਰਦਿਆਲ ਨੂੰ ਦਸਿਆ ਕਿ ਤਲਵੰਡੀ ਵਿਚ ਭਾਵੇਂ ਕਈ ਬੱਚੇ ਉਹਦੇ ਹੱਥੀਂ ਜਨਮੇ ਹਨ ਪਰ ਕਾਲੂ ਦੇ ਲੜਕੇ ਜਿਹਾ ਅਸਧਾਰਣ ਬੱਚਾ ਅੱਜ ਤੱਕ ਪੈਦਾ ਨਹੀਂ ਹੋਇਆ। ਉਸ ਨੇ ਇਹ ਵੀ ਦਸਿਆ ਕਿ ਇਸ ਦੁਨੀਆਂ ਵਿਚ ਆਉਣ ਤੋਂ ਪਿਛੋਂ ਬੱਚੇ ਦੀ ਪਹਿਲੀ ਚੀਕ ਇਕ ਜਵਾਨ ਬੰਦੇ ਦੇ ਹਾਸੇ ਨਾਲ ਮੇਲ ਖਾਂਦੀ ਸੀ। ਉਸ ਨੂੰ ਇਸ ਘਟਨਾ ਤੇ ਬਹੁਤ ਹੈਰਾਨੀ ਹੋਈ ਸੀ। (ਸਫ਼ਾ 66,67)

**ਗੁਰੂ ਨਾਨਕ ਦੀ ਸਿੱਖਿਆ ਪ੍ਰਾਪਤੀ**

ਗੁਰੂ ਨਾਨਕ ਦੀ ਵਿਦਿਆ ਪ੍ਰਾਪਤੀ ਦਾ ਆਰੰਭ ਓਦੋਂ ਹੁੰਦਾ ਹੈ ਜਦੋਂ ਉਨ੍ਹਾਂ ਦੀ ਉਮਰ ਸੱਤ ਸਾਲ ਦੀ ਸੀ। ਸੰਨ 1476 ਵਿਚ ਉਨ੍ਹਾਂ ਦੇ ਪਿਤਾ ਕਾਲੂ ਨੇ ਉਨ੍ਹਾਂ ਨੂੰ ਸਕੂਲ ਭੇਜਣ ਦਾ ਪ੍ਰਬੰਧ ਕੀਤਾ। ਇਸ ਸੰਬੰਧੀ ਪੰਡਤ ਹਰਦਿਆਲ ਤੋਂ ਵੀ ਸਲਾਹ ਲਈ ਗਈ ਸੀ ਕਿ ਕਿਸ ਸ਼ੁਭ ਘੜੀ ਨਾਨਕ ਨੂੰ ਸਕੂਲ ਭੇਜਿਆ ਜਾਵੇ। ਹਰਦਿਆਲ ਦੀ ਸਲਾਹ ਅਨੁਸਾਰ ਉਸ ਦਿਨ ਕਾਲੂ ਆਪਣੇ ਲੜਕੇ ਨਾਨਕ ਤਿਆਰ ਕਰਕੇ, ਨਵੇਂ ਕਪੜੇ ਪਵਾ ਕੇ ਤੇ ਰਵਾਇਤ ਅਨੁਸਾਰ ਸੁਗਾਤ ਲੈ ਕੇ ਅਧਿਆਪਕ ਪਾਂਡੇ ਗੋਪਾਲ ਪਾਸ ਲੈ ਗਿਆ।

## ਸ੍ਰੀ ਗੁਰੂ ਨਾਨਕ ਦੇਵ ਜੀ : ਜੀਵਨ ਬਿਓਰਾ

ਨਾਂ : ਸ੍ਰੀ ਗੁਰੂ ਨਾਨਕ ਦੇਵ ਜੀ

ਪ੍ਰਕਾਸ਼ ਸਮਾਂ : 20 ਅਕਤੂਬਰ 1469 ਈ. ੧੫੨੬ ਬਿ. ਕੱਤਕ ਦੀ ਪੂਰਨਮਾਸ਼ੀ

ਪ੍ਰਕਾਸ਼ ਅਸਥਾਨ : ਰਾਏ ਭੋਇ ਦੀ ਤਲਵੰਡੀ (ਜ਼ਿਲ੍ਹਾ ਸ਼ੇਖੂਪੁਰਾ, ਪਾਕਿਸਤਾਨ) ਅੱਜ ਕੱਲ੍ਹ ਨਨਕਾਣਾ ਸਾਹਿਬ

ਪਿਤਾ ਜੀ : ਸ੍ਰੀ ਕਲਿਆਣ ਦਾਸ ਮਹਿਤਾ ਜੀ

ਮਾਤਾ ਜੀ : ਮਾਤਾ ਤ੍ਰਿਪਤਾ ਜੀ

ਗੁਰੂ ਕੇ ਮਹਿਲ : ਮਾਤਾ ਸੁਲੱਖਣੀ ਜੀ

ਸੰਤਾਨ : ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ

ਗੁਰਤਾ ਗੱਦੀ : ਧਰੋਂ (ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉਂ)

ਜੋਤੀ ਜੋਤ ਸਮਾਉਣ ਦਾ ਸਮਾਂ ਅਤੇ ਸਥਾਨ : 7 ਸਤੰਬਰ 1539 ਈ. (ਅਸੂ ਵੱਦੀ ੧੫੯੬ ਬਿ.) ਨੂੰ ਕਰਤਾਰਪੁਰ (ਪਾਕਿਸਤਾਨ)

ਕੁਲ ਆਯੂ : ਤਕਰੀਬਨ 70 ਸਾਲ

ਗੁਰਬਾਣੀ ਵੇਰਵਾ : 974 ਸ਼ਬਦ, (17 ਰਾਗਾਂ ਵਿਚ)

ਪ੍ਰਮੁੱਖ ਯਾਤਰਾਵਾਂ : 4 ਉਦਾਸੀਆਂ ਦੇ ਰੂਪ ਵਿਚ 24 ਸਾਲ ਦਾ ਸਮਾਂ। ਸਾਰੇ ਹਿੰਦੁਸਤਾਨ, ਬੰਗਲਾ ਦੇਸ਼, ਪਾਕਿਸਤਾਨ, ਬਰਮਾ, ਸ੍ਰੀਲੰਕਾ, ਭੂਟਾਨ, ਤਿੱਬਤ, ਸਿਕਮ, ਨੇਪਾਲ, ਮੰਗੋਲੀਆ, ਤੁਰਕੀ, ਰੂਸ, ਇਟਲੀ, ਅਫ਼ਗਾਨਿਸਤਾਨ, ਈਰਾਨ, ਇਰਾਕ, ਸਾਊਦੀ ਅਰਬੀਆ ਆਦਿ ਵਿਚ ਲੋਕਾਈ ਨੂੰ ਸੱਚ ਦਾ ਮਾਰਗ ਦਰਸ਼ਨਾਇਆ।

ਸਮਕਾਲੀ ਹੁਕਮਰਾਨ : ਬਹਿਲੋਲ, ਸਿਕੰਦਰ, ਇਬਰਾਹੀਮ ਲੋਧੀ, (ਮੁਗਲ) ਬਾਬਰ, ਹੰਮਾਯੂ

ਸਮਕਾਲੀ ਉਘੇ ਸਿੱਖ/ਸ਼ਖਸੀਅਤਾਂ : ਬੇਬੇ ਨਾਨਕੀ, ਰਾਇ, ਬੁਲਾਰ, ਗੋਪਾਲ ਪਾਂਧਾ, ਹਰਦਿਆਲ ਪੁਰੋਹਿਤ, ਦੌਲਤ ਖਾਂ ਲੋਧੀ, ਭਾਈ ਲਾਲੋ, ਭਾਈ ਮਰਦਾਨਾ, ਬਾਲਾ, ਮਨਸੁਖ, ਭਾਗੀਰਥ, ਦੁਨੀ ਚੰਦ, ਸ਼ੇਖ ਸੱਜਣ, ਮੀਆਂ ਮਿੱਠਾ, ਹਮਜ਼ਾ ਗੌਸ, ਸਾਲਸ ਰਾਇ, ਨੂਰ ਸ਼ਾਹ, ਝੰਡਾ ਬਾਢੀ, ਕੌਡਾ ਰਾਖ਼ਸ਼ਸ਼, ਵਲੀ ਕੰਧਾਰੀ, ਰਾਜਾ ਸ਼ਿਵਨਾਭ, ਪੰਡਿਤ ਬ੍ਰਹਮ ਦਾਸ, ਜੀਵਨ, ਭੂਮੀਆ, ਮਲਕ ਭਾਗੋ, ਪੀਰ ਬੁੱਢਾ ਸ਼ਾਹ, ਬਾਬਾ ਬੁੱਢਾ ਜੀ, ਕਾਜ਼ੀ ਰੁਕਨਦੀਨ, ਸ਼ੇਖ ਬਹਿਲੋਲ (ਬਗਦਾਦ)

ਮੁੱਖ ਉਪਦੇਸ਼ : ਇਕ ਦੀ ਅਰਾਧਨਾ, ਇਕ ਦੀ ਉਪਾਸ਼ਨਾ, ਸਚਿਆਰ ਬਣੇ ਬਗੈਰ ਪ੍ਰਭੂ ਮਿਲਾਪ ਸੰਭਵ ਨਹੀਂ। ਭਰਮਾ ਵਹਿਮਾਂ ਦਾ ਤਿਆਗ ਕਰਕੇ ਸਚਿਆਰ ਬਣਨ ਲਈ ਕਿਰਤ ਕਰੋ, ਵੰਡ ਛਕੋ, ਨਾਮ ਜਪੋ, ਸਰਬਤ ਦਾ ਭਲਾ ਕਰੋ ਤੇ ਮੰਗੋ, "ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ" ਦੇ ਧਾਰਨੀ ਬਣੋ।


ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ
ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ
ਲੱਖ-ਲੱਖ
ਵਧਾਈ
RANJIT SINGH
VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM




ਫੇ ਉਠੀ ਆਖਿ ਸਦਾ ਤੌਹੀਦ ਹਿੰਦ ਕੀ ਪੰਜਾਬ ਸੇ ,ਹਿੰਦ ਕੋ ਇੱਕ ਮਦੇ ਕਾਮਲ ਨੇ ਜਗਾਇਆ ਖਾਬ ਸੇ

ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ

# ਲੱਖ-ਲੱਖ ਵਧਾਈਆਂ

ਕਮਿਊਨਟੀ ਦੇ ਨਿਸ਼ਕਾਮ ਸੇਵਕ,
ਨੌਜਵਾਨ ਸਿੱਖ ਆਗੂ ਅਤੇ
ਸ਼੍ਰੀ ਗੁਰੂ ਰਵੀਦਾਸ ਸਭਾ ਪਿਟਸਬਰਗ
ਕੈਲੀਫੋਰਨੀਆ ਦੇ ਸਾਬਕਾ ਜਰਨਲ ਸਕੱਤਰ



## ਸ:ਸੰਤੋਖ ਸਿੰਘ ਝਿੰਗੜਾ


ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ
ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ
ਲੱਖ-ਲੱਖ ਵਧਾਈ
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਹਰ
ਕੌਮੀ ਕੰਮ ਨੂੰ ਪਹਿਲ ਦੇ ਆਧਾਰ 'ਤੇ ਅੱਗੇ
ਹੋ ਕੇ ਕਰਨ ਵਾਲੇ, ਪੰਜਾਬ, ਪੰਜਾਬੀ ਮਾਂ ਬੋਲੀ,
ਸਭਿਆਚਾਰ ਦੇ ਮਦੱਈ ਅਮਰੀਕਾ ਦੇ ਉਘੇ ਸਿੱਖ ਆਗੂ
ਸ੍ਰ. ਪਰਵਿੰਦਰ ਸਿੰਘ ਗਰੇਵਾਲ
ਅਤੇ ਉਨ੍ਹਾਂ ਦੇ ਸਪੁੱਤਰ
ਸ੍ਰ. ਮਨਪ੍ਰੀਤ ਸਿੰਘ ਗਰੇਵਾਲ
ਸ੍ਰ. ਮਨਪ੍ਰੀਤ ਸਿੰਘ ਗਰੇਵਾਲ
ਸ੍ਰ. ਪਰਵਿੰਦਰ ਸਿੰਘ ਗਰੇਵਾਲ

# ਜਗਤ ਗੁਰੂ ਬਾਬਾ ਨਾਨਕ

ਫੇਰ ਉਠੀ ਆਖਿਰ ਸਦਾ ਤੌਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ






ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ

## ਲੱਖ-ਲੱਖ ਵਧਾਈ







ਧੰਨਵਾਦ ਸਾਹਿਤ : ਸਮੂਹ ਸੰਗਤ ਕੈਲੀਫੋਰਨੀਆ, ਇਲਾਕਾ ਨਿਵਾਸੀ ਸੰਗਤਾਂ ਫਤਹਿਗੜ੍ਹ ਸਾਹਿਬ ਅਤੇ

## ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ

# ਜ਼ਾਹਰ ਪੀਰ ਜਗਤ ਗੁਰ ਬਾਬਾ



ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਆਗਮਨ ਰਾਇ ਭੋਇ ਦੀ ਤਲਵੰਡੀ ਵਿਖੇ ਮਾਤਾ ਤ੍ਰਿਪਤਾ ਜੀ ਦੀ ਕੁੱਖ ਤੋਂ ਪਿਤਾ ਕਲਿਆਨ ਦਾਸ ਜੀ ਦੇ ਗ੍ਰਿਹ ਵਿਖੇ, ਸੰਨ 1469 ਵਿਚ ਹੋਇਆ। ਪਿਤਾ ਜੀ ਦੀ ਇਹ ਇੱਛਾ ਸੀ ਕਿ ਮੇਰਾ ਪੁੱਤਰ ਮੇਰੇ ਵਾਂਗ ਚੰਗਾ ਪੜ੍ਹ ਲਿਖ ਕੇ ਇਕ ਵਧੀਆ ਅਹੁਦੇ ਤੇ ਪਹੁੰਚੇ ਜਾਂ ਇਕ ਵਧੀਆ ਵਪਾਰੀ ਬਣੇ ਅਤੇ ਚੰਗਾ ਧਨ ਕਮਾਵੇ। ਇਸੇ ਲਈ ਉਹਨਾਂ ਨੇ ਗੁਰੂ ਜੀ ਨੂੰ ਪਾਂਧੇ ਕੋਲ ਪੜ੍ਹਣ ਵਾਸਤੇ ਭੇਜਿਆ ਅਤੇ ਫਿਰ ਫਾਰਸੀ ਅਤੇ ਉਥੋਂ ਦੀ ਉਸ ਵੇਲੇ ਪਰਚਲਿਤ ਭਾਸ਼ਾ ਉਰਦੂ ਪੜ੍ਹਣ ਲਈ ਮਦਰੱਸੇ ਵਿਚ ਭੇਜਿਆ। ਜਦੋਂ ਗੁਰੂ ਜੀ ਜਵਾਨ ਹੋਏ ਤਾਂ ਉਹਨਾਂ ਨੂੰ ਵੀਹ ਰੁਪਈਏ ਦੇ ਕੇ ਚੂੜ੍ਹਕਾਣੇ ਵੱਲ ਵਾਪਾਰ ਕਰਨ ਲਈ ਭੇਜਿਆ ਪਰ ਗੁਰੂ ਜੀ ਦੀ ਇਸ ਪਾਸੇ ਵੱਲ ਬਹੁਤੀ ਰੁਚੀ ਨਾ ਵੇਖ ਕੇ ਪਿਤਾ ਜੀ ਨਿਰਾਸ਼ ਹੋਏ। ਫਿਰ ਗੁਰੂ ਜੀ ਦਾ ਵਿਆਹ ਬਟਾਲੇ ਵਿਚ ਹਰੀ ਚੰਦ ਦੀ ਸਪੁੱਤਰੀ ਬੀਬੀ ਸੁਲੱਖਨੀ ਜੀ ਨਾਲ ਕੀਤਾ। ਬੇਬੇ ਨਾਨਕੀ, ਗੁਰੂ ਨਾਨਕ ਦੇਵ ਜੀ ਦੇ ਵਡੇ ਭੈਣ ਜੀ ਸਨ, ਉਹਨਾਂ ਦਾ ਵਿਆਹ ਸੁਲਤਾਨਪੁਰ ਦੇ ਰਹਿਣ ਵਾਲੇ ਜੈਰਾਮ ਨਾਲ ਹੋਇਆ। ਭਾਈਆ ਜੈਰਾਮ ਜੀ ਦਾ ਸੁਲਤਾਨਪੁਰ ਦੇ ਨਵਾਬ ਦੌਲਤ ਖਾਂ ਨਾਲ ਚੰਗਾ ਪਿਆਰ ਸੀ। ਭਾਈਆ ਜੈ ਰਾਮ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਸੁਲਤਾਨਪੁਰ ਵਿਖੇ ਮੋਦੀ ਖਾਨੇ ਵਿਚ ਨੌਕਰੀ ਲਵਾ ਦਿੱਤਾ। ਇਸ ਕਰਕੇ ਗੁਰੂ ਜੀ ਆਪਣਾ ਪਰਿਵਾਰ ਆਪਣੇ ਨਾਲ ਸੁਲਤਾਨਪੁਰ ਲੈ ਆਏ। ਉੱਥੇ ਗੁਰੂ ਜੀ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ ਵਡੇ ਦਾ ਨਾਮ ਸ੍ਰੀ ਚੰਦ ਅਤੇ ਛੋਟੇ ਦਾ ਨਾਮ ਲਖਮੀ ਦਾਸ ਰੱਖਿਆ। ਗੁਰੂ ਜੀ ਤਾਂ ਭੁੱਲੇ ਭਟਕਿਆਂ ਨੂੰ ਸਿੱਧੇ ਰਸਤੇ ਪਾਉਣ ਲਈ, ਸੰਸਾਰ ਵਿਚ ਹੋ ਰਹੇ ਅਨਿਆਂ, ਜਬਰ ਜੁਲਮ, ਧੱਕਾ ਜੋਰੀ, ਧਰਮ ਦੇ ਨਾਂ ਤੇ ਹੋ ਰਹੇ ਪਾਖੰਡ ਨੂੰ ਰੋਕਣ ਲਈ ਅਤੇ ਗੁੰਮਰਾਹ ਹੋਈ ਮਨੁੱਖਤਾ ਨੂੰ ਰੱਬ ਨਾਲ ਜੋੜਨ ਲਈ ਆਏ ਸਨ ।

ਗੁਰੂ ਜੀ ਇਕ ਮਹਾਨ ਕ੍ਰਾਂਤੀਕਾਰੀ ਅਤੇ ਸਮਾਜ ਸੁਧਾਰਕ ਸਨ। ਗੁਰੂ ਜੀ ਸਮਾਜ ਵਿਚ ਆਈ ਗਿਰਾਵਟ ਨੂੰ ਦੂਰ ਕਰਨਾ ਚਾਹੁਦੇ ਸਨ ਗੁਰੂ ਜੀ ਦੇ ਇਸ ਸੰਸਾਰ ਵਿਚ ਆਗਮਨ ਸਮੇਂ ਸਮਾਜ ਦੀ ਦਸ਼ਾ ਬਹੁਤ ਤਰਸਯੋਗ ਸੀ। ਜਿਸ ਦਸ਼ਾ ਨੂੰ ਸਮਝਣ ਲਈ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ ਪਹਿਲੀ ਧਾਰਮਿਕ, ਦੂਜੀ ਰਾਜਨੀਤੀਕ,ਤੀਜੀ ਸਮਾਜਿਕ ਅਤੇ ਚੌਥੀ ਆਰਥਿਕ ਦਸ਼ਾ। ਧਰਮ ਦੇ ਨਾਂ ਤੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਸੀ, ਵਹਿਮ ਭਰਮ ਪਾਖੰਡ ਦਾ ਬੋਲ ਬਾਲਾ ਸੀ। ਇਸ ਵਿਚ ਕੇਵਲ ਆਗੂਆਂ ਦਾ ਹੀ ਦੋਸ਼ ਨਹੀ ਸੀ, ਪਰਜਾ ਵੀ ਅਗਿਆਨਤਾ ਵੱਸ ਇਹਨਾਂ ਦੇ ਪਿੱਛੇ ਲੱਗੀ ਹੋਈ ਸੀ। ਜਿਸ ਨੂੰ ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ,

**ਪਰਜਾ ਅੰਧੀ ਗਿਆਨ ਬਿਨੁ**
**ਕੂੜੁ ਕੁਸਤਿ ਮੁਖਹੁ ਆਲਾਈ।**

ਧਰਮ ਦੇ ਨਾਂ ਤੇ ਲੁਕਾਈ ਨੂੰ ਆਪਸ ਵਿਚ ਲੜਾਇਆ ਜਾ ਰਿਹਾ ਸੀ। ਰਾਜਨੀਤਕ ਤੌਰ ਤੇ ਰਾਜਿਆਂ ਅਤੇ ਉਹਨਾਂ ਦੇ ਅਹਿਲਕਾਰਾਂ ਵਲੋਂ

ਗਿਆਨੀ ਜਸਪਾਲ ਸਿੰਘ
ਲੁਧਿਆਣਾ
610-203-0000

ਮਨੁੱਖਤਾ ਉੱਤੇ ਕਹਿਰ ਢਾਇਆ ਜਾ ਰਿਹਾ ਸੀ ਜਿਸ ਦਾ ਜ਼ਿਕਰ ਗੁਰੂ ਜੀ ਨੇ ਆਪਣੀ ਬਾਣੀ ਵਿਚ ਇਸ ਤਰਾਂ ਕੀਤਾ ਹੈ,

**ਰਾਜੇ ਸ਼ੀਂਹ ਮੁਕਦਮ ਕੁਤੇ ਜਾਇ ਜਗਾਇਨਿ ਬੈਠੇ ਸੁਤੇ॥**
**ਬਾਬਰ ਦਾ ਸੈਦਪੁਰ ਤੇ ਹੱਲਾ ਜਿਸ ਦਾ ਜ਼ਿਕਰ ਗੁਰੂ ਜੀ ਨੇ ਬਾਣੀ ਵਿਚ ਇਸ ਤਰਾਂ ਕੀਤਾ ਹੈ।**
**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨਾ ਆਇਆ॥**

ਅਤੇ ਭਾਈ ਗੁਰਦਾਸ ਜੀ ਨੇ ਵੀ ਜ਼ਿਕਰ ਕੀਤਾ ਹੈ,

**ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ॥**
**ਕਾਜ਼ੀ ਹੋਇ ਰਿਸ਼ਵਤੀ ਵਢੀ ਲੈ ਕੇ ਹਕ ਗਵਾਈ॥**

ਸਮਾਜਿਕ ਤੌਰ ਤੇ ਸਮਾਜ ਕਈ ਹਿੱਸਿਆ ਵਿਚ ਵੰਡਿਆ ਸੀ, ਹਿੰਦੂ ਅਤੇ ਮੁਸਲਮਾਨ ਆਪਸ ਵਿਚ ਲੜ ਰਹੇ ਸਨ ਇਸਤਰੀ ਜਾਤੀ ਦਾ ਘੋਰ ਅਪਮਾਨ ਹੋ ਰਿਹਾ ਸੀ। ਜਿੱਥੇ ਇਸਤਰੀ ਜਾਤੀ ਨੂੰ ਪੜਦੇ ਵਿਚ ਰੱਖਿਆ ਜਾਂਦਾ ਸੀ ਉੱਥੇ ਇਸਤਰੀ ਕਿਸੇ ਧਾਰਮਿਕ ਕਰਮ ਵਿਚ ਹਿੱਸਾ ਨਹੀ ਸੀ ਲੈ ਸਕਦੀ। ਗੁਰੂ ਜੀ ਨੇ ਇਸ ਦੇ ਵਿਰੁੱਧ ਆਵਾਜ ਉਠਾਈ ਅਤੇ ਕਿਹਾ,

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥**

ਅਖੌਤੀ ਨੀਵੀਆਂ ਜਾਤਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਸੀ। ਉਹਨਾਂ ਨੂੰ ਮਾਨ ਦੇਣ ਲਈ ਹੀ ਗੁਰੂ ਜੀ, ਭਾਈ ਲਾਲੋ ਦੇ ਘਰ ਗਏ ਸਨ ਸੁਲਤਾਨਪੁਰ ਵਿਚ ਰਹਿੰਦਿਆਂ ਗੁਰੂ ਜੀ ਨੇ ਸਾਰੀ ਵਿਉਂਤ ਬਣਾਈ ਕਿ ਸਮਾਜ ਨੂੰ ਇਸ ਆਏ ਹੋਏ ਨਿਘਾਰ ਵਿਚੋਂ ਕਿਸ ਤਰ੍ਹਾਂ ਉਭਾਰਿਆ ਜਾਵੇ। ਜਿਸ ਨੂੰ ਭਾਈ ਗੁਰਦਾਸ ਜੀ ਨੇ ਅਪਣੀ ਕਲਮ ਨਾਲ ਇਸ ਤਰਾਂ ਲਿਖਿਆ ਹੈ।

**ਬਾਬਾ ਦੇਖੈ ਧਿਆਨ ਧਰਿ ਜਲਤੀ**
**ਸਭਿ ਪ੍ਰਿਥਵੀ ਦਿਸਿ ਆਈ।**
**ਬਾਝਹੁ ਗੁਰੂ ਗੁਬਾਰ ਹੈ,**
**ਹੈ ਹੈ ਕਰਦੀ ਸੁਣੀ ਲੁਕਾਈ॥**
**ਬਾਬੇ ਭੇਖ ਬਣਾਇਆ**
**ਉਦਾਸੀ ਕੀ ਰੀਤਿ ਚਲਾਈ।**

ਆਪਣੇ ਸੁਖ ਅਰਾਮ ਤਿਆਗ, ਅਪਣਾ ਪਰਿਵਾਰ ਛੱਡ, ਗੁਰੂ ਜੀ ਭਾਈ ਮਰਦਾਨੇ ਨੂੰ ਨਾਲ ਲੈ, ਲੋਕਾਈ ਨੂੰ ਸੋਧਣ ਲਈ ਚੱਲ ਪਏ। ਉਦੋਂ ਅੱਜ ਵਰਗੇ ਅਵਾਜਾਈ ਅਤੇ ਲੋਕਾਂ ਨਾਲ ਸੰਪਰਕ ਕਰਨ ਦੇ ਸਾਧਨ ਨਹੀਂ ਸਨ। ਪੈਦਲ ਚਲਣਾ, ਰਸਤੇ ਵਿਚ ਸੰਘਣੇ ਜੰਗਲ, ਖੂੰਖਾਰ ਜਾਨਵਰ ਅਤੇ ਆਦਮ ਖੋਰ ਆਦਮੀ, ਜਿਨ੍ਹਾਂ ਨਾਲ ਵਾਹ ਪੈਣਾ ਸੀ ਫਿਰ ਵੀ ਮਨੁੱਖਤਾ ਦਾ ਭਲਾ ਕਰਨ ਲਈ ਗੁਰੂ ਜੀ ਨੇ ਆਪਣੇ ਆਪ ਨੂੰ ਤਿਆਰ ਕੀਤਾ। ਗੁਰੂ ਜੀ ਨੇ ਵੱਖੋ ਵੱਖ ਦਿਸ਼ਾਵਾਂ ਦਾ ਦੌਰਾ ਕੀਤਾ ਜਿਸ ਨੂੰ ਸਿੱਖ ਇਤਹਾਸ ਵਿਚ ਚਾਰ ਉਦਾਸੀਆਂ ਦਾ ਨਾਂ ਦਿਤਾ ਗਿਆ ਹੈ। ਗੁਰੂ ਜੀ ਨੇ ਸੋਚਿਆ ਕਿ ਇਕੱਲੇ-ਇਕੱਲੇ ਕੋਲ ਜਾਣ ਦੀ ਬਜਾਏ, ਜਿੱਥੇ ਵੱਡੇ ਵੱਡੇ ਧਾਰਮਿਕ ਇਕੱਠ ਹੁੰਦੇ ਹਨ ਅਤੇ ਬਹੁਗਿਣਤੀ ਵਿਚ ਲੋਕਾਂ ਦਾ ਆਉਣਾ ਹੁੰਦਾ, ਉੱਥੇ ਪਹੁੰਚਿਆ ਜਾਏ। ਉਸ ਵੇਲੇ ਹਿੰਦੁਸਤਾਨ ਵਿਚ ਤਿੰਨ ਵੱਡੇ ਧਰਮਾਂ ਦਾ ਬੋਲ ਬਾਲਾ ਸੀ ਉਹ ਸਨ ਹਿੰਦੂ, ਮੁਸਲਮਾਨ ਅਤੇ ਜੋਗ ਮੱਤ। ਗੁਰੂ ਜੀ ਨੇ ਇਹਨਾਂ ਦੇ ਮੁੱਖ ਅਸਥਾਨਾਂ ਤੇ ਜਾਣ ਦੀ ਤਿਆਰੀ ਕੀਤੀ। ਸਭ ਤੋਂ ਪਹਿਲਾਂ ਗੁਰੂ ਜੀ ਹਿੰਦੁਸਤਾਨ ਦੇ ਪੂਰਬ ਵੱਲ ਗਏ ਜਿਸ ਵਿਚ ਹਰਿਦੁਆਰ, ਕਾਂਸ਼ੀ, ਗਯਾ, ਪਟਨਾ, ਜਗਨਨਾਥ ਪੁਰੀ ਆਉਂਦੇ ਹਨ ਜਿੱਥੇ ਗੁਰੂ ਜੀ ਨੇ ਵੇਖਿਆ ਕਿ ਕੋਈ ਸੂਰਜ ਨੂੰ ਪਾਣੀ ਦੇ ਰਿਹਾ ਹੈ, ਕੋਈ ਪਿੰਡ ਭਰ ਰਿਹਾ ਹੈ ਅਤੇ ਕੋਈ ਆਰਤੀ ਉਤਾਰ ਰਿਹਾ ਹੈ। ਗੁਰੂ ਜੀ ਨੇ ਉਹਨਾਂ ਨੂੰ ਸੱਚ ਦੇ ਮਾਰਗ ਤੇ ਪਾਇਆ। ਉਥੋਂ ਭੁਵਨੇਸ਼ਵਰ ਫਿਰ ਲੰਕਾ ਜਾ ਕੇ ਉਥੋਂ ਦੇ ਰਾਜੇ ਸ਼ਿਵਨਾਭ ਨੂੰ ਮਿਲੇ, ਫਿਰ ਦੱਖਣ ਵਲੋਂ ਵਾਪਸ ਕੋਚੀਨ ਬੁਹਾਵਲਪੁਰ ਦਿੱਲੀ ਕੁਰਕਸ਼ੇਤਰ ਤੋਂ ਸਲੁਤਾਨਪੁਰ ਬੇਬੇ ਨਾਨਕੀ ਜੀ ਨੂੰ ਮਿਲ, ਨਨਕਾਣਾ ਸਾਹਿਬ ਆਪਣੇ ਘਰ ਆਏ।

ਕੁਝ ਦਿਨ ਘਰ ਵਿਚ ਬਤੀਤ ਕਰ ਫਿਰ ਜੋਗੀਆਂ ਦੇ ਸਥਾਨ, ਸੁਮੇਰ ਪਰਬਤ ਵੱਲ ਚਾਲੇ ਪਾਏ ਗੁਰੂ ਜੀ ਨੇ ਤਿੱਬਤ, ਭੁਟਾਨ, ਚੀਨ ਤੱਕ ਦੌਰਾ ਕੀਤਾ। ਫਿਰ ਗੁਰੂ ਜੀ ਵਾਪਸ ਆਪਣੇ ਨਗਰ ਤਲਵੰਡੀ ਆਏ, ਤੀਸਰੀ ਉਦਾਸੀ ਗੁਰੂ ਜੀ ਨੇ ਪੱਛਮ ਵੱਲ, ਜਿੱਧਰ ਇਸਲਾਮ ਦਾ ਗੜ੍ਹ ਮੰਨਿਆ ਜਾਂਦਾ ਸੀ, ਵੱਲ ਚਾਲੇ ਪਾਏ। ਗੁਰੂ ਜੀ ਪਾਕਪਟਨ ਤੋਂ ਮੱਕਾ ਗਏ, ਜਿੱਥੇ ਮੁਸਲਮਾਨ ਹੱਜ ਕਰਨ ਲਈ ਜਾਂਦੇ ਹਨ, ਗੁਰੂ ਜੀ ਨੇ ਉਥੋਂ ਦੇ ਆਗੂਆਂ ਨਾਲ ਵਿਚਾਰ ਚਰਚਾ ਕੀਤੀ। ਇਥੋਂ ਮਦੀਨਾ, ਫਿਰ ਬਗਦਾਦ ਜੋ ਇਰਾਕ ਦੀ ਰਾਜਧਾਨੀ ਹੈ, ਉੱਥੇ ਪੀਰ ਦਸਤਗੀਰ ਨਾਲ ਗਿਆਨ ਚਰਚਾ ਕਰਕੇ ਵਾਪਸ ਕਾਬੁਲ ਵੱਲ ਆਏ। ਇਥੋਂ ਗੁਰੂ ਜੀ ਨੂੰ ਪਤਾ ਲਗਾ ਕਿ ਬਾਬਰ ਏਮਨਾਬਾਦ ਤੇ ਹੱਲਾ ਕਰਨ ਜਾ ਰਿਹਾ ਹੈ। ਇਹ ਸੁਣ ਕੇ ਗੁਰੂ ਜੀ ਏਮਨਾਬਾਦ ਆਏ ਅਤੇ ਉੱਥੋਂ ਦੇ ਲੋਕਾਂ ਨੂੰ ਸੁਚੇਤ ਕੀਤਾ। ਆਪਣੀ ਬਾਣੀ ਵਿਚ ਵੀ ਗੁਰੂ ਜੀ ਨੇ ਬਾਬਰ ਦੇ ਹੱਲੇ ਦਾ ਜ਼ਿਕਰ ਕੀਤਾ ਹੈ ਅਤੇ ਨਿਡਰ ਹੋ, ਉਸ ਅੱਗੇ ਖੜ ਕੇ ਉਸ ਨੂੰ ਜਾਬਰ ਆਖਿਆ ਅਤੇ ਨਿਰਦੋਸ਼ਾਂ ਨੂੰ ਬਾਬਰ ਦੀ ਕੈਦ ਵਿਚੋਂ ਰਿਹਾ ਕਰਵਾ ਕੇ ਵਾਪਸ ਤਲਵੰਡੀ ਆਏ।

ਤਲਵੰਡੀ ਛੱਡ ਗੁਰੂ ਜੀ ਨੇ ਰਾਵੀ ਦੇ ਕਿਨਾਰੇ ਇਕ ਨਵਾਂ ਨਗਰ ਵਸਾਇਆ ਜਿਸ ਦਾ ਨਾਮ ਕਰਤਾਰਪੁਰ ਰੱਖਿਆ ਅਤੇ ਆਪ ਪਰਿਵਾਰ ਸਹਿਤ ਇਥੇ ਵੱਸਣ ਲੱਗੇ। ਇੱਥੇ ਹੀ ਭਾਈ ਲਹਿਣਾ ਜੀ ਗੁਰੂ ਜੀ ਦੀ ਸ਼ਰਣ ਵਿਚ ਆਏ ਅਤੇ ਸੇਵਾ ਕਰਕੇ ਗੁਰੂ ਬਣੇ। ਇਥੋਂ ਗੁਰੂ ਜੀ ਚੌਥੀ ਉਦਾਸੀ ਸ਼ੁਰੂ ਕਰਕੇ ਪਹਿਲਾਂ ਅੱਚਲ ਵਟਾਲੇ ਆਏ ਜਿਥੇ ਜੋਗੀਆਂ ਨਾਲ ਚਰਚਾ ਹੋਈ ਜੋਗੀ ਗੁਰੂ ਜੀ ਤੋਂ ਬਹੁਤ ਪ੍ਰਭਾਵਤ ਹੋਏ, ਅਤੇ ਗੁਰੂ ਜੀ ਦੇ ਸਿੱਖ ਬਣੇ ਉਹਨਾਂ ਨੇ ਗੁਰੂ ਜੀ ਦੀ ਵਡਿਆਈ ਵਿਚ ਇਹ ਸ਼ਬਦ ਆਖੇ,

**ਬਾਬੇ ਕੀਤੀ ਸਿਧ ਗੋਸ਼ਟਿ ਸ਼ਬਦਿ**
**ਸ਼ਾਂਤਿ ਸਿਧੀ ਵਿਚਿ ਆਈ॥**
**ਸਿਧਿ ਬੋਲਨਿ ਸ਼ੁਭ ਬਚਨਿ ਧਨੁ**
**ਨਾਨਕ ਤੇਰੀ ਵਡੀ ਕਮਾਈ॥**

ਸਿੱਧਾਂ ਨਾਲ ਜੋ ਸਵਾਲ ਜੁਆਬ ਹੋਏ ਉਸ ਦਾ ਵੇਰਵਾ ਸਿਧ ਗੋਸ਼ਟ ਨਾਮੀ ਬਾਣੀ ਵਿਚ ਪੜਿਆ ਜਾ ਸਕਦਾ ਹੈ। ਇਥੋਂ ਚਲ ਕੇ ਗੁਰੂ ਜੀ ਮੁਲਤਾਨ ਗਏ ਉਥੋਂ ਦੇ ਪੀਰਾਂ ਨਾਲ ਬਹੁਤ ਹੀ ਵਧੀਆ ਢੰਗ ਨਾਲ ਗਿਆਨ ਚਰਚਾ ਹੋਈ ਉਥੋਂ ਗੁਰੂ ਜੀ ਕਰਤਾਰ ਪੁਰ ਵਾਪਸ ਆਏ ਅਤੇ ਗੁਰੂ ਅੰਗਦ ਦੇਵ ਜੀ ਨੂੰ ਗੁਰਤਾ ਗੱਦੀ ਬਖਸ਼ਿਸ ਕੀਤੀ।

# ਮੁਸਲਿਮ ਵਿਦਵਾਨਾਂ ਨੇ ਬਾਬੇ ਨਾਨਕ ਬਾਰੇ ਜੋ ਲਿਖਿਆ

ਬਲਦੇਵ ਸਿੰਘ ਬੰਬੀਹਾ ਭਾਈ, ਮੋਗਾ

ਅਜੋਕੇ ਸਮੇਂ ਵਿਚ ਪੱਛਮੀ ਮੁਲਕਾਂ ਦੇ ਬੇਸਮਝ ਗੋਰਿਆਂ ਵਲੋਂ ਪਗੜੀਧਾਰੀ ਸਿੱਖਾਂ ਉਤੇ, ਮੁਸਲਮਾਨ ਸਮਝ ਕੇ, ਰੋਜ਼ਾਨਾ ਹਮਲੇ ਹੋ ਰਹੇ ਹਨ। ਅਜਿਹੇ ਵਿਚ ਇਸਲਾਮ ਦੇ ਪ੍ਰਸਿੱਧ ਇਤਿਹਾਸਕਾਰਾਂ, ਲੇਖਕਾਂ ਵਲੋਂ, ਸਿੱਖ ਧਰਮ ਦੀਆਂ ਸਿਫ਼ਤਾਂ ਦਾ ਜ਼ਿਕਰ, ਖਾਸ ਕਰਕੇ ਗੁਰੂ ਨਾਨਕ ਸਾਹਿਬ ਦੀ ਸ਼ਲਾਘਾ ਵਿਚ ਲਿਖੀਆਂ ਇਤਿਹਾਸਕ ਲਿਖਤਾਂ ਸੰਖੇਪ ਵਰਣਨ ਜਿਥੇ ਸਿੱਖਾਂ ਨੂੰ ਧਰਵਾਸ ਦੇਵੇਗਾ, ਉਥੇ ਹੀ ਗੋਰੇ ਅਤੇ ਬੇਸਮਝ ਫਿਰਕਾਪ੍ਰਸਤਾਂ ਨੂੰ ਆਪਣੀਆਂ ਕਰਤੂਤਾਂ ਤੋਂ ਰੋਕਣ ਲਈ ਵੀ ਪ੍ਰੇਰਿਤ ਕਰੇਗਾ। ਹੁਣ ਅਸੀਂ ਮੁਸਲਮਾਨ ਸਾਹਿਤਕਾਰਾਂ ਨੂੰ ਸੰਖੇਪ ਵਿਚ ਪੇਸ਼ ਕਰਦੇ ਹਾਂ। ਇਨ੍ਹਾਂ ਨੇ ਅਰਸ਼ੀ, ਫ਼ਾਰਸੀ ਅਤੇ ਉਰਦੂ ਵਿਚ ਗੁਰੂ ਸਾਹਿਬ ਦੀ ਸ਼ਲਾਘਾ ਕੀਤੀ ਹੈ। ਸਭ ਤੋਂ ਪਹਿਲਾਂ ਡਾ. ਇਕਬਾਲ ਨੂੰ ਯਾਦ ਕਰਦੇ ਹਾਂ ਜਿਨ੍ਹਾਂ ਦੀ ਲੰਮੀ ਕਵਿਤਾ ਦੇ ਅੰਸ਼ ਇਤਿਹਾਸਕ ਰੂਪ ਵਿਚ ਪੇਸ਼ ਹੁੰਦੇ ਰਹਿੰਦੇ ਹਨ। ਜਿਵੇਂ

**"ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ**
**ਇਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ'**

ਗੁਰੂ ਸਾਹਿਬ ਨੇ ਇਸਲਾਮੀ ਸਿਧਾਂਤਾਂ ਦੀ ਸੱਚੀ ਅਸਲੀਅਤ ਨੂੰ ਆਪਣੀ ਬਾਣੀ ਵਿਚ ਪੇਸ਼ ਕਰਕੇ ਕਈ ਕੱਟੜ ਮੁਸਲਮਾਨਾਂ ਨੂੰ ਮੋਮ ਦਿਲ ਬਣਾਇਆ। ਇਨ੍ਹਾਂ ਦੇ ਨਾਂ ਹਨ-ਵਲੀ ਕੰਧਾਰੀ, ਬਗਦਾਦ ਦਾ ਪੀਰ ਦਸਤਗੀਰ, ਬਹਿਲੋਲ ਦਾਨਾ, ਜੀਵਨ ਮਜ਼ੌਰ, ਮੀਆਂ ਮਿਠਾ ਤੇ ਪੀਰ ਰੁਕਨਦੀਨ। ਗੁਰੂ ਸਾਹਿਬ ਦੀ ਸਿੱਖਿਆ ਪ੍ਰਵਾਨ ਕਰਨ ਵਾਲਿਆਂ ਵਿਚ ਮੁਲਤਾਨ ਦੇ ਪੀਰ ਬਹਾਵਲਦੀਨ ਤਾਂ ਇਤਨੇ ਪ੍ਰਭਾਵਤ ਹੋਏ ਸਨ ਕਿ ਉਨ੍ਹਾਂ ਨੇ ਅੰਤਮ ਸਮੇਂ ਦੀ ਗੁਰੂ ਜੀ ਨੂੰ ਚਿੱਠੀ ਲਿਖ ਕੇ ਮੁਕਤੀ ਮੰਗੀ ਸੀ। ਇਨ੍ਹਾਂ ਤੋਂ ਬਿਨਾਂ ਸੱਤ ਹੋਰ ਮੁਸਲਮਾਨ ਵਿਦਵਾਨਾਂ ਦਾ ਵੀ ਜ਼ਿਕਰ ਕਰਦੇ ਹਾਂ।

1. ਮਿਰਜ਼ਾ ਗ਼ੁਲਾਮ ਅਹਿਮਦ ਕਾਦਿਆਨੀ ਲਿਖਦੇ ਹਨ, "ਬੂਦ ਨਾਨਕ ਆਰਫੋ ਮਰਦੇ ਖ਼ੁਦਾ। ਗ਼ਜ਼ਹਾਏ ਮਾਰਫ਼ਤ ਰਹ ਕਬਾ।" ਫ਼ਾਰਸੀ ਦੀ ਇਸ ਵਾਰਤਾ ਦਾ ਅਰਥ ਹੈ --"ਖ਼ੁਦਾ ਤਾਅਲਾ ਦੇ ਮਕਬੂਲ ਬੰਦਿਆਂ ਵਿਚੋਂ ਗੁਰੂ ਨਾਨਕ ਸਾਹਿਬ ਇਕ ਸਨ। ਉਨ੍ਹਾਂ ਵਿਚੋਂ ਇਲਾਹੀ ਬਰਕਤਾਂ ਪ੍ਰਗਟ ਹੁੰਦੀਆਂ ਸਨ।" ਉਹ ਲਿਖਦੇ ਹਨ ਕਿ ਉਹ ਸਿੱਖਾਂ ਨਾਲ ਇਸ ਗੱਲ ਉਤੇ ਸਹਿਮਤ ਹਨ।

2. ਇਸਲਾਮੀ ਵਿਦਵਾਨ ਅਬਦੁਲ ਕਰੀ ਕਰੀਮ ਫ਼ਾਰਸੀ ਵਿਚ ਲਿਖਦੇ ਹਨ : "ਦਰ ਅਹਿਦੇ ਬਾਬਰ ਬਾਦਸ਼ਾਹ ਫ਼ਕੀਰੇ ਮਸ਼ਹੂਰ-ਬ-ਨਾਨਕ ਸ਼ਾਹ ਦਰ ਮੁਲਕੇ ਪੰਜਾਬ ਪੈਦਾਸ਼ੁਦ....।" ਅਰਥਾਤ ਬਾਬਰ ਦੇ ਸਮੇਂ ਪ੍ਰਸਿੱਧ ਫ਼ਕੀਰ ਨਾਨਕ ਸ਼ਾਹ ਪੈਦਾ ਹੋਏ। ਉਹ ਨਿਰਲੇਪ ਈਸ਼ਵਰ ਭਗਤ ਸਨ। ਧਰਮ ਬੰਦਨਾ ਤੋਂ, ਵਹਿਮਾਂ-ਭਰਮਾਂ ਤੋਂ ਬਰੀ ਸਨ। ਅਣਗਿਣਤ ਲੋਕ ਉਨ੍ਹਾਂ ਉਤੇ ਈਮਾਨ ਲਿਆਏ।

3. ਬੂਟੇ ਸ਼ਾਹ ਨਾਂ ਦੇ ਵਿਦਵਾਨ ਗੁਰੂ ਨਾਨਕ ਸਾਹਿਬ ਦੇ ਬਹੁਤ ਹੀ ਪ੍ਰਸ਼ੰਸਕ ਲੇਖਕ ਸਨ। ਆਪ ਆਪਣੀ ਪ੍ਰਸਿੱਧ ਪੁਸਤਕ "ਤਾਰੀਖ਼ੇ ਪੰਜਾਬ" ਵਿਚ ਗੁਰੂ ਨਾਨਕ ਸਾਹਿਬ ਦੀ ਪ੍ਰਸ਼ੰਸਾ ਕਰਦੇ ਹਨ।





4. "ਦਬਿਸਤਾਨੇ ਮਜ਼ਾਹਬ' ਦੇ ਲੇਖਕ ਲਿਖਦੇ ਹਨ, "ਨਾਨਕ ਪੰਥੀਆਂ ਕਿ ਮਾਅਰੂਫ਼ ਵਾ ਗੁਰ ਸਿਖਾ ਅੰਦ ਵਾ ਬਬੁੱਤ ਵਾ ਬੁੱਤਖਾਨਾ ਇਤਿਕਾਦਿ ਨਰਿਦ...ਫਲ ਜੁਮਲਾ ਮੁਰੀਦਾ ਨੇ ਬਾਬਾ ਨਾਨਕ ਬੁਤ ਨਿਕਹੋਸ਼ ਕਨੌਂਦ॥" ਅਰਥਾਤ ਨਾਨਕ ਪੰਥੀ ਜਿਨ੍ਹਾਂ ਨੂੰ ਗੁਰਸਿੱਖ ਕਹਿੰਦੇ ਹਾਂ, ਬੁੱਤਾਂ ਅਤੇ ਬੁਤਖਾਨਿਆਂ ਵਿਚ ਵਿਸ਼ਵਾਸ ਨਹੀਂ ਰੱਖਦੇ।

5. ਸਯੱਦ ਮੁਹੰਮਦ ਲਤੀਫ਼ ਲਿਖਦੇ ਹਨ ਕਿ ਗੁਰੂ ਨਾਨਕ ਦਾ ਸਿਧਾਂਤ ਸਿਰਫ਼ ਇਕੋ ਪਰਮਾਤਮਾ ਨੂੰ ਮੰਨਣਾ ਹੈ। ਆਪ ਵੀ ਰੱਬ ਦੀ ਏਕਤਾ ਦੇ ਕਾਇਲ ਸਨ ਅਤੇ ਮੂਰਤੀ ਪੂਜਾ ਦੇ ਸਖ਼ਤ ਵਿਰੋਧੀ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਸਾਰੇ ਸੰਸਾਰ ਦੇ ਲੋਕਾਂ ਲਈ ਸੱਚਾ ਅਤੇ ਨਿਰੋਲ ਧਰਮ ਇਕੋ ਇਹੀ ਹੈ ਕਿ ਸੰਸਾਰ ਦੇ ਸਭ ਆਦਮੀ ਅਤੇ ਔਰਤਾਂ ਬਰਾਬਰ ਹਨ। ਦੁਨੀਆ ਵਿਚ ਜਾਤਾਂ-ਪਾਤਾਂ ਵਾਲੇ ਅਨੇਕਾਂ ਮੱਤ, ਖੂੰਬਾਂ ਵਾਂਗ ਉਗ ਪਏ ਹਨ। ਇਹ ਰੱਬ ਨੇ ਨਹੀਂ, ਆਦਮੀ ਨੇ ਬਣਾਏ ਹੋਏ ਹਨ।

6. ਗੌਰਮਿੰਟ ਕਾਲਜ ਲਾਹੌਰ ਦੇ ਸਾਬਕਾ ਪ੍ਰਿੰਸੀਪਲ ਡਾ. ਮੁਹੰਮਦ ਸ਼ਫ਼ੀ ਇਕ ਪੁਰਾਤਨ ਜਨਮ ਸਾਖੀ ਦਾ ਹਵਾਲਾ ਦੇ ਕੇ ਲਿਖਦੇ ਹਨ ਕਿ ਇਸ ਵਿਚ ਗੁਰੂ ਨਾਨਕ ਸਾਹਿਬ ਨਾਲ ਸਬੰਧਤ ਕਰਾਮਾਤ ਦਾ ਜ਼ਿਕਰ ਨਹੀਂ ਹੈ। ਗੁਰੂ ਜੀ ਦੇ ਸਿੱਧੇ ਸਾਦੇ ਕੀਤੇ ਕੰਮ ਹੀ ਦਰਜ ਹਨ। ਪਰ ਭਾਈ ਬਾਲੇ ਵਾਲੀ ਜਨਮਸਾਖੀ ਤਾਂ ਕਰਾਮਾਤਾਂ ਨਾਲ ਭਰੀ ਪਈ ਹੈ। ਗੁਰੂ ਨਾਨਕ ਸਾਹਿਬ ਨੇ ਕਰਾਮਾਤਾਂ ਨੇ ਆਪ 'ਰਿਧਿ ਸਿਧਿ ਅਵਰਾ ਸਾਦ"ਕਹਿ ਕੇ ਰੱਦ ਕੀਤਾ ਹੈ। ਪਰ ਮੌਜੂਦਾ ਸਮੇਂ ਸਿੱਖਾਂ ਵਿਚ ਭਾਈ ਬਾਲੇ ਵਾਲੀ ਜਨਮ ਸਾਖੀ ਪ੍ਰਤੀ ਕੋਈ ਖਿੱਚ ਨਹੀਂ ਹੈ।

7. ਆਰੀਆ ਸਮਾਜ ਦੇ ਸਤਿਕਾਰੇ ਸ਼ਹੀਦ ਲੇਖ ਰਾਮ ਨੂੰ ਇਕ ਇਰਾਨੀ ਯਾਤਰੀ ਅੰਮ੍ਰਿਤਸਰ ਵਿਖੇ ਮਿਲਿਆ ਜੋ ਗੁਰੂ ਨਾਨਕ ਸਾਹਿਬ ਦੀ ਪ੍ਰਸ਼ੰਸਾ ਕਰਦਾ ਸੀ।

8. 2009 ਦੀ ਕੱਤਕ ਪੂਰਨਮਾਸ਼ੀ ਮੌਕੇ ਇਰਾਕ ਦੇ ਸਵੀਰ ਨੂਰੀ ਜ਼ਮੀਲ ਨੇ ਗੁਰੂ ਨਾਨਕ ਸਾਹਿਬ ਦੀ ਪ੍ਰਸ਼ੰਸਾ ਵਿਚ ਕਿਹਾ ਸੀ, "ਅਮਨ ਅਤੇ ਆਲਮਗੀਰ ਭਰਾਤਰੀ ਭਾਵ ਦੇ ਪੈਗੰਬਰ ਗੁਰੂ ਨਾਨਕ ਸਾਹਿਬ ਦੇ ਜਨਮ ਦਿਨ ਉਤੇ ਵਧਾਈ ਪੇਸ਼ ਕਰਦਿਆਂ ਮੈਨੂੰ ਅਪਾਰ ਖੁਸ਼ੀ ਹੋ ਰਹੀ ਹੈ। ਅਸੀਂ ਗੁਰੂ ਨਾਨਕ ਸਾਹਿਬ ਤੋਂ ਸਤਿਕਾਰ ਨਾਲ ਅਸ਼ੀਰਵਾਦ ਪ੍ਰਾਪਤ ਕਰਦੇ ਹਾਂ। ਉਨ੍ਹਾਂ ਨੇ ਹੀ ਮਨੁੱਖਤਾ ਨੂੰ ਧਰਮਾਂ ਦੀ ਪਹੁੰਚ ਤੋਂ ਪਰੇ ਸਦਗੁਣਾਂ ਦਾ ਰਾਹ ਦੱਸਿਆ ਸੀ।"

ਹੁਣ ਇਥੇ ਸਵਾਲ ਪੈਦਾ ਹੁੰਦਾ ਹੈ ਕਿ ਪੱਛਮ ਵਿਚ ਪਹੁੰਚੇ ਹੋਏ ਹੋਰ ਭਾਰਤੀ ਲੋਕ, ਉਸ ਵੇਲੇ ਕਿਉਂ ਨਹੀਂ ਬੋਲਦੇ ਕਿ ਇਹ ਗੁਰਸਿੱਖ ਲੋਕ ਜਿਨ੍ਹਾਂ ਦੀ ਤੁਸੀਂ ਪੱਗ ਕਰ ਕੇ ਬੇਇੱਜ਼ਤੀ ਕਰਦੇ ਹੋ, ਸਾਡੇ ਹੀ ਭਰਾ ਹਨ। ਸਪਸ਼ਟ ਹੈ ਕਿ ਬਿਪਰਵਾਦ ਨਾਲੋਂ ਸਿੱਖ ਧਰਮ, ਇਸਲਾਮ ਦੇ ਸਿਧਾਂਤਾਂ ਦੇ ਜ਼ਿਆਦਾ ਨੇੜੇ ਹੈ। ਈਸਾਈ ਲੋਕ, ਸਿੱਖਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਨਗੇ ਤਾਂ ਗਲਤੀਆਂ ਬਾਰੇ ਪਛਤਾਵਾ ਵੀ ਕਰਨਗੇ।




ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ

# ਲੱਖ ਲੱਖ ਵਧਾਈਆਂ



ਕਮਿਊਨਿਟੀ ਦੇ ਸੱਚੇ ਅਤੇ ਨਿਸ਼ਕਾਮ ਸੇਵਾਦਾਰ, ਪੰਜਾਬੀ ਮਾਂ ਬੋਲੀ
ਅਤੇ ਪੰਜਾਬੀ ਸੱਭਿਆਚਾਰ ਦੇ ਮੁਦਈ ਅਮਰੀਕਾ ਦੇ ਉਘੇ ਸਿੱਖ ਆਗੂ ਅਤੇ
ਸ਼੍ਰੋਮਣੀ ਅਕਾਲੀ ਦਲ ਬਾਦਲ ਕੈਲੀਫੋਰਨੀਆ ਸਟੇਟ ਦੇ ਪ੍ਰਧਾਨ

**ਸ. ਬਲਜੀਤ ਸਿੰਘ ਮਾਨ ਅਤੇ ਸਮੂਹ ਮਾਨ ਪਰਿਵਾਰ**

ਫੇ ਉਠੀ ਆਖਿ ਸਦਾ ਤੌਹੀਦ ਹਿੰਦ ਕੀ ਪੰਜਾਬ ਸੇ ,ਹਿੰਦ ਕੋ ਇੱਕ ਮਦੇ ਕਾਮਲ ਨੇ ਜਗਾਇਆ ਖ਼ਾਬ ਸੇ

ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ



# ਲੱਖ ਲੱਖ ਵਧਾਈਆਂ

# SinghSigns

ELECTRICAL· GRAPHIC· ENGRAVING

## Sales - Installation - Repair

WE FABRICATE & SERVICE ALL ELECTRICAL SIGNS
44279 FREMONT BLVD. UNIT P FREMONT, CA 94538

# 510-573-3162

COMMERCIAL SIGNS BANNERS REAL STATE
INDUSTRIAL SIGNS VEHICLE GRAPHICE LASER DESIGNS
3-D GRAPHICS ENGRAVING VINYL LETTERING

*DESIGNED FOR QUALITY SIGH, ENGINEERED TO LAST !*



ਹਰ ਤਰ੍ਹਾਂ ਦੇ ਸਾਈਨ ਬਣਾਉਣ ਜਾਂ ਮੁਰੰਮਤ ਕਰਵਾਉਣ ਲਈ ਸੰਪਰਕ ਕਰੋ



ਅਸੀਂ ਹਰ ਤਰ੍ਹਾਂ ਦੇ ਬੈਨਰ-ਸ਼ੀਲਡਾਂ-ਪਲੈਕਾਂ-ਸਾਈਨ ਬਣਾਉਂਦੇ ਹਾਂ • ਅਸੀਂ ਪਿਛਲੇ 20 ਸਾਲ ਤੋਂ ਆਪ ਜੀ ਦੀ ਸੇਵਾ ਕਰ ਰਹੇ ਹਾਂ •ਅਸੀਂ ਅਮਰੀਕਾ ਦੀਆਂ ਤਕਰੀਬਨ ਸਾਰੀਆਂ ਵੱਡੀਆਂ ਕਪੰਨੀਆਂ ਨੂੰ ਸਪਲਾਈ ਕਰਦੇ ਹਾਂ •ਕੁਆਲਟੀ ਅਤੇ ਪਰਾਈਸ ਵਿੱਚ ਸਾਡਾ ਕੋਈ ਮੁਕਾਬਲਾ ਨਹੀਂ• ਕਿਸੇ ਵੀ ਹੁਸੀਨ ਸਮੇਂ ਪਾਰਟੀ ਅਤੇ ਪ੍ਰੋਗਰਾਮ ਨੂੰ ਯਾਦਗਾਰੀ ਬਣਾਉਣ ਲਈ ਸਾਨੂੰ ਜ਼ਰੂਰ ਕਾਲ ਕਰੋ

www.singhsigns.com, e-mail : singhsigns@hotmail.com

ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਸੇਵਾਦਾਰ ਮਿਠੇ ਅਤੇ ਨਿਘੇ ਸੁਭਾਅ ਦੇ ਮਾਲਕ

## ਸ. ਰਾਜਿੰਦਰ ਸਿੰਘ ਭੱਚੂ, ਛੋਟੇ ਭਾਈ ਸ. ਮਨਦੀਪ ਸਿੰਘ ਭੱਚੂ



ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ, ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ

## ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ

# ਲੱਖ ਲੱਖ ਵਧਾਈਆਂ



ਸ. ਸੁਖਬੀਰ ਸਿੰਘ ਬਾਦਲ
ਸਾਬਕਾ ਉਪ ਮੁੱਖ ਮੰਤਰੀ ਪੰਜਾਬ



ਸ. ਬਲਵਿੰਦਰ ਸਿੰਘ ਭੂੰਦੜ
ਰਾਜ ਸਭਾ ਮੈਂਬਰ



ਸ. ਬਿਕਰਮ ਸਿੰਘ ਮਜੀਠੀਆ
ਸਾਬਕਾ ਕੈਬਨਿਟ ਮੰਤਰੀ



**ਸ. ਕੁਲਵੰਤ ਸਿੰਘ ਖਹਿਰਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਵੈਸਟ ਕੋਸਟ ਅਮਰੀਕਾ, ਉਨ੍ਹਾਂ ਦੇ ਪਿਤਾ ਸਰਪੰਚ ਬਲਜੀਤ ਸਿੰਘ ਖਹਿਰ ਤੇ ਉਨ੍ਹਾਂ ਦੇ ਛੋਟੇ ਵੀਰ ਸ. ਸੁਖਵੰਤ ਸਿੰਘ ਖਹਿਰਾ**


ਫੇਰ ਉਠੀ ਆਖਿਰ ਸਦਾ ਤੌਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ
ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ
ਲੱਖ ਲੱਖ ਵਧਾਈਆਂ
ਪੁਸ਼ਤਾਂ ਤੋਂ ਖਾਲਸਾ ਪੰਥ ਦੀ ਸੇਵਾ ਕਰਦੇ ਆ ਰਹੇ ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਉਘੇ ਬਿਜ਼ਨਸਮੈਨ,
ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ 'ਤੇ ਕਰਨ ਵਾਲੇ ਗੁਰੂ ਅਤੇ ਪੰਥ ਦੇ ਸੇਵਾਦਾਰ
ਸ. ਜੋਗਾ ਸਿੰਘ ਹੀਰਾ
925-719-4359
ਸ. ਜੀਤ ਸਿੰਘ
510-750-2810



ੴ
ਫੇਰ ਉਠੀ ਆਖਿਰ ਸਦਾ ਤੌਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ
ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ
ਲੱਖ ਲੱਖ ਵਧਾਈਆਂ
Sakoon
CELEBRATING INDIAN FLAVORS
RESTAURANT | BAR
LOUNGE | BANQUET
our 3rd location now open in
santa clara
Late : Baba Lashkar Singh
Didar Singh
Balkar Singh
BOMBAY GARDEN
ਅਸੀਂ 500 ਤੋਂ ਲੈ ਕੇ 10000 ਹਜ਼ਾਰ ਤੱਕ ਕੈਟਰਿੰਗ ਕਰਦੇ ਹਾਂ। ਇਸ ਵਿਚ ਸਾਡਾ ਕੋਈ ਮੁਕਾਬਲਾ ਨਹੀਂ।
ਅਸੀਂ ਕੈਲੀਫੋਰਨੀਆ ਵਿਚ ਬੰਬੇ ਗਾਰਡਨ, ਬੰਬੇ ਐਕਸਪ੍ਰੈਸ ਅਤੇ ਸਕੂਨ ਰੈਸਟੋਰੈਂਟ
ਦੀਆਂ ਵੱਖ-ਵੱਖ ਬ੍ਰਾਂਚਾਂ ਤੋਂ ਆਪ ਜੀ ਦੀ ਸੇਵਾ ਕਰਦੇ ਹਾਂ।
ਬਲਕਾਰ ਸਿੰਘ (510) 676-5641

# ਸਾਕਾ ਨਨਕਾਣਾ ਸਾਹਿਬ

**ਸੂਰਾ ਸੋ ਪਹਿਚਾਨਿਏ ਜੋ ਲੜੈ ਦੀਨ ਕੈ ਹੇਤੁ**
**ਦੀਨ ਗਵਾਇਆ ਦੁਨਿ ਸਿਉਂ ਦੁਨਿ ਨਾ ਚਾਲੈ ਸਾਥਿ**

ਸਿੱਖ ਧਰਮ ਵਿਚ ਸ਼ਹਾਦਤ ਗੁੜ੍ਹਤੀ ਰੂਪ ਵਿਚ ਸਭ ਤੋਂ ਪਹਿਲਾਂ ਪੰਚਮ ਪਿਤਾ ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਦੀਆਂ ਕਦਰਾਂ ਕੀਮਤਾਂ ਨੂੰ ਕਾਇਮ ਰਖ਼ਣ ਲਈ ਦਿਤੀ ਸੀ।ਅਤੇ ਫਿਰ ਅਨੇਕਾਂ ਸ਼ਹੀਦੀਆਂ ਦਾ ਵਰਣਨ ਆਉਂਦਾ ਹੈ। "ਸਾਕਾ ਨਨਕਾਣਾ" ਦਾ ਸਬੰਧ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਹੈ ਅਤੇ ਨਨਕਾਣਾ ਸਾਹਿਬ ਦਾ ਪੈਹਲਾ ਨਾਮ "ਰਾਏ ਭੁਇੰ ਦੀ ਤਲਵੰਡੀ" ਸੀ ਤੇ ਗੁਰੂ ਨਾਨਕੁ ਦੇਵ ਜੀ ਦਾ ਅਨਿੰਨ (ਖ਼ਾਸ) ਸ਼ਰਧਾਲੂਆਂ ਵਿਚੋਂ ਸੀ ਯਾਨਿ ਗੁਰੂ ਨਾਨਕ ਨੂੰ ਪਰਮਾਤਮਾ ਦਾ ਰੂਪ ਪੈਹਲਾਂ ਦਾਈ ਦੌਲਤਾਂ ਨੇ, ਫਿਰ ਭੈਣ ਨਾਨਕੀ ਨੇ ਅਤੇ ਫਿਰ ਤਲਵੰਡੀ ਦੇ ਰਾਜੇ ਰਾਏ ਬੁਲਾਰ ਨੇ ਪਹਿਚਾਣਿਆ ਸੀ ਅਤੇ ਰਾਜਾ ਰਾਏ ਬੁਲਾਰ ਦੇ ਪਿਤਾ ਦਾ ਨਾਮ ਰਾਏਭੁਇੰ ਸੀ ਅਤੇ ਰਾਜੇ ਰਾਏ ਬੁਲਾਰ ਨੇ ਸੋਚਿਆ ਕਿ ਮੇਰੇ ਪਿਤਾ ਰਾਏਭੁਇੰ ਨੇ ਲੋਕਾਂ ਦਾ ਖ਼ੂਨ ਚੂਸਕੇ ਜਿਸ ਰਾਜ਼ ਨੂੰ ਕਾਇਮ ਕੀਤਾ ਸੀ ਓਥੇ ਪਰਮਾਤਮਾ ਦੇ ਰੂਪ ਨੇ ਜਨਮ ਲੈਕੇ ਮੇਰੇ ਰਾਜ ਨੂੰ ਧੰਨ ਕਰ ਦਿਤਾ ਹੈ ਤੇ ਆਓਣ ਵਾਲਾ ਇਤਹਾਸ ਇਸ ਰਾਜ ਨੂੰ ਨਫਰਤ ਨਾਲ ਨਹੀਂ ਇਜ਼ਤ ਨਾਲ ਯਾਦ ਕਰੇਗਾ ਇਸ ਲਈ ਮੇਰੇ ਇਸ ਰਾਜ ਦਾ ਨਾਮ ਨਾਨਕੀ ਦੇ ਵੀਰ ਨਾਨਕ ਦੇ ਨਾਮ ਤੇ "ਨਨਿਕਿਆਣਾ" ਸਾਹਿਬ ਹੋਵੇਗਾ ਤੇ ਇਸ ਤਰਾਂ ਰਾਏਭੁਇੰ ਦੀ ਤਲਵੰਡੀ ਦਾ ਨਾਮ ਗੁਰੁ ਨਾਨਕ ਦੇ ਨਾਮ ਤੇ ਨਨਿਕਿਆਣਾ ਸਾਹਿਬ ਸਾਹਿਬ ਰਖ਼ ਦਿਤਾ ਗਿਆ ਜੋ ਬਾਦ ਵਿਚ "ਨਨਕਾਣਾ ਸਾਹਿਬ" ਕਰਕੇ ਪਰਸਿੱਧ ਹੋਇਆ ਕਿਉਕਿ ਰਾਜੇ ਰਾਏਬੁਲਾਰ ਨੇ ਇਕ ਵਾਰੀ ਗੁਰੂ ਨਾਨਕ ਜੀ ਨੂੰ ਮਝੀਆਂ ਚਰਾਣ ਗਿਯਾਂ ਜੰਗਲ ਵਿਚ ਸੁਤੇ ਪਿਆਂ ਦੇਖਿਆ ਤੇ ਇਕ ਭਿਅੰਕਰ ਫਨਿਅਰ ਨਾਗ ਨੂੰ ਓਨ੍ਹਾਂ ਦੇ ਮੁੱਖ ਤੇ ਛਾਇਆ ਕੀਤੀ ਵੇਖੀ ਬੜਾ ਹੈਰਾਨ ਹੋਇਆ ਤੇ ਨਜ਼ਦੀਕ ਜਾਣ ਤੇ ਸੱਪ ਚਲਾ ਗਿਆ ਤੇ ਨਾਨਕ ਜੀ ਨੂੰ ਸੁਤੇ ਪਿਆਂ ਦੇਖਕੇ ਸਮਝ ਗਿਯਾ ਕਿ ਏਹ ਕੋਈ ਸਾਧਾਰਣ ਇਨਸਾਨ ਨਹੀਂ ਹਨ ਫਿਰ ਖੇਤ ਦੇ ਮਾਲਕ ਦੇ ਮਾਲਕ ਦਵਾਰ ਰਾਜੇ ਕੋਲ ਸ਼ਿਕਾਇਤ ਕਰਨ ਤੇ ਕਿ ਨਾਨਕ ਦੀਆਂ ਮਝਿਯਾਂ ਨੇ ਮੇਰੀ ਸਾਰੀ ਖੇਤੀ ਉਜਾੜ ਦਿਤੀ ਹੈ ਤਾਂ ਨਾਨਕ ਜੀ ਨੂਮ ਜਦੋਂ ਪੁੱਛਿਆ ਕਿ ਨਾਨਕ ਜੀ ਏਹ ਕਿਸਾਨ ਕੀ ਕੈਹ ਰਿਹਾ ਹੈ ਤਾਂ ਨਾਨਕ ਜੀ ਨੇ ਕਿਹਾ ਕਿ ਆਪ ਆਦਮੀ ਭੇਜਕੇ ਪਤਾ ਕਰਵਾ ਲਵੋ ਤਾਂ ਜਦੋ ਕਰਿੰਦੇ ਨੇ ਆਕੇ ਦੱਸਿਆ ਕਿ ਖੇਤੀ ਤਾਂ ਓਸੇ ਤਰਾਂ ਲੈਹਲਹਾ ਰਹੀ ਹੈ ਤਾਂ ਕਿਸਾਨ ਬੜਾ ਸ਼ਰਮਿੰਦਾ ਹੋਇਆ। ਏਸੇ ਤਰ੍ਹਾਂ ਨਾਨਕ ਜੀ ਦੇ ਅਨੇਕਾਂ ਕੌਤਕ ਦੇਖਕੇ ਰਾਏ ਬੁਲਾਰ ਨੂੰ ਪੱਕਾ ਯਕੀਨ ਹੋ ਗਿਆ ਕਿ ਏਹ ਕੋਈ ਵਲੀ ਓਲਿਆ ਮੇਰੇ ਰਾਜ ਵਿਚ ਇਨਸਾਨੀ ਜਾਮੇ ਵਿਚ ਆ ਗਿਆ ਹੈ ਤੇ ਜਦੋਂ ਨਾਨਕ ਜੀ ਨੇ ਪਿਤਾ ਮਹਿਤਾ ਕਾਲੂ ਜੀ ਦਵਾਰਾ ਸੱਚਾ ਸੌਦਾ ਕਰਨ ਲਈ ਦਿਤੇ ਵੀਹ ਰੁਪਏ ਜੰਗਲ ਵਿਚ ਬੈਠੇ ਭੁਖੇ ਸਾਧੂਆਂ ਨੂੰ ਭੋਜਨ ਕਰਵਾਣ 'ਤੇ ਖਰਚ ਕਰ ਦਿਤੇ ਤੇ ਸੋਚਿਆ ਏਸ ਤੋਂ ਹੋਰ ਸਚਾ ਸੌਦਾ ਕੀ ਹੋ ਸਕਦਾ ਹੈ ਤਾਂ ਜਦੋਂ ਪਿਤਾ ਜੀ ਨੂੰ ਪਤਾ ਲਗਾ ਤਾਂ ਪਿਤਾ ਜੀ ਨੂੰ ਬਹੁਤ ਗੁੱਸਾ ਚੜ੍ਹਿਆ ਤੇ ਆਕੇ ਬਾਹਰ ਖੂਹ ਤੇ ਬੈਠੇ ਨਾਨਕ ਜੀ ਨੂੰ ਦੋ ਥੱਪੜ (ਚਪੇੜਾਂ) ਮਾਰੇ ਤੇ ਕਿਹਾ ਕਿ ਤੂੰ ਬਿਲਕੁਲ ਨਿਕੱਮਾ ਹੈ ਕਿਸੇ ਵੀ ਕੱਮ ਵਿਚ ਪੂਰਾ ਨਹੀਂ ਉਤਰਦਾ ਤੇ ਜਦੋਂ ਰਾਏਬੁਲਾਰ ਨੂੰ ਪਤਾ ਲਗਾ ਤਾਂ ਰਾਏ ਬੁਲਾਰ ਨੇ ਆਪਣੇ ਮੁਨਸ਼ੀ ਮਹਿਤਾ ਕਾਲੂ ਜੀ ਨੂੰ ਕਿਹਾ ਕਿ ਕਾਲੂ ਜੀ ਤੁਸੀ ਬਹੁਤ ਗ਼ਲਤ ਕੀਤਾ ਜੋ ਨਾਨਕ ਨੂੰ ਮਾਰਿਆ ਹੈ ਅਜਤੋ ਬਾਦ ਤੁਸੀਂ ਨਾਨਕ ਜੀ ਨੂੰ ਕੁਝ ਨਹੀਂ ਕੈਹਣਾ ਏਹ ਜੋ ਵੀ ਨੁਕਸਾਨ ਕਰਨ ਮੇਰੇ ਖਜਾਨੇ ਵਿਚੋਂ ਪੂਰਾ ਕਰ ਲੈਣਾ ਏਹ ਤਾਂ ਕੇਵਲ ਵੀਹ ਰੁਪਏ ਸੀ ਅਗਰ ਨਾਨਕ ਜੀ ਸਾਰੀ ਤਲਵੰਡੀ ਵੀ ਉਜਾੜ ਦੇਣ ਤਾਂ ਵੀ ਮੇਰੇ ਮੁਰਸ਼ਦ ਨਾਨਕ ਜੀ ਨੂੰ ਕੁਝ ਨਹੀਂ ਕੈਹਣਾ ਇਕ ਮੁਸਲਮਾਨ ਰਾਏਬੁਲਾਰ ਗੁਰੂ ਨਾਨਕ ਜੀ ਨੂੰ ਪਰਮਾਤਮਾ ਦਾ ਰੂਪ ਜਾਣਨ ਲਗ ਗਿਆ ਸੀ। ਇਸ ਤਰ੍ਹਾਂ ਗੁਰੂ  ਨਾਨਕ ਦੇਵ ਜੀ ਨੇ ਤਲਵੰਡੀ ਵਿਚ ਬਹੁਤ ਚੋਜ਼ ਕੀਤੇ ਜਿਸ ਤਰਾਂ ਪਾਂਦੇ ਨੂੰ ਪੱਟੀ ਪੜਾਉਣੀ ਸਸੇ ਸੋਇ ਸ੍ਰਿਸ਼ਟ ਜਿਨ ਸਾਜੀ, ਕਾਜ਼ੀ ਨੂੰ ਅਲੱਫ ਤੋਂ ਅੱਲਾ ਦਾ ਭੇਦ ਅਤੇ ਯਕ ਅਰਜ਼ ਗੁਫਤਮੁ ਪੇਸ਼ਤੋ ਦਰਗੋਸ਼ ਕੁਨ ਕਰਤਾਰੁ ਹੱਕਾ ਕਬੀਰ ਕਰੀਮੁ ਤੂ ਬੇਐਬ ਪਰਵਦਿਗਾਰਿ" ਦਾ ਭੇਦ ਸਮਝਾਣਾ, ਜਨੇਊ ਨੂੰ (ਕੇਵਲ ਕਚੇ ਧਾਗੇ ਦੇ ਸੂਤਰ) ਦਸਕੇ ਖੰਡਨ ਕਰਨਾ ਆਦਿ ਫਿਰ ਓਨ੍ਹਾਂ ਨੂੰ ਭੈਣ ਨਾਨਕੀ ਆਪਣੇ ਸਸੁਰਾਲ ਸੁਲਤਾਨਪੁਰ ਲੋਧੀ ਲੈ ਗਈ ਜਿਥੇ 13-13 ਦੀਆਂ ਧਾਰਨਾ



ਤੋਲਕੇ ਗ਼ਰੀਬਾਂ ਨੂੰ ਰਜਾ ਦਿਤਾ ਤੇ ਦੋਖੀਆਂ ਦੀ ਸ਼ਿਕਾਇਤ ਖ਼ਜਾਨਾ ਲੁਟਾ ਦੇਣ ਤੇ ਹਿਸਾਬ ਕਰਨ ਤੇ ਵਾਧਾ ਦਿਖਾਇਆ।

ਉਸੀ ਤਲਵੰਡੀ "ਨਨਿਕਿਆਣਾ ਸਾਹਿਬ" ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਦ ਅੰਗ੍ਰੇਜਾਂ ਦੇ ਰਾਜ ਵਿਚ ਮਹੰਤਾਂ ਦਾ ਕਬਜਾ ਹੋ ਗਿਆ ਕਿਉਂਕਿ ਸਿੱਖ ਜੰਗਲਾਂ ਵਿਚ ਰੈਹੰਦੇ ਸਨ ਅਤੇ ਉਦਾਸਿਆਂ ਦੇ ਮੱਤ ਅਤੇ ਮਹੰਤਾਂ ਵਲੋਂ ਹੀ ਇਤਹਾਸਕ ਗੁਰਦਵਾਰਿਆਂ ਵਿਚ ਕਾਬਜ਼ਾ ਸੀ ਅਤੇ ਨਨਕਾਣਾ ਸਾਹਿਬ ਵਿਚ ਵੀ ਨਰੈਣਦਾਸ (ਨਰੈਣੂ) ਮਹੰਤ ਦਾ ਕਬਜ਼ਾ ਸੀ ਤੇ ਮਹੰਤ ਅਤੇ ਉਸਦੇ ਕਰਿੰਦੇ ਕਿਸੇ ਵੀ ਆਏ ਗਏ ਸ਼ਰਧਾਲੂ ਨੂੰ ਬੇਇਜ਼ਤ ਕਿਤੇ ਬਿਨਾ ਨਹੀਂ ਸੀ ਜਾਣ ਦਿੰਦੇ ਅਤੇ ਦਰਬਾਰ ਸਾਹਿਬ ਵਿਚ ਕੋਈ ਦੀਵਾ ਬਤੀ ਯਾਂ ਕੀਰਤਨ, ਪਾਠ ਆਦਿ ਵੀ ਨਹੀਂ ਸਨ ਕਰਦੇ ਅਤੇ ਜੇ ਕੋਈ ਬੀਬੀ ਗੁਰਦਵਾਰੇ ਜਨਮ ਸਥਾਨ ਦੇ ਦਰਸ਼ਨ ਕਰਨ ਆ ਜਾਂਦੀ ਤਾਂ ਇਜ਼ਤ ਲੁਟਵਾਏ ਬਿਨਾ ਨਾ ਪਰਤਦੀ। ਕੱਤਕ ਦੀ ਪੂਰਨਮਾਸੀ ਵਾਲੇ ਦਿਨ 6 ਬੀਬੀਆਂ ਦਾ ਜਥਾ ਲਾਇਲਪੁਰ ਜ਼ਿਲੇ ਤੋਂ ਦਰਸ਼ਨ ਕਰਨ ਆਇਆ ਤਾਂ ਮਹੰਤ ਨੇ ਅਤੇ ਬੰਦਿਆਂ ਨੇ ਸਾਰੀ ਰਾਤ ਓਨਾਂ ਦੀ ਪੱਤ ਲੁਟੀ, ਇਸੇ ਤਰ੍ਹਾਂ ਇਕ ਦਿਨ ਇਕ ਸਿੰਧੀ ਜੱਜ ਰਿਟਾਇਰਡ ਹੋਕੇ ਇਤਹਾਸਕ ਸਥਾਨਾਂ ਦੇ ਦਰਸ਼ਨ ਕਰਦਾ ਹੋਇਆ ਆਪਣੀ 13 ਸਾਲ ਦੀ ਬੇਟੀ ਅਤੇ ਪਤਨੀ ਨਾਲ ਭਰ ਸਰਦੀ ਵਿਚ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਆਇਆ ਤੇ ਸ਼ਾਮ ਦਾ ਵੇਲਾ ਹੋਣ ਕਰਕੇ ਜੱਜ ਨੇ ਦੀਵਾ ਜਗਾਣ ਲਈ ਤੇਲ ਮੰਗਿਆ ਤਾਂ ਮਹੰਤ ਨੇ ਕਿਹਾ ਦੀਵੇ ਵਿਚ ਤੇਲ ਪੁਆਣ ਲਈ ਬਚੀ ਨੂੰ ਭੇਜ ਦਿਓ ਤਾਂ ਵਿਚਾਰੇ ਗੁਰੂ ਦੇ ਪਿਆਰੇ ਨੇ ਵਿਸ਼ਵਾਸ਼ ਕਰਕੇ ਬਚੀ ਨੂੰ ਭੇਜਕੇ ਦੀਵੇ ਵਿਚ ਦੀਵੇ ਵਿਚ ਤੇਲ ਪੁਆਣ ਲਈ ਭੇਜਿਆ ਤਾਂ ਮਹੰਤ ਦੇ ਬੰਦਿਆਂ ਨੇ ਵਾਰੀ ਵਾਰੀ ਬਚੀ ਦੀ ਇਜ਼ਤ ਲੁਟੀ ਅਤੇ ਮਾਂ ਬਾਪ ਦੇ ਦੁਹਾਈ ਪਾਣ ਤੇ ਕਿਹਾ ਕਿ ਅਗਰ ਬਚੀ ਜਿੰਦਾ ਚਾਹੀਦੀ ਹੈ ਬਿਨਾ ਕਿਸੇ ਰੌਲਾ ਪਾਏ ਤੁਸੀ ਸ਼ਟੇਸ਼ਨ ਤੇ ਪਹੂੰਚੋ ਅਸੀਂ ਬਚੀ ਨੂੰ ਪਿਛੇ ਭੇਜ ਦਿਆਂਗੇ ਵਿਚਾਰੇ ਦੋਨੋਂ ਜੀਅ ਬਦਕਿਸਮਤ ਮਾਂ ਬਾਪ ਰੋਂਦੇ ਕੁਰਲਾਓਂਦੇ ਸ਼ਟੇਸ਼ਨ ਤੇ ਸ਼ਾਰੀ ਰਾਤ ਉਡੀਕਦੇ ਰਹੇ ਤੇ ਸਵੇਰੇ ਬਚੀ ਨੂੰ ਮੁਰਦਾ ਹਾਲਤ ਵਿਚ ਸਟੇਸ਼ਨ ਤੇ ਸੁਟ ਗਏ ਜਿਸਦੀ ਸਾਰੀ ਰਾਤ ਇਜ਼ਤ ਲੁਟੀਂਦੀ ਰਹੀ ਸੀ ਤੇ ਜਦੋਂ ਇਨ੍ਹਾਂ ਦਿਲ ਕਬੰਆਉ ਘਟਨਾਂਵਾਂ ਦਾ5-6 ਫਰਵਰੀ1921 ਦੇ ਸ਼ੁਰੂ ਵਿਚ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਮਾਸਟਰ ਤਾਰਾ ਸਿੰਘ ਅਤੇ ਸਰਬੱਤ ਖਾਲਸਾ ਦੀ ਹੋ ਰਹੀ ਮਿਟੀਂਗ ਵਿਚ ਓਨਾਂ ਬਾਰੇ ਨਰੈਣੂ ਮਹੰਤ ਵਲੋਂ ਸੰਗਤ ਨਾਲ ਹੋ ਰਹੇ ਭਿਆਨਕ ਜ਼ੁਲਮਾਂ ਬਾਰੇ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਵਿਸਥਾਰ ਪੂਰਵਕ ਬਿਆਨ ਕੀਤਾ ਤਾਂ ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਨਨਕਾਣਾ ਸਾਹਿਬ ਵਿਚ 4ਤੋਂ6 ਮਾਰਚ ਨੂੰ ਇਕ ਮੀਟਿੰਗ ਵਿਚ ਪੈਹਲੇ ਮਹੰਤ ਨਾਲ ਗੱਲ ਕੀਤੀ ਜਾਵੇ ਕਿ ਜਾਂ ਤਾਂ ਆਪਣੇ ਆਪ ਸਿਧੇ ਰਸਤੇ ਆ ਜਾਵੇ ਅਤੇ ਨਨਕਾਣਾ ਸਾਹਿਬ ਦਾ ਕਬਜਾ ਖਾਲਸੇ ਨੂੰ ਸੌਂਪ ਦੇਵੇ ਨਹੀਂ ਤਾਂ ਖ਼ਾਲਸਾ ਆਪਣੇ ਤੌਰ ਤੇ ਓਸ ਕੋਲੋਂ ਕਬਜਾ ਲੈ ਸਕਦਾ ਹੈ ਅੰਗ੍ਰੇਜਾਂ ਦੀ ਸ਼ੈਹ ਹੋਣ ਕਰਕੇ ਜਦੋਂ ਮਹੰਤ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਸਨੇ ਸਿਖਾਂ ਨੂੰ ਸਬਕ ਸਿਖਾਣ ਅਤੇ ਸਿੱਖ ਲੀਡਰਸ਼ਿਪ ਨੂੰ ਲੀਡਰ ਲੈਸ ਕਰਨ ਲਈ ਗੁੰਡੇ ਇਕੱਠੇ ਕਰ ਲਏ ਜਿਨ੍ਹਾਂ ਨੂੰ ਪੂਰੀ ਤਰ੍ਹਾਂ ਹਥਿਆਰਾਂ ਨਾਲ ਲੈਸ ਕਰ ਦਿੱਤਾ ਅਤੇ ਮਿਟੀ ਦੇ ਤੇਲ ਦੇ ਪੀਪੇ, ਪੈਟ੍ਰੋਲ ਆਦਿਕ ਜਮਾਂ ਕਰ ਲਏ ਤਾਂ ਜਦੋਂ ਸੂਹਿਏ ਨੇ ਇਸ ਸਾਰੇ ਇੰਤਜਾਮ ਬਾਰੇ ਕਰਤਾਰ ਸਿੰਘ ਝੱਬਰ ਅਤੇ ਕੋਮੀ ਮਰਜੀਵੜੇ ਸਿੱਖਾਂ ਨੂੰ ਦੱਸਿਆ ਤਾਂ ਇਕ ਗੁਪਤ ਮੀਟਿੰਗ ਵਿਚ ਕਰਤਾਰ ਸਿੰਘ ਝੱਬਰ, ਲਛਮਣ ਸਿੰਘ ਧਾਰੋਵਾਲ, ਅਮਰੀਕ ਸਿੰਘ, ਟਹਿਲ ਸਿੰਘ, ਸੰਤ ਤੇਜਾ ਸਿੰਘ ਭੁਚਰ, ਬੂਟਾ ਸਿੰਘ ਲਇਲਪੁਰ, ਵਰਿਯਾਮ ਸਿੰਘ, ਦਲੀਪ ਸਿੰਘ ਆਦਿ


ਗਿ0 ਮਨਜੀਤ ਸਿੰਘ
905.488.8445
manjeets99@yahoo.ca




(5000 ਸਿੰਘਾਂ) ਵਲੋਂ 19 ਫਰਵਰੀ ਇਕ ਗੁਪਤ ਸਕੀਮ ਨਾਲ ਨਨਕਾਣਾ ਸਾਹਿਬ ਵਿਚ ਸ਼ਾਂਤੀ ਪੂਰਵਕ ਰੋਸ ਪਰਗਟ ਕਰਨ ਲਈ 200-200 ਦੇ ਜਥੇ ਬਣਾਕੇ ਕੂਚ ਕਰਨ ਦਾ ਪ੍ਰੋਗਰਾਮ "ਗੁਰਦਵਾਰਾ ਸੁਧਾਰ ਲਹਿਰ ਅਧੀਨ" ਉਲੀਕਿਆ ਤੇ ਸਰਬੱਤ ਖ਼ਾਲਸਾ ਦੇ ਉਲੀਕੇ 4 ਤੋਂ 6 ਮਾਰਚ ਦੇ ਪ੍ਰੋਗਰਾਮ ਦਾ ਇੰਤਜ਼ਾਰ ਕੀਤੇ ਬਿਨਾ ਗੁਰੂ ਦਾ ਮੁਖ਼ਵਾਕ ਲੈਕੇ (ਜਉ ਤਉ ਪ੍ਰੇਮ ਖੇਲਣੁ ਕਾ ਚਾਓ ਸਿਰ ਧਰੁ ਤਲੀ ਗਲੀ ਮੇਰੀ ਆਓ, ਇਤੁ ਮਾਰਗੁ ਪੈਰਿ ਧਰੀਜੇ ਸਿਰ ਦੀਜੈ ਕਾਣ ਨ ਕੀਜੇ) ਪੈਹਲਾ ਜਥਾ ਗੁਰਦਵਾਰੇ ਵਿਚ ਦਾਖ਼ਲ ਹੋਇਆ ਅਤੇ ਦਰਬਾਰ ਸਾਹਿਬ ਦੀ ਸਫਾਈ ਆਦਿ ਕਰਕੇ ਭਾਈ ਲਛਮਣ ਸਿੰਘ ਤਾਬਿਆ ਵਿਚ ਬੈਠੇ ਅਤੇ ਚੌਰ ਸਾਹਿਬ ਦੀ ਸੇਵਾ ਕਰਕੇ ਅਖੰਡ ਪਾਠ ਰਖਕੇ ਸਿੰਘਾਂ ਨੇ ਸਿਮਰਨ ਸ਼ੁਰੂ ਕਰ ਦਿੱਤਾ ਤਾਂ ਮਹੰਤ ਨਰੈਣੂ ਦੇ ਗੁੰਡਿਆਂ ਨੇ ਗੋਲੀ ਚਲਾਕੇ ਪਾਠ ਕਰਦੇ ਸਿੰਘ ਸ਼ਹੀਦ ਕਰ ਦਿਤੇ ਤੇ ਜੰਡਾਂ ਨਾਲ ਬੰਨ੍ਹਕੇ ਸਾੜ ਦਿੱਤੇ ਅਤੇ ਛੱਵਿਆਂ ਕੁਹਾੜੀਆਂ ਨਾਲ ਕੋਹ ਕੋਹ ਕੇ ਸ਼ਹੀਦ ਕਰ ਦਿਤੇ ਗਏ ਤਾਂ ਬਾਕੀ ਸਿੰਘਾਂ ਨੇ ਫੈਸਲਾ ਕੀਤਾ ਕਿ ਹੁਣ ਦੋ ਦੋ ਹੱਥ ਕਰਨ ਦਾ ਸਮਾਂ ਆ ਗਿਆ ਹੈ। ਜਦੋਂ ਸਿੰਘਾਂ ਦਾ ਬਹੁਤ ਵਡਾ ਇਕੱਠ ਨਨਕਾਣਾ ਸਾਹਿਬ ਵਲ ਵਧਿਆ ਤਾਂ ਅੰਗ੍ਰੇਜ਼ ਪੁਲਿਸ ਨੇ ਸਿੱਖ ਲੀਡਰਾਂ ਨੂੰ ਕਿਹਾ ਕਿ ਤੁਸੀ ਆਪਣੀ ਇਕ ਕਮੇਟੀ ਬਣਾਕੇ ਇਕ ਮੈਮੋਰੰਡਮ ਦਿਓ ਤਾਂ ਅਸੀ ਤੁਹਾਨੂੰ ਇਕ ਦੋ ਦਿਨ ਵਿਚ ਮਹੰਤ ਨਾਲ ਗਲ ਕਰਕੇ ਕਬਜ਼ਾ ਦਿਲਵਾ ਦਿਆਂਗੇ ਨਹੀਂ ਤਾਂ ਮਹੰਤ ਨੇ ਤੁਹਾਨੂੰ ਸਬੱਕ ਸਿਖਾਣ ਦਾ ਬਹੁਤ ਇੰਤਜ਼ਾਮ ਕੀਤਾ ਹੋਇਆ ਹੈ ਤਾਂ ਖੜੇ ਪੈਰ ਪੰਜ ਸਿੰਘਾ ਦੀ ਕਮੇਟੀ ਬਣਾਈ ਗਈ ਅਤੇ ਤੱਤਕਾਲ ਗੁਰਦਵਾਰੇ ਦੀਆਂ ਚਾਬੀਆਂ (ਕਬਜਾ) ਲੈਣ ਦੀ ਗੱਲ ਕੀਤੀ ਇਸ ਵਿਚ ਕੋਈ ਢਿਲ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ ਕਿਉਂਕਿ ਮਹੰਤ ਨਰੈਣੂ ਨੇ ਜੋ ਸਿੱਖਾਂ ਦਾ ਕਤਲੇਆਮ ਕੀਤਾ, ਧੀਆਂ ਭੈਣਾ ਦੀਆਂ ਇਜ਼ਤਾਂ ਲੁਟੀਆਂ ਗਈਆਂ, ਦਰਬਾਰ ਸਾਹਿਬ ਵਿਚ ਕੰਜਰੀਆਂ ਨਚਾਇਆਂ ਜੋ ਕਿ ਸਭ ਘਟਨਾਂਵਾਂ ਬਾਰੇ ਅੰਗ੍ਰੇਜ ਅਫਸਰਾਂ ਨੂੰ ਦੱਸਿਆ ਕਿ ਹੁਣ ਸਾਡੀ ਬਰਦਾਸ਼ਤ ਤੋਂ ਬਾਹਰ ਹੈ ਤਾਂ ਪੁਲਿਸ ਅਫਸਰ ਡਿਪਟੀ ਕਮਿਸ਼ਨਰ "ਕਿੰਗ" ਨੇ ਨਰੈਣੂ ਨੂੰ ਦੁਪਹਿਰ ਦੋ ਵਜੇ ਗ੍ਰਿਫਤਾਰ ਕਰਕੇ ਗੁਰਦਵਾਰੇ ਨੂੰ ਤਾਲੇ ਲਾ ਦਿਤੇ ਅਤੇ ਰਾਤ ਸਵਾ ਨੌਂ ਵਜੇ ਨਰੈਣੂ ਨੂੰ ਅਤੇ ਉਸਦੇ ਗੁਡਿੰਆਂ ਨੂੰ ਗਿਰਫਤਾਰ ਕਰਕੇ ਲਹੌਰ ਜੇਲ ਵਿਚ ਡੱਕ ਦਿਤਾ ਬਾਕੀ ਕੁਝ ਗੁੰਡੇ ਭੱਜ ਗਏ। ਪੁਲਿਸ ਨੇ ਨਨਕਾਣਾ ਸਾਹਿਬ ਅੰਦਰ ਹੋਏ ਕਤਲੇਆਮ ਅਤੇ ਖੂਨ ਦੇ ਦਰਿਆ ਲਗੇ ਦੇਖੇ। ਪੜਤਾਲੀਆ ਕਮੇਟੀ ਬਿਠਾ ਦਿਤੀ ਅਤੇ ਚਾਬੀਆਂ ਸਿੰਘਾਂ ਨੂੰ ਸੌਂਪ ਦਿਤੀਆਂ। 21ਫਰਵਰੀ ਨੂੰ ਸਿੰਘਾਂ (ਸੰਗਤ) ਨੇ ਲਖਾਂ ਦੀ ਗਿਣਤੀ ਸਾਰੇ ਭਾਰਤ ਵਿਚੋਂ ਜਦੋਂ ਸਿੱਖ ਸੰਗਤ ਨੇ ਨਨਕਾਣਾ ਸਾਹਿਬ ਪਹੁੰਚਕੇ ਸਿੰਘਾਂ ਦੇ ਕਤਲੇਆਮ ਦਾ ਭਿਆਨਕ ਮੰਜਰ ਦੇਖਿਆ ਖ਼ੂਨ ਦੇ ਭਰੇ ਟੋਬੇ ਦੇਖੇ, ਚਾਰੋਂ ਪਾਸੇ ਕਟੀਆਂ, ਵਢੀਆਂ ਲਾਸ਼ਾਂ, ਲਤਾਂ, ਸਿਰ, ਸੜੇ ਹੋਏ ਪਿੰਜਰ ਅਤੇ ਖੋਪੜੀਆਂ ਰੁਲਦੀਆਂ ਦੇਖੀਆਂ ਤਾਂ ਕੋਈ ਅੱਖ ਐਸੀ ਨਹੀਂ ਸੀ ਜੋ ਭੁਬਾਂ ਮਾਰਕੇ ਨਹੀਂ ਰੋਈ। ਲਾਸ਼ਾਂ ਦੇ ਅੰਗ ਅਤੇ ਹੱਡੀਆਂ ਨੂੰ ਇਕਠੇ ਕਰਕੇ ਦਾ ਸਸਕਾਰ ਕੀਤਾ ਗਿਆ, ਗੁਰਦਵਾਰੇ ਦੀ ਸਫਾਈ ਕੀਤੀ ਗਈ। ਅੱਜ ਅਸੀਂ ਜੋ ਰੋਜ਼ ਗੁਰਦਵਾਰਿਆਂ ਵਿਚ ਅਰਦਾਸ ਕਰਦੇ ਹਾਂ "ਗੁਰਦਵਾਰਿਆਂ ਦੀ ਅਜ਼ਾਦੀ ਅਤੇ ਸੁਧਾਰ ਹਿਤ ਜਿਨ੍ਹਾਂ ਸਿੰਘਾ ਸਿੰਘਣੀਆਂ ਨੇ ਸ਼ਹੀਦੀਆਂ ਪਾਈਆਂ ਤਿਨ੍ਹਾਂ ਦੀ ਕਮਾਈ ਦਾ ਧਿਆਨੁ ਧਰਕੇ ਖਾਲਸਾ ਜੀ ਬੋਲੋ ਜੀ ਵਾਹਿਗੁਰੂ, ਜੀਂਦੇ ਜੀਅ ਸਾੜੇ ਗਏ, ਜੰਡਾਂ ਨਾਲ  ਬੰਨਕੇ ਸਾੜੇ ਗਏ, ਕੁਰਬਾਨੀਆਂ ਦਿੱਤੀਆਂ ਸਿੱਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਭਾਇਯਾ ਧਰਮੁ ਨਹੀਂ ਹਾਰਿਆ" ਜਿਨ੍ਹਾਂ ਦਾ ਸਿੱਖੀ ਨਾਲ ਸਿੱਖੀ ਨਾਲ ਸਚਾ ਪਿਆਰ ਸੀ ਅਤੇ ਕੁਰਬਾਨੀ ਦਾ ਜ਼ਜ਼ਬਾ ਸੀ ਕਿਸੇ ਪਰਬੰਧਕੀ ਹਾਸਲ ਕਰਨ ਲਈ ਨਹੀਂ। ਓਹ ਸਾਰਾ ਕੁਝ ਨਨਕਾਣਾ ਸਾਹਿਬ ਵਿਚ ਸਾਕਾ ਵਾਪਰਿਆ ਸੀ।

ਇਸ ਇਤਿਹਾਸਕ ਭਿਆਨਕ ਘਟਨਾ ਦਾ ਵਿਰਤਾਂਤ ਲਫਜ਼ ਬਾ ਲਫਜ਼ ਬਿਆਨ ਬਹੁਤ ਹੀ ਔਖਾ ਕੰਮ ਹੈ ਕਿਉਂਕਿ ਇਸ ਸਾਕੇ ਨੂੰ ਲ਼ਫ਼ਜ਼ ਬ-ਲ਼ਫ਼ਜ਼ ਲਿਖਣ ਯਾਂ ਬਿਆਨ ਕਰਨ ਲਈ ਇਕ ਪੂਰਾ ਗ੍ਰੰਥ ਤਿਆਰ ਹੋ ਸਕਦਾ ਹੈ ਅਤੇ ਲਈ ਸ਼ਾਇਦ ਹੀ ਕੋਈ ਅਖਬਾਰ ਤਿਆਰ ਹੋਵੇ।

ਓਏ ਅੱਜ ਦੇ ਕਲੀਨਸ਼ੇਵ ਅਖੌਤੀ ਸਿਖੋ (ਸਿੰਘੋ) (ਗੁਰਦਵਾਰਿਆਂ ਤੇ ਕਾਬਜ਼ ਭੇਖੀ ਬਾਣੇ ਵਾਲੇ) ਲੀਡਰੋ ਪ੍ਰਬੰਧਕੋਂ ਬਾਬਿਆਂ ਦੇ ਚੇਲਿਓਂ ਬਨਾਮ ਅੱਜ ਦੇ ਮਹੰਤੋਂ ਅਕ੍ਰਿਤਘਣੋ ਕੁਝ ਸ਼ਰਮ ਕਰੋ ਕਿਥੇ ਓਹ ਮਰਜੀਵੜੇ ਕੁਰਬਾਨੀਆਂ ਦੇਣ ਵਾਲੇ ਸਿੱਖ ਤੇ ਕਿਥੇ ਅਜ ਦੇ ਗੁਰਦਵਾਰਿਆਂ ਤੇ ਪ੍ਰਬੰਧਕਿਆਂ ਲਈ ਲੜ ਲੱੜਕੇ ਇਕ ਦੂਜੇ ਨੂੰ ਹਰ ਹਰਬਾ ਵਰਤਕੇ (ਕੋਰਟਾਂ ਵਿਚ) ਗੋਲਕਾਂ ਤੇ ਕਬਜ਼ਾ ਕਰਨ ਲੁਟੱਣ ਵਾਲੇ ਸਿੱਖੋ ਜਿਨ੍ਹਾਂ ਨੂੰ ਬੋਲਣ ਦਾ ਵੀ ਚੱਜ ਨਹੀਂ ਆਓਂਦਾ ਜੋ ਗੁਰੂ ਘਰ ਦੇ ਸੇਵਾਦਾਰ ਨਾ ਹੋਕੇ ਐਮ.ਪੀ ਯਾਂ ਬਦਮਾਸ਼ ਜ਼ਿਆਦਾ ਨਜ਼ਰ ਆਓਂਦੇ ਹਨ ਜੋ ਕਿਸੇ ਵੀ ਗੁਰਸਿੱਖ ਨੂੰ ਗਾਲ੍ਹਾਂ ਕੱਢਣ, ਮਾਰਕੁਟ ਕਰਨ ਅਤੇ ਪੁਲਿਸ ਰਿਪੋਰਟ ਕਰਕੇ ਗੁਰਦਵਾਰੇ ਓਣ ਤੋਂ ਰੋਕ ਸਕਦੇ ਹਨ ਅਤੇ ਕੋਈ ਪ੍ਰਬੰਧਕ ਐਸਾ ਨਹੀਂ ਜੋ ਆਪਣਿਆਂ ਨੂੰ ਯਾਂ ਪੈਸੇ ਲੈਕੇ ਗੁਰਦਵਾਰੇ ਵਿਚ ਗ੍ਰੰਥੀ, ਪਰਚਾਰਕ ਬਣਾਕੇ ਸਪਾਂਸਰਾਂ ਭੇਜਕੇ ਮੰਗਵਾਦੇ ਹਨ ਅੰਤ ਵਿਚ ਆਸ ਕਰਦਾ ਹਾਂ ਇਸ ਲਈ ਦਾਸ ਨੂੰ ਸੰਗਤ ਖ਼ਿਮਾਂ ਕਰੇਗੀ ਲੇਕਿਨ ਦਾਸ ਇਕ ਹੋਰ ਸਾਕਾ ਸਿੱਖਾਂ ਨਾਲ ਜੋ ਬਿਲਕੁਲ ਹੂਬਹੂ ਅਜ਼ਾਦੀ ਮਿਲਣ ਤੋਂ ਬਾਅਦ 1984 ਵਿਚ ਜੂਨ ਅਤੇ ਨਵੰਬਰ ਵਿਚ ਵਰਤਿਆ ਓਹ ਵੀ ਕੋਈ ਘੱਟ ਭਿਆਨਕ ਨਹੀਂ ਸੀ ਉਸੀ ਤਰਾਂ ਸਿਖਾਂ ਦਾ ਕਤਲੇਆਮ ਕੀਤਾ ਗਿਆ, ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਤੇ ਤੋਪਾਂ ਅਤੇ ਬੰਬਾਂ ਨਾਲ ਅਬਦਾਲੀ ਦੀ ਤਰ੍ਹਾਂ ਫੌਜੀ ਹਮਲਾ ਕੀਤਾ ਗਿਆ ਅਤੇ ਪਰਿਕਰਮਾਂ ਵਿਚ ਧੀਆਂ ਭੈਣਾਂ ਦੀ ਇਜ਼ਤ ਬਰਬਾਦ ਕੀਤੀ ਗਈ, ਨਿੱਕੇ ਨਿੱਕੇ ਬੱਚਿਆਂ ਦਾ ਕਤਲੇਆਮ ਕੀਤਾ ਗਿਆ, ਤੋਸ਼ਾਖਾਨਾ ਬਰਬਾਦ ਕਰ ਦਿਤਾ ਗਿਆ ਯਾਂ ਲੁਟ ਲਿਆ ਗਿਆ ਅਤੇ ਏਹ ਸਭ ਕਰਵਾਣ ਦੇ ਪਿਛੇ ਵੀ ਅਜ ਦੇ ਅਕਾਲੀ ਲੀਡਰਾਂ ਦਾ ਹੱਥ ਸੀ ਕੇਵਲ ਮਰਦੇਜਵਾਂ ਸੰਤ ਭਿੰਡਰਾਂ ਵਾਲਿਆ ਨੂੰ ਠਿਬੀ ਲਓਣ ਲਈ।

ਅਤੇ ਜਦੋਂ ਕਿਸੇ ਮਰਜੀਵੜੇ ਧਰਮਿਆਂ ਨੇ ਇਸ ਕਤਲੇਆਮ ਕਰਵਾਉਣ ਵਾਲੀ ਇੰਦਰਾ ਨੂੰ ਜਦੋਂ ਨਵੰਬਰ 1984 ਵਿਚ ਕੀਤੇ ਦੀ ਸਜਾ ਦਿਤੀ ਤਾਂ ਪੂਰੀ ਸਿੱਖ ਕੌਮ ਨੂੰ ਖ਼ਤਮ ਕਰ ਦੇਣ ਦੇ ਹੁਕਮ ਰਾਜੀਵ ਗਾਂਧੀ ਦੀ ਝੂਠੀ ਸਰਕਾਰ ਨੇ ਦੇ ਦਿਤੇ ਫਿਰ ਸਿੱਖ ਚਾਹੇ ਹਸਪਤਾਲ ਵਿਚ ਸੀ ਯਾਂ ਦਫਤਰ ਦੁਕਾਨ ਵਿਚ,ਘਰਾਂ ਵਿਚ ਸ਼ਟੇਸ਼ਨਾਂ ਉਤੇ, ਹਵਾਈ ਜਹਾਜਾਂ ਵਿਚ, ਏਅਰ ਪੋਰਟਾਂ ਓਤੇ, ਪੁਲਿਸ ਵਿਚ, ਮਿਲਟਰੀ ਵਿਚ ਬੜੀ ਬੇਰਹਿਮੀ ਨਾਲ ਕੱਤਲ ਕਰ ਦਿੱਤਾ ਗਿਆ। ਜਿਸ ਦੇਸ਼ ਨੂੰ ਅੰਗ੍ਰੇਜ਼ਾਂ ਕੋਲੋਂ ਅਜ਼ਾਦੀ ਦਿਲਵਾਣ ਲਈ 85% ਸਿੱਖਾਂ ਨੇ ਕੁਰਬਾਨੀਆਂ ਦਿਤੀਆਂ 90% ਨੇ ਜੇਲ੍ਹਾਂ ਕੱਟੀਆਂ ਉਨ੍ਹਾਂ ਦਾ ਹੂਬਹੂ ਨਨਕਾਣੇ ਦੇ ਸਾਕੇ ਦੀ ਤਰਾਂ ਹੀ ਅਜ਼ਾਦ ਭਾਰਤ ਦੀ ਸਰਕਾਰ ਦਵਾਰਾ ਘਾਣ ਕੀਤਾ ਗਿਯਾ ਸ਼ਰੇਆਮ ਧੀਆਂ ਭੈਣਾਂ ਦੀਆਂ ਇਜ਼ਤਾਂ ਲੁਟੀਆਂ ਗਈਆਂ, ਪਿਓ, ਭਰਾ, ਬੱਚਿਆਂ ਦਾ ਔਰਤਾਂ ਦੇ ਸਾਮ੍ਹਣੇ ਸ਼ਰੇਆਮ ਕਤਲੇਆਮ ਕੀਤਾ ਗਿਆ ਅਤੇ ਓਹ ਵੀ ਧਰਮ ਨਿਰਪੇਛ ਕਹਲਾਣ ਵਾਲੀ ਸਰਕਾਰ ਨੇ। ਲੇਕਿਨ ਧੰਨ ਸਨ ਓਹ ਸਿੱਖ ਜਿਨ੍ਹਾਂ ਨੇ ਗੁਰਦਵਾਰਾ ਨਨਕਾਣਾ ਸਾਹਿਬ ਦੀ ਹੁੰਦੀ ਬੇਹੁਰਮਤੀ ਲਈ ਆਪਣਾ ਆਪ ਧਰਮ ਤੋਂ ਕੁਰਬਾਨ ਕਰ ਦਿੱਤਾ ਅਤੇ ਅੱਜ ਦੇ ਸਿੱਖ (ਪ੍ਰਬੰਧਕ) ਕੇਵਲ ਆਪਣੀ ਹੌਮੇ ਦੀ ਖ਼ਾਤਰ ਸੰਗਤ ਦਾ ਕਤਲੇਆਮ ਕਰਵਾਇਆ ਅਤੇ ਆਪ ਸਰਕਾਰ ਦੀ ਗ਼ੁਲਾਮੀ ਕਬੂਲ ਕਰਕੇ ਅਜ ਤਕ ਲੀਡਰੀਆਂ ਭੋਗ ਰਹੇ ਹਨ ਅਤੇ ਗੋਲਕਾਂ ਦੀ ਮਾਇਆ ਕੋਰਟਾਂ ਵਿਚ ਬਰਬਾਦ ਕਰ ਰਹੇ ਹਨ ਅਤੇ ਕਿਸੇ ਵੀ ਗੁਰਸਿੱਖ ਨੂੰ ਗਾਲ੍ਹਾਂ ਕਢੱਣ, ਮਾਰਕੁਟ ਕਰਨ ਅਤੇ ਪੁਲਿਸ ਰਿਪੋਰਟ ਕਰਕੇ ਗੁਰਦਵਾਰੇ ਆਣ ਤੋਂ ਰੋਕ ਦਿੱਤਾ ਜਾਂਦਾ ਹੈ ਅਤੇ ਇਕ ਓਹ ਸੱਚੇ ਸਿੱਖ ਸਨ ਜੋ ਗੁਰਦਾਰਿਆਂ ਨੂੰ ਅਜ਼ਾਦ ਕਰਾਉਣ ਲਈ ਸਿਖੀ ਤੋਂ ਕੁਰਬਾਨ ਹੋ ਗਏ ਸਨ। ਅਜ ਦਾ ਕਲੀਨਸ਼ੇਵ ਅਖ਼ੌਤੀ ਸਿਖ ਜੋ ਗੁਰੂ ਤੋਂ ਬੇਮੁਖ਼ ਹੋ ਚੁਕਾ ਹੈ ਯਾਂ ਕੇਵਲ ਭੇਖੀ ਬਾਣੇ ਨੂੰ ਧਾਰਨ ਕਰਕੇ ਲੋਕਾਂ ਨੂੰ ਮੂਰਖ਼ ਬਣਾ ਰਿਹਾ ਹੈ। ਰੇਡਿਓ ਟੀ.ਵੀ ਤੇ ਸਿੱਖੀ ਦੀਆਂ ਵਡੀਆਂ ਵਡੀਆਂ ਗਲਾਂ ਕਰਨ ਵਾਲੇ ਅਖ਼ੌਤੀ ਸਿੱਖ ਲੋਕਾਂ ਬੇਵਕੂਫ ਬਣਾ ਰਹੇ ਹਨ। ਗੁਰੂ ਨੂੰ ਸੱਚੇ ਦਿਲ ਨਾਲ ਨਨਕਾਣੇ ਸਾਹਿਬ ਵਾਲੇ ਸ਼ਹੀਦਾਂ ਦੀ ਤਰ੍ਹਾਂ ਪਿਆਰ ਕਰਨ ਵਾਲੇ ਕੌਮ ਦਰਦੀਓ ਜਾਗੋ ਸਿੱਖੀ ਦੀਆਂ ਕਦਰਾਂ ਕੀਮਤਾਂ ਨੂੰ ਬਚਾਣ ਲਈ ਗੁਰਦਵਾਰਿਆਂ ਨੂੰ ਅਜ ਦੇ ਮਹੰਤਾਂ ਤੋਂ ਬਚਾਣ ਲਈ ਕਾਰਗਰ ਸਾਧਨਾਂ ਨਾਲ ਗੁਰਦਵਾਰਿਆ ਨੂੰ ਗੁਰੂ ਦਾ ਘਰ ਹੀ ਰੈਹਣ ਦੇਣ ਦੇ ਉਪਰਾਲੇ ਕਰੋ। ਅੰਤ ਵਿਚ ਭੂਲ ਚੁੱਕ ਲਈ ਦਾਸ ਖ਼ਿਮਾ ਦਾ ਜਾਚਕ ਹੈ।


ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ
ਧੰਨ ਧੰਨ ਸਾਹਿਬ
ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ
ਮੌਕੇ ਸਮੂਹ ਜਗਤ ਨੂੰ
ਲੱਖ-ਲੱਖ ਵਧਾਈ
Dr. Paramjit Singh DDS
ਅਸੀਂ ਸੋਮਵਾਰ, ਮੰਗਲਵਾਰ, ਸ਼ੁੱਕਰਵਾਰ ਅਤੇ ਸ਼ਨੀਵਾਰ ਆਪ ਜੀ ਦੀ ਸੇਵਾ ਵਿਚ ਹਾਜ਼ਰ ਹਾਂ
ਅਸੀਂ ਹਰ ਤਰ੍ਹਾਂ ਦੀ ਇੰਸ਼ੋਰੈਂਸ ਲੈਂਦੇ ਹਾਂ ਅਤੇ ਜਿਨ੍ਹਾਂ ਕੋਲ ਇੰਸ਼ੋਰੈਂਸ ਨਹੀਂ,
ਕੈਸ਼ਪੇਮੈਂਟ ਵਾਲਿਆਂ ਸਪੈਸ਼ਲ ਡਿਸਕਾਊਂਟ ਹੈ
4598 S. Tracy Blvd, Suite 150, Tracy, CA 95377
Phone : 209-221-6666,Fax : 209-221-7002



ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ
ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ
ਲੱਖ-ਲੱਖ ਵਧਾਈ
ਸਵਰਗੀ ਸ਼ਿਵਰਾਜ ਸਿੰਘ ਸੰਘੇੜਾ
ਦੀ ਨਿੱਘੀ ਯਾਦ ਵਿਚ
ਜਥੇਦਾਰ ਸੱਜਣ ਸਿੰਘ ਸੰਘੇੜਾ
ਸ੍ਰ. ਹਰਦੁਮਨ ਸਿੰਘ ਬਿੱਲਾ ਸੰਘੇੜਾ ਤੇ
ਉਨ੍ਹਾਂ ਦੇ ਵੀਰ ਸ੍ਰ. ਜੇ.ਪੀ. ਸਿੰਘ ਲਾਲੀ


ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ
ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ
ਦੇ ਪਾਵਨ ਪ੍ਰਕਾਸ਼ ਦਿਵਸ
ਮੌਕੇ ਸਮੂਹ ਜਗਤ ਨੂੰ
ਲੱਖ-ਲੱਖ
ਵਧਾਈ
ਪ੍ਰਧਾਨ ਸੁੱਚਾ ਸਿੰਘ
913 256 9498
ਗੁਰਦੁਆਰਾ ਨਾਨਕ ਦਰਬਾਰ ਸਾਹਿਬ ਉਲੇਥਾ ਕੈਨਸਾਸ
Gurdwara Nanak Darbar Sahib
126 S Cherry Street Olathe KS 66061


ਫੇਰ ਉਠੀ ਆਖਿਰ ਸਦਾ ਤੌਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ
ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ
ਲੱਖ-ਲੱਖ ਵਧਾਈ
ਸੰਤਾਂ ਮਾਹਾਪੁਰਸ਼ਾ ਦੀ ਛੋਹ ਪ੍ਰਾਪਤ ਪਰਿਵਾਰ ਹਮੇਸ਼ਾ ਹੀ ਗੁਰੂ ਦੇ ਭਾਣੇ ਵਿੱਚ
ਰਹਿਕੇ ਕਿਰਤ ਕਮਾਈ ਕਰਨ ਵਾਲੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਵਾਲੇ,
ਖਾਲਸਾ ਪੰਥ ਦੇ ਨਿਸ਼ਕਾਮ ਸੇਵਾਦਾਰ ਅਤੇ ਅਮਰੀਕਾ ਦੇ ਵੱਡੇ ਬਿਜ਼ਨਸਮੈਨ
ਸ੍ਰ. ਕੇਹਰ ਸਿੰਘ ਘੋਤੜਾ ਮਿਆਣੀ, ਸ੍ਰ. ਜੋਗਾ ਸਿੰਘ ਘੋਤੜਾ ਮਿਆਣੀ
ਅਤੇ ਸ. ਰਘਵਿੰਦਰ ਸਿੰਘ ਘੋਤੜਾ ਮਿਆਣੀ
Binghamton New York




ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ

# ਲੱਖ-ਲੱਖ ਵਧਾਈ

# ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਐਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ,ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ,ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ।
ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

*Get more BENEFITS at No Cost $0 Premium*



# Rakhra Tax & Immigration

3073 W Ashlan Ave <> Fresno, CA 93722

**Ph. (559) 243-9200**

**Fax (559) 549-6211**

or visit

www.rakhrataxservice.com

or avtar06@gmail.com


ਫੇਰ ਉਠੀ ਆਖਿਰ ਸਦਾ ਤੌਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ
ਧੰਨ ਧੰਨ ਸਾਹਿਬ
ਸ੍ਰੀ ਗੁਰੂ ਨਾਨਕ ਦੇਵ ਜੀ
ਦੇ ਪਾਵਨ ਪ੍ਰਕਾਸ਼ ਦਿਵਸ
ਮੌਕੇ ਸਮੂਹ ਜਗਤ ਨੂੰ
ਲੱਖ-ਲੱਖ
ਵਧਾਈ
ਕਮਿਊਨਿਟੀ ਦੇ ਨਿਸ਼ਕਾਮ ਸੇਵਕ ਅਤੇ ਉਘੇ ਸਿੱਖ ਆਗੂ
ਸੂ. ਜਗਜੀਤ ਸਿੰਘ ਰੱਕੜ


ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ
ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ
ਦੇ ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ
ਲੱਖ-ਲੱਖ ਵਧਾਈ
ਸਵਰਗਵਾਸੀ ਮਾਤਾ ਜਗੀਰ ਕੌਰ ਹੰਸਲਾ
ਸਵਰਗਵਾਸੀ ਪ੍ਰਿੰਸੀਪਲ ਬਲਬੀਰ ਸਿੰਘ ਹੰਸਲਾ
ਕਮਾਂਡਰ ਆਲਮਜੀਤ ਸਿੰਘ ਹੰਸਲਾ, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸੀਨੀਅਰ ਸੇਵਾਦਾਰ ਸ੍ਰ. ਬਲਜੀਤ ਸਿੰਘ ਹੰਸਲਾ,
ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰ. ਗੁਰਪਾਲ ਸਿੰਘ ਹੰਸਲਾ,
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸ੍ਰ. ਗੁਰਚਰਨ ਸਿੰਘ ਹੰਸਲਾ, ਨੌਜਵਾਨ ਸਿੱਖ ਆਗੂ ਸ੍ਰ. ਗੁਰਪ੍ਰੀਤ ਸਿੰਘ ਹੰਸਲਾ


ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ
ਸਵਰਗਵਾਸੀ ਮਾਤਾ ਜਗੀਰ ਕੌਰ ਹੰਸਲਾ
ਸਵਰਗਵਾਸੀ ਪ੍ਰਿੰਸੀਪਲ ਬਲਬੀਰ ਸਿੰਘ ਹੰਸਲਾ
ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ
ਦੇ ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ
ਲੱਖ-ਲੱਖ ਵਧਾਈ
ਕਮਾਂਡਰ ਆਲਮਜੀਤ ਸਿੰਘ ਹੰਸਲਾ, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸੀਨੀਅਰ ਸੇਵਾਦਾਰ ਸ੍ਰ. ਬਲਜੀਤ ਸਿੰਘ ਹੰਸਲਾ,
ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰ. ਗੁਰਪਾਲ ਸਿੰਘ ਹੰਸਲਾ,
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸ੍ਰ. ਗੁਰਚਰਨ ਸਿੰਘ ਹੰਸਲਾ, ਨੌਜਵਾਨ ਸਿੱਖ ਆਗੂ ਸ੍ਰ. ਗੁਰਪ੍ਰੀਤ ਸਿੰਘ ਹੰਸਲਾ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈ

510.487.3254

**General Contractors**

**CHANA CONSTRUCTION**
Residential & Commercial
Since 1989

Licence No. 554005

**Custom Homes & Additions**

ਸਾਡਾ 43+ ਸਾਲਾਂ ਦਾ ਤਜਰਬਾ ਹੈ ਅਸੀਂ ਅਮਰੀਕਾ ਵਿਚ ਆਪਣੀ ਕੰਪਨੀ
ਰਾਹੀਂ ਤਿੰਨ ਦਹਾਕਿਆਂ ਤੋਂ ਸੇਵਾ ਕਰਦੇ ਆ ਰਹੇ ਹਾਂ।








*COMMERCIAL*

*RESIDENTIAL*

**COMMERCIAL**
- New Homes
- Additon
- 2nd Story addition
- Kitchan Bath
- ADU

**RESIDENTIAL**
- Shopping Centre
- Tenant Improvement
- Liqour Store
- Dental Office
- Restaurant
- Pharmacy

Google
FIVE STAR
CUSTOMER RATING



**Serving The Bay Area For Past More Then 43+ Years**

* Insurance Bonded*

Contact :
**Bhupinder S. Chana**
**Devinder S. Chana**
FAX : 510-487-0804



dschana@chanacoustruction.com
www.chanacontruction.com


ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ
ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ
ਲੱਖ-ਲੱਖ ਵਧਾਈ
ਕਮਿਉਨਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਉਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ ਸਮਰਪਿਤ
ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਅਤੇ ਨਿਊ ਇੰਡੀਆ ਚਾਟ ਕਾਫੇ ਨਾਨ ਕਰੀ ਦੇ ਮਾਲਕ
ਮਹਿਦਰ ਸਿੰਘ, ਸੁਖਵਿੰਦਰ ਸਿੰਘ ਅਤੇ ਵਿਜੈ ਸੈਣੀ










ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ

# ਲੱਖ-ਲੱਖ ਵਧਾਈ

ਕਮਿਊਨਟੀ ਦੇ ਨਿਸ਼ਕਾਮ ਸੇਵਾਦਾਰ

ਡਾ.ਜਸਪਾਲ ਸਿੰਘ ਸੈਣੀ ਨਾਰਥ ਰਿਜ਼ ਕੈਲੀਫੋਰਨੀਆ


ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ
ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ
ਲੱਖ-ਲੱਖ ਵਧਾਈ
Cold Rush Trucking inc Manteca CA
209-302-1474 | Email : coldrushinc1313@gmail.com
ਸ੍ਰ. ਪ੍ਰਮਜੀਤ ਸਿੰਘ ਸ੍ਰ. ਅਵਤਾਰ ਸਿੰਘ, ਸ੍ਰ. ਪ੍ਰੇਮ ਸਿੰਘ, ਸ੍ਰ. ਗੁਰਫਤਿਹ ਸਿੰਘ
ਬੀਬੀ ਬਲਜਿੰਦਰ ਕੌਰ ਬੀਬੀ ਰਸ਼ਪਿੰਦਰ ਕੌਰ




ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ

## ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ

# ਲੱਖ-ਲੱਖ ਵਧਾਈ


ਸ੍ਰ. ਹਰਜੀਤ ਸਿੰਘ ਜੋਸ਼


ਸ੍ਰ. ਕੁਲਵਿੰਦਰ ਸਿੰਘ ਜੋਸ਼


ਡਾ. ਭੁਪਿੰਦਰ ਸਿੰਘ


ਡਾ. ਬਲਵਿੰਦਰ ਸਿੰਘ


ਸ੍ਰ. ਹਰਪਾਲ ਸਿੰਘ


ਸ੍ਰ. ਜਤਿੰਦਰ ਸਿੰਘ ਸੰਧੂ


ਸ੍ਰ. ਹੈਰੀ ਸਿੰਘ


ਸ੍ਰ. ਮਨਮੀਤ ਸਿੰਘ


ਸ੍ਰ. ਤੱਬੀ ਸਿੰਘ


ਸ੍ਰ. ਸਾਹਿਬ ਸਿੰਘ


ਸ੍ਰ. ਰੂਪਵੀਰ ਸਿੰਘ


ਸ੍ਰ. ਕੀਰਤ ਸਿੰਘ






ਧੰਨ ਧੰਨ ਸਾਹਿਬ
ਸ੍ਰੀ ਗੁਰੂ ਨਾਨਕ ਦੇਵ ਜੀ
ਦੇ ਪਾਵਨ ਪ੍ਰਕਾਸ਼ ਦਿਵਸ
ਮੌਕੇ ਸਮੂਹ ਜਗਤ ਨੂੰ

# ਲੱਖ-ਲੱਖ ਵਧਾਈ

ਗੁਰੂ ਅਤੇ ਪੰਥ ਦੇ ਦਾਸ

**ਸ੍ਰ. ਮਨਜੀਤ ਸਿੰਘ ਉੱਪਲ**

ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ





ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ

## ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ

# ਲੱਖ-ਲੱਖ ਵਧਾਈ

# DAL-VER-EX-INC





DALVIR SEMBHI,C.E.O.

ਹੋਰ ਜਾਣਕਾਰੀ ਲਈ ਸੰਪਰਕ ਕਰੋ

# DALVIR SEMBHI

**209-992-0377**

**1814 Gordon verner circle Stockton ca**

# ਪੱਛਮੀ ਏਸ਼ੀਆ ਵਿਚ ਇਰਾਨ ਦਾ ਅਹਿਮ ਧਿਰ ਵਜੋਂ ਉਭਾਰ

**ਯੋਗੇਸ਼ ਗੁਪਤਾ**

ਅਮਰੀਕਾ ਵਿਚ ਸਤੰਬਰ ਦੇ ਅਖ਼ੀਰ ਵਿਚ ਐਟਲਾਂਟਿਕ ਫੈਸਟੀਵਲ ਦੌਰਾਨ ਮੁਲਕ ਦੇ ਕੌਮੀ ਸਲਾਮਤੀ ਸਲਾਹਕਾਰ ਜੇਕ ਸੁਲੀਵਨ ਨੇ ਪੱਛਮੀ ਏਸ਼ੀਆ ਵਿਚ ਜੋਅ ਬਾਇਡਨ ਪ੍ਰਸ਼ਾਸਨ ਵੱਲੋਂ ਕੀਤੀਆਂ ਗਈਆਂ ਪ੍ਰਾਪਤੀਆਂ ਦੇ ਵੇਰਵੇ ਦਿੱਤੇ। ਉਨ੍ਹਾਂ ਕਿਹਾ ਕਿ ਯਮਨ ਵਿਚ ਜੰਗਬੰਦੀ ਚੱਲ ਰਹੀ ਹੈ, ਅਮਰੀਕੀ ਫ਼ੌਜਾਂ ਖ਼ਿਲਾਫ਼ ਇਰਾਨੀ ਹਮਲੇ ਰੁਕ ਗਏ ਹਨ, ਇਰਾਕ ਵਿਚ ਅਮਰੀਕੀ ਮੌਜੂਦਗੀ ਸਥਿਰ ਹੋ ਗਈ ਹੈ ਅਤੇ ਪੱਛਮੀ ਏਸ਼ੀਆ ਹੁਣ ਬੀਤੇ ਦੋ ਦਹਾਕਿਆਂ ਦੌਰਾਨ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸ਼ਾਂਤ ਹੈ। ਇਸ ਤੋਂ ਕੁਝ ਦਿਨਾਂ ਬਾਅਦ ਹੀ 7 ਅਕਤੂਬਰ ਨੂੰ ਹਮਾਸ ਵੱਲੋਂ ਇਜ਼ਰਾਈਲ ਉਤੇ ਕੀਤੇ ਗਏ ਅਚਨਚੇਤ ਵਹਿਸ਼ੀਆਨਾ ਹਮਲੇ ਨੇ ਇਨ੍ਹਾਂ ਸਾਰੇ ਦਾਅਵਿਆਂ ਨੂੰ ਖੋਖਲੇ ਸਾਬਤ ਕਰ ਦਿੱਤਾ, ਜਿਸ ਤੋਂ ਪਤਾ ਲੱਗਦਾ ਹੈ ਕਿ ਬਾਇਡਨ ਪ੍ਰਸ਼ਾਸਨ ਅਤੇ ਇਸਰਾਈਲ ਦੀ ਨੇਤਨਯਾਹੂ ਸਰਕਾਰ ਜ਼ਮੀਨੀ ਹਕੀਕਤ ਤੋਂ ਕਿੰਨੇ ਦੂਰ ਸਨ। ਉਨ੍ਹਾਂ ਨੂੰ ਹਮਾਸ ਦੀ ਹਮਾਇਤ ਵਿਚ ਇਸਲਾਮੀ ਰੈਵੋਲਿਊਸ਼ਨਰੀ ਗਾਰਡ ਕੋਰ (ਆਈਆਰਜੀਸੀ) ਵੱਲੋਂ ਕੀਤੀਆਂ ਜਾ ਰਹੀਆਂ ਲੁਕਵੀਆਂ ਸਰਗਰਮੀਆਂ ਦਾ ਕੋਈ ਇਲਮ ਨਹੀਂ ਸੀ।



ਹਾਲੀਆ ਸਾਲਾਂ ਦੌਰਾਨ ਇਰਾਨ ਪੱਛਮੀ ਏਸ਼ੀਆ ਵਿਚ ਨਿਵੇਕਲੀ ਤੇ ਅਹਿਮ ਧਿਰ ਬਣ ਕੇ ਉੱਭਰਿਆ ਹੈ, ਜਿਹੜਾ ਸਿਆਸੀ ਹਕੂਮਤ ਦੇ ਮੁੱਲਾ-ਮੌਲਾਣਾ ਆਧਾਰਿਤ ਅਗਵਾਈ ਵਾਲੇ ਮਾਡਲ ਨੂੰ ਹੋਰ ਮੁਲਕਾਂ ਵਿਚ ਫੈਲਾ ਕੇ ਫ਼ਾਰਸ ਦੀ ਖਾੜੀ ਤੋਂ ਭੂਮੱਧ ਸਾਗਰ ਤੱਕ ਦੇ ਖਿੱਤੇ ਵਿਚ ਤਾਕਤ ਦਾ 'ਸ਼ੀਆ ਪ੍ਰਭਾਵ ਖੇਤਰ' ਕਾਇਮ ਕਰ ਰਿਹਾ ਹੈ। ਇਰਾਕ ਵਿਚ ਸੁੰਨੀ ਅਗਵਾਈ ਵਾਲੀ ਬਾਥ ਪਾਰਟੀ ਸਰਕਾਰ ਇਸ ਦੇ ਆਗੂ ਅਤੇ ਇਰਾਕ ਦੇ ਸਾਬਕਾ ਰਾਸ਼ਟਰਪਤੀ ਸੱਦਾਮ ਹੁਸੈਨ ਨੂੰ ਦਸੰਬਰ 2006 ਵਿਚ ਫਾਹੇ ਲਾਏ ਜਾਣ ਤੱਕ ਉਸ ਪਾਸੇ ਇਰਾਨ ਦੇ ਅਸਰ ਨੂੰ ਠੱਲ੍ਹਣ ਪੱਖੋਂ ਇਕ ਪ੍ਰਭਾਵਸ਼ਾਲੀ ਰੁਕਾਵਟ ਸੀ। ਅਮਰੀਕਾ ਲੰਬਾ ਸਮਾਂ ਇਰਾਨ ਨੂੰ ਖਿੱਤੇ ਵਿਚ ਅਸਥਿਰਤਾ ਪੈਦਾ ਕਰਨ ਵਾਲੇ ਉਸ ਦੇ ਰਵੱਈਏ ਲਈ ਸਜ਼ਾ ਦੇਣ ਵਾਸਤੇ ਦੋਹਰੀ ਨੀਤੀ ਦਾ ਇਸਤੇਮਾਲ ਕਰਦਾ ਰਿਹਾ। ਇਸ ਤਹਿਤ ਇਕ ਪਾਸੇ ਇਸ ਖ਼ਿਲਾਫ਼ ਤੇਲ ਦੀ ਬਰਾਮਦ 'ਤੇ ਪਾਬੰਦੀਆਂ ਆਇਦ ਕੀਤੀਆਂ ਗਈਆਂ ਅਤੇ ਨਾਲ ਹੀ ਅਹਿਮ ਮੁੱਦਿਆਂ ਜਿਵੇਂ ਪਰਮਾਣੂ ਹਥਿਆਰਾਂ ਦੀ ਸਮਰੱਥਾ ਆਦਿ ਉਤੇ ਗੱਲਬਾਤ ਵੀ ਕੀਤੀ ਜਾਂਦੀ ਰਹੀ। ਇਹ ਨੀਤੀ ਉਦੋਂ ਤੱਕ ਵਧੀਆ ਚੱਲੀ ਜਦੋਂ ਤੱਕ ਰੂਸ ਅਤੇ ਚੀਨ ਦੀ ਮਦਦ ਨਾਲ ਅਮਰੀਕਾ, ਇਰਾਨ ਉਤੇ ਭਾਰੀ ਦਬਾਅ ਪਾਉਣ ਦੇ ਸਮਰੱਥ ਸੀ। ਦੂਜੇ ਪਾਸੇ ਇਰਾਨ ਵੀ ਅਮਰੀਕਾ ਨਾਲ ਸਬੰਧ ਸੁਧਾਰ ਕੇ ਪਾਬੰਦੀਆਂ ਤੋਂ ਰਾਹਤ ਲੈਣ ਦਾ ਲਾਹਾ ਖੱਟ ਸਕਦਾ ਸੀ।

ਇਸ ਦੌਰਾਨ ਇਕ ਪਾਸੇ ਯੂਕਰੇਨ ਜੰਗ ਕਾਰਨ ਅਮਰੀਕਾ ਤੇ ਰੂਸ ਦੀ ਦੁਸ਼ਮਣੀ ਵਧ ਗਈ ਅਤੇ ਦੂਜੇ ਪਾਸੇ ਹਾਲੀਆ ਸਾਲਾਂ ਦੌਰਾਨ ਅਮਰੀਕਾ ਅਤੇ ਚੀਨ ਦਰਮਿਆਨ ਵਧ ਰਹੀ 'ਠੰਢੀ ਜੰਗ' ਨੇ ਇਰਾਨ ਉਤੇ ਦਬਾਅ ਪਾਉਣ ਦੀ ਅਮਰੀਕੀ ਸਮਰੱਥਾ ਨੂੰ ਬਹੁਤ ਕਮਜ਼ੋਰ ਕਰ ਦਿੱਤਾ। ਇਰਾਨ 2018 ਤੋਂ ਬਾਅਦ ਅਮਰੀਕੀ ਪਾਬੰਦੀਆਂ ਨੂੰ ਮਾਤ ਦੇ ਕੇ ਚੀਨ ਨੂੰ ਤੇਲ ਬਰਾਮਦ ਕਰ ਸਕਦਾ ਹੈ। ਇਸੇ ਤਰ੍ਹਾਂ ਰੂਸ ਨੂੰ ਵੀ ਯੂਕਰੇਨ ਖ਼ਿਲਾਫ਼ ਆਪਣੀ ਜੰਗ ਲਈ ਇਰਾਨ ਤੋਂ ਡਰੋਨ ਅਤੇ ਮਿਜ਼ਾਈਲਾਂ ਖ਼ਰੀਦਣ ਦੀ ਲੋੜ ਹੈ। ਹੁਣ ਦੋਵਾਂ ਰੂਸ ਅਤੇ ਚੀਨ ਦੀ ਇਰਾਨ ਦੇ ਪਰਮਾਣੂ ਪ੍ਰੋਗਰਾਮ ਜਾਂ ਇਸ ਦੇ ਪੱਛਮੀ ਏਸ਼ੀਆ ਵਿਚਲੇ ਦੂਜੇ ਮੁਲਕਾਂ ਪ੍ਰਤੀ ਰਵੱਈਏ ਉਤੇ ਕੋਈ ਰੋਕ ਲਾਉਣ ਵਿਚ ਕੋਈ ਦਿਲਚਸਪੀ ਨਹੀਂ ਹੈ।

ਇਰਾਨ ਦੇ ਸਿਖਰਲੇ ਆਗੂ ਆਇਤੁੱਲਾ ਖੁਮੈਨੀ ਨੇ ਨਵੰਬਰ 2020 ਵਿਚ ਇਕ ਤਕਰੀਰ ਦੌਰਾਨ ਐਲਾਨ ਕੀਤਾ ਸੀ ਕਿ 'ਅਮਰੀਕਾ ਸੰਸਾਰ ਦੀ ਮੋਹਰੀ ਤਾਕਤ ਨਹੀਂ ਹੈ, ਇਹ ਹੁਣ ਖੁਰ ਰਿਹੈ। ਏਸ਼ੀਆ ਮਾਲੀ, ਸਿਆਸੀ ਅਤੇ ਫ਼ੌਜੀ ਤਾਕਤ ਦਾ ਕੇਂਦਰ ਬਣੇਗਾ।'' ਉਨ੍ਹਾਂ ਇਰਾਨ ਦੇ ਮਿਜ਼ਾਈਲ ਪ੍ਰੋਗਰਾਮ ਅਤੇ ਹੋਰ ਫ਼ੌਜੀ ਕੋਸ਼ਿਸ਼ਾਂ ਨੂੰ 'ਹਿਫ਼ਾਜ਼ਤੀ' ਕਰਾਰ ਦਿੱਤਾ, ਜਿਨ੍ਹਾਂ ਦਾ ਨਿਸ਼ਾਨਾ ਦੁਸ਼ਮਣਾਂ ਨੂੰ ਰੋਕਣਾ ਹੈ।

ਇਹ ਗੱਲ ਕਿ ਇਰਾਨ ਆਪਣੇ ਭਵਿੱਖੀ ਸਿਆਸੀ, ਮਾਲੀ, ਊਰਜਾ ਅਤੇ ਸੁਰੱਖਿਆ ਭਾਈਵਾਲ ਵਜੋਂ ਚੀਨ ਵੱਲ ਦੇਖੇਗਾ, ਉਦੋਂ ਸਾਫ਼ ਹੋ ਗਈ ਜਦੋਂ ਦੋਵਾਂ ਮੁਲਕਾਂ ਨੇ ਮਾਰਚ 2021 ਵਿਚ ਰਣਨੀਤਕ ਭਾਈਵਾਲੀ ਦਾ 25 ਸਾਲਾ ਅਹਿਦਨਾਮਾ ਸਹੀਬੰਦ ਕੀਤਾ। ਇਸ ਵਿਚ ਕੱਚੇ ਤੇਲ ਦੀ ਬਰਾਮਦ, ਗ਼ੈਰਫ਼ੌਜੀ ਪਰਮਾਣੂ ਊਰਜਾ ਦੀ ਬਰਾਮਦ ਵਿਚ ਗਹਿਰੇ ਸਹਿਯੋਗ, ਵਪਾਰ ਲਈ ਆਪਣੀਆਂ ਕੌਮੀ ਕਰੰਸੀਆਂ ਦੀ ਵਰਤੋਂ ਅਤੇ ਨਾਲ ਹੀ ਸਾਇੰਸ ਤੇ ਤਕਨਾਲੋਜੀ ਅਤੇ ਸੁਰੱਖਿਆ ਵਿਚ ਸਹਿਯੋਗ ਆਦਿ ਵਰਗੇ ਮਾਮਲੇ ਸ਼ਾਮਲ ਹਨ। ਚੀਨ ਨੇ ਹੀ ਇਰਾਨ ਦੇ ਐੱਸਸੀਓ (ਸ਼ੰਘਾਈ ਸਹਿਯੋਗ ਸੰਸਥਾ) ਅਤੇ ਬਰਿਕਸ ਵਿਚ ਦਾਖਲੇ ਦਾ ਰਾਹ ਪੱਧਰਾ ਕੀਤਾ। ਚੀਨ ਨੇ ਇਸੇ ਸਾਲ ਮਾਰਚ ਵਿਚ ਇਰਾਨ ਅਤੇ ਸਾਊਦੀ ਅਰਬ ਦਰਮਿਆਨ ਸਫ਼ਾਰਤੀ ਸਬੰਧਾਂ ਦੀ ਬਹਾਲੀ ਅਤੇ ਤਣਾਅ ਘਟਾਉਣ ਲਈ ਇਕਰਾਰਨਾਮਾ ਕਰਵਾਇਆ। ਇਰਾਨ ਦੀਆਂ ਤੇਲ ਬਰਾਮਦਾਂ ਉਤੇ ਅਮਰੀਕੀ ਪਾਬੰਦੀਆਂ ਉਸ ਦੇ ਅਰਥਚਾਰੇ ਨੂੰ ਤਾਂ ਭਾਵੇਂ ਨੁਕਸਾਨ ਪਹੁੰਚਾ ਰਹੀਆਂ ਹਨ, ਪਰ ਇਹ ਉਸ ਦੇ ਇਨਕਲਾਬੀ ਜੋਸ਼ ਜਾਂ ਉਸ ਵੱਲੋਂ ਬਹਿਰੀਨ, ਕੁਵੈਤ, ਸਾਊਦੀ ਅਰਬ ਅਤੇ ਹੋਰ ਮੁਲਕਾਂ ਵਿਚ ਸ਼ੀਆ ਗਰੁੱਪਾਂ ਨੂੰ ਦਿੱਤੀ ਜਾ ਰਹੀ ਮਦਦ ਨੂੰ ਰੋਕਣ ਵਿਚ ਨਾਕਾਮ ਰਹੀਆਂ ਹਨ। ਸ਼ੀਆ ਧਾਰਮਿਕ ਆਗੂਆਂ ਦਾ ਵਰਗ ਕੱਟੜਪੰਥੀਆਂ ਨੂੰ ਮੁੜ ਇਕਜੁੱਟ ਕਰਨ, ਨਰਮ ਖ਼ਿਆਲੀਆਂ ਨੂੰ ਖੁੱਡੇ ਲਾਉਣ ਅਤੇ ਆਈਆਰਜੀਸੀ ਤੇ ਆਪਣੀ ਪਸੰਦ ਦੇ ਹੋਰ ਗਰੁੱਪਾਂ ਨੂੰ ਸੱਤਾ ਵਿਚ ਬਣੇ ਰਹਿਣ ਲਈ ਸਹਿਯੋਗ ਦੇਣ ਵਿਚ ਕਾਮਯਾਬ ਰਿਹਾ ਹੈ। ਇਸ ਨੇ ਵੱਡੀ ਗਿਣਤੀ ਵਿਚ ਆਪਣੀ ਸ਼ਹਿ ਪ੍ਰਾਪਤ ਦਹਿਸ਼ਤੀ ਸਹਿਯੋਗੀ ਪੈਦਾ ਕਰ ਲਏ ਹਨ ਜਿਵੇਂ ਲਬਿਨਾਨ ਵਿਚ ਹਿਜ਼ਬੁੱਲਾ, ਯਮਨ ਵਿਚ ਹੂਥੀ, ਗਾਜ਼ਾ ਵਿਚ ਹਮਾਸ ਤੇ ਇਸਲਾਮੀ ਜਿਹਾਦ ਆਦਿ ਜਿਨ੍ਹਾਂ ਵਿਚੋਂ ਕੁਝ ਤਾਂ ਰਵਾਇਤੀ ਹਥਿਆਰਾਂ ਦੇ ਮਾਮਲੇ ਵਿਚ ਆਪਣੇ ਵਿਰੋਧੀਆਂ ਦੀ ਬਰਾਬਰੀ ਕਰਨ ਪੱਖੋਂ ਬੈਲਿਸਟਿਕ ਮਿਜ਼ਾਈਲਾਂ ਬਣਾਉਣ ਅਤੇ ਡਰੋਨ ਹਮਲੇ ਕਰਨ ਦੇ ਵੀ ਸਮਰੱਥ ਹਨ।

ਇਰਾਨ ਉਦੋਂ ਵੀ ਇਰਾਕ ਨਾਲ ਅੱਠ ਸਾਲ ਲੰਬੀ (1980-88) ਜੰਗ ਲੜਨ ਦੇ ਸਮਰੱਥ ਸੀ ਜਦੋਂ ਪੱਛਮ ਅਤੇ ਕਰੀਬ ਸਾਰੇ ਹੀ ਅਰਬ ਮੁਲਕ ਸੱਦਾਮ ਹੁਸੈਨ ਦੀ ਹਕੂਮਤ ਦੀ ਹਮਾਇਤ ਕਰ ਰਹੇ ਸਨ; ਉਹ ਹਾਲੀਆ ਟਕਰਾਵਾਂ ਦੌਰਾਨ ਸੀਰੀਆ ਵਿਚਲੇ ਆਪਣੇ ਭਾਈਵਾਲਾਂ ਅਤੇ ਯਮਨ ਵਿਚ ਹੂਥੀਆਂ ਦੀ ਹਿਫ਼ਾਜ਼ਤ ਕਰਨ ਵਿਚ ਕਾਮਯਾਬ ਰਿਹਾ ਅਤੇ ਅਮਰੀਕਾ ਦੀ ਹਮਾਇਤ ਪ੍ਰਾਪਤ ਸਾਊਦੀ ਅਰਬ ਲਈ ਪਰੇਸ਼ਾਨੀ ਦਾ ਸਬੱਬ ਬਣ ਗਿਆ। ਇਸ ਦੇ ਨਾਲ ਹੀ ਇਸ ਨੇ ਹਮਾਸ ਦੀ ਮਦਦ ਕਰ ਕੇ ਹਾਸ਼ੀਏ ਉਤੇ ਧੱਕੇ ਗਏ ਫ਼ਲਸਤੀਨ ਦੇ ਮੁੱਦੇ ਨੂੰ ਮੁੜ-ਸੁਰਜੀਤ ਕਰ ਦਿੱਤਾ ਹੈ।

ਡੋਨਲਡ ਟਰੰਪ ਵੱਲੋਂ ਛੇੜੀ ਗਈ 'ਵੱਧ ਤੋਂ ਵੱਧ ਦਬਾਅ' ਵਾਲੀ ਮੁਹਿੰਮ ਦੀ ਨਾਕਾਮੀ ਤੋਂ ਬਾਅਦ ਬਾਇਡਨ ਪ੍ਰਸ਼ਾਸਨ ਨੇ ਕਤਰ ਰਾਹੀਂ ਚੁੱਪਚਾਪ ਸਮਝੌਤੇ ਕਰ ਕੇ ਇਰਾਨ ਨਾਲ ਸਬੰਧ ਸੁਧਾਰਨ ਦੀ ਕੋਸ਼ਿਸ਼ ਕੀਤੀ। ਅਜਿਹੇ ਸਮਝੌਤਿਆਂ ਵਿਚੋਂ ਇਕ ਇਰਾਨ ਨੂੰ ਇਸ ਉਮੀਦ ਨਾਲ ਪਾਬੰਦੀਆਂ ਵਿਚ ਢਿੱਲ ਦੇ ਕੇ ਤੇਲ ਬਰਾਮਦ ਕਰਨ ਦੀ ਇਜਾਜ਼ਤ ਦੇਣ ਬਾਰੇ ਸੀ ਕਿ ਉਹ ਬੰਬ ਬਣਾਉਣ ਲਈ ਯੂਰੇਨੀਅਮ ਨੂੰ ਸੋਧਣ ਦੀ ਆਪਣੀ ਕਾਰਵਾਈ ਜਾਂ ਤਾਂ ਟਾਲ ਦੇਵੇਗਾ ਜਾਂ ਰੋਕ ਦੇਵੇਗਾ। ਅਮਰੀਕੀ ਰੱਖਿਆ ਮੰਤਰੀ ਲਾਇਡ ਆਸਟਿਨ ਮੁਤਾਬਕ ਬਾਇਡਨ ਵੱਲੋਂ ਸੱਤਾ ਸੰਭਾਲਣ ਤੋਂ ਬਾਅਦ ਅਮਰੀਕਾ ਨੇ ਇਰਾਨ ਅਤੇ ਉਸ ਦੇ ਵਿਦੇਸ਼ੀ ਸਹਿਯੋਗੀਆਂ ਖ਼ਿਲਾਫ਼ ਸਿਰਫ਼ ਚਾਰ ਵਾਰ ਫ਼ੌਜੀ ਕਾਰਵਾਈ ਕੀਤੀ ਹੈ ਜਦੋਂਕਿ ਇਰਾਨ ਨੇ ਇਸ ਅਰਸੇ ਦੌਰਾਨ ਅਮਰੀਕੀਆਂ ਉਤੇ 83 ਹਮਲੇ ਕੀਤੇ। ਇਨ੍ਹਾਂ ਵਿਚੋਂ ਹਾਲੀਆ ਹਮਲਾ ਜੋ ਹਮਾਸ ਵੱਲੋਂ ਇਜ਼ਰਾਈਲ ਉਤੇ ਕੀਤਾ ਗਿਆ, ਨੇ ਸਾਫ਼ ਕਰ ਦਿੱਤਾ ਹੈ ਕਿ ਇਰਾਨ ਦਾ ਇਨ੍ਹਾਂ ਸਮਝੌਤਿਆਂ ਉਤੇ ਚੱਲਣ ਦਾ ਕੋਈ ਇਰਾਦਾ ਨਹੀਂ। ਇਰਾਨ ਕੋਲ ਇਹ ਯਕੀਨੀ ਬਣਾਉਣ ਦੇ ਜ਼ਿਆਦਾ ਮੌਕੇ ਹਨ ਕਿ ਗਾਜ਼ਾ ਵਿਚ ਜਾਰੀ ਮੌਜੂਦਾ ਜੰਗ ਅਗਾਂਹ ਨਾ ਫੈਲੇ ਕਿਉਂਕਿ ਜੰਗ ਵਿਚ ਉਸ ਦੇ ਦਾਖਲੇ ਨਾਲ ਅਮਰੀਕਾ ਨੂੰ ਵੀ ਸਿੱਧਾ ਦਖਲ ਦੇਣਾ ਪਵੇਗਾ, ਪਰ ਇਸ ਦੇ ਮਾੜੇ ਇਲਾਕਾਈ ਤੇ ਆਲਮੀ ਸਿੱਟੇ ਨਿਕਲਣਗੇ। ਇਸ ਸਾਰੇ ਹਾਲਾਤ ਦੌਰਾਨ ਭਾਰਤ ਅਤੇ ਹੋਰਨਾਂ ਲਈ ਇਕ ਅਹਿਮ ਸੁਨੇਹਾ ਇਹੋ ਹੈ ਕਿ ਉਨ੍ਹਾਂ ਨੂੰ ਖਿੱਤੇ ਵਿਚ ਉੱਭਰਦੀ ਭੂ-ਸਿਆਸੀ ਸਥਿਤੀ ਵਿਚ ਇਰਾਨ ਦੀ ਅਹਿਮੀਅਤ ਦੇ ਮੱਦੇਨਜ਼ਰ ਉਸ ਨਾਲ ਆਪਣੇ ਰਿਸ਼ਤੇ ਮਜ਼ਬੂਤ ਕਰਨ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ ਕਿਉਂਕਿ ਅਮਰੀਕਾ ਖ਼ੁਦ ਇਰਾਨ ਨਾਲ ਲੈਣ-ਦੇਣ ਤੇ ਸਮਝੌਤੇ ਕਰਨ ਤੋਂ ਨਹੀਂ ਝਜਿਕਦਾ।




**ਡਾ. ਆਸਮਾ ਕਾਦਰੀ**

ਪਾਣੀ ਦੀ ਸੱਚ ਹੋਂਦ ਅਸਾਂ ਵੇਖੀ, ਹੁਣ ਮਿੱਟੀ ਨੂੰ ਵੇਖ ਲਈਏ। ਮਿੱਟੀ ਕਿਵੇਂ ਆਦਿ ਜੁਗਾਦਿ ਦੇ ਸੱਚ ਨਾਲ਼ ਜੁੜਦੀ ਹੈ। ਫ਼ਰੀਦ ਨੇ ਮਿੱਟੀ ਦੀ ਵਡਿਆਈ ਕੀਤੀ ਏ।

**ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ ॥**
**ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ ॥**

(ਪੰਨਾ 1378, ਬਾਬਾ ਫਰੀਦ ਜੀ)

ਫ਼ਰੀਦ ਦਾ ਦੋਹੜਾ ਮਿੱਟੀ ਦੀ ਵਡਿਆਈ ਕਰੇਂਦਾ ਹੈ। ਮਿੱਟੀ ਉਪਰ ਆਕੜ ਆਕੜ ਕੇ ਟੁਰਨ ਵਾਲੇ ਭੁੱਲ ਵੈਂਹਦੇ ਨੇਂ ਜੋ ਮੋਇਆਂ ਏਸ ਮਿੱਟੀ ਹੇਠ ਈ ਜਾਣਾ ਹੈ ਅਸਾਂ। ਏਹਾ ਮਿੱਟੀ ਈ ਹੈ ਜਿਸ ਸਾਡੀ ਸਾਂਭ ਕਰਨੀ ਹੈ। ਮਿੱਟੀ ਨਾਲ ਮਿੱਟੀ ਹੋਏ ਜਿਉਂਦੇ ਜੀ ਹਨ ਯਾਂ ਪੈਰਾਂ ਹੇਠ ਦੀ ਮਿੱਟੀ, ਦੋਵੇਂ ਈ ਬੇ ਜ਼ਬਾਨ ਹੋਏ। ਦੋਹਾਂ ਦੀ ਕਰਨੀ ਬੋਲਦੀ ਹੈ, ਇਹ ਆਪ ਨਹੀਂ ਬੋਲਦੇ। ਮਿੱਟੀ ਏਸ ਕਾਇਨਾਤ ਦੀ ਸਭ ਤੋਂ ਹੇਠਲੀ ਹੋਂਦ ਹੈ। ਪੈਰਾਂ ਹੇਠ ਆਉਂਦੀ ਇਹ ਮਿੱਟੀ ਕਿਸ ਕਿਸ ਰੰਗ ਵਿਚ ਸੇਵਾ ਕਰੇਂਦੀ ਹੈ। ਮਿੱਟੀ ਨਿਮਾਣਤਾ ਦਾ ਨਿਸ਼ਾਨ ਹੈ, ਆਜਜ਼ੀ ਦਾ, ਚੁੱਪ ਦਾ। ਮਿੱਟੀ ਹਰ ਪਲ ਆਪਣੇ ਆਹਰੇ ਲੱਗੀ ਹੈ, ਪਰ ਕਦੀਂ ਏਸ ਦੀ ਵਾਜ ਨਹੀਂ ਸੁਣੀ ਕਿਸੇ। ਬੱਸ ਮਿੱਟੀ ਦੀ ਕਰਨੀ ਬੋਲਦੀ ਹੈ। ਮਿੱਟੀ ਪਾਣੀ ਦਾ ਸੰਗ ਹੋਇਆ ਆਦਿ ਜੁਗਾਦਿ ਦਾ। ਮਿੱਟੀ ਦੀ ਕੁੱਖ ਸਾਂਭਦੀ ਹੈ ਹਰ ਬੀ ਨੂੰ। ਰਾਖੀ ਕਰੇਂਦੀ ਹੈ ਤੇ ਰੁੱਤ ਆਵਣ ਤੇ ਬੂਟਾ ਬਣਾ ਕੇ ਅਪਣਾ ਢਿੱਡ ਪਾੜ ਕੇ ਉਸ ਨੂੰ ਜੰਮਦੀ ਹੈ। ਮਿੱਟੀ ਦਾ ਉਗਾਇਆ ਕੁੱਲ ਜਿਉਂਦੀ ਹੋਂਦ ਦਾ ਜੀਵਕਾ ਹੋਇਆ। ਮਿੱਟੀ ਵਿਚੋਂ ਉੱਗਿਆ ਨਿੱਕਾ ਜਿਤਨਾ ਬੂਟਾ ਹੌਲੀ ਹੌਲੀ ਵੱਡਾ ਹੋ ਕੇ ਉੱਚਾ ਲੰਮਾ ਰੁੱਖ ਬਣ ਕੇ ਅੰਬਰ ਨਾਲ ਗੱਲਾਂ ਕਰੇਂਦਾ ਹੈ। ਮਿੱਟੀ ਅੰਦਰ ਕੋਈ ਈਰਖਾ ਜਾਂ ਹਸਦ ਨਹੀਂ ਪੈਦਾ ਹੁੰਦਾ ਜੋ ਮੇਰਾ ਜੰਮਿਆ ਅੱਜ ਕਿੱਥੇ ਉਚਿਆਈਆਂ ਵਿਚ ਹੈ। ਮਿੱਟੀ ਰੁੱਖ ਦੀਆਂ ਜੜ੍ਹਾਂ ਦੀ ਸਾਂਭ ਕਰੇਂਦੀ ਉਸ ਦੀ ਸਿਖਰ ਨੂੰ ਵੀ ਵੱਤਰਦੀ ਹੈ। ਮਿੱਟੀ ਜਿਉਂਦਿਆਂ ਨੂੰ ਪਾਲਦੀ ਤੇ ਮੋਇਆਂ ਨੂੰ ਸਾਂਭਦੀ ਹੈ। ਮਿੱਟੀ ਮੋਏ ਵਜੂਦ ਦੀ ਸਾਂਭ ਨਾ ਕਰੇ ਤਾਂ ਧਰਤ ਉਪਰ ਜੀਵਨ ਮੁੱਕ ਜਾਵੇ। ਮਿੱਟੀ ਦਾ ਅਪਣਾ ਫਿੱਕਾ ਜਿਹਾ ਭੂਰਾ ਰੰਗ ਹੈ, ਪਰ ਮਿੱਟੀ ਦੀ ਉਪਜ ਵੰਨੋ-ਵੰਨ ਰੰਗਾਂ ਵਿਚ ਖਿੜਦੀ ਹੱਸਦੀ ਹੈ। ਮਿੱਟੀ ਵਿਚੋਂ ਹੀ ਉੱਗਿਆ ਹੈ ਸਰ੍ਹੋਂ ਦਾ ਹਰਾ ਬੂਟਾ, ਪੀਲੇ ਫੁੱਲਾਂ ਵਿਚ ਹੱਸਦਾ ਵੱਸਦਾ ਵੇਖੋ ਮਿੱਟੀ ਦਾ ਸੁਨੇਹਾ ਪਿਆ ਦਿੰਦਾ ਹੈ:

**ਸਰ੍ਹੋਂ ਦੀ ਪੀਲਕ ਦੇ ਵਿਚ ਸਾਵਾ ਜਿਸ ਪੜ੍ਹਿਆ**
**ਤਿਸ ਨੈਣ ਕੀਤੇ ਸਿਰ ਸਾਵੇ ਹੈ ਦੂਈ ਆਪ ਮਿਲਾਵਾ**
**ਤਨ ਮਨ ਵਿਛੜਿਆਂ ਦਾ** (4)

ਮਿੱਟੀ ਦੀ ਕਰਨੀ ਸੁਨੇਹਾ ਦਿੰਦੀ ਹੈ ਇਕਾਈ ਦਾ। ਜੋ ਵੇਖੋ ਇੱਕ ਨਿੱਕੇ ਜਿਤਨੇ ਬੀ ਵਿਚੋਂ ਕਿਤਨੇ ਰੰਗ ਨਿਕਲੇ ਨੇਂ ਤੇ ਮੁੜ ਆਪਣੇ ਬੀ ਵਿਚ ਸਮਾ ਗਏ ਨੇਂ। ਇੱਕ ਬੀ ਨੇ ਆਪਣੀ ਹੋਂਦ ਗਵਾਈ ਏ ਤੇ ਬੂਟਾ ਬਣਿਆ ਹੈ। ਇੱਕ ਹੋਂਦ ਮੁਕਾਵਨ ਪਾਰੋਂ ਹੀ ਅਨੇਕਾਂ ਬੀ ਜੰਮੇ ਨੇਂ। ਮਿੱਟੀ ਹੀ ਤੱਤ ਹੈ ਮਨੁੱਖ ਦਾ। ਮਿੱਟੀ ਉਪਜਾਉਂਦੀ ਹੈ ਆਪਣੀ ਸੱਤ ਸੱਤਿਆ ਵਰਤ ਕੇ। ਜੇ ਮਿੱਟੀ ਉਪਜ ਨਾ ਕਰੇ, ਤਾਂ ਉਹ ਮਿੱਟੀ ਸੱਚ ਨਾ ਰਹਿਸੀ। ਵੇਖੋ, "ਆਦਿਦੇ ਅਰਥਾਂ ਨਾਲ ਜੋੜ ਮਿੱਟੀ ਦੀ ਕਰਨੀ ਦਾ। ਮਿੱਟੀ ਹੀ ਪਉਂਦ ਹੈ, ਮੁੱਢ ਹੈ। ਮਿੱਟੀ ਆਦਿ ਵੀ ਹੈ ਖ਼ੁਰਾਕ, ਰਿਜ਼ਕ। ਮਿੱਟੀ ਬੀ ਲੈਂਦੀ ਹੈ ਤੇ ਬੂਟਾ ਬਣਾ ਪਰਤਾਉਂਦੀ ਹੈ। ਸਾਵਾਂ ਲੈਣ ਦੇਣ ਈ ਜੀਵਨ ਟੋਰਾ ਹੈ ਕੁਦਰਤ ਦਾ। ਇਨਸਾਨੀ ਹੋਂਦ ਵੀ ਮਿੱਟੀ ਨਾਲ ਬਣੀ ਹੈ, ਤਾਹੀਓਂ ਤਾਂ ਮਰ ਮੁੱਕ ਕੇ ਮਿੱਟੀ ਨਾਲ ਮਿੱਟੀ ਹੋ ਵੇਂਹਦੀ ਹੈ। ਹਰ ਸ਼ੈਅ ਆਪਣੇ ਅਸਲੇ ਨਾਲ ਈ ਇੱਕ-ਮਿੱਕ ਹੁੰਦੀ ਏ। ਬੱਸ ਵਿੱਥ ਇਤਨੀ ਹੈ ਜੋ ਪੈਰਾਂ ਹੇਠ ਦੀ ਮਿੱਟੀ ਜਵਾਲਦੀ, ਪਾਲਦੀ, ਸਾਂਭਦੀ ਹੈ ਜੋ ਮਿੱਟੀ ਤਨ ਉਪਰ ਲੱਗੀ ਹੈ ਉਹ ਬੱਝ ਕੇ ਮੈਂ ਬਣ ਜਾਂਦੀ ਹੈ। ਮੈਂ ਦਾ ਕੰਮ ਮਾਰਨਾ ਮੁਕਾਉਣਾ ਹੋਇਆ, ਉਹ ਉੱਪਜ ਕਰ ਈ ਨਹੀਂ ਸਕਦੀ। ਮਿੱਟੀ ਦਾ ਕੰਮ ਤਾਂ ਮਿਲਣ ਹੋਇਆ। ਬੰਦੇ ਦੇ ਤਨ ਵਿਚ ਕੈਦ ਹੋਈ ਮਿੱਟੀ ਮਿਲਣ ਭੁੱਲੀ ਤਾਂ ਵਿਸ ਬਣੀ। ਏਹਾ ਗੱਲ ਚੇਤੇ ਕਰਵਾਈ ਆਹੀ ਫ਼ਰੀਦ ਨੇ, ਜੋ ਬਾਬੇ ਨਾਨਕ ਨੇ ਲਿੱਖ ਸਾਂਭੀ:

**ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥**
**ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥**

(ਪੰਨਾ 1378 ਸਲੋਕ, ਸੇਖ ਫਰੀਦ ਜੀ)

ਮਿਲਣ ਸਕਤ, ਉਪਜ ਸਕਤ ਜਦੋਂ ਬੱਝ ਜਾਵੇ। ਆਪਣੀ ਸੱਤ ਸੱਤਿਆ ਸਾਂਝੀ ਨਾ ਕਰ ਸਕੇ ਕੁੱਲ ਕੁਦਰਤ ਨਾਲ ਤਾਂ ਉਹ ਵੱਸ ਬਣ ਵੇਂਹਦੀ ਏ। ਮਿੱਟੀ ਮਿਲਦੀ ਹੈ ਹਰ ਪਲ ਵਾਅ ਨਾਲ, ਪਾਣੀ ਨਾਲ, ਸਿੰਜ ਨਾਲ ਤਾਹੀਓਂ ਉਪਜਾਉਂਦੀ ਹੈ। ਮਿੱਟੀ ਦਾ ਵਰਤਾਰਾ ਕੁੱਲ ਹੋਂਦ ਨਾਲ ਸਾਵਾਂ ਹੈ। ਮਿੱਟੀ ਨੂੰ ਕੋਈ ਨਿੰਦੇ ਰੱਦੇ, ਉਹ ਪਰਤਾਵਾ ਪਿਆਰ ਦਾ ਹੀ ਦਿੰਦੀ ਹੈ। ਮਿੱਟੀ ਨੂੰ ਕੋਈ ਵਡਿਆਏ ਤਾਂ ਵੀ ਉਹ ਮਾਣ ਨਹੀਂ ਕਰੇਂਦੀ, ਸਗੋਂ ਹੋਰ ਨਿਉਂਦੀ ਹੈ। ਮਿੱਟੀ ਜੁੜਨਾ ਸਿਖਾਉਂਦੀ ਹੈ। ਹੁਣ ਵੇਖੋ ਆਦਿ ਦੀ ਜ਼ੇਰ ਜ਼ਬਰ ਤੋਂ ਵੱਖ ਕੁਦਰਤ ਦੀ ਕਰਨੀ। ਪੈਰਾਂ ਥੱਲੇ ਜ਼ੇਰ ਹੋਈ ਮਿੱਟੀ ਹੀ ਮੋਏ ਵਜੂਦ ਦੀ ਜ਼ਬਰ ਬਣ ਵੈਂਹਦੀ ਏ। ਉਲਮਾਈ ਦੀ ਜ਼ੇਰ ਜ਼ਬਰ ਵਿਚ ਫਾਤਾ ਜੀਅ ਕੁਦਰਤ ਦੀ ਦਾਨ ਹੋਈ ਸ਼ੱਕਰ ਨੂੰ ਅੰਦਰੋ ਅੰਦਰ ਜੋੜ ਕੇ ਵਿੱਸ ਬਣਾ ਕੇ ਪਿਆ ਵੰਡਦਾ ਹੈ ਤੇ ਵਿਗਾਨ ਥੇਂਦਾ ਹੈ। ਪਾਣੀ ਮਿੱਟੀ ਦਾ ਆਦਿ ਜੁਗਾਦਿ ਦਾ ਸੱਚ ਵੇਖਿਆ, ਅਸਾਂ ਹੁਣ ਅੱਗ ਦਾ ਵੇਖ ਲਈਏ। ਅੱਗ ਮੁੱਢਲਾ ਤੱਤ ਏ ਜੀਵਨ ਦਾ। ਅੱਗ ਸੇਕ ਏ, ਨਿੱਘ ਵੀ, ਤੇ ਚਾਨਣ ਵੀ। ਅੱਗ ਦੀਆਂ ਵੰਨੋ ਵੰਨ ਸ਼ਕਲਾਂ ਹਨ। ਕਿਤੇ ਦੂਰ ਅੰਬਰ ਉਪਰ ਲਿਸ਼ਕਦਾ ਸਿੱਝ ਏ ਤੇ ਕਿਤੇ ਧਰਤੀ ਦੇ ਹੇਠੋਂ ਹੇਠ ਪੱਕਦਾ ਲਾਵਾ।

**ਪੰਜਾਬ ਯੂਨੀਵਰਸਿਟੀ ਲਾਹੌਰ ਪਾਕਿਸਤਾਨ**

## Metrimonial

Suitable match for Parminder Singh Josan Sikh boy trucking business in Canada, October 12, 1994, 5'-7". Contact 913-256-9498



# ਭਿੰਨ ਭਿੰਨ ਸਮਸਿਆਵਾਂ ਵਿੱਚ ਘਿਰਿਆ ਪੰਜਾਬ, ਮਾਂ ਬੋਲੀ 'ਪੰਜਾਬੀ' ਬੋਲੀ ਦੀ ਹੋਂਦ ਨੂੰ ਖਤਰਾ !

## ਕੀ ਪੰਜਾਬ ਦੀ ਸਰਕਾਰ ਇਨ੍ਹਾਂ ਵੱਲ ਉਚੇਚਾ ਧਿਆਨ ਦੇਵੇਗੀ ?




ਪੰਜਾਬੀਆਂ ਬਾਰੇ ਇਕ ਅਖਾਉਤ ਬੜੀ ਮਸ਼ਹੂਰ ਹੈ ਕਿ ਪੰਜਾਬੀ ਨੂੰ ਨਿੱਤ ਮੁਹਿੰਮਾਂ! ਜਦੋਂ ਦਾ ਦੇਸ਼ ਅਜਾਦ ਹੋਇਆ ਹੈ। ਇਸ ਸੂਬੇ ਨਾਲ ਸ਼ੁਰੂ ਤੋਂ ਹੀ ਸਿਖਰਾਂ ਦਾ ਧੱਕਾ ਤੇ ਬੇਇਨਸਾਫੀ ਕੀਤੀ ਜਾਂਦੀ ਰਹੀ ਹੈ। ਚਾਹੇ ਉਹ ਕੇਂਦਰ ਵਿੱਚ ਰਾਜ ਕਰ ਗਈ ਕਾਂਗਰਸ ਪਾਰਟੀ ਦੀ ਸਰਕਾਰ ਸੀ ਜਾਂ ਫਿਰ 2014 ਵਿੱਚ ਭਾਰਤ ਵਿੱਚ ਬਣੀ ਭਾਜਪਾ ਦੀ ਸਰਕਾਰ ਹੈ ਇਸ ਨੇ ਤਾਂ ਹੱਦ ਹੀ ਕਰ ਦਿੱਤੀ ਹੈ। ਇਸੇ ਜੁਝਾਰੂ ਧਰਤੀ ਦੇ ਲੋਕਾਂ ਜਿਨ੍ਹਾਂ ਨੇ ਦੇਸ਼ ਨੂੰ ਅਜਾਦ ਕਰਾਉਣ ਵਿੱਚ 80% ਤੋਂ ਵਧੇਰੇ ਕੁਰਬਾਨੀਆਂ ਦਿੱਤੀਆਂ ਹੋਣ, ਚਾਹੀਦਾ ਤਾਂ ਇਹ ਸੀ ਕਿ ਇਸ ਸੂਬੇ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਪਰ ਸਰਕਾਰਾਂ ਨੇ ਖੁਸ਼ਹਾਲੀ ਪੱਖੋਂ 'ਇਕ ਨੰਬਰ ਤੇ ਰਹਿਣ ਵਾਲੇ ਇਸ ਸੂਬੇ ਪੰਜਾਬ ਨਾਲ ਪੜਾਅ ਪੜਾਅ ਤੇ ਧੱਕਾ ਤੇ ਬੇਇਨਸਾਫੀ ਕੀਤੀ ਜਾਂਦੀ ਆ ਰਹੀ ਹੈ ਕਿ ਇਸ ਸੂਬੇ ਨੂੰ ਸੋਲਵੇਂ ਸਤਾਰਵੇਂ ਸਥਾਨ ਤੇ ਲਿਆ ਕੇ ਖੜਾ ਕਰ ਦਿੱਤਾ ਹੈ। ਇਸ ਉਤੇ ਇਸ ਸਮੇਂ ਲਗ ਭਗ ਚਾਰ ਲੱਖ ਕਰੋੜ ਰੁਪਏ ਦਾ ਕਰਜਾ ਚੜ੍ਹਿਆ ਹੋਇਆ ਹੈ ਜੋ ਕੇਂਦਰ ਸਰਕਾਰ ਵਲੋਂ ਬਣਦੀ ਸਹਾਇਤਾ ਨਾ ਦੇਣ ਕਾਰਨ ਨਿਰੰਤਰ ਵਧਦਾ ਹੀ ਜਾ ਰਿਹਾ ਹੈ। ਕੇਂਦਰ ਦੀ ਸਰਕਾਰ ਦੇ ਕਹੇ ਉਤੇ ਇਹ ਪੰਜਾਬ ਉਹ ਸੂਬਾ ਹੈ ਜਿਸ ਨੇ ਕੇਂਦਰ ਸਰਕਾਰ ਦੇ ਅਦੇਸ਼ਾਂ ਤੇ ਹੱਡ ਭੰਨਵੀ ਮਿਹਨਤ ਕਰਕੇ ਦੇਸ਼ ਵਿੱਚ ਹਰੀ ਕਰਾਂਤੀ ਲਿਆ ਕੇ ਦੇਸ਼ ਨੂੰ ਖਾਣ ਵਾਲੇ ਅਨਾਜ ਪੱਖੋਂ ਆਤਮ ਨਿਰਭਰ ਕਰ ਦਿੱਤਾ ਸੀ ਤਾਂ ਕਿ ਉਸਨੂੰ ਹੋਰ ਮੁਲਕਾਂ ਤੋਂ ਅਨਾਜ ਲੈਣ ਲਈ ਹੱਥ ਨਾ ਅੱਡਣਾ ਪਵੇ। ਇਸ ਹਰੀ ਕ੍ਰਾਂਤੀ ਨੂੰ ਲਿਆਉਣ ਲਈ ਇਸ ਸੂਬੇ ਪੰਜਾਬ ਨੇ ਆਪਣੇ ਸੂਬੇ ਦੀ ਧਰਤੀ ਤੋਂ ਵੱਧ ਅਨਾਜ ਲੈਣ ਲਈ ਖਾਦਾਂ ਪਾ ਕੇ ਜਿਥੇ ਬਰਬਾਦ ਕਰ ਲਈ ਹੈ, ਉਥੇ ਆਪਣੀ ਆਬੋ ਹਵਾ ਦੂਸ਼ਿਤ ਕਰਨ ਦੇ ਨਾਲ ਨਾਲ ਆਪਣੀ ਧਰਤੀ ਹੇਠਲਾ ਪਾਣੀ ਵੀ ਲਗ ਭਗ ਮੁੱਕਾ ਲਿਆ ਹੈ, ਇਹ ਕਿਹਾ ਜਾ ਰਿਹਾ ਹੈ ਕਿ ਪੰਜਾਬੀਆਂ ਨੇ ਝੋਨੇ ਵਰਗੀ ਫਸਲ ਚੌਲ ਜਿਸ ਨੂੰ ਉਹ ਖਾਂਦੇ ਹੀ ਨਹੀਂ, ਉੱਗਾ ਉੱਗਾ ਕੇ ਦੇਸ਼ ਦੇ ਭੰਡਾਰੇ ਨੂੰ ਭਰਣ ਲਈ ਆਪਣਾ ਧਰਤੀ ਹੇਠਲਾ ਪਾਣੀ ਵੀ ਮੁਕਾਣ ਕੰਢੇ ਲਿਆ ਖੜਾ ਕਰ ਲਿਆ ਹੈ ਹੁਣ ਤਾਂ ਇਹ ਵੀ ਖਬਰ ਆਉਣ ਲਗ ਪਈ ਹੈ ਕਿ ਜ਼ਿਲਾ ਰੋਪੜ ਦੇ ਪਿੰਡ 'ਹੀਰਪੁਰ' ਦਾ ਹੇਠਲਾ ਪਾਣੀ ਬਿਲਕੁਲ ਮੁੱਕ ਗਿਆ ਹੈ ਉਸ ਦੇ ਢਾਈ ਦਰਜਨ ਤੋਂ ਵਧੇਰੇ ਟਿਊਬਵੈੱਲ ਬਿਲਕੁਲ ਸੁੱਕ ਗਏ ਹਨ ਉਨਾਂ ਨੇ ਪਾਣੀ ਕੱਢਣਾ ਬੰਦ ਕਰ ਦਿੱਤਾ ਹੈ ਜੋ ਇਹ ਸੰਕੇਤ ਦੇ ਰਿਹਾ ਹੈ ਕਿ ਜੇਕਰ ਕਿਸਾਨਾਂ ਨੇ ਝੋਨੇ ਤੇ ਐਮ ਐਸ ਪੀ ਮਿਲਣ ਕਾਰਨ ਵੱਧ ਪੈਸੇ ਮਿਲਣ ਦੀ ਆੜ ਵਿੱਚ ਉਸ ਦੇ ਬਦਲ ਵਿੱਚ ਹੋਰ ਫਸਲਾਂ ਬੀਜਣੀਆਂ ਸ਼ੁਰੂ ਨਾ ਕੀਤੀਆਂ ਤਾਂ ਪੰਜਾਬ ਦੀ ਧਰਤੀ ਨੂੰ ਬੰਜਰ ਬਣਨ ਤੋਂ ਕੋਈ ਰੋਕ ਨਹੀਂ ਸਕਦਾ ਇਸ ਪ੍ਰਤੀ ਪੰਜਾਬ ਦੀ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਵੀ ਹੋਰ ਫਸਲਾਂ ਲਈ ਲਾਹੇਵੰਦਾ ਭਾਅ ਦੇ ਕੇ ਕਿਸਾਨਾਂ ਨੂੰ ਹੋਰ ਫਸਲਾਂ ਬੀਜਣ ਲਈ ਉਤਸ਼ਾਹਤ ਕਰਕੇ ਆਪਣੀ ਬਣਦੀ ਜਿੰਮੇਵਾਰੀ ਨਿਭਾਵੇ ਸੰਸਾਰ ਦੇ ਲੋਕ ਇਹ ਵੀ ਜਾਣਦੇ ਹਨ ਕਿ ਕਿਵੇਂ 1966 ਵਿੱਚ ਜਦੋਂ ਪੰਜਾਬੀ ਸੂਬਾ ਬਣਾਇਆ ਗਿਆ ਕਿਵੇਂ ਉਨਾਂ ਨੂੰ ਬੋਲੀ ਦੇ ਅਧਾਰ ਤੇ ਸੂਬਾ ਬਣਾਉਣ ਲਈ ਦੋ ਦਹਾਕੇ ਤਕ ਜਦੋਜਹਿਦ ਕਰਨੀ ਪਈ ਜਿਸ ਲਈ ਉਨ੍ਹਾਂ ਨੂੰ ਅਣਗਿਣਤ ਕੁਰਬਾਨੀਆਂ ਦੇਣ ਦੇ ਨਾਲ ਨਾਲ ਵੱਡਾ ਨੁਕਸਾਨ ਵੀ ਝਲਣਾ ਪਿਆ ਜਦੋਂ ਕਿ ਦੇਸ਼ ਦੀ ਸਰਕਾਰ ਵਲੋਂ ਹੋਰ ਸੂਬੇ ਬਿਨਾ ਕਿਸੇ ਜਦੋਜਹਿਦ ਦੇ ਬੋਲੀਆਂ ਦੇ ਅਧਾਰ ਤੇ ਬਣਾ ਦਿੱਤੇ ਗਏ ਤੇ ਜਿਹੜਾ ਪੰਜਾਬੀ ਸੂਬਾ ਬਣਾਇਆ ਗਿਆ ਉਸ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ ਖੋਹ ਲਏ, ਬਿਨ ਮੰਗੇ ਹਰਿਆਣਾ ਬਣਾ ਕੇ ਪੰਜਾਬ ਨੂੰ ਛੋਟਾ ਕਰ ਦਿੱਤਾ ਗਿਆ, ਪੰਜਾਬ ਦੇ ਡੈਮ, ਪਾਣੀ ਖੋਹ ਲਿਆ। ਕੇਂਦਰ ਨੇ ਤਾਂ ਜਿਹੜੀ ਬੇਈਮਾਨੀ ਕਰਨੀ ਸੀ ਕਰ ਦਿੱਤੀ ਰਹਿੰਦੀ ਖੂੰਹਦੀ ਪੰਜਾਬ ਵਿੱਚ ਬਣਨ ਵਾਲੀਆਂ ਚਿੱਟੀਆਂ ਨੀਲੀਆਂ ਸਰਕਾਰਾਂ ਨੇ ਗੱਦੀ ਨਾਲ ਚੰਬੜੇ ਰਹਿਣ ਦੀ ਨੀਤੀ ਤੇ ਚਲਦਿਆਂ ਪੰਜਾਬ ਦੀ ਮਾਂ ਬੋਲੀ ਨਾਲ ਰੱਜ ਕੇ ਧ੍ਰੋਹ ਕਮਾਇਆ। ਪੰਜਾਬੀ ਦੀ



ਸ:ਜੰਗ ਸਿੰਘ
ਵਟੱਸ ਅੱਪ ਨੰ
+1 415 603 7380

ਮੁਦਈ ਅਕਾਲੀ ਪਾਰਟੀ ਤੇ ਭਾਜਪਾ ਦੇ ਨਾਲ ਰੱਲ ਕੇ ਦਸ ਸਾਲ ਦੇ ਰਾਜ ਕਾਲ ਵਿੱਚ ਪੰਜਾਬੀ ਬੋਲੀ ਦਾ ਰੱਜ ਕੇ ਘਾਣ ਕੀਤਾ ਗਿਆ। ਅਕਾਲੀ ਪਾਰਟੀ ਦਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਹੋਵੇ ਇਸ ਨੇ ਇਕ ਤਾਂ ਧੜਾ ਧੜ ਕੇਂਦਰੀ ਸਕੂਲ ਖੋਲ੍ਹਣ ਦੀ ਆਗਿਆ ਦਿੱਤੀ ਜਿਨਾਂ ਵਿੱਚ ਬਹੁਤ ਹੀ ਘਟ ਮਿਆਰੀ ਪੰਜਾਬੀ ਪੜ੍ਹਾਈ ਜਾਂਦੀ ਸੀ ਦੂਸਰਾ ਪੰਜਾਬ ਵਿੱਚ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਭਰਤੀ ਬੰਦ ਕਰਾ ਕੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਮਿਆਰ ਵਿੱਚ ਏਡੀ ਵੱਡੀ ਸੱਟ ਮਾਰੀ ਕਿ ਪੰਜਾਬ ਦੇ ਲੋਕਾਂ ਨੂੰ ਅਤ ਮਹਿੰਗੇ ਨਿੱਜੀ ਕੇਂਦਰੀ ਸਕੂਲ ਜਿਨਾਂ ਵਿੱਚ ਬਹੁਤੇ ਸਕੂਲਾਂ ਤੇ ਰ.ਸ.ਸ. ਦਾ ਇਕ ਤਰਾਂ ਕਬਜ਼ਾ ਹੈ ਇਨ੍ਹਾਂ ਸਕੂਲਾਂ ਨੇ ਬੜੀ ਸਾਜਿਸ਼ ਨਾਲ ਪੰਜਾਬੀ ਬੋਲੀ ਨਾਲ ਘੱਟ ਮਿਆਰੀ ਪੰਜਾਬੀ ਪੜਾ ਕੇ ਕੀਤਾ। ਇਥੇ ਹੀ ਬਸ ਨਹੀਂ ਕਿ ਇਨ੍ਹਾਂ ਸਕੂਲਾਂ ਵਿੱਚ ਬੱਚਿਆਂ ਨੂੰ ਪੰਜਾਬੀ ਬੋਲਣ ਦੀ ਮਨਾਹੀ ਕਰਨ ਦੇ ਨਾਲ ਪੰਜਾਬੀ ਬੋਲਣ ਵਾਲੇ ਵਿਦਿਆਰਥੀਆਂ ਨੂੰ ਭਾਰੀ ਜੁਰਮਾਨੇ ਕੀਤੇ ਜਾਂਦੇ, ਇਸ ਵਿੱਚ ਸ਼੍ਰੋਮਣੀ ਕਮੇਟੀ ਦੇ ਜਿਹੜੇ ਸਕੂਲ ਸੀ ਬੀ ਐਸ ਈ ਦੇ ਸਕੂਲਾਂ ਨਾਲ ਜੋੜੇ ਗਏ ਉਨਾਂ ਵਿੱਚੋਂ ਕਈ ਸਕੂਲਾਂ ਵਿੱਚ ਵੀ ਇਹ ਵਰਤਾਰਾ ਪੰਜਾਬੀ ਨਾਲ ਕੀਤਾ ਗਿਆ। ਜਿਸ ਸਬੰਧੀ ਕਈ ਵਾਰੀ ਖਬਰਾਂ ਅਖਬਾਰਾਂ ਦਾ ਸ਼ਿੰਗਾਰ ਵੀ ਬਣਦੀਆਂ ਰਹੀਆਂ ਹਨ। ਕੁਝ ਦਿਨ ਪਹਿਲਾਂ ਮੁੱਖ ਮੰਤਰੀ ਦੇ ਆਪਣੇ ਹਲਕੇ ਸੰਗਰੂਰ ਵਿੱਚ ਰ.ਸ.ਸ. ਦੇ ਚਲ ਰਹੇ ਸਰਵ ਹਿਤਕਾਰੀ ਸਕੂਲ ਨੇ ਤਾਂ ਹੱਦ ਹੀ ਕਰ ਵਿਖਾਈ ਹੈ ਉਸ ਵਿੱਚ ਪੰਜਾਬੀ ਬੋਲਣ ਤੇ ਮਨਾਹੀ ਕਰਨ ਦੇ ਨਾਲ ਭਾਰੀ ਜੁਰਮਾਨੇ ਕੀਤੇ ਜਾਂਦੇ ਹਨ, ਕੜ੍ਹੇ ਲੁਹਾਏ ਜਾਣੇ, ਪੱਗਾਂ ਬੰਨਣ ਆਦਿ ਤੇ ਪਾਬੰਦੀਆਂ ਲਗਾਏ ਜਾਣ ਦੀ ਵੀ ਚਰਚਾ ਹੋਈ ਹੈ। ਇਹੋ ਜਿਹੇ ਪੰਜਾਬ ਵਿੱਚ ਹੋਰ ਵੀ ਅਨੇਕਾਂ ਕੇਂਦਰੀ ਸਕੂਲ ਹੋਣਗੇ ਜਿਹੜੇ ਪੰਜਾਬ ਦੀ ਮਾਂ ਬੋਲੀ ਪੰਜਾਬੀ ਨਾਲ ਇਹੋ ਜਿਹਾ ਘਿਣਾਉਣਾ ਵਰਤਾਰਾ ਕਰਦੇ ਆ ਰਹੇ ਹਨ। ਇਥੇ ਦਸਣਾ ਬੜਾ ਵਾਜਬ ਹੋਵੇਗਾ ਕਿ ਹਰਿਆਣਾ ਵਿੱਚ ਕੋਈ ਵੀ ਖਾਲਸਾ ਸਕੂਲ ਪਹਿਲੀ ਭਾਸ਼ਾ ਪੰਜਾਬੀ ਨਹੀਂ ਪੜ੍ਹਾ ਸਕਦਾ ਉਨਾਂ ਸਾਰਿਆ ਨੂੰ ਪਹਿਲੀ ਭਾਸ਼ਾ ਹਿੰਦੀ ਵਿੱਚ ਪੜਾਈ ਕਰਾਈ ਜਾਣੀ ਲਾਜ਼ਮੀ ਹੈ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਵਿੱਚ ਐਸ. ਡੀ., ਡੀ. ਏ. ਵੀ. ਆਦਿ ਸਕੂਲਾਂ ਵਿੱਚ ਪਹਿਲੀ ਭਾਸ਼ਾ ਵਜੋਂ ਹਿੰਦੀ ਮਾਧਿਅਮ ਵਿੱਚ ਪੜਾਈ ਕਰਾਏ ਜਾਣ ਦੀ ਖੁੱਲ ਹੈ ਜੋ ਕਿ ਪੰਜਾਬ ਦੀ ਸਿਖਿਆ ਨੀਤੀ ਦੀ ਸਰਾਸਰ ਉਲੰਘਣਾ ਹੈ ਪੰਜਾਬ ਦੀ ਸ੍ਰ ਭਗਵੰਤ ਸਿੰਘ ਮਾਨ ਦੀ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ ਕਿ ਜੇਕਰ ਭਾਸ਼ਾ ਐਕਟ ਵਿੱਚ ਸੋਧ ਕਰਨ ਦੀ ਜਰੂਰਤ ਹੈ ਤਾਂ ਉਹ ਉਸ ਵਿੱਚ ਸੋਧ ਕਰਕੇ ਪੰਜਾਬ ਦੇ ਸਾਰੇ ਪ੍ਰਾਈਵੇਟ, ਨਿੱਜੀ ਸਕੂਲਾਂ ਵਿੱਚ ਪੜਾਈ ਹਰਿਆਣੇ ਦੀ ਤਰਜ ਤੇ ਪਹਿਲੀ ਭਾਸ਼ਾ ਪੰਜਾਬੀ ਵਿੱਚ ਪੜ੍ਹਾਈ ਕਰਾਈ ਜਾਣੀ ਯਕੀਨੀ ਬਣਾਵੇ। ਇਨ੍ਹਾਂ ਸਕੂਲਾਂ ਵਿੱਚ ਪੰਜਾਬੀ ਸਬਜੈਕਟ ਦਾ ਸਲੇਬਸ ਪੰਜਾਬ ਸਿਖਿਆ ਬੋਰਡ ਵਾਲਾ ਯਕੀਨੀ ਕੀਤਾ ਜਾਵੇ। ਜਿਹੜੇ ਸਕੂਲ ਪੰਜਾਬ ਸਰਕਾਰ ਦੇ ਹੁਕਮਾਂ ਦੀ ਉਲੰਘਣਾ ਕਰਨ ਉਨਾਂ ਦੀ ਮਾਨਤਾ ਪੱਕੇ ਤੌਰ 'ਤੇ ਰੱਦ ਕੀਤੀ ਜਾਵੇ। ਜੇਕਰ ਪੰਜਾਬ ਵਿੱਚ ਪੰਜਾਬੀ ਮਾਂ ਬੋਲੀ ਨੂੰ ਬਚਾਉਣਾ ਹੈ ਤਾਂ ਫਿਰ ਇਸ ਵੱਲ ਉਚੇਚਾ ਧਿਆਨ ਦੇਣਾ ਪਵੇਗਾ। ਭਾਸ਼ਾ ਵਿਗਿਆਨੀਆਂ ਦਾ ਕਹਿਣਾ ਹੈ ਮਾਂ ਬੋਲੀ ਵਿੱਚ ਬੱਚਾ ਵਧੇਰੇ ਚੰਗੇ ਢੰਗ ਨਾਲ ਵਿਦਿਆ ਪ੍ਰਾਪਤ ਕਰ ਸਕਦਾ ਹੈ ਜੇਕਰ ਉਸ ਨੂੰ ਮਾਂ ਬੋਲੀ ਚੰਗੀ ਤਰਾਂ ਆ ਗਈ ਤਾਂ ਸਮਝੋ ਉਹ ਦੂਸਰੇ ਸਬਜੈਕਟ ਦੀ ਪੜ੍ਹਾਈ ਵੀ ਬੜੀ ਅਸਾਨੀ ਨਾਲ ਚੰਗੀ ਤਰ੍ਹਾਂ ਪੜ੍ਹਣ ਦੇ ਸਮਰੱਥ ਹੋ ਜਾਂਦਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪਤਾ ਨਹੀਂ ਕਿਹੜੇ ਵਿਗਿਆਨੀਆਂ ਦੀ ਰਾਏ ਲੈ ਕੇ ਪਹਿਲੀ ਜਮਾਤ ਤੋਂ ਅੰਗਰੇਜ਼ੀ ਦੀ ਪੜ੍ਹਾਈ ਸ਼ੁਰੂ ਕਰਾ ਕੇ ਜਿਥੇ ਨੰਨੇ ਮੁੰਨੇ ਬੱਚਿਆਂ ਤੇ ਦਿਮਾਗੀ ਬੋਝ ਲੱਦਿਆ ਹੈ ਉਥੇ ਪੰਜਾਬ ਦੀ ਮਾਂ ਬੋਲੀ ਪੰਜਾਬੀ ਨਾਲ ਵੀ ਵੱਡਾ ਘਾਣ ਕੀਤਾ ਹੈ। ਇਥੇ ਪੰਜਾਬ ਦੇ ਲੋਕਾਂ ਨੂੰ ਵੀ ਜਾਗ੍ਰਿਤ ਹੋਣ ਦੀ ਜਰੂਰਤ ਹੈ ਉਹ ਵੀ ਆਪਣੇ ਬੱਚਿਆਂ ਦੇ ਜੀਵਨ ਨਾਲ ਹੋ ਰਹੇ ਖਿਲਵਾੜ ਨੂੰ ਮੂਕ ਦਰਸ਼ਕ ਬਣ ਕੇ ਹੀ ਵੇਖਦੇ ਨਹੀਂ ਆ ਰਹੇ ਹਨ ਬਲਕਿ ਉਨ੍ਹਾ ਦੇ ਜੀਵਨ ਦਾ ਘਾਣ ਕਰਦੇ ਵੀ ਆ ਰਹੇ ਹਨ। ਪੰਜਾਬ ਦੀ ਸਰਕਾਰ ਦੀ ਵੱਡੀ ਜ਼ਿੰਮੇਵਾਰੀ ਹੈ ਕਿ ਉਹ ਨਿੱਜੀ ਦਿਲਚਸਪੀ ਲੈ ਕੇ ਪੰਜਾਬੀ ਭਾਸ਼ਾ ਨਾਲ ਪੰਜਾਬ ਵਿੱਚ ਹੋ ਰਹੇ ਵਿਤਕਰੇ ਨੂੰ ਸਖਤੀ ਨਾਲ ਰੋਕ ਕੇ ਪੰਜਾਬੀ ਭਾਸ਼ਾ ਨੂੰ ਪੰਜਾਬ ਨਾਲ ਬਣਦਾ ਸਥਾਨ ਦੁਆਵੇ।

# ਮਨ ਦੀ ਨਿਰਮਲਤਾ ਹੀ ਜੀਵਨ ਨੂੰ ਸੁਧਾਰਦੀ ਹੈ



-ਡਾ. ਪ੍ਰਸ਼ਾਂਤ ਅਗਨੀਹੋਤਰੀ

ਜੀਵਨ ਸਹਿਜਤਾ ਦਾ ਨਾਂ ਹੈ। ਮਨੁੱਖੀ ਵਿਵਹਾਰ ਅਤੇ ਵਿਚਾਰ ਦੀ ਖ਼ਾਸੀਅਤ ਕਪਟ ਰਹਿਤ ਵਿਵਹਾਰ ਅਤੇ ਵਿਚਾਰ ਵਿਚ ਸ਼ਾਮਲ ਹੈ। ਕਪਟੀ ਵਤੀਰਾ ਵਿਅਕਤੀ ਨੂੰ ਬੇਭਰੋਸਗੀ ਵਾਲਾ ਬਣਾ ਦਿੰਦਾ ਹੈ। ਦਿਖਾਵੇ ਵਿਚ ਉਹ ਹਿਤੈਸ਼ੀ ਲੱਗਦਾ ਹੈ ਪਰ ਉਸ 'ਤੇ ਵਿਸ਼ਵਾਸ ਸਦਾ ਨੁਕਸਾਨਦੇਹ ਹੁੰਦਾ ਹੈ। ਸਾਰੇ ਵਿਦਵਾਨ, ਵਿਚਾਰਕ ਕਪਟੀ ਵਿਅਕਤੀ ਤੋਂ ਸਾਵਧਾਨ ਰਹਿਣ ਦੀ ਗੱਲ ਕਹਿੰਦੇ ਹਨ। ਗੋਸਵਾਮੀ ਤੁਲਸੀਦਾਸ ਨੇ ਕਪਟੀ ਲੋਕਾਂ ਦੀ ਤੁਲਨਾ ਮੋਰ ਨਾਲ ਕੀਤੀ ਹੈ।

ਜਿਵੇਂ ਮੋਰ ਬਾਹਰੋਂ ਦੇਖਣ 'ਤੇ ਅਤਿਅੰਤ ਕੋਮਲ ਅਤੇ ਆਕਰਸ਼ਕ ਹੁੰਦਾ ਹੈ ਪਰ ਅੰਦਰੋਂ ਇੰਨਾ ਕਠੋਰ ਕਿ ਵੱਡੇ-ਵੱਡੇ ਜ਼ਹਿਰੀਲੇ ਸੱਪਾਂ ਨੂੰ ਖਾ ਜਾਂਦਾ ਹੈ। ਉਵੇਂ ਹੀ ਕਪਟੀ ਲੋਕ ਬਾਹਰੋਂ ਮਿੱਠੀਆਂ ਗੱਲਾਂ ਕਰਦੇ ਹਨ ਪਰ ਉਹ ਆਪਣੇ ਦਿਲ 'ਚ ਛਲ-ਕਪਟ ਧਾਰਨ ਕਰਦੇ ਹਨ। ਕਪਟੀ ਵਿਅਕਤੀ ਕਦੇ ਵੀ ਕਿਸੇ ਦੇ ਮਿੱਤ ਨਹੀਂ ਹੁੰਦੇ। ਉਨ੍ਹਾਂ ਦੇ ਮਿਲਣ ਵਿਚ ਸਦਾ ਸਵਾਰਥ ਅਤੇ ਝੂਠੀ ਸ਼ਲਾਘਾ ਹੁੰਦੀ ਹੈ। ਕਪਟੀ ਵਿਅਕਤੀ ਦੇ ਮਨ ਵਿਚ ਸਦਾ ਮੰਦਭਾਵਨਾ ਹੁੰਦੀ ਹੈ।

ਹਿਤੈਸ਼ੀ ਦਿਸਣ ਦਾ ਅਤੇ ਲੋੜ ਪੈਣ 'ਤੇ ਸਾਥ ਦੇਣ ਦਾ ਢੌਂਗ ਕਰਨ ਵਾਲੇ ਅਜਿਹੇ ਲੋਕ ਕਦੇ ਵੀ ਸੱਚੀ ਸਹਾਇਤਾ ਨਹੀਂ ਕਰਦੇ। ਉਨ੍ਹਾਂ ਦੇ ਮਨ ਵਿਚ ਫਰੇਬ ਰਹਿੰਦਾ ਹੀ ਹੈ। ਜਿਵੇਂ ਗੰਢ ਪਏ ਬਾਂਸ ਤੋਂ ਬਣੀ ਬਾਂਸੁਰੀ ਤੋਂ ਮਧੁਰ ਧੁਨ ਨਹੀਂ ਨਿਕਲ ਸਕਦੀ ਤਿਵੇਂ ਹੀ ਕਪਟੀ ਵਿਅਕਤੀ ਦੇ ਮਨ ਦੀ ਗੰਢ ਉਸ ਨੂੰ ਸਹਿਜ ਤੇ ਸਰਲ ਨਹੀਂ ਹੋਣ ਦਿੰਦੀ। ਬਾਂਸੁਰੀ ਤੋਂ ਮਧੁਰ ਸੁਰ ਕੱਢਣ ਲਈ ਬਾਂਸ ਦਾ ਗੰਢ ਰਹਿਤ ਹੋਣਾ ਜ਼ਰੂਰੀ ਹੈ।

ਇਸੇ ਤਰ੍ਹਾਂ ਜਿਸ ਵਿਅਕਤੀ ਦੇ ਹਿਰਦੇ ਵਿਚ ਛਲ-ਕਪਟ ਰੂਪੀ ਗੰਢ ਨਹੀਂ ਪਈ ਹੁੰਦੀ, ਉਸ ਵਿਅਕਤੀ ਦਾ ਮਨ ਬਿਨਾਂ ਗੰਢ ਦੀ ਬਾਂਸੁਰੀ ਦੀ ਤਰ੍ਹਾਂ ਸਾਫ਼ ਹੁੰਦਾ ਹੈ। ਉਸ ਦੀ ਸ਼ਖ਼ਸੀਅਤ ਅਤੇ ਵਿਚਾਰਾਂ ਵਿਚ ਮੰਦਭਾਵਨਾ ਨਾ ਹੋ ਕੇ ਸਹਿਜ ਮਧੁਰਤਾ ਹੁੰਦੀ ਹੈ। ਖ਼ੁਦ ਪਰਮਾਤਮਾ ਨੂੰ ਵੀ ਮਨ ਦੀ ਨਿਰਮਲਤਾ ਬਹੁਤ ਚੰਗੀ ਲੱਗਦੀ ਹੈ। ਰਾਵਣ ਨੇ ਜਦ ਆਪਣੇ ਭਰਾ ਵਿਭੀਸ਼ਣ ਦੀ ਬੇਇੱਜ਼ਤੀ ਕਰ ਕੇ ਉਸ ਨੂੰ ਲੰਕਾ ਤੋਂ ਕੱਢ ਦਿੱਤਾ ਤਦ ਭਗਵਾਨ ਸ੍ਰੀਰਾਮ ਨੇ ਦੁਸ਼ਮਣ ਦਾ ਭਰਾ ਹੁੰਦੇ ਹੋਏ ਵੀ ਵਿਭੀਸ਼ਣ ਨੂੰ ਉਸ ਦੇ ਮਨ ਦੀ ਨਿਰਮਲਤਾ ਕਾਰਨ ਪਨਾਹ ਦਿੱਤੀ।

ਸੰਕਟ ਦੇ ਸਮੇਂ ਕਪਟੀ ਵਿਅਕਤੀ ਸਭ ਤੋਂ ਪਹਿਲਾਂ ਸਾਥ ਛੱਡ ਦਿੰਦੇ ਹਨ। ਕਪਟ ਦਾ ਸਬੰਧ ਨਾ ਸਥਾਈ ਹੁੰਦਾ ਹੈ ਅਤੇ ਨਾ ਹੀ ਕਲਿਆਣਕਾਰੀ। ਇਸ ਲਈ ਮਨੁੱਖ ਦਾ ਭਲਾ ਇਸੇ ਵਿਚ ਹੈ ਕਿ ਉਹ ਕਪਟੀ ਲੋਕਾਂ ਤੋਂ ਦੂਰੀ ਬਣਾ ਕੇ ਰੱਖੇ ਅਤੇ ਨੇਕ ਲੋਕਾਂ ਦੀ ਸੰਗਤ ਕਰੇ।

# ਲੋਕ-ਬੋਲੀਆਂ ਦਾ ਵਾਰਤਾਲਾਪੀ ਰੰਗ

ਭੋਲਾ ਸਿੰਘ ਸ਼ਮੀਰੀਆ



ਗਿੱਧਾ ਸਾਡੇ ਸੱਭਿਆਚਾਰ ਦੀ ਅਜਿਹੀ ਵਿਧਾ ਹੈ ਜੋ ਜ਼ੁਬਾਨ, ਹੱਥਾਂ ਤੇ ਪੈਰਾਂ ਦੀ ਤਾਲ ਦੇ ਨਾਲ ਪੂਰ ਚੜ੍ਹਦਾ ਹੈ। ਗਿੱਧਾ ਤਿੰਨ ਅਦਾਵਾਂ ਦੇ ਸੰਗਮ ਤੋਂ ਬਣਦਾ ਹੈ। ਇਹ ਹੱਥਾਂ ਨਾਲ ਪਾਇਆ ਜਾਂਦਾ ਹੈ, ਜ਼ੁਬਾਨ ਨਾਲ ਗਾਇਆ ਜਾਂਦਾ ਹੈ ਅਤੇ ਪੈਰਾਂ ਨਾਲ ਨੱਚਿਆ ਜਾਂਦਾ ਹੈ। ਇਨ੍ਹਾਂ ਤਿੰਨਾਂ ਵਿਧਾਵਾਂ ਨੂੰ ਨਖਰੇ ਦੀ ਪੁੱਠ ਦੇ ਕੇ ਮਾਹੌਲ ਨੂੰ ਚਰਮ ਸੀਮਾ ’ਤੇ ਪਹੁੰਚਾਇਆ ਜਾਂਦਾ ਹੈ।

ਗਿੱਧੇ ਲਈ ਕਿਸੇ ਵਿਸ਼ੇਸ਼ ਥਾਂ ਦੀ ਲੋੜ ਨਹੀਂ ਹੁੰਦੀ। ਜਦੋਂ ਵੀ ਕਤਿ ਕਿਸੇ ਖੁਸ਼ੀ ਦੇ ਮੌਕੇ ਔਰਤਾਂ ਜੁੜਦੀਆਂ ਹਨ ਤਾਂ ਗਿੱਧੇ ਦੀ ਥਾਂ ਉਹੀ ਮੁੱਕਰਰ ਕਰ ਲਈ ਜਾਂਦੀ ਹੈ, ਜਿੱਥੇ ਔਰਤਾਂ ਖੁਸ਼ੀ ਦੇ ਮੌਕੇ ਜੁੜਦੀਆਂ ਹਨ। ਪੁਰਾਣੇ ਸਮਿਆਂ ਵਿੱਚ ਇਹ ਨਾਚ ਕਿਸੇ ਨਿਯਮਾਂਵਲੀ ਤੋਂ ਮੁਕਤ ਹੋਇਆ ਕਰਦਾ ਸੀ। ਜਦੋਂ ਗਿੱਧਾ ਪਿੜਾਂ ਤੋਂ ਸਟੇਜ ’ਤੇ ਚੜਿਆ ਤਾਂ ਇਸ ਦੇ ਵੀ ਕੁਝ ਨਿਯਮ ਤੈਅ ਕਰ ਲਏ ਗਏ। ਸ਼ੁਰੂ-ਸ਼ੁਰੂ ਵਿੱਚ ਇਸ ਦੇ ਦਰਸ਼ਕ ਨੱਚਣ ਵਾਲੀਆਂ ਔਰਤਾਂ ਖ਼ੁਦ ਹੀ ਹੋਇਆ ਕਰਦੀਆਂ ਸਨ। ਜਦੋਂ ਇਸ ਦੇ ਨਿਯਮ ਬਣ ਗਏ ਤਾਂ ਇਹ ਨਾਚ ‘ਸਵੈ-ਨਾਚ’ ਤੋਂ ‘ਲੋਕ-ਨਾਚ’ ਬਣ ਗਿਆ। ਫਿਰ ਇਸ ਨਾਚ ਦੇ ਗੋਲ ਘੇਰੇ ਨੇ ਤੀਜ ਦੇ ਚੰਦ ਵਰਗੀ ਸ਼ਕਲ ਅਖਤਿਆਰ ਕਰ ਲਈ ਤਾਂ ਕਿ ਨਾਚ ਦੀਆਂ ਅਦਾਵਾਂ ਨੂੰ ਦਰਸ਼ਕ ਵੀ ਦੇਖ ਸਕਣ। ਗਿੱਧੇ ਵਿੱਚ ਪੈਣ ਵਾਲੀਆਂ ਬੋਲੀਆਂ ਜ਼ਿੰਦਗੀ ਦੇ ਸਾਰੇ ਰੰਗਾਂ ਨੂੰ ਆਪਣੇ ਕਲਾਵੇ ਵਿੱਚ ਲੈਂਦੀਆਂ ਹਨ। ਜ਼ਿੰਦਗੀ ਦੇ ਹੁਲਾਸ, ਰੁਮਾਂਸ, ਤਾਅਨੇ, ਮਿਹਣੇ, ਨਿਹੋਰੇ, ਨਖਰੇ, ਰਿਸ਼ਤੇ ਅਤੇ ਦੱਬੇ-ਘੁੱਟੇ ਜਜ਼ਬਾਤ ਬੋਲੀਆਂ ਰਾਹੀਂ ਬੁੱਲ੍ਹਾਂ ਦੀ ਦੇਹਲੀ ਲੰਘ ਕੇ ਸਮਾਜਿਕ-ਸੱਚ ਬਣਦੇ ਹਨ। ਗਿੱਧਾ ਇੱਕ ਅਜਿਹਾ ਪਿੜ ਹੁੰਦਾ ਹੈ ਜਿੱਥੇ ਸਾਰੀਆਂ ਸਮਾਜਿਕ ਮਾਨਤਾਵਾਂ ਅਤੇ ਰਿਸ਼ਤਿਆਂ ਦੇ ਨਿਯਮ ਕੁਝ ਸਮੇਂ ਲਈ ਭੰਗ ਹੋ ਜਾਂਦੇ ਹਨ। ਵਰਜਤਿ ਰਿਸ਼ਤਿਆਂ ਦੀ ਸੀਮਾ ਵੀ ਲੰਘੀ ਜਾਂਦੀ ਹੈ। ਨੂੰਹ-ਸੱਸ, ਨਣਦ-ਭਰਜਾਈ, ਜੇਠ-ਭਰਜਾਈ ਅਤੇ ਨੂੰਹ-ਸਹੁਰੇ ਵਾਲੇ ਰਿਸ਼ਤੇ ਵਿਚਲੇ ਸੂਖਮ ਭਾਵ ਵੀ ਵਿਅੰਗਮਈ ਖੰਭਾਂ ਨਾਲ ਅੰਗੜਾਈਆਂ ਲੈਂਦੇ ਹਨ। ਅੱਲ੍ਹੜਾਂ ਦੇ ਨਪੀੜੇ ਗਏ ਅਰਮਾਨ ਉੱਡਣ ਲੱਗਦੇ ਹਨ। ਗਿੱਧੇ ਦੀਆਂ ਬੋਲੀਆਂ ਰਾਹੀਂ ਸਮਾਜੀ ਬੰਦਸ਼ਾਂ ਵਿੱਚੋਂ ਜ਼ਿੰਦਗੀ ਦਾ ਹਕੀਕੀ ਰੰਗ ਵੀ ਉੱਘੜਦਾ ਹੈ। ਸਮਾਜਿਕ ਮਰਿਆਦਾ ਦੇ ਸੰਵਿਧਾਨ ਵਿੱਚ ਇਹ ਰੰਗ ‘ਕੌੜਾ-ਸੱਚ’ ਬਣ ਕੇ ਇੱਕ ਜੁਝਾਰੂ ਧਿਰ ਵਜੋਂ ਰੂਪਮਾਨ ਹੁੰਦਾ ਹੈ। ਸਵਾਂਗਾਂ ਜਾਂ ਤਮਾਸ਼ਿਆਂ ਰਾਹੀਂ ਗਿੱਧੇ ਨੂੰ ਹੋਰ ਰੌਚਿਕ ਅਤੇ ਸਚਾਈ ਦੇ ਹੋਰ ਨੇੜੇ ਕਰ ਲਿਆ ਜਾਂਦਾ ਹੈ। ਗਿੱਧਿਆਂ ਵਿੱਚ ਨਾਨਕਾ ਮੇਲ ਅਤੇ ਦਾਦਕਾ ਮੇਲ, ਦਿਉਰ-ਭਰਜਾਈ ਜਾਂ ਆਸ਼ਕ-ਮਸ਼ੂਕ ਬਣਕੇ ਨਾਟਕੀ ਅੰਦਾਜ਼ ਵਿੱਚ ਮੇਹਣੋ-ਮੇਹਣੀ ਹੁੰਦੇ ਹਨ। ਬੇਸ਼ੱਕ ਗਿੱਧੇ ਵਿੱਚ ਜ਼ਿੰਦਗੀ ਦੇ ਸਾਰੇ ਰੰਗ ਦੇਖਣ ਨੂੰ ਮਿਲਦੇ ਹਨ, ਪਰ ਮੋੜ ਦੇਣ ਵਾਲੀਆਂ ਬੋਲੀਆਂ ਜਾਂ ਵਾਰਤਾਲਾਪੀ ਬੋਲੀਆਂ ਨਾਲ ਗਿੱਧਾ ਆਪਣਾ ਪੂਰਾ ਜਲੌਅ ਦਿਖਾ ਜਾਂਦਾ ਹੈ। ਇਸ ਤਰ੍ਹਾਂ ਬੋਲੀਆਂ ਵਿਚਲੇ ਸੁਆਲ-ਜੁਆਬ ਗਿੱਧੇ ਨੂੰ ਰੌਚਿਕ ਤੇ ਦਿਲਚਸਪ ਬਣਾ ਦਿੰਦੇ ਹਨ। ਬੇਸ਼ੱਕ ਇਹ ਔਰਤਾਂ ਦਾ ਨਾਚ ਹੈ, ਪਰ ਅੱਜਕੱਲ੍ਹ ਇਸ ਵਿੱਚ ਮਰਦਾਂ ਦੀ ਸ਼ਮੂਲੀਅਤ ਵੀ ਹੋਣੀ ਸ਼ੁਰੂ ਹੋ ਗਈ ਹੈ। ਜਦੋਂ ਕੋਈ ਔਰਤ ਆਪਣੇ ਕਿਸੇ ਜੇਠ ਜਾਂ ਦਿਉਰ ਨੂੰ ਮੁਖਾਤਬਿ ਹੋ ਕੇ ਬੋਲੀ ਪਾਉਂਦੀ ਹੈ ਤਾਂ ਜੇਠ ਜਾਂ ਦਿਉਰ ਦੀ ਗੈਰਹਾਜ਼ਰੀ ਵਿੱਚ ਕੋਈ ਦੂਸਰੀ ਔਰਤ ਆਪਣੀਆਂ ਸਰੀਰਕ ਮੁਦਰਾਵਾਂ ਨੂੰ ਮਰਦਾਊ ਰੂਪ ਵਿੱਚ ਪੇਸ਼ ਕਰਕੇ ਉਸ ਦਾ ਜੁਆਬ ਦਿੰਦੀ ਹੈ। ਇਸ ਤਰ੍ਹਾਂ ਇਹ ਵਾਰਤਾਲਾਪੀ ਬੋਲੀਆਂ ਨਾਲ ਗਿੱਧਾ ਆਪਣੀ ਚਰਮ ਸੀਮਾ ’ਤੇ ਪੁੱਜ ਜਾਂਦਾ ਹੈ। ਅੱਕਜੱਲ੍ਹ ਗਿੱਧੇ ਵਿੱਚ ਪੁਰਸ਼ ਵੀ ਸ਼ਮੂਲੀਅਤ ਕਰਨ ਲੱਗ ਪਏ ਹਨ। ਜਦੋਂ ਕੋਈ ਪੁਰਸ਼ ਗਿੱਧੇ ਵਿੱਚ ਆ ਕੇ ਬੋਲੀ ਪਾਉਂਦਾ ਹੋਇਆ ਕਹਿੰਦਾ ਹੈ;

**ਨਾਲੇ ਹੂੰ ਕਰਕੇ ਨਾਲੇ ਹਾਂ ਕਰਕੇ,**
**ਗੇੜਾ ਦੇ ਦੇ ਨੀਂ ਮੁਟਿਆਰੇ,**
**ਲੰਮੀ ਬਾਂਹ ਕਰਕੇ।**

ਇਸ ਬੋਲੀ ਤੋਂ ਖਫ਼ਾ ਹੁੰਦੀ ਹੋਈ ਕੋਈ ਮੁਟਿਆਰ ਬੋਲੀ ਪਾਉਣ ਵਾਲੇ ਮਰਦ ਨੂੰ ਮੁਖਾਤਬਿ ਹੁੰਦੀ ਹੋਈ ਗਿੱਧੇ ਦੇ ਪਿੜ ਵਿੱਚ ਆ ਕੇ ਉਸ ਨੂੰ ਵੰਗਾਰਦੀ ਹੈ;

**ਪਾ ਲੈ ਚੂੜੀਆਂ, ਲਾ ਲੈ ਸੁਰਖੀ,**
**ਲਾਹ ਕੇ ਸੁੱਟ ਪਜਾਮਾ।**
**ਕੀ ਤੈਨੂੰ ਭੀੜ ਪਈ,**
**ਮਰਦੋਂ ਬਣੇ ਜਨਾਨਾ।**

ਨੂੰਹ ਤੇ ਸੱਸ ਦਾ ਰਿਸ਼ਤਾ ਸਾਡੇ ਗੀਤਾਂ ਜਾਂ ਲੋਕ-ਗੀਤਾਂ ਵਿੱਚ ਮੁੱਢ-ਕਦੀਮੋਂ ਹੀ ਟਕਰਾਅ ਵਾਲੀ ਸਥਤਿੀ ਵਿੱਚ ਰਿਹਾ ਹੈ। ਨੂੰਹ ਤੇ ਸੱਸ ਦੀਆਂ ਬੋਲੀਆਂ ਤੋਂ ਬਿਨਾਂ ਗਿੱਧਾ ਵੀ ਇੰਝ ਲੱਗਦਾ ਹੈ ਜਿਵੇਂ ਕੋਈ ਚੰਗੀ ਪੁਸਤਕ ਭੂਮਿਕਾ ਜਾਂ ਮੁੱਢਲੀ ਜਾਣਕਾਰੀ ਤੋਂ ਬਿਨਾਂ ਸੱਖਣੀ ਰਹਿ ਗਈ ਹੋਵੇ। ਨੂੰਹ ਆਪਣੇ ਘੁੱਟੇ ਹੋਏ ਵਲਵਲਿਆਂ ਦੇ ਸੀਤੇ ਹੋਏ ਬੁੱਲ੍ਹਾਂ ਨੂੰ ਗਿੱਧੇ ਦੇ ਪਿੜ ਵਿੱਚ ਬੋਲੀਆਂ ਰਾਹੀਂ ਖੋਲ੍ਹਦੀ ਹੋਈ ਕਹਿੰਦੀ ਹੈ;

**ਬਾਹਰ ਜਾਂਦਾ ਗੰਢੇ ਲਿਆਉਂਦਾ,**
**ਤੋੜ ਲਿਆਉਂਦਾ ਭੂਕਾਂ।**
**ਨੀਂ ਮੈਂ ਪੇਕੀਂ ਸੁਣਦੀ ਸਾਂ,**
**ਸੱਸੇ ਤੇਰੀਆਂ ਕਰਤੂਤਾਂ।**

ਇਸ ਦੇ ਜੁਆਬ ਵਿੱਚ ਦੂਸਰੀ ਔਰਤ ਸੱਸ ਦਾ ਬਦਲ ਬਣ ਕੇ ਆਪਣੀਆਂ ਭਵਨਾਵਾਂ ਦਾ ਪ੍ਰਗਟਾਵਾ ਇਉਂ ਕਰਦੀ ਹੈ;

**ਲੀੜੇ ਧੋਵਾਂ, ਕੱਪੜੇ ਧੋਵਾਂ,**
**ਮਾਂਜਦੀ ਪਰਾਂਤ।**
**ਨੀਂ ਮੈਂ ਨਿੱਜ ਵਿਆਹੁੰਦੀ ਨਾ,**
**ਨੂੰਹੇਂ ਤੇਰੀ ਜੇਹੀ ਕਮਜਾਤ।**

ਗਿੱਧੇ ਦੀਆਂ ਇਹ ਵਾਰਤਾਲਾਪੀ ਬੋਲੀਆਂ ਕਈ ਵਾਰੀ ਲੰਮੀਆਂ ਤੇ ਵਿਸਥਾਰਤ ਵੀ ਹੋ ਜਾਂਦੀਆਂ ਹਨ। ਕਈ ਵਾਰੀ ਇਨ੍ਹਾਂ ਬੋਲੀਆਂ ਵਿੱਚ ਕਿਸੇ ਗੁੰਝਲ ਇਤਿਹਾਸਕ ਵਿਵਰਣ ਨੂੰ ਦੱਸਣ ਦੀ ਕੋਸ਼ਿਸ਼ ਵੀ ਹੁੰਦੀ ਹੈ। ਇੱਕ ਔਰਤ ਆਪਣੇ ਸ਼ਰੀਕੇ ’ਚੋਂ ਲੱਗਦੇ ਜੇਠ ਨੂੰ ਆਪਣੇ ਪੇਕਿਆਂ ਤੋਂ ਰਿਸ਼ਤਾ ਕਰਵਾ ਦਿੰਦੀ ਹੈ। ਕਿਸੇ ਕਾਰਨ ਇਹ ਰਿਸ਼ਤਾ ਟੁੱਟ ਜਾਂਦਾ ਹੈ। ਜੇਠ ਇਸ ‘ਟੁੱਟ-ਫੁੱਟ’ ਦਾ ਦੋਸ਼ ਆਪਣੀ ਭਰਜਾਈ ਸਿਰ ਮੜ੍ਹਦਾ ਹੋਇਆ ਕਹਿੰਦਾ ਹੈ;

**ਸਾਕ ਮੇਰੇ ਦੀ ਭਾਨੀ ਮਾਰ ਕੇ,**
**ਚੰਗੀ ਨਹੀਂ ਤੂੰ ਕੀਤੀ।**
**ਮਾਹੀ ਤੇਰੇ ਨੂੰ ਪਾਈ ਮੁੰਦਰੀ,**
**ਤੈਨੂੰ ਪਾਈ ਤਵੀਤੀ।**
**ਝਾਕ ਸਾਹਮਣੇ ਮੇਰੇ ਹੁਣ ਤੂੰ,**
**ਕਿਉਂ ਬੈਠੀ ਚੁੱਪ ਕੀਤੀ।**
**ਤੂੰ ਕੁਲਵਿੰਦਰ ਕੁਰੇ, ਜੱਗੋਂ ਤੇਰਵੀਂ ਕੀਤੀ।**

ਇਸ ਬੋਲੀ ਦਾ ਮੋੜਵਾਂ ਜੁਆਬ ਦੂਜੀ ਔਰਤ ਘੁੰਢ ਕੱਢ ਕੇ ਦਿੰਦੀ ਹੈ। ਉਹ ਇੱਕ ਹੱਥ ਨਾਲ ਘੁੰਢ ਫੜਦੀ ਹੈ ਤੇ ਦੂਜੇ ਹੱਥ ਦੀ ਉਂਗਲ ਮਾਰ ਕੇ ਆਪਣੇ ਆਪ ਨੂੰ ਠੀਕ ਦਰਸਾਉਣ ਦੀ ਕੋਸ਼ਿਸ਼ ਕਰਦੀ ਹੈ;

**ਇਹ ਕੰਮ ਜੇਠਾ ਮੈਂ ਨ੍ਹੀਂ ਕੀਤਾ,**
**ਨਾ ਲਹਿੰਦੇ ਨਾ ਚੜ੍ਹਦੇ।**
**ਨਿੱਤ ਸ਼ਰਾਬਾਂ ਪੀਂਦਾ ਰਹਿੰਨੈ,**
**ਲਾਉਂਦਾ ਰਹਿੰਨੈ ਜਰਦੇ।**
**ਏਸ ਤਰ੍ਹਾਂ ਦੇ ਸਾਕ ਵੇ ਜੇਠਾ,**
**ਕਦੋਂ ਨੇਪਰੇ ਚੜ੍ਹਦੇ।**
**ਜੀਹਨੇ ਧੀ ਦੇਣੀ,**
**ਸੌ ਫੋਲਣਗੇ ਪੜਦੇ।**

ਜੇਠ ਤੇ ਭਰਜਾਈ ਦਾ ਸੰਕੋਚਵਾਂ ਰਿਸ਼ਤਾ ਗਿੱਧੇ ਦੇ ਪਿੜ ਵਿੱਚ ਬਾਘੀਆਂ ਪਾ ਉੱਠਦਾ ਹੈ। ਇੱਕ ਵੇਲਾ ਸੀ ਜਦੋਂ ਲਿੰਗ ਅਨੁਪਾਤ ਦੇ ਵਿਗਾੜ ਕਰਕੇ ਚਾਰਾਂ ਜਾਂ ਪੰਜਾਂ ਭਰਾਵਾਂ ਵਿੱਚੋਂ ਸਿਰਫ਼ ਇੱਕ ਜਾਂ ਦੋ ਹੀ ਵਿਆਹੇ ਜਾਂਦੇ ਸਨ। ਆਮ ਕਰਕੇ ਹਰ ਘਰ ਵਿੱਚ ਕੋਈ ਨਾ ਕੋਈ ਛੜਾ ਜ਼ਰੂਰ ਹੁੰਦਾ ਸੀ। ਛੜਾ ਕਾਮੁਕ ਪੱਖ ਤੋਂ ਬੰਜਰ ਰਹਿਣ ਕਰਕੇ ਗੀਤਾਂ ਜਾਂ ਲੋਕ-ਗੀਤਾਂ ਵਿੱਚ ਇੱਕ ਮਜ਼ਾਕ ਦਾ ਪਾਤਰ ਬਣ ਕੇ ਰਹਿ ਗਿਆ। ਗਿੱਧੇ ਦੇ ਪਿੜ ਵਿੱਚ ਜੇਠ-ਭਰਜਾਈ ਦੀ ਨੋਕ-ਝੋਕ ਅਕਸਰ ਹੁੰਦੀ ਰਹਿੰਦੀ ਹੈ। ਛੜੇ ਜੇਠ ਦੀ ਪਾਤਰਤਾ ਮਜ਼ਾਕੀਏ ਲਹਜਿੇ ਵਿੱਚ ਗਿੱਧਿਆਂ ਦੇ ਰੰਗਾਂ ਵਿੱਚ ਵੀ ਪ੍ਰਵੇਸ਼ ਕਰਦੀ ਹੈ। ਇੱਕ ਔਰਤ ਆਪਣੇ ਖੱਬੇ ਹੱਥ ਦੀ ਤਲੀ ਨੂੰ ਆਪਣੇ ਸੱਜੇ ਹੱਥ ਦੀ ਤਲੀ ਨਾਲ ਆਪਣੀਆਂ ਸਰੀਰਕ ਮੁਦਰਾਵਾਂ ਰਾਹੀਂ ਇਉਂ ਕੁੱਟਦੀ ਹੈ ਜਿਵੇਂ ਕਿਸੇ ਚੀਜ਼ ਨੂੰ ਕੁੱਟ ਰਹੀ ਹੋਵੇ। ਨੱਚਦੀ ਹੋਈ ਇਉਂ ਬੋਲੀ ਪਾਉਂਦੀ ਹੈ;

**ਖੱਟੀ ਚੁੰਨੀ ਨੀਂ ਮੈਂ ਧਾਰ ਚੋਣ ਗਈ ਸਾਂ,**
**ਖੱਟੀ ਚੁੰਨੀ ਨੇ ਮੇਰਾ ਗਲ ਘੁੱਟਤਾ।**
**ਨੀਂ ਮੈਂ ਕੱਟੇ ਦੇ ਭੁਲੇਖੇ, ਛੜਾ ਜੇਠ ਕੁੱਟਤਾ।**

‘ਦੇਰ ਆਏ, ਦਰੁਸਤ ਆਏ’ ਦੀ ਭਾਵਨਾ ਅਨੁਸਾਰ ਛੜਾ ਜੇਠ ਇਸ ਅਣਹੋਣੀ ਵਿੱਚੋਂ ਵੀ ਸੁਆਦ ਲੈਂਦਾ ਹੋਇਆ ਬੇਸ਼ਰਮ ਜਿਹਾ ਬਣ ਕੇ ਆਖ ਉੱਠਦਾ ਹੈ;

**ਡੰਗਰਾਂ ਦੇ ਵਾੜੇ ਕੱਲ੍ਹ ਧਾਰ ਚੋਣ ਗਈ ਸੀ ਤੂੰ,**
**ਮੈਂ ਵੀ ਤੇਰੇ ਨਾਲ ਭਾਬੀ ਮਾਰ ਗਿਆ ਠੱਗੀ।**
**ਤੇਰੇ ਕੂਲਿਆਂ ਹੱਥਾਂ ਦੀ, ਭੋਰਾ ਪੀੜ ਨਾ ਲੱਗੀ।**

ਛੜੇ ਦੀ ਭੂਮਿਕਾ ਤੋਂ ਬਿਨਾਂ ਵੀ ਗਿੱਧਾ ਅਧੂਰਾ ਦਿਖਾਈ ਦਿੰਦਾ ਹੈ। ਇੱਕ ਮੁਟਿਆਰ ਛੜੇ ਦੇ ਗੁਸੈਲੇ ਸੁਭਾਅ ’ਤੇ ਵਿਅੰਗ ਕਰਦੀ ਹੋਈ ਬੋਲੀ ਪਾਉਂਦੀ ਹੈ;

**ਗੇੜ-ਗੇੜ ਕੇ ਪਾਣੀ ਛੜੇ ਨੇ,**
**ਸਿਰ ’ਤੇ ਘੜਾ ਟਿਕਾਇਆ।**
**ਭਾਲ-ਭਾਲ ਕੇ ਬਾਲਣ ਖੇਤੋਂ,**
**ਆਣ ਤੰਦੂਰ ਤਪਾਇਆ।**
**ਅੱਗ ਛੜੇ ਦੇ ਮੂੰਹ ਨੂੰ ਪੈਗੀ,**
**ਭੱਜਿਆ ਬਾਹਰ ਨੂੰ ਆਇਆ।**
**ਲੱਤ ਮਾਰ ਕੇ ਢਾਹਤਾ ਚੁੱਲ੍ਹਾ,**
**ਆਟਾ ਰੇਤ ਰੁਲਾਇਆ।**
**ਐਡੇ ਹਰਖੀ ਨੇ,**
**ਵਿਆਹ ਕਿਉਂ ਨਾ ਕਰਵਾਇਆ।**

ਛੜਾ ਵੀ ਅੱਗੋਂ ਘੱਟ ਨਹੀਂ। ਉਹ ਵੀ ਉਸ ਨੂੰ ਉਸੇ ਅੰਦਾਜ਼ ਵਿੱਚ ਜੁਆਬ ਦਿੰਦਾ ਹੈ;

**ਤੈਨੂੰ ਕਾਹਦਾ ਸੰਸਾ ਰਕਾਨੇ,**
**ਮੈਂ ਹਾਂ ਰੱਬ ਦਾ ਲਾੜਾ।**
**ਖਸਖਸ ਵਿੱਚ ਬਦਾਮ ਘੋਟਕੇ,**
**ਰੋਜ਼ ਛਕੀਦੈ ਕਾੜ੍ਹਾ।**
**ਘਰੇ ਆਪਣੇ ਚੁੱਲ੍ਹਾ ਭੰਨਾ,**
**ਚਾਹੇ ਭੰਨਾ ਮੈਂ ਹਾਰਾ।**
**ਮਾਲਕ ਮਰਜ਼ੀ ਦਾ,**
**ਤੈਨੂੰ ਕਾਸਦਾ ਸਾੜਾ।**

ਇਹ ਲੋਕ ਬੋਲੀਆਂ ਕਈ ਵਾਰ ਕਾਮੁਕ ਭੁੱਖ ਵਿੱਚੋਂ ਚੰਗੇਰੇ ਭਵਿੱਖ ਦੀ ਲਾਲਸਾ ਵੀ ਪ੍ਰਗਟਾਅ ਜਾਂਦੀਆਂ ਹਨ ਜਾਂ ਇੰਝ ਕਹਿ ਲਓ ਕਿ ਚੰਗੇਰੇ ਭਵਿੱਖ ਦੀ ਆੜ ਵਿੱਚ ਇਹ ਲੋਕ ਬੋਲੀਆਂ ਕਾਮੁਕ ਰੁਚੀਆਂ ਨੂੰ ਸ਼ਾਂਤ ਕਰਨ ਦਾ ਵਸੀਲਾ ਬਣਦੀਆਂ ਹਨ। ਘਰ ਦੀ ਟੁੱਟੀ ਹੋਈ ਆਰਥਿਕਤਾ ਦੇ ਸੰਦਰਭ ਵਿੱਚੋਂ ਇੱਕ ਨਵੀਂ ਵਿਆਹੀ ਔਰਤ ਆਪਣੇ ਪਤੀ ਨੂੰ ਇੱਕ ਮਰੋੜਾ ਜਿਹਾ ਦਿੰਦੀ ਕਹਿੰਦੀ ਹੈ;

**ਜੇਠ-ਜੇਠਾਣੀ ਅੰਦਰ ਸੌਂਦੇ, ਤੇਰਾ ਮੰਜਾ ਬਾਹਰ।**
**ਵੇ ਜੈ ਵੱਢੀ ਦਿਆ, ਕਿਵੇਂ ਵਧੂ ਪਰਿਵਾਰ।**

ਇਹ ਬਹੁ-ਅਰਥੀ ਬੋਲੀ ਸਰੀਰਕ, ਆਰਥਿਕ ਅਤੇ ਭਵਿੱਖੀ ਚਿੰਤਾ ਦੇ ਸੁਮੇਲ ਵਜੋਂ ਰੂਪਮਾਨ ਹੁੰਦੀ ਹੈ। ਉਸ ਔਰਤ ਦਾ ਪਤੀ ਘਰ ਦੀ ਗੰਢੀ-ਤੁੱਪੀ ਆਰਥਿਕਤਾ ਨੂੰ ਧਿਆਨ ਵਿੱਚ ਰੱਖਦਿਆਂ ਮੋੜ ਦਿੰਦਾ ਹੈ;

**ਪਿਛਲੇ ਸਾਲ ਝਲਾਨੀ ਪਾਈ,**
**ਲੈ ਲਿਆ ਐਤਕੀ ਬੋਤਾ**
**ਨੀਂ ਆਉਂਦੀ ਸਰਦੀ ਨੂੰ ਪੈ ਜੂ ਆਪਣਾ ਕੋਠਾ।**

ਗਿੱਧੇ ਦੇ ਪਿੜ ਅੰਦਰਲਾ ਵਿਧਾਨ ਕਿਸੇ ਨੂੰ ਵੀ ਨਹੀਂ ਬਖਸ਼ਦਾ। ਨਾ ਇਹ ਕਿਸੇ ਦੀ ਉਮਰ ਦਾ ਲਿਹਾਜ ਕਰਦਾ ਹੈ ਤੇ ਨਾ ਹੀ ਇਹ ਕਿਸੇ ਰਿਸ਼ਤੇ ਦੀ ਪਰਵਾਹ ਕਰਦਾ ਹੈ। ਕਈ ਵਾਰ ਗਿੱਧੇ ਵਿੱਚ ਕਿਸੇ ਰਾਹ ਜਾਂਦੇ ਖਚਰੇ ਤੇ ਰੁਮਾਂਟਿਕ ਕਿਸਮ ਦੇ ਬੁੱਢੇ ਨੂੰ ਵੀ ਵੰਗਾਰਿਆ ਤੇ ਲਲਕਾਰਿਆ ਜਾਂਦਾ ਹੈ;

**ਦਾੜ੍ਹੀ ਵਾਲਿਆ ਟੇਢਾ ਝਾਕਦੈਂ,**
**ਇਹ ਤੇਰਾ ਕੰਮ ਮਾੜਾ।**
**ਤੇਰੇ ਨਾਲ ਦੇ ਪੜ੍ਹਨ ਪੋਥੀਆਂ,**
**ਤੜਕੇ ਫੇਰਦੇ ਮਾਲਾ।**
**ਨੇੜੇ ਹੋ ਕੇ ਦੱਸ ਕਹਾਣੀ,**
**ਕਾਹਤੋਂ ਕਰੇ ਇਸ਼ਾਰਾ।**
**ਮੇਰੀ ਬੋਲੀ ਦਾ, ਮੋੜ ਕਰੀਂ ਸਰਦਾਰਾ।**

ਦੂਸਰੀ ਔਰਤ ਸਿਰ ’ਤੇ ਚੁੰਨੀ ਦਾ ਮੜਾਸਾ ਮਾਰ ਕੇ ਬਜ਼ੁਰਗ ਦਾ ਭੇਸ ਧਾਰਨ ਕਰਦੀ ਹੋਈ ਮੁੱਛਾਂ ਨੂੰ ਤਾਅ ਦਿੰਦੀ ਹੋਈ ਬੋਲੀ ਪਾਉਂਦੀ ਹੈ;

**ਸੁਣ ਲੈ ਕੁੜੀਏ ਮੈਂ ਵੀ ਪੀਤੈ,**
**ਘਾਟ-ਘਾਟ ਦਾ ਪਾਣੀ।**
**ਸੁਰਗਾਂ ਵਿੱਚ ਕਈ ਜਾ ਕੇ ਬਹਿਗੇ,**
**ਹਾਣ ਮੇਰੇ ਦੇ ਹਾਣੀ।**
**ਮੈਂ ਹਾਂ ਤੇਰੇ ਬਾਪੂ ਹਾਣ ਦਾ,**
**ਤੂੰ ਹੈਂ ਅਜੇ ਨਿਆਣੀ।**
**ਪੁੱਛ ਲੈ ਜੋ ਪੁੱਛਣਾ,**
**ਭੌਂਦੂ ਬੁੜ੍ਹਾ ਨਾ ਜਾਣੀ।**



# ਵਿਦੇਸ਼ਾਂ ਵਿੱਚ ਅਧਿਐਨ ਕਰਨ ਲਈ ਭਾਰਤੀ ਵਿਦਿਆਰਥੀਆਂ ਲਈ ਇੱਕ ਸੰਪੂਰਨ ਦਿਸ਼ਾ-ਨਿਰਦੇਸ਼

**ਵਿਦੇਸ਼ਾਂ ਵਿੱਚ ਅਧਿਐਨ ਕਰੋ** : ਪਿਛਲੇ ਦਹਾਕੇ ਵਿੱਚ, ਅੰਤਰਰਾਸ਼ਟਰੀ ਸਿੱਖਿਆ ਦੀ ਪ੍ਰਾਪਤੀ ਨੇ ਭਾਰਤ ਵਿੱਚ ਇੱਕ ਡੂੰਘੀ ਤਬਦੀਲੀ ਕੀਤੀ ਹੈ। ਰਵਾਇਤੀ ਤੌਰ ’ਤੇ, ਉੱਚ ਲਾਗਤ, ਪ੍ਰਸਿੱਧ ਯੂਨੀਵਰਸਿਟੀਆਂ ਨਾਲ ਜੁੜੀ ਸਾਖ, ਅਤੇ ਸੀਮਤ ਪਹੁੰਚਯੋਗਤਾ ਦੇ ਕਾਰਨ, ਵਿਦੇਸ਼ਾਂ ਵਿੱਚ ਅਧਿਐਨ ਕਰਨ ਵਾਲੇ ਪ੍ਰੋਗਰਾਮਾਂ ਨੂੰ ਮੁੱਖ ਤੌਰ ’ਤੇ ਅਮੀਰ ਵਰਗ ਦੁਆਰਾ ਚੁਣਿਆ ਜਾਂਦਾ ਸੀ। ਵਿਦੇਸ਼ ਮੰਤਰਾਲੇ ਦੇ ਅਨੁਸਾਰ, ਸਾਲ 2022 ਵਿੱਚ 1.3 ਮਿਲੀਅਨ ਤੋਂ ਵੱਧ ਭਾਰਤੀ ਵਿਦਿਆਰਥੀਆਂ ਨੇ ਵੱਖ-ਵੱਖ ਸਿੱਖਿਆ ਪ੍ਰੋਗਰਾਮਾਂ ਦੇ ਤਹਿਤ ਵਿਦੇਸ਼ਾਂ ਵਿੱਚ ਆਪਣੀ ਪੜ੍ਹਾਈ ਕੀਤੀ। ਵਿਦੇਸ਼ਾਂ ਵਿੱਚ ਆਪਣੀ ਪੜ੍ਹਾਈ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਵਿੱਚ ਹੋਏ ਵਾਧੇ ਕਾਰਨ ਵੰਡੇ ਗਏ ਸਿੱਖਿਆ ਕਰਜ਼ਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਇਸ ਨੇ ਆਖਰਕਾਰ ਭਾਰਤੀ ਅਰਥਚਾਰੇ ਦੇ ਵਿਕਾਸ ਦੇ ਚੱਕਰ ਵਿੱਚ ਵਾਧਾ ਕੀਤਾ ਹੈ। ਇਸ ਤੋਂ ਇਲਾਵਾ, ਇਸ ਨੇ ਭਾਰਤ ਵਿੱਚ ਅੰਤਰਰਾਸ਼ਟਰੀ ਸੰਸਥਾਵਾਂ ਦੀ ਸੰਖਿਆ ਵਿੱਚ ਮਹੱਤਵਪੂਰਨ ਵਾਧਾ ਕੀਤਾ ਹੈ, ਜਿਸ ਨਾਲ ਦੇਸ਼ ਛੱਡੇ ਬਿਨਾਂ ਵੀ ਗਲੋਬਲ ਸਿੱਖਿਆ ਲਈ ਵਧੇ ਹੋਏ ਮੌਕਿਆਂ ਦੀ ਉਪਲਬਧਤਾ ਹੋਈ ਹੈ। ਇਸ ਲੇਖ ਦਾ ਉਦੇਸ਼ ਇਸ ਪਰਿਵਰਤਨ ਨੂੰ ਚਲਾਉਣ ਵਾਲੇ ਕਾਰਕਾਂ ਬਾਰੇ ਕੀਮਤੀ ਜਾਣਕਾਰੀ ਪ੍ਰਦਾਨ ਕਰਨਾ ਹੈ ਅਤੇ ਵਿਦੇਸ਼ਾਂ ਵਿੱਚ ਆਪਣੀ ਪੜ੍ਹਾਈ ਨੂੰ ਅੱਗੇ ਵਧਾਉਣ ਦੇ ਟੀਚੇ ਵਾਲੇ ਵਿਦਿਆਰਥੀਆਂ ਲਈ ਉਪਲਬਧ ਰਣਨੀਤੀਆਂ ਅਤੇ ਸਰੋਤਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿੱਚ ਆਪਣੀ ਪੜ੍ਹਾਈ ਕਿਉਂ ਕਰਨ ਦੀ ਚੋਣ ਕਰ ਰਹੇ ਹਨ? ਵਿਦੇਸ਼ਾਂ ਵਿੱਚ ਪੜ੍ਹ ਰਹੇ ਭਾਰਤੀ ਵਿਦਿਆਰਥੀ ਹਾਲ ਹੀ ਦੇ ਸਾਲਾਂ ਵਿੱਚ, ਵਿਦੇਸ਼ਾਂ ਵਿੱਚ ਆਪਣੀ ਪੜ੍ਹਾਈ ਨੂੰ ਅੱਗੇ ਵਧਾਉਣ ਲਈ ਭਾਰਤੀ ਵਿਦਿਆਰਥੀਆਂ ਵਿੱਚ ਦਿਲਚਸਪੀ ਵਧ ਰਹੀ ਹੈ। ਇਹ ਰੁਝਾਨ ਕਈ ਕਾਰਕਾਂ ’ਤੇ ਨਿਰਭਰ ਕਰਦਾ ਹੈ, ਜਿਸ ਵਿੱਚ ਗਲੋਬਲ ਐਕਸਪੋਜ਼ਰ, ਬਿਹਤਰ ਕਰੀਅਰ ਦੀਆਂ ਸੰਭਾਵਨਾਵਾਂ, ਅਤੇ ਸਿੱਖਿਆ ਦੀ ਬਿਹਤਰ ਗੁਣਵੱਤਾ ਸ਼ਾਮਲ ਹੈ।

**ਗਲੋਬਲ ਐਕਸਪੋਜ਼ਰ:** ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿੱਚ ਆਪਣੀ ਪੜ੍ਹਾਈ ਨੂੰ ਅੱਗੇ ਵਧਾਉਣ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਹੈ ਗਲੋਬਲ ਐਕਸਪੋਜ਼ਰ ਹਾਸਲ ਕਰਨਾ। ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਨਾਲ ਵਿਦਿਆਰਥੀਆਂ ਨੂੰ ਵੱਖ-ਵੱਖ ਸਭਿਆਚਾਰਾਂ, ਵਿਦਵਾਨਾਂ, ਸਲਾਹਕਾਰਾਂ, ਦੁਨੀਆ ਭਰ ਦੇ ਵਿਦਿਆਰਥੀਆਂ ਨਾਲ ਗੱਲਬਾਤ ਦਾ ਅਨੁਭਵ ਕਰਨ ਦੀ ਇਜਾਜ਼ਤ ਮਿਲਦੀ ਹੈ ਜੋ ਉਹਨਾਂ ਦੀ ਦੂਰੀ ਨੂੰ ਵਧਾਉਣ ਵਿੱਚ ਉਹਨਾਂ ਦੀ ਮਦਦ ਕਰਦੇ ਹਨ।

ਬਿਹਤਰ ਕਰੀਅਰ ਦੀਆਂ ਸੰਭਾਵਨਾਵਾਂ: ਬਹੁਤ ਸਾਰੀਆਂ ਅੰਤਰਰਾਸ਼ਟਰੀ ਯੂਨੀਵਰਸਿਟੀਆਂ ਉੱਚ-ਗੁਣਵੱਤਾ ਵਾਲੀ ਸਿੱਖਿਆ ਅਤੇ ਵਿਸ਼ੇਸ਼ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦੀਆਂ ਹਨ ਜੋ ਭਾਰਤ ਵਿੱਚ ਉਪਲਬਧ ਨਹੀਂ ਹਨ। ਇਸ ਤੋਂ ਇਲਾਵਾ, ਭਾਰਤ ਅਤੇ ਦੁਨੀਆ ਭਰ ਦੇ ਮਾਲਕਾਂ ਦੁਆਰਾ ਅੰਤਰਰਾਸ਼ਟਰੀ ਡਿਗਰੀਆਂ ਦੀ ਅਕਸਰ ਬਹੁਤ ਕਦਰ ਕੀਤੀ ਜਾਂਦੀ ਹੈ।

**ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ:** ਚੋਟੀ ਦੀਆਂ ਅੰਤਰਰਾਸ਼ਟਰੀ ਯੂਨੀਵਰਸਿਟੀਆਂ ਅਤਿ-ਆਧੁਨਿਕ ਖੋਜ ਸਹੂਲਤਾਂ, ਵਿਸ਼ਵ-ਪੱਧਰੀ ਫੈਕਲਟੀ, ਅਤੇ ਗੁਣਵੱਤਾ ਵਿੱਚ ਭਰਪੂਰ ਅਕਾਦਮਿਕ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦੀਆਂ ਹਨ। ਇਹ ਵਿਦਿਆਰਥੀਆਂ ਨੂੰ ਉਹਨਾਂ ਹੁਨਰਾਂ ਅਤੇ ਗਿਆਨ ਨੂੰ ਵਿਕਸਿਤ ਕਰਨ ਵਿੱਚ ਮਦਦ ਕਰਦਾ ਹੈ ਜਿਸਦੀ ਉਹਨਾਂ ਨੂੰ ਸਫਲਤਾ ਦੀ ਭਾਲ ਵਿੱਚ ਲੋੜ ਹੁੰਦੀ ਹੈ। ਵਿਦੇਸ਼ਾਂ ਵਿੱਚ ਆਪਣੀ ਪੜ੍ਹਾਈ ਕਰ ਰਹੇ ਭਾਰਤੀ ਵਿਦਿਆਰਥੀਆਂ ਨੂੰ ਕੁਝ ਖਾਸ ਡੋਮੇਨ ਅਤੇ ਲਾਭ ਹੇਠਾਂ ਦਿੱਤੇ ਅਨੁਸਾਰ ਹਨ:

**ਕੈਰੀਅਰ ਅਸੈਸਮੈਂਟ ਟੈਸਟ ਇੰਜੀਨੀਅਰਿੰਗ:** ਜਿਹੜੇ ਵਿਦਿਆਰਥੀ ਇੰਜੀਨੀਅਰਿੰਗ ਡੋਮੇਨ ਵਿੱਚ ਵਿਦੇਸ਼ਾਂ ਵਿੱਚ ਆਪਣੀ ਪੜ੍ਹਾਈ ਕਰਦੇ ਹਨ, ਉਹਨਾਂ ਨੂੰ ਅਤਿ-ਆਧੁਨਿਕ ਖੋਜ ਪ੍ਰੋਜੈਕਟਾਂ ਅਤੇ ਨਵੀਨਤਮ ਤਕਨਾਲੋਜੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਨੂੰ ਵਿਸ਼ਵ ਪ੍ਰਸਿੱਧ ਪ੍ਰੋਫੈਸਰਾਂ ਅਤੇ ਵਿਦਵਾਨਾਂ ਤੋਂ ਸਿੱਖਣ ਦਾ ਮੌਕਾ ਮਿਲਦਾ ਹੈ। ਇਹ ਉਹਨਾਂ ਨੂੰ ਭਾਰਤ ਦੇ ਨਾਲ-ਨਾਲ ਵਿਦੇਸ਼ਾਂ ਵਿੱਚ ਰੁਜ਼ਗਾਰ ਦੇ ਮੌਕਿਆਂ ਦੇ ਮੇਲ ਲਈ ਲੋੜੀਂਦੇ ਗਿਆਨ ਅਤੇ ਹੁਨਰਾਂ ਨੂੰ ਵਿਕਸਤ ਕਰਨ ਵਿੱਚ ਮਦਦ ਕਰਦਾ ਹੈ।

**ਵਪਾਰ ਅਤੇ ਪ੍ਰਬੰਧਨ:** ਜਿਹੜੇ ਵਿਦਿਆਰਥੀ ਵਿਦੇਸ਼ਾਂ ਵਿੱਚ ਆਪਣੇ ਕਾਰੋਬਾਰ ਜਾਂ ਪ੍ਰਬੰਧਨ ਦੀ ਪੜ੍ਹਾਈ ਕਰਦੇ ਹਨ, ਉਹਨਾਂ ਕੋਲ ਸਭ ਤੋਂ ਵਧੀਆ ਗਲੋਬਲ ਅਭਿਆਸਾਂ ਦਾ ਸਾਹਮਣਾ ਕਰਦੇ ਹੋਏ ਤਜਰਬੇਕਾਰ ਕਾਰੋਬਾਰੀ ਨੇਤਾਵਾਂ ਤੋਂ ਸਿੱਖਣ ਦਾ ਮੌਕਾ ਹੁੰਦਾ ਹੈ। ਇਹ ਉਹਨਾਂ ਦੇ ਉੱਦਮ ਨੂੰ ਸ਼ੁਰੂ ਕਰਨ ਜਾਂ ਬਹੁ-ਰਾਸ਼ਟਰੀ ਕਾਰਪੋਰੇਸ਼ਨ ਵਿੱਚ ਨੌਕਰੀ ਕਰਨ ਲਈ ਲੋੜੀਂਦੇ ਹੁਨਰਾਂ ਅਤੇ ਗਿਆਨ ਨੂੰ ਤਿੱਖਾ ਕਰਨ ਵੱਲ ਅਗਵਾਈ ਕਰਦਾ ਹੈ।

**ਮੈਡੀਸਨ:** ਜਿਹੜੇ ਵਿਦਿਆਰਥੀ ਦਵਾਈ ਵਿੱਚ ਆਪਣੀ ਵਿਦੇਸ਼ੀ ਪੜ੍ਹਾਈ ਕਰਦੇ ਹਨ ਉਨ੍ਹਾਂ ਕੋਲ ਵਿਸ਼ਵ ਪੱਧਰੀ ਡਾਕਟਰਾਂ, ਵਿਦਵਾਨਾਂ ਅਤੇ ਖੋਜਕਰਤਾਵਾਂ ਤੋਂ ਸਿੱਖਣ ਦਾ ਮੌਕਾ ਹੁੰਦਾ ਹੈ। ਇਹ ਦਵਾਈ ਵਿੱਚ ਉਹਨਾਂ ਦੇ ਸਮੁੱਚੇ ਹੁਨਰ ਅਤੇ ਗਿਆਨ ਨੂੰ ਵਧਾਉਂਦਾ ਹੈ ਜੋ ਭਾਰਤ ਜਾਂ ਵਿਦੇਸ਼ ਵਿੱਚ ਇੱਕ ਨਿਪੁੰਨ ਦਵਾਈ ਪ੍ਰੈਕਟੀਸ਼ਨਰ ਬਣਨ ਦੀ ਕੁੰਜੀ ਹੈ। ’ਤੇ ਕੋਵਿਡ-19 ਦਾ ਪ੍ਰਭਾਵਇੰਡੀਅਨ ਸਟੱਡੀ ਅਬਰੌਡ ਈਕੋਸਿਸਟਮ



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਭਾਰਤੀ ਵਿਦੇਸ਼ ਮੰਤਰਾਲੇ ਦੀ ਇੱਕ ਰਿਪੋਰਟ ਦੇ ਅਨੁਸਾਰ, ਵਿਦੇਸ਼ਾਂ ਵਿੱਚ ਪੜ੍ਹਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 2019-20 ਵਿੱਚ 7,57,273 ਤੋਂ ਘਟ ਕੇ 2020-21 ਵਿੱਚ 4,47,255 ਹੋ ਗਈ, ਜਿਸ ਨਾਲ 40% ਤੋਂ ਵੱਧ ਦੀ ਗਿਰਾਵਟ ਆਈ। ਜਦੋਂ ਕਿ 5.8 ਲੱਖ ਭਾਰਤੀ ਵਿਦਿਆਰਥੀ 2019 ਵਿੱਚ ਦੂਜੇ ਦੇਸ਼ਾਂ ਵਿੱਚ ਆਪਣੀ ਪੜ੍ਹਾਈ ਨੂੰ ਅੱਗੇ ਵਧਾਉਣ ਲਈ ਗਏ ਸਨ, 2020 ਵਿੱਚ ਮਹਾਂਮਾਰੀ ਕਾਰਨ ਇਹ ਘਟ ਕੇ 2.59 ਲੱਖ ਰਹਿ ਗਏ ਸਨ। ਭਾਵੇਂ ਕਿ 2021 ਵਿੱਚ ਇਹ ਗਿਣਤੀ ਵਧੀ ਹੈ, ਇਹ ਅਜੇ ਵੀ ਮਹਾਂਮਾਰੀ ਤੋਂ ਪਹਿਲਾਂ ਦੇ ਪੱਧਰਾਂ ਨੂੰ ਫੜਨਾ ਬਾਕੀ ਹੈ। ਅੰਤਰਰਾਸ਼ਟਰੀ ਸਿੱਖਿਆ ਵਿੱਚ ਇਸ ਗਿਰਾਵਟ ਵਿੱਚ ਯੋਗਦਾਨ ਪਾਉਣ ਵਾਲੇ ਕਾਰਕਾਂ ਵਿੱਚ ਹੇਠ ਲਿਖੇ ਸ਼ਾਮਲ ਹਨ:

**ਯਾਤਰਾ ਪਾਬੰਦੀਆਂ:** ਕਈ ਦੇਸ਼ਾਂ ਨੇ ਕੋਵਿਡ-19 ਮਹਾਂਮਾਰੀ ਦੌਰਾਨ ਯਾਤਰਾ ਪਾਬੰਦੀਆਂ ਲਗਾਈਆਂ, ਜਿਸ ਨਾਲ ਭਾਰਤੀ ਵਿਦਿਆਰਥੀਆਂ ਲਈ ਵਿਦੇਸ਼ ਯਾਤਰਾ ਕਰਨਾ ਮੁਸ਼ਕਲ ਹੋ ਗਿਆ। ਔਨਲਾਈਨ ਲਰਨਿੰਗ: ਯੂਨੀਵਰਸਿਟੀਆਂ ਨੇ ਔਨਲਾਈਨ ਲਰਨਿੰਗ ਵੱਲ ਬਦਲਿਆ, ਜੋ ਕਿ ਸਾਰੇ ਵਿਦਿਆਰਥੀਆਂ ਲਈ ਇੱਕ ਆਦਰਸ਼ ਦ੍ਰਿਸ਼ ਨਹੀਂ ਸੀ। ਵਿੱਤੀ ਮੁਸ਼ਕਲਾਂ: ਮਹਾਂਮਾਰੀ ਨੇ ਬਹੁਤ ਸਾਰੇ ਭਾਰਤੀ ਪਰਿਵਾਰਾਂ ਲਈ ਆਰਥਿਕ ਤੰਗੀ ਪੈਦਾ ਕੀਤੀ, ਜਿਸ ਨਾਲ ਉਨ੍ਹਾਂ ਲਈ ਵਿਦੇਸ਼ੀ ਸਿੱਖਿਆ ਦਾ ਖਰਚਾ ਚੁੱਕਣਾ ਮੁਸ਼ਕਲ ਹੋ ਗਿਆ। ਹਾਲਾਂਕਿ, ਦੇਰ ਨਾਲ, ਵਿਦੇਸ਼ਾਂ ਵਿੱਚ ਆਪਣੀ ਪੜ੍ਹਾਈ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਸੰਖਿਆ ਵਿੱਚ 2021-22 ਤੋਂ ਬਾਅਦ ਵਿੱਚ ਵਾਧਾ ਹੋਇਆ ਹੈ, ਜਿਸ ਵਿੱਚ 6,82,223 ਵਿਦਿਆਰਥੀ ਵਿਦੇਸ਼ ਜਾ ਰਹੇ ਹਨ। ਇਹ ਪਿਛਲੇ ਸਾਲ ਲਈ ਉਪਲਬਧ ਡੇਟਾ ਦੇ ਮੁਕਾਬਲੇ 50% ਤੋਂ ਵੱਧ ਦਾ ਵਾਧਾ ਦਰਸਾਉਂਦਾ ਹੈ। ਮੁੱਖ ਕਾਰਕਾਂ ਵਿੱਚ ਆਸਾਨ ਯਾਤਰਾ ਪਾਬੰਦੀਆਂ, ਹਾਈਬ੍ਰਿਡ ਸਿੱਖਣ ਦੇ ਵਿਕਲਪ, ਅਤੇ ਬਿਹਤਰ ਵਿੱਤੀ ਸਥਿਰਤਾ ਸ਼ਾਮਲ ਹਨ। ਵਿਦੇਸ਼ ਵਿੱਚ ਅਧਿਐਨ ਕਰਨ ਲਈ ਵਿੱਤੀ ਪਹਿਲੂ ਵਿਦੇਸ਼ਾਂ ਵਿੱਚ ਪੜ੍ਹਨ ਦੀ ਲਾਗਤ ਭਾਰਤੀ ਵਿਦਿਆਰਥੀਆਂ ਲਈ ਇੱਕ ਵੱਡੀ ਰੁਕਾਵਟ ਬਣ ਸਕਦੀ ਹੈ। ਹਾਲਾਂਕਿ, ਹਾਲ ਹੀ ਦੇ ਸਾਲਾਂ ਵਿੱਚ ਵਿਦੇਸ਼ੀ ਸਿੱਖਿਆ ਲਈ ਕਰਜ਼ੇ ਦੀਆਂ ਅਰਜ਼ੀਆਂ ਵਿੱਚ ਵਾਧਾ ਹੋਇਆ ਹੈ। ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੇ ਅਨੁਸਾਰ, ਸਿੱਖਿਆ ਕਰਜ਼ਿਆਂ ਦੇ ਅਧੀਨ ਬਕਾਇਆ ਪੋਰਟਫੋਲੀਓ ਸਾਲ 2022-23 ਵਿੱਚ 17 ਪ੍ਰਤੀਸ਼ਤ ਵਧ ਕੇ 96,847 ਕਰੋੜ ਰੁਪਏ ਹੋ ਗਿਆ ਜਦੋਂ ਕਿ ਪਿਛਲੇ ਸਾਲ ਵਿੱਚ ਇਹ ?82,723 ਕਰੋੜ ਸੀ। ਵਿਦੇਸ਼ੀ ਸਿੱਖਿਆ ਲਈ ਵੰਡੇ ਗਏ ਸਿੱਖਿਆ ਕਰਜ਼ਿਆਂ ਦਾ ਕੁੱਲ ਮੁੱਲ 2021-22 ਵਿੱਚ 15,445.62 ਕਰੋੜ ਤੋਂ ਵਧ ਕੇ 2022-23 ਵਿੱਚ 23,576.02 ਕਰੋੜ ਹੋ ਗਿਆ। ਇਹ 50% ਤੋਂ ਵੱਧ ਦਾ ਵਾਧਾ ਦਰਸਾਉਂਦਾ ਹੈ। ਸਕਾਲਰਸ਼ਿਪਾਂ ਅਤੇ ਹੋਰ ਵਿੱਤੀ ਸਹਾਇਤਾ ਵਿਕਲਪਾਂ ਦੀ ਉਪਲਬਧਤਾ ਬਿਨੈਕਾਰ ਆਪਣੀ ਅੰਤਰਰਾਸ਼ਟਰੀ ਸਿੱਖਿਆ ਨੂੰ ਫੰਡ ਦੇਣ ਲਈ ਵਿੱਤੀ ਸਹਾਇਤਾ ਦੇ ਵਿਕਲਪਕ ਸਰੋਤਾਂ, ਜਿਵੇਂ ਕਿ ਸਕਾਲਰਸ਼ਿਪ ਅਤੇ ਵਿੱਤੀ ਸਹਾਇਤਾ ਦੇ ਹੋਰ ਰੂਪਾਂ ਦੀ ਖੋਜ ਕਰਨ ਦਾ ਫੈਸਲਾ ਵੀ ਕਰ ਸਕਦੇ ਹਨ। ਕੁਝ ਮੌਕੇ ਹੇਠਾਂ ਦਿੱਤੇ ਗਏ ਹਨ: ਫੁਲਬ੍ਰਾਈਟ-ਨਹਿਰੂ ਫੈਲੋਸ਼ਿਪ ਪ੍ਰੋਗਰਾਮ: ਇਹ ਪ੍ਰੋਗਰਾਮ ਅਮਰੀਕੀ ਸਰਕਾਰ ਦੁਆਰਾ ਭਾਰਤੀ ਵਿਦਵਾਨਾਂ ਅਤੇ ਪੇਸ਼ੇਵਰਾਂ ਨੂੰ ਪੇਸ਼ ਕੀਤਾ ਜਾਂਦਾ ਹੈ ਜੋ ਸੰਯੁਕਤ ਰਾਜ ਵਿੱਚ ਅਧਿਐਨ ਕਰਨਾ, ਖੋਜ ਕਰਨਾ ਜਾਂ ਪੜ੍ਹਾਉਣਾ ਚਾਹੁੰਦੇ ਹਨ।

**ਸਕਾਲਰਸ਼ਿਪ** : ਇਹ ਸਕਾਲਰਸ਼ਿਪ ਯੂਕੇ ਸਰਕਾਰ ਵੱਲੋਂ ਭਾਰਤੀ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਹੈ ਜੋ ਯੂਕੇ ਵਿੱਚ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਵਿੱਚ ਪੋਸਟ ਗ੍ਰੈਜੂਏਟ ਪੜ੍ਹਾਈ ਕਰਨਾ ਚਾਹੁੰਦੇ ਹਨ। ਆਗਾ ਖਾਨ ਫਾਊਂਡੇਸ਼ਨ ਇੰਟਰਨੈਸ਼ਨਲ ਸਕਾਲਰਸ਼ਿਪ ਪ੍ਰੋਗਰਾਮ: ਇਹ ਪ੍ਰੋਗਰਾਮ ਆਗਾ ਖਾਨ ਫਾਊਂਡੇਸ਼ਨ ਦੁਆਰਾ ਵਿਕਾਸਸ਼ੀਲ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਪੇਸ਼ ਕੀਤਾ ਜਾਂਦਾ ਹੈ ਜੋ ਵਿਦੇਸ਼ਾਂ ਵਿੱਚ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਵਿੱਚ ਪੋਸਟ ਗ੍ਰੈਜੂਏਟ ਪੜ੍ਹਾਈ ਕਰਨਾ ਚਾਹੁੰਦੇ ਹਨ।

**ਰੋਡਜ਼ ਸਕਾਲਰਸ਼ਿਪ:** ਇਹ ਸਕਾਲਰਸ਼ਿਪ ਪੂਰੀ ਦੁਨੀਆ ਦੇ ਹੋਣਹਾਰ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਹੈ ਜੋ ਆਕਸਫੋਰਡ ਯੂਨੀਵਰਸਿਟੀ ਵਿੱਚ ਪੋਸਟ ਗ੍ਰੈਜੂਏਟ ਪੜ੍ਹਾਈ ਕਰਨਾ ਚਾਹੁੰਦੇ ਹਨ। ਸਕਾਲਰਸ਼ਿਪਾਂ ਅਤੇ ਗ੍ਰਾਂਟਾਂ ਤੋਂ ਇਲਾਵਾ, ਵਿਦੇਸ਼ਾਂ ਵਿੱਚ ਆਪਣੀ ਪੜ੍ਹਾਈ ਕਰ ਰਹੇ ਭਾਰਤੀ ਵਿਦਿਆਰਥੀਆਂ ਲਈ ਕਈ ਹੋਰ ਵਿੱਤੀ ਸਹਾਇਤਾ ਵਿਕਲਪ ਉਪਲਬਧ ਹਨ। ਇਹਨਾਂ ਵਿੱਤੀ ਸਹਾਇਤਾ ਵਿਕਲਪਾਂ ਵਿੱਚ ਵਿਦਿਆਰਥੀ ਲੋਨ ਪ੍ਰੋਗਰਾਮ, ਕੰਮ-ਅਧਿਐਨ ਪ੍ਰੋਗਰਾਮ, ਅਤੇ ਅਧਿਆਪਨ ਸਹਾਇਤਾ ਸ਼ਾਮਲ ਹਨ।













# ਫੇਫੜਿਆਂ ਦੇ ਕੈਂਸਰ ਦਾ ਵੱਧ ਰਿਹਾ ਘੇਰਾ

*''ਖਾਣ-ਪੀਣ ਦੇ ਪਦਾਰਥਾਂ ਦਾ ਸੁਆਦ ਬਰਕਰਾਰ ਰੱਖਣ ਵਾਲੇ ਫੂਡ ਰਸਾਇਣ, ਤੰਬਾਕੂਨੋਸ਼ੀ ਦਾ ਧੂੰਆ, ਮਿੱਟੀ-ਘੱਟੇ ਵਾਲਾ ਮਾਹੌਲ, ਘਰ ਦੇ ਅੰਦਰ-ਬਾਹਰ ਹਵਾ ਦੀ ਮਾੜੀ ਕੁਆਲਟੀ, ਵਰਕ-ਪਲੇਸ 'ਤੇ ਕੈਮੀਕਲ ਵਾਲਾ ਵਾਤਾਵਰਣ, ਅਲਕੋਹਲ ਦੀ ਜ਼ਿਆਦਾ ਵਰਤੋਂ, ਕਮਜ਼ੋਰ ਫੇਫੜੇ, ਵਗੈਰਾ ਕੈਂਸਰ ਦਾ ਕਾਰਨ ਬਣ ਰਹੇ ਹਨ'' - ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ*




ਫੇਫੜੇ ਦਾ ਕੈਂਸਰ ਮਹੀਨਾ 2023 ਦਾ ਥੀਮ ਹੈ- “ਅਜੂਕੇਸ਼ਨ, ਸ਼ਸ਼ਕਤੀਕਰਨ,'ਤੇ ਬਿਮਾਰੀ ਨੂੰ ਜੜ ਤੋਂ ਖਤਮ ਕਰਨਾ” ਵਿਸ਼ਵ ਭਰ ਵਿੱਚ ਫੇਫੜਿਆਂ ਦਾ ਕੈਂਸਰ ਤੇਜ਼ੀ ਨਾਲ ਵੱਧ ਰਿਹਾ ਹੈ। ਛੋਟੇ ਬੱਚੇ, ਅਤੇ ਮੱਧ ਉਮਰ ਦੇ ਔਰਤ-ਮਰਦ ਸਾਹ-ਤੰਤਰ ਦੇ ਰੋਗਾਂ ਦੇ ਸ਼ਿਕਾਰ ਹੋ ਰਹੇ ਹਨ। ਇਸ ਮਹੀਨੇ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਸਾਹ ਦੀ ਦੇਖਭਾਲ 'ਤੇ ਤੰਦਰੁਸਤ ਫੇਫੜਿਆਂ ਲਈ ਦੂਨੀਆ ਭਰ ਵਿਚ ਫੇਫੜੇ ਦੇ ਆਮ 'ਤੇ ਗੰਭੀਰ ਰੋਗਾਂ ਬਾਰੇ ਜਾਗਰੂਕ ਕੀਤਾ ਜਾਂਦਾ ਹੈ। ਸਾਹ ਸਿਸਟਮ ਦੇ ਰੋਗ, ਦਮਾ, ਪਲਮਨਰੀ ਰੋਗ, ਫੇਫੜਿਆਂ ਦਾ ਕੈਂਸਰ, ਸਟੀਕ ਫਾਈਬਰੋਸਿਸ, ਸਲੀਪ ਐਪਨੀਆ ਵਗੈਰਾ ਬੱਚੇ, ਨੌਜਵਾਨ, ਗਰਭਵਤੀ ਔਰਤਾਂ 'ਤੇ ਸੀਨੀਅਰਜ਼ ਤੇਜ਼ੀ ਨਾਲ ਘੇਰੇ ਵਿਚ ਆ ਰਹੇ ਹਨ। ਸਾਹ-ਰੋਗਾਂ ਦੇ ਆਮ ਕਾਰਨਾਂ ਵਿਚ ਤੰਬਾਕੂਨੋਸ਼ੀ ਦਾ ਧੂੰਆਂ, ਦੂਜੇ ਰਾਹੀਂ ਸਮੋਕ ਦਾ ਧੂੰਆਂ, ਘਰ ਦੇ ਅੰਦਰ 'ਤੇ ਬਾਹਰੀ ਹਵਾ ਦੀ ਕੁਆਲਟੀ, ਮਿੱਟੀ-ਘੱਟੇ ਵਾਲਾ ਮਾਹੌਲ, ਅਲਕੋਹਲ ਦਾ ਵਾਧੂ ਸੇਵਨ, ਫੂਡ ਨੂੰ ਸੁਆਦੀ ਬਣਾਉਣ ਵਾਲੇ ਰਸਾਇਣ ਅਤੇ ਵਰਕ ਪਲੇਸ ਰਸਾਇਣ ਵਗੈਰਾ ਸ਼ਾਮਿਲ ਹਨ।

ਕੋਵਿਡ 19 ਦੇ ਵੈਕਸੀਨ ਤੋਂ ਬਾਅਦ ਕਮਜੋਰ ਫੇਫੜੇ ਵਾਲੇ, ਵਿਸ਼ਵ ਭਰ ਵਿਚ ਫੇਫੜੇ ਦੇ ਗੰਭੀਰ ਰੋਗਾਂ ਦਾ ਅੰਕੜਾ ਵੱਧਿਆ ਹੈ। ਅੰਦਾਜ਼ਨ ਕਈ ਮਿਲੀਅਨ ਸਾਹ ਰੋਗਾਂ ਦੇ ਸ਼ਿਕਾਰ ਜਿਨਾਂ ਵਿਚੋਂ ਲੱਖਾਂ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਸਿਰਫ ਅਮਰੀਕਾ ਵਿਚ 19.5 ਮਿਲੀਅਨ ਦਾ ਆਂਕੜਾ ਵੱਧ ਰਹੀ ਸਿਗਰੇਟ-ਤੰਬਾਕੂਨੋਸ਼ੀ ਕਾਰਨ ਦੇਖਿਆ ਜਾ ਰਿਹਾ ਹੈ। ਨੌਜਵਾਨ ਪੀੜੀ ਨੂੰ ਈ-ਸਿਗਰੇਟ ਨੇ ਆਪਣੇ ਘੇਰੇ ਵਿਚ ਲੈ ਲਿਆ ਹੈ। ਥੈਰੇਪਿਸਟ ਸਰਬੋਤਮ ਕਾਰਡੀਓਪੁਲਮਨਰੀ ਫੰਕਸ਼ਨ, ਪੋਸਟ-ਸਰਜ਼ੀਕਲ ਮਰੀਜ਼ਾਂ ਦੇ ਸਾਹ ਦੀ ਦੇਖਭਾਲ ਅਤੇ ਤੰਦਰੁਸਤੀ ਲਈ ਕੰਮ ਕਰੇ ਹਨ। ਇਸ ਸਾਹ ਦੀ ਦੇਖਭਾਲ ਹਫਤੇ ਦੌਰਾਣ ਦਮਾ ਅਤੇ ਸੀਓਪੀਡੀ (ਪਲਮਨਰੀ-ਰੋਗ), ਲੰਗ ਕੈਂਸਰ



**ਅਨਿਲ ਧੀਰ**
**ਕਾਲਮਨਿਸਟ**
healthmedia1@hotmail.com

ਵਰਗੀਆਂ ਬਿਮਾਰੀਆਂ ਤੋਂ ਬਚਾਅ ਅਤੇ ਹਾਲਾਤ ਨਾਲ ਲੜਨ ਬਾਰੇ ਪਬਲਿਕ ਨੂੰ ਅਵੇਅਰ ਕੀਤਾ ਜਾਂਦਾ ਹੈ। ਹਸਪਤਾਲ, ਕਮਿਊਨੀਟੀ ਸੈਂਟਰ, ਪਾਰਕਾਂ ਵਿਚ ਮੁਫਤ ਸਕ੍ਰੀਨਿੰਗ, ਐਕਸਰਸਾਈਜ਼ ਤੇ ਯੋਗਾ ਦੁਆਰਾ ਫੇਫੜਿਆਂ ਨੂੰ ਤੰਦਰੁਸਤ ਰੱਖਣ ਬਾਰੇ ਇਵੈਂਟ, 'ਤੇ ਅਵੇਅਰਨੈਸ ਕੈਂਪ ਲਗਾਏ ਜਾਂਦੇ ਹਨ।

ਸਰੀਰ ਅੰਦਰ ਫੇਫੜੇ ਛਾਤੀ ਦੀ ਕੈਵਿਟੀ ਵਿਚ ਬ੍ਰੈਸਟ ਬੋਨ ਦੇ ਦੋਵੇਂ ਪਾਸੇ ਹੁੰਦੇ ਹਨ। ਮਿਸਰ ਦੇ ਲੋਕਾਂ ਨੇ ਫੇਫੜਿਆਂ ਦਾ ਇੱਕ ਹਾਇਰੋਗਲਾਈਫ ਤਿਆਰ ਕੀਤਾ ਗਿਆ, ਜੋ ਵਿੰਡ ਪਾਈਪ ਨਾਲ ਜੁੜੇ ਫੇਫੜਿਆਂ ਬਾਰੇ ਜਾਣਕਾਰੀ ਦਿੰਦਾ ਹੈ। 1930 ਤੋਂ 1940 ਦੇ ਦਹਾਕਿਆਂ ਦੇ ਦੌਰਾਣ ਦਮੇ ਦੇ ਇਲਾਜ ਲਈ ਮਨੋਚਿਕਿਤਸਕਾਂ ਤੋਂ ਮਦਦ ਮੰਗੀ ਗਈ ਸੀ। ਸਾਹ ਦੇ ਖੇਤਰ ਨਾਲ ਜੁੜੇ ਚਿਕਿਤਸਕ ਦਿਲ ਦੇ ਦੌਰੇ, ਸਟਰੋਕ ਅਤੇ ਸਦਮੇ ਤੋਂ ਪੀੜਿਤ ਲੋਕਾਂ ਦੀ ਦੇਖਭਾਲ ਵੀ ਕਰਦੇ ਹਨ। ਬਾਹਰੀ ਪਦਾਰਥ ਮਿੱਟੀ-ਘੱਟਾ ਹਵਾ ਗਲੇ ਅੰਦਰ ਵਿੰਡ ਪਾਈਪ ਵਿਚ ਜਾਂਦੀ ਹੈ। ਸਰੀਰ ਅੰਦਰ ਆਕਸੀਜਨ ਪ੍ਰਾਪਤ ਕਰਨ ਲਈ ਵਿਅਕਤੀ ਆਪਣੇ ਮੂੰਹ ਅਤੇ ਨੱਕ ਰਾਹੀਂ ਹਵਾ ਸਾਹ ਨਾਲ ਮੂੰਹ 'ਤੇ ਨੱਕ ਵਿਚ ਲੇਸਦਾਰ ਝਿੱਲੀ ਨੂੰ ਗਰਮ ਅਤੇ ਹਵਾ ਗਿੱਲਾ ਕਰਦੀ ਹੈ। ਆਕਸੀਜਨ ਅਤੇ ਸਾਹ ਲੈਣ ਦੀ ਕ੍ਰਿਆ ਦੌਰਾਣ ਵਿਅਕਤੀ ਪ੍ਰਤੀ ਘੰਟਾ 0.59 ਤਰਲ ਆਓਂਸ ਪਾਣੀ ਘੱਟ ਜਾਂਦਾ ਹੈ। ਇੱਕ ਬਾਲਗ 20 ਮਿਨਟ ਤੱਕ ਆਪਣੇ ਸਾਹ ਨੂੰ 30 ਤੋਂ 60 ਸੈਕਿੰਡ ਦੇ ਵਿਚਾਲੇ ਰੱਖ ਸਕਦੇ ਹਨ ਅਤੇ ਤਜਰਬੇਕਾਰ ਗੋਤਾਖੋਰ 20 ਮਿਨਟ ਤੱਕ ਪਾਣੀ ਵਿਚ ਰਹਿ ਸਕਦੇ ਹਨ। ਸ਼ਾਹ ਦੀ ਸਿਹਤ ਨੂੰ ਫਿਟ ਰੱਖਣ ਲਈ ਅੱਗੇ ਦੱਸੀਆਂ ਗੱਲਾਂ 'ਤੇ ਗੌਰ ਕਰਨ ਦੀ ਲੋੜ ਹੈ:

- ਸੀਜ਼ਨਲ ਫਲੂ ਅਤੇ ਨਮੂਨੀਆ ਦੇ ਟੀਕੇ ਲਗਵਾਓਣ ਨਾਲ ਫੇਫੜਿਆਂ ਦੀ ਇਨਫੈਕਸ਼ਨ ਨੂੰ ਰੋਕਣ ਅਤੇ ਫੇਫੜਿਆਂ ਨੂੰ ਫਿਟ ਰੱਖਣ ਵਿਚ ਮਦਦ ਮਿਲ ਸਕਦੀ ਹੈ।
- ਤੰਬਾਕੂਨੋਸ਼ੀ ਆਮ ਖੰਘ ਤੋਂ ਲੈ ਕੇ ਕੈਂਸਰ ਅਤੇ ਸੀਓਪੀਡੀ ਤੱਕ ਲੈ ਜਾਂਦੀ ਹੈ। ਬਚਪਨ ਤੋਂ ਹੀ ਬੱਚਿਆਂ ਨੂੰ ਤੰਬਾਕੂਨੋਸ਼ੀ ਦੇ ਖਤਰਿਆਂ ਤੋਂ ਜਾਣੂ ਕਰਾਓ। ਤੰਦਰੁਸਤ ਲੰਗਜ਼ ਲਈ ਤੰਬਾਕੂਨੋਸ਼ੀ (ਸਿਗਰੇਟ, ਬੀੜੀ, ਬੀਡ) ਵਗੈਰਾ ਨਸ਼ਿਆਂ ਤੋਂ ਦੂਰ ਰਹਿਣ ਦੀ ਲੋੜ ਹੈ। ਤੰਬਾਕੂ ਇਸਤੇਮਾਲ ਕਰਨ ਵਾਲੇ ਅੱਜ ਹੀ ਮਾੜੀ ਆਦਤ ਛੱਡ ਕੇ ਪਰਿਵਾਰ 'ਤੇ ਸਮਾਜ ਲਈ ਇਕ ਰੋਲ ਮਾਡਲ ਬਣੋ।
- ਸਿਗਰੇਟ, ਬੀੜੀ, ਸਿਗਾਰ ਰਾਹੀਂ ਪੈਦਾ ਹੋਏ ਦੂਜੇ ਹੱਥ ਦੇ ਧੂੰਏਂ ਤੋਂ ਹਮੇਸ਼ਾ ਬਚੋ। ਦੂਜੇ ਹੱਥ ਦੇ ਧੂੰਆ ਪੂਰੇ ਸਮਾਜ ਨੂੰ ਬਿਮਾਰ ਕਰ ਰਿਹਾ ਹੈ। ਆਪਣੇ ਸਾਹਮਣੇ ਸਮੋਕ ਕਰਨ ਵਾਲੇ ਨੂੰ ਹਮੇਸ਼ਾ ਧੂੰਆ ਨਾ ਉਡਾਨ ਲਈ ਕਹੋ।
- ਫੇਫੜਿਆਂ ਸਹੀ ਐਕਟਵਿਟੀ ਲਈ ਮਾਹਿਰ ਦੀ ਸਲਾਹ ਨਾਲ ਯੋਗਾਸਨ, ਕਸਰਤ, ਵਰਕ ਆਉਟ ਸ਼ੁਰੂ ਕਰ ਦਿਓ। ਆਕਸੀਜਨ ਮਿਲਦੀ ਰਹੇ, ਸਰੀਰਕ ਹਿਲਡੁਲ ਯਾਨਿ ਕਸਰਤ ਜਰੂਰੀ ਹੈ।
- ਫੇਫੜਿਆਂ ਦੀ ਮਜਬੂਤੀ ਲਈ ਗੁਬਾਰਾ ਫੁਲਾਉਣ ਦੀ ਕ੍ਰਿਆ ਯਾਨਿ ਮੂੰਹ ਅੰਦਰ ਹਵਾ ਭਰ ਕੇ ਕੁੱਝ ਸੈਕੰਡ ਸਾਹ ਰੋਕਣ ਦਾ ਯਤਨ ਕਰੋ ਅਤੇ ਹਵਾ ਹੋਲੀ-ਹੋਲੀ ਛੱਡਣ ਦੀ ਕ੍ਰਿਆ ਕਰਨ ਦੀ ਆਦਤ ਪਾ ਲਵੋ।
- ਬਾਹਰੀ ਹਵਾ ਪ੍ਰਦੂਸ਼ਣ ਨੂੰ ਕੰਟਰੋਲ ਲਈ ਹਰ ਆਦਮੀ ਨੂੰ ਆਲੇ-ਦੁਆਲੇ ਦੀ ਸਫਾਈ ਦਾ ਧਿਆਣ ਰੱਖਣ ਦੀ ਲੋੜ ਹੈ। ਘਰ ਅੰਦਰ ਦੀ ਹਵਾ 'ਤੇ ਚੰਗੇ ਵਾਤਾਵਰਣ ਲਈ ਖੁਸ਼ਬੂ-ਸਪ੍ਰੇ, ਅਗਰਵਤੀ, ਲਕੜੀ ਜਲਾਨਾ, ਧੂਫ ਦੀ ਵਰਤੋਂ ਨਾ ਕਰਕੇ ਤਾਜ਼ੇ ਫੁੱਲਾਂ ਦਾ ਇਸਤੇਮਾਲ ਕਰੋ। ਹਰ ਮਹੀਨੇ ਫਰਨੇਸ ਦਾ ਫਿਲਟਰ ਚੇਂਜ ਕਰੋ।
- ਤੰਬਾਕੂਨੋਸ਼ੀ ਤੋਂ ਬਾਅਦ ਰੇਡਨ ਗੈਸ ਫੇਫੜੇ ਦਾ ਕੈਂਸਰ ਬਣ ਜਾਂਦਾ ਹੈ ਆਪਣੇ ਘਰ ਲਈ ਰੇਡਨ ਦਾ ਟੇਸਟ ਵੀ ਕੀਤਾ ਜਾ ਸਕਦਾ ਹੈ।
- ਜੂਕਾਮ, ਖੰਘ, ਛਿੱਕਾਂ ਤੋਂ ਬਚਣ ਅਤੇ ਫੇਫੜਿਆਂ ਅੰਦਰ ਜਮੀ ਬਲਗਮ ਨੂੰ ਡ੍ਰੇਣ ਕਰਨ ਲਈ ਭਾਫ ਥੈਰੇਪੀ ਯਾਨਿ ਸਟੀਮ ਦਿਨ ਵਿਚ 2 ਬਾਰ ਲਵੋ। ਗਰਮ ਪਾਣੀ ਦੀ ਭਾਫ ਨਮੀ ਨਾਲ ਸਾਹ ਸਿਸਟਮ ਨੂੰ ਦਰੁਸਤ ਕਰਦੀ ਹੈ।
- ਕੀਟਾਣੂਆਂ ਦੀ ਇਨਫੈਕਸ਼ਨ ਤੋਂ ਬਚਣ ਲਈ ਹਰ ਉਮਰ ਦੇ ਲੋਕਾਂ ਨੂੰ ਪਰਸਨਲ ਸਫਾਈ ਯਾਨਿ ਆਪਣੇ ਹੱਥਾਂ ਨੂੰ ਸਾਬੁਨ ਨਾਲ ਚੰਗੀ ਤਰਾਂ ਧੋਣਾ, ਬਾਰ-ਬਾਰ ਹੱਥਾਂ ਨੂੰ ਸੈਨੀਟਾਈਜ਼ ਕਰਨ ਦੇ ਨਾਲ ਮੂੰਹ ਨੂੰ ਮਾਸਕ ਨਾਲ ਢੱਕ ਕੇ ਰੱਖਣਾ ਚਾਹੀਦਾ ਹੈ।
- ਅੱਖਾਂ, ਮੂੰਹ 'ਤੇ ਹੱਥਾਂ ਦੀ ਸੁਰੱਖਿਆ ਲਈ ਵਰਕ ਪਲੇਸ 'ਤੇ ਕੈਮੀਕਲਜ਼ ਨਾਲ ਕੰਮ ਕਰਨ ਵੇਲੇ ਸੇਫਟੀ ਲਈ ਗਲੱਬਸ, ਫੇਸ ਮਾਸਕ ਅਤੇ ਸੇਫਟੀ ਐਨਕਾਂ ਦੀ ਵਰਤੋਂ ਜਰੂਰ ਕਰਨ।
- ਤੰਦਰੁਸਤ ਫੇਫੜਿਆਂ ਲਈ ਐਂਟੀ ਆਕਸੀਡੈਂਟ, ਪੌਸ਼ਟਿਕ ਭੋਜਨ ਹਰੀ ਪੱਤੇਦਾਰ ਸਬਜ਼ੀਆਂ, ਹਲਦੀ, ਜਿੰਜਰ, ਪੰਪਕਿਨ, ਮੱਛੀ, ਮਿਰਚ, ਪੁਦੀਨਾ, ਟਮਾਟਰ, ਬੇਰੀਜ਼, ਜੈਤੂਨ ਦਾ ਤੇਲ, ਕਾਫੀ, ਜਿੰਜਰ-ਗਾਰਲਿਕ ਸੂਪ, ਗਰਮ ਦੁੱਧ, ਸ਼ਹਿਦ, ਵਗੈਰਾ ਸ਼ਾਮਿਲ ਕਰੋ।

ਨੋਟ: ਕੋਈ ਵੀ ਕੰਮ ਕਰਨ ਵੇਲੇ ਕਮਜ਼ੋਰੀ ਮਹਿਸੂਸ ਹੋਣਾ, ਸਾਹ ਲੈਣ 'ਚ ਮੁਸ਼ਕਲ, ਦੱਮ ਘੁਟਣਾ, ਛਾਤੀ ਵਿਚ ਦਰਦ ਅਤੇ ਖੰਘ ਜਿਆਦਾ ਦੇਰ ਤੱਕ ਰਹਿਣ ਦੀ ਹਾਲਤ ਵਿਚ ਬਿਨਾ ਦੇਰੀ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲਵੋ।

# ਔਰਤਾਂ ਨੂੰ ਕਿਉਂ ਹੁੰਦਾ ਹੈ ਅਨੀਮੀਆ ਦਾ ਜ਼ਿਆਦਾ ਖਤਰਾ

ਇਨਸਾਨਾਂ ਦੇ ਸਰੀਰ ਦੀ ਰਚਨਾ ਬਹੁਤ ਪੇਚੀਦਗੀ ਨਾਲ ਕੀਤੀ ਗਈ ਹੈ। ਔਰਤਾਂ ਤੇ ਮਰਦਾਂ ਦਾ ਸਰੀਰ ਕਈ ਮੂਲ ਅੰਤਰ ਵਾਲਾ ਹੁੰਦਾ ਹੈ। ਤੁਹਾਨੂੰ ਦਸ ਦੇਈਏ ਕਿ ਔਰਤਾਂ ਦਾ ਸਰੀਰ ਮਰਦਾਂ ਨਾਲੋਂ ਵਧੇਰੇ ਗੁੰਝਲਦਾਰ ਹੁੰਦਾ ਹੈ। ਇਹੀ ਕਾਰਨ ਹੈ ਕਿ ਔਰਤਾਂ ਨੂੰ ਖੂਨ ਦੀ ਜ਼ਿਆਦਾ ਲੋੜ ਹੁੰਦੀ ਹੈ। ਕਿਉਂਕਿ ਖੂਨ ਹਰ ਕਿਸੇ ਲਈ ਜੀਵਨ ਦਾ ਆਧਾਰ ਹੈ। ਇਸ ਲਈ, ਅਨੀਮੀਆ ਬਿਮਾਰੀ ਔਰਤਾਂ ਲਈ ਘਾਤਕ ਹੋ ਸਕਦੀ ਹੈ। ਖੂਨ ਸਰੀਰ ਦੇ ਹਰ ਅੰਗ ਅਤੇ ਹੋਰ ਅੰਗਾਂ ਵਿਚਕਾਰ ਸੰਪਰਕ ਨੂੰ ਸੰਭਵ ਬਣਾਉਂਦਾ ਹੈ।

ਖੂਨ ਦੇ ਕਾਰਨ ਹੀ ਸਰੀਰ ਦੇ ਹਰ ਹਿੱਸੇ ਤੱਕ ਆਕਸੀਜਨ ਅਤੇ ਜ਼ਰੂਰੀ ਪੌਸ਼ਟਿਕ ਤੱਤ ਪਹੁੰਚਦੇ ਹਨ ਖੂਨ ਦੇ RBC ਵਿੱਚ ਮੌਜੂਦ ਹੀਮੋਗਲੋਬਿਨ ਕਾਰਨ ਆਕਸੀਜਨ ਸਰੀਰ ਦੇ ਹਰ ਹਿੱਸੇ ਤੱਕ ਪਹੁੰਚਦੀ ਹੈ। ਹੀਮੋਗਲੋਬਿਨ ਦੇ ਬਿਨਾਂ, ਆਕਸੀਜਨ ਦੀ ਉਪਲਬਧਤਾ ਘੱਟ ਜਾਂਦੀ ਹੈ। ਉੱਥੋਂ ਕਾਰਬਨ ਡਾਈਆਕਸਾਈਡ ਸਰੀਰ ਵਿੱਚੋਂ ਬਾਹਰ ਨਿਕਲਦੀ ਹੈ। ਇਸ ਲਈ ਸਰੀਰ ਦੇ ਹਰ ਹਿੱਸੇ ਤੱਕ ਖੂਨ ਦਾ ਪਹੁੰਚਣਾ ਜ਼ਰੂਰੀ ਹੈ। ਜੋ ਲੋਕ ਹੀਮੋਗਲੋਬਿਨ ਦੀ ਕਮੀ ਤੋਂ ਪੀੜਤ ਹਨ, ਉਹ ਅਨੀਮੀਆ ਤੋਂ ਪੀੜਤ ਹੁੰਦੇ ਹਨ।

ਔਰਤਾਂ ਅਕਸਰ ਅਨੀਮੀਆ ਦਾ ਸ਼ਿਕਾਰ ਹੋ ਜਾਂਦੀਆਂ ਹਨ। ਪਰ ਜੇਕਰ ਅਨੀਮੀਆ ਦਾ ਜਲਦੀ ਇਲਾਜ ਨਾ ਕਰਵਾਇਆ ਜਾਵੇ ਤਾਂ ਹਾਲਤ ਗੰਭੀਰ ਵੀ ਹੋ ਸਕਦੀ ਹੈ। ਔਰਤਾਂ ਦੇ ਸਰੀਰ ਵਿੱਚ ਕੁਝ ਖਾਸ ਲੱਛਣ ਅਨੀਮੀਆ ਦੇ ਲੱਛਣਾਂ ਹੋ ਸਕਦੇ ਹਨ, ਆਓ ਜਾਣਦੇ ਹਾਂ ਇਸ ਬਾਰੇ

**ਔਰਤਾਂ ਨੂੰ ਜ਼ਿਆਦਾ ਕਿਉਂ ਹੁੰਦੀ ਹੈ ਅਨੀਮੀਆ**




**ਦੀ ਬਿਮਾਰੀ:** ਜਦੋਂ ਭੋਜਨ ਵਿੱਚ ਆਇਰਨ ਦੀ ਮਾਤਰਾ ਨਾ ਹੋਵੇ ਜਾਂ ਬਹੁਤ ਘੱਟ ਹੋਵੇ, ਜਾਂ ਕਿਸੇ ਕਾਰਨ ਬਹੁਤ ਜ਼ਿਆਦਾ ਖੂਨ ਸਰੀਰ ਵਿੱਚੋਂ ਬਾਹਰ ਨਿਕਲ ਜਾਵੇ, ਤਾਂ ਅਨੀਮੀਆ ਹੋ ਸਕਦਾ ਹੈ। ਕੁਝ ਬਿਮਾਰੀਆਂ ਕਾਰਨ ਹੀਮੋਗਲੋਬਿਨ ਦੀ ਕਮੀ ਵੀ ਹੁੰਦੀ ਹੈ। ਔਰਤਾਂ ਨੂੰ ਹਰ ਮਹੀਨੇ ਪੀਰੀਅਡਸ ਦੌਰਾਨ ਬਲੱਡ ਰਿਲੀਜ਼ ਦਾ ਸਾਹਮਣਾ ਕਰਨਾ ਪੈਂਦਾ ਹੈ।

ਜਿਨ੍ਹਾਂ ਔਰਤਾਂ ਨੂੰ ਮਾਹਵਾਰੀ ਜ਼ਿਆਦਾ ਹੁੰਦੀ ਹੈ, ਉਨ੍ਹਾਂ ਨੂੰ ਅਨੀਮੀਆ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਦੂਜੇ ਪਾਸੇ ਜੇਕਰ ਖਾਣੇ ਵਿੱਚ ਹਰੀਆਂ ਪੱਤੇਦਾਰ ਸਬਜ਼ੀਆਂ ਦੀ ਕਮੀ ਹੋਵੇ ਤਾਂ ਅਨੀਮੀਆ ਹੋ ਸਕਦਾ ਹੈ। ਇਸ ਤਰ੍ਹਾਂ ਔਰਤਾਂ ਨੂੰ ਹਮੇਸ਼ਾ ਅਨੀਮੀਆ ਦਾ ਖਤਰਾ ਬਣਿਆ ਰਹਿੰਦਾ ਹੈ।

**ਆਓ ਜਾਣਦੇ ਹਾਂ ਆਇਰਨ ਦੀ ਕਮੀ ਦੇ ਸੰਕੇਤਾਂ ਬਾਰੇ**

**ਭੁੱਖ ਨਾ ਲੱਗਣਾ** - ਅਨੀਮੀਆ ਦੇ ਕਾਰਨ ਔਰਤਾਂ ਨੂੰ ਬਹੁਤ ਘੱਟ ਭੁੱਖ ਲੱਗਦੀ ਹੈ। ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਪੇਟ ਭਰ ਗਿਆ ਹੋਵੇ। ਕਿਉਂਕਿ ਪਹਿਲਾਂ ਹੀ ਕਮਜ਼ੋਰੀ ਅਤੇ ਥਕਾਵਟ ਹੁੰਦੀ ਹੈ, ਜੇਕਰ ਪੌਸ਼ਟਿਕ ਤੱਤ ਨਾ ਮਿਲਣ ਤਾਂ ਸਮੱਸਿਆਵਾਂ ਹੋਰ ਵਧ ਜਾਂਦੀਆਂ ਹਨ।

**ਸਕਿਨ ਦਾ ਰੰਗ ਬਦਲਣਾ** - ਸਰੀਰ ਵਿੱਚ ਅਨੀਮੀਆ ਜਾਂ ਹੀਮੋਗਲੋਬਿਨ ਦੀ ਕਮੀ ਦੇ ਕਾਰਨ ਸਕਿਨ ਦਾ ਰੰਗ ਪੀਲਾ ਪੈਣਾ ਸ਼ੁਰੂ ਹੋ ਜਾਂਦਾ ਹੈ। ਨਹੁੰ ਬਹੁਤ ਕਮਜ਼ੋਰ ਹੋਣ ਲੱਗਦੇ ਹਨ। ਹੱਥ-ਪੈਰ ਬਹੁਤ ਠੰਢੇ ਹੋ ਜਾਂਦੇ ਹਨ।

**ਬਹੁਤ ਜ਼ਿਆਦਾ ਥਕਾਵਟ ਅਤੇ ਕਮਜ਼ੋਰੀ ਮਹਿਸੂਸ ਹੋਣਾ** - ਜਦੋਂ ਔਰਤਾਂ ਦੇ ਸਰੀਰ ਵਿੱਚ ਹੀਮੋਗਲੋਬਿਨ ਦੀ ਕਮੀ ਹੁੰਦੀ ਹੈ, ਤਾਂ ਸਰੀਰ ਵਿੱਚ ਸਭ ਤੋਂ ਵੱਧ ਕਮਜ਼ੋਰੀ ਅਤੇ ਥਕਾਵਟ ਹੁੰਦੀ ਹੈ। ਅਸੀਂ ਇੰਨੇ ਕਮਜ਼ੋਰ ਹੋ ਜਾਂਦੇ ਹਾਂ ਕਿ ਕਿਸੇ ਨੂੰ ਕੋਈ ਕੰਮ ਕਰਨ ਵਿੱਚ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਆਕਸੀਜਨ ਹਰ ਅੰਗ ਤੱਕ ਨਹੀਂ ਪਹੁੰਚ ਪਾਉਂਦੀ।

**ਛਾਤੀ ਵਿੱਚ ਦਰਦ**- ਹੀਮੋਗਲੋਬਿਨ ਦੀ ਕਮੀ ਕਾਰਨ ਸਾਹ ਤੇਜ਼ ਹੋ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਦਿਲ ਨੂੰ ਲੋੜੀਂਦੀ ਆਕਸੀਜਨ ਦੀ ਸਪਲਾਈ ਨਹੀਂ ਮਿਲਦੀ, ਜਿਸ ਕਾਰਨ ਕਈ ਵਾਰ ਸਾਹ ਲੈਣ ਵਿੱਚ ਤਕਲੀਫ਼ ਹੋਣ ਲੱਗਦੀ ਹੈ। ਇਸ ਨਾਲ ਛਾਤੀ ਵਿੱਚ ਦਰਦ ਵੀ ਹੋ ਸਕਦਾ ਹੈ।

**ਸਿਰਦਰਦ ਅਤੇ ਚੱਕਰ ਆਉਣਾ**- ਜੇਕਰ ਔਰਤਾਂ ਅਨੀਮੀਆ ਤੋਂ ਪੀੜਤ ਹਨ ਤਾਂ ਉਹ ਅਕਸਰ ਸਿਰਦਰਦ ਅਤੇ ਚੱਕਰ ਆਉਣ ਦੀ ਸ਼ਿਕਾਇਤ ਕਰਦੀਆਂ ਹਨ। ਇਸ ਨਾਲ ਦਿਨ ਭਰ ਚਿੜਚਿੜਾਪਨ ਰਹਿੰਦਾ ਹੈ। ਕੋਈ ਕੰਮ ਕਰਦੇ ਸਮੇਂ ਬੇਚੈਨੀ ਮਹਿਸੂਸ ਹੋਵੇਗੀ।

**ਖੂਨ ਦੀ ਕਮੀ ਨੂੰ ਇੰਝ ਕੀਤਾ ਜਾ ਸਕਦਾ ਹੈ ਪੂਰਾ:** ਆਇਰਨ ਦੀ ਕਮੀ ਲਈ ਮਾਸਾਹਾਰੀ ਦੌਰਾਨ ਸੀ-ਫੂਡ, ਮੀਟ, ਸੁੱਕੇ ਮੇਵੇ ਆਦਿ ਦਾ ਸੇਵਨ ਕਰੋ। ਜੋ ਲੋਕ ਸ਼ਾਕਾਹਾਰੀ ਹਨ ਉਨ੍ਹਾਂ ਨੂੰ ਸੁੱਕੇ ਮੇਵੇ, ਗੂੜ੍ਹੀਆਂ ਹਰੇ ਰੰਗ ਦੀਆਂ ਪੱਤੇਦਾਰ ਸਬਜ਼ੀਆਂ ਜਿਵੇਂ ਪਾਲਕ, ਕੇਲ ਆਦਿ ਦਾ ਸੇਵਨ ਕਰਨਾ ਚਾਹੀਦਾ ਹੈ, ਇਸ ਤੋਂ ਇਲਾਵਾ ਕਿਸ਼ਮਿਸ਼, ਖੁਰਮਾਨੀ, ਮਟਰ, ਫੁੱਲ ਗੋਭੀ, ਅੰਗੂਰ, ਸੰਤਰਾ, ਤਰਬੂਜ, ਸਟ੍ਰਾਬੇਰੀ, ਤਰਬੂਜ, ਅਨਾਰ ਆਦਿ ਦਾ ਸੇਵਨ ਕਰ ਕੇ ਆਇਰਨ ਦੀ ਕਮੀ ਨੂੰ ਪੂਰਾ ਕੀਤਾ ਜਾ ਸਕਦਾ ਹੈ।



## ਰਾਏ ਭੋਏ ਦੀ ਤਲਵੰਡੀ

ਰਾਏ ਭੋਏ ਦੀ ਤਲਵੰਡੀ
ਘੁਲ਼ੀ ਹਵਾ 'ਚ ਸੁਗੰਧੀ।
ਚੰਨ ਚਮਕੇ ਘਨੇਰਾ।
ਜਾਪੇ ਰਾਤ 'ਚ ਸਵੇਰਾ।

ਚੱਲੇ ਹਵਾ 'ਚ ਸੰਗੀਤ।
ਕਾਇਨਾਤ ਗਾਵੇ ਗੀਤ।
ਫੁੱਲ ਖਿੜੇ ਨੇ ਘਨੇਰੇ।
ਮਹਿਤਾ ਕਾਲੂ ਜੀ ਦੇ ਵਿਹੜੇ।

ਦੀਨ ਦੁਨੀਆਂ ਦਾ ਵਾਲੀ ।
ਉਹ ਦੀ ਖੇਡ ਹੈ ਨਿਰਾਲੀ।
ਲੱਖਾਂ ਧਰਤ ਅਕਾਸ਼ ।
ਜਿਹਦੀ ਕਰਦੇ ਨੇ ਆਸ।
ਮਾਂ ਤ੍ਰਿਪਤਾ ਦੀ ਕੁੱਖੋਂ
ਓਦ੍ਹਾ ਹੋਇਆ ਪ੍ਰਕਾਸ਼।

ਉਹ ਪੀਰਾਂ ਦਾ ਹੈ ਪੀਰ।
ਭੈਣ ਨਾਨਕੀ ਦਾ ਵੀਰ।
ਓਹੀ ਅੱਲਾ ਉਹੀ ਰਾਮ।
ਉਹਦਾ ਨਾਨਕ ਹੈ ਨਾਮ।

ਓਹੋ ਹਿੰਦੂਆਂ ਦਾ ਗੁਰੂ,
ਇਸਲਾਮੀਆਂ ਦਾ ਪੀਰ।
ਜੋਗੀਆਂ ਦਾ ਮਹਾਂ ਜੋਗੀ,
ਉਹਨੂੰ ਝੁਕਦੇ ਫ਼ਕੀਰ।

ਓਹੋ ਪਾਂਧੇ ਨੂੰ ਪੜ੍ਹਾਵੇ।
ਓਹੋ ਪਾਂਡੇ ਨੂੰ ਸਿਖਾਵੇ।
ਮੋਦੀਖਾਨੇ ਵਿੱਚ ਬੈਠਾ
ਤੇਰਾ ਤੇਰਾ ਤੋਲੀ ਜਾਵੇ।

ਸਚਾ ਸਉਦਾ ਕਰਨੇ ਨੂੰ
ਜਦੋਂ ਪਿਤਾ ਜੀ ਘਲਾਵੇ।
ਬਾਬਾ ਸੱਚੇ-ਸੁੱਚੇ ਸਾਧੂਆਂ
ਨੂੰ ਲੰਗਰ ਛਕਾਵੇ।

ਬਾਬਾ ਮੱਝੀਆਂ ਨੂੰ ਚਾਰੇ।
ਕੌਡੇ ਜਹਿ ਕਈ ਤਾਰੇ।
ਓਹਦੀ ਮਿਹਰ ਦੀ ਨਜ਼ਰ,
ਕਰ ਦੇਂਦੀ ਵਾਰੇ ਨਿਆਰੇ।

ਠੱਗਾਂ ਤਾਈਂ ਸਮਝਾਵੇ।
ਸਚੇ ਸੱਜਨ ਬਣਾਵੇ।
ਮਾਣ ਵਲੀਆਂ ਦਾ ਤੋੜੇ,
ਪੰਜਾਂ ਪਰਬਤਾਂ ਨੂੰ ਲਾਵੇ।

ਛੱਡ ਭਾਗੋ ਦੇ ਮਹੱਲ,
ਕੁੱਲੀ ਲਾਲੋ ਦੀ ਚ ਬਹਿੰਦਾ।
ਉਹ ਨਿਮਾਣਿਆਂ-ਨਿਤਾਣਿਆਂ
ਨੂੰ, ਮਾਣ ਤਾਣ ਦੇਂਦਾ।

ਬਾਬਾ ਪਰਬਤਾਂ ਤੇ ਜਾਵੇ,
ਜਿੱਥੇ ਸਿੱਧ ਬੈਠੇ ਭਾਰੇ।
ਸਿੱਧ ਮੰਡਲੀ ਨੂੰ ਜਿੱਤੇ,
ਬਾਣ ਸ਼ਬਦਾਂ ਦੇ ਮਾਰੇ।

ਜਦੋਂ ਪੁਛਦੇ ਨੇਂ ਹਾਜੀ।
ਰੱਬ ਕਿਹਦੇ ਉੱਤੇ ਰਾਜ਼ੀ।
ਦੱਸੋ ਹਿੰਦੂ ਜਾਂ ਮੁਲਾਣੇ,
ਅੱਗੇ ਜਿੱਤਣਗੇ ਬਾਜ਼ੀ।

ਬਾਬਾ ਦੇਵੇ ਉਪਦੇਸ਼
ਸੁਣੋ ਸੱਚੀ ਗੱਲ ਹਾਜੀ।
ਸ਼ੁਭ ਅੰਬਲਾਂ ਦੀ ਜਿੱਤ
ਨਾ ਕੋਈ ਹਿੰਦੂ ਨਾ ਕੋਈ ਕਾਜ਼ੀ।

ਇੱਕ ਭਾਈ ਮਰਦਾਨਾ
ਦੂਜਾ ਸੰਧੂ ਜੱਟ ਬਾਲਾ।
ਮੇਰੇ ਸਤਿਗੁਰਾਂ ਨਾਲ,
ਏਹੇ ਸਾਥ ਨਿਰਾਲਾ।

ਕਈ ਕਰੋੜ ਬ੍ਰਹਿਮੰਡ
ਜੱਸ ਗਾਂਵਦੇ ਨੇ ਜੀਹਦਾ।
ਬੰਡਾਲੇ ਵਾਲਿਆਂ ਵੇ ਗਾ ਲੈ,
ਓਹਦਾ ਲਿਖਕੇ ਕਸੀਦਾ।

ਨਿਗਾਂ ਮਿਹਰ ਵਾਲੀ ਮਾਰ,
ਗੁਰੂ ਨਾਨਕ ਦਾਤਾਰ।
ਹੱਥ ਜੋੜ ਪਰਗਟ,
ਕਿਹਾ ਅਰਜ਼ਾਂ ਗੁਜ਼ਾਰ।

ਪ੍ਰਗਟ ਸਿੰਘ

## ਜਗਤ ਗੁਰ ਬਾਬਾ

ਇੱਕ ਨੂਰ ਇਲਾਹੀ ਅੱਜ ਸੀ
ਧਰਤੀ ਉੱਤੇ ਆਇਆ,
ਵਿੱਚ ਅਕਾਸ਼ ਜਿਓਂ ਪੁੰਨਿਆਂ ਦਾ
ਚੰਨ ਰੁਸ਼ਨਾਇਆ।
ਕੋਈ ਮੁਰਸ਼ਦ ਮਿਲਿਆ ਤਪਦੀ
ਹੋਈ ਲੋਕਾਈ ਨੂੰ,
ਵਹਿਮਾਂ ਭਰਮਾਂ ਨੇ ਜਿੱਥੇ ਜਾਲ
ਸੀ ਵਿਛਾਇਆ।
ਪੌਣਾਂ ਖੁਸ਼ ਹੋ ਸੁਗੰਧੀਆਂ ਤਾਂਈ
ਘੋਲਦੀਆਂ,
ਵਾਤਾਵਰਨ ਨੂੰ ਜਿੰਨਾਂ ਨੇ ਸੀ
ਮਹਿਕਾਇਆ।
ਹਰ ਪਾਸੇ ਅਵਾਜ਼ ਨਾਨਕ
ਨਾਨਕ ਆਉਦੀ ਸੀ,
ਸਭ ਨੇ ਕੰਨੋਂ ਕੰਨੀ ਸੁਣਿਆ
ਤੇ ਸੁਣਾਇਆ।
ਧਰਤੀ, ਅੰਬਰ ਤੇ ਤਾਰੇ ਵੀ
ਫਿਰਦੇ ਨਸ਼ਿਆਂਏ ਨੇ,
ਵਿੱਚ ਨਨਕਾਣੇ ਅੱਜ ਰੱਬ ਨੇ
ਫੇਰਾ ਪਾਇਆ।
ਸਭ ਦੇਣ ਵਧਾਈਆਂ ਪਿਤਾ ਜੀ
ਮਹਿਤੇ ਕਾਲੂ ਨੂੰ,
ਮਾਤਾ ਤ੍ਰਿਪਤਾ ਨੇ ਇਹ ਕੈਸਾ
ਬਾਲਕ ਜਾਇਆ।
ਜ਼ਾਹਰ ਪੀਰ ਜਗਤ ਗੁਰ ਬਾਬਾ
ਨਾਨਕ ਜੀ,
ਜਿੰਨਾਂ ਕਲਯੁਗ ਅੰਦਰ ਇੱਕੋ
ਰੱਬ ਦਿਖਾਇਆ।
ਪੱਤੋ, ਆਉ ਸਿਜਦਾ ਕਰੀਏ ਬਾਬੇ
ਨਾਨਕ ਨੂੰ,
ਹੋ ਗਏ ਪਾਰ ਜਿੰਨਾਂ ਨਾਨਕ
ਨਾਮ ਧਿਆਇਆ।

ਹਰਪ੍ਰੀਤ ਪੱਤੋ
94658-21417

## ਹੇ ਗੁਰੂ ਨਾਨਕ

ਅਸੀਂ ਤੈਨੂੰ ਨਮਸਕਾਰ ਕਰਦੇ ਹਾਂ
ਕਿਉਂਕਿ ਤੁਸੀਂ ਸਾਨੂੰ ਇਹ ਸਮਝਾਇਆ
ਕਿ ਸਭ ਮਨੁੱਖ ਬਰਾਬਰ ਹਨ,
ਕੋਈ ਜ਼ਾਤ ਤੇ ਰੰਗ ਕਰਕੇ
ਵੱਡਾ, ਛੋਟਾ ਨਹੀਂ।
ਕਿਸੇ ਦਾ ਹੱਕ ਖਾਣਾ
ਮਾਸ ਖਾਣ ਦੇ ਬਰਾਬਰ ਹੈ।
ਹੇ ਗੁਰੂ ਨਾਨਕ
ਅਸੀਂ ਤੈਨੂੰ ਨਮਸਕਾਰ ਕਰਦੇ ਹਾਂ
ਕਿਉਂਕਿ ਤੂੰ ਸਾਨੂੰ ਨਾਮ ਜਪਣਾ,
ਦਸਾਂ ਨਹੁੰਆਂ ਦੀ ਕਿਰਤ ਕਰਨਾ
ਅਤੇ ਵੰਡ ਕੇ ਛਕਣਾ ਸਿਖਾਇਆ।
ਜ਼ੁਲਮ, ਜਬਰ ਦਾ ਨਿਡਰ ਹੋ ਕੇ
ਟਾਕਰਾ ਕਰਨਾ ਸਿਖਾਇਆ।
ਔਰਤ ਦਾ ਸਤਿਕਾਰ ਕਰਨਾ ਸਿਖਾਇਆ
ਜਿਸ ਨੇ ਗੁਰੂਆਂ, ਪੀਰਾਂ, ਫ਼ਕੀਰਾਂ,
ਪੈਗੰਬਰਾਂ, ਮਹਾਰਾਜਿਆਂ, ਮਹਾਂਦਾਨੀਆਂ
ਤੇ ਮਹਾਂਯੋਧਿਆਂ ਨੂੰ ਜਨਮ ਦਿੱਤਾ ਹੈ।
ਨਸ਼ਿਆਂ ਤੋਂ ਦੂਰ ਰਹਿਣਾ ਸਿਖਾਇਆ
ਜਿਨ੍ਹਾਂ ਦੀ ਵਰਤੋਂ ਨਾਲ
ਮਨੁੱਖ, ਮਨੁੱਖ ਨਹੀਂ ਰਹਿੰਦਾ
ਸਗੋਂ ਪਸ਼ੂ ਬਣ ਜਾਂਦਾ ਹੈ।



ਮਹਿੰਦਰ ਸਿੰਘ ਮਾਨ
9915803554

## ਰਿਸ਼ੀ ਮੁਨੀਆਂ ਦਾ ਦੇਸ ?

ਲਾਏ ਹੁੰਦੇ ਨੇ ਆਮ ਲੋਕਾਈ ਦੇ ਲਈ
ਕੋਈ ਫਰਕ ਨਾ ਚੋਰਾਂ ਨੂੰ ਤਾਲਿਆਂ ਦਾ।
ਰਿਹਾ ਕੋਈ ਵਿਸ਼ਵਾਸ ਨਾ ਲੀਡਰਾਂ 'ਤੇ
ਬਾਹਰੋਂ ਗੋਰਿਆਂ ਅੰਦਰੋਂ ਕਾਲਿਆਂ ਦਾ।
'ਦਲ' ਬਣਦਾ ਏ 'ਪੰਚ ਪ੍ਰਧਾਨਗੀ' 'ਤੇ
ਕਬਜ਼ਾ ਹੋ ਜਾਂਦਾ ਜੀਜੇ ਤੇ ਸਾਲਿਆਂ ਦਾ।
ਅਹੁਦੇਦਾਰ ਕੋਈ ਐਸਾ ਨਾ ਲੱਭਦਾ ਏ
ਜਿਸ'ਤੇ ਹੋਵੇ ਨਾ ਦਾਗ ਘੁਟਾਲਿਆਂ ਦਾ।
ਨਵਿਆਂ ਉੱਤੇ ਵੀ ਰੰਗ ਏ ਚੜ੍ਹਨ ਲਗਦਾ
ਖਿਝ ਕੇ 'ਕੁਰਸੀ' ਦੇ ਉੱਤੋਂ ਉਠਾਲਿਆਂ ਦਾ।
ਰਿਸ਼ਿਆਂ ਮੁਨੀਆਂ ਦਾ ਆਖਦੇ ਦੇਸ਼ ਸਾਡਾ
ਹੁਣ ਬਣ ਗਿਆ ਘਾਲਿਆਂ ਮਾਲਿਆਂ ਦਾ!



-ਤਰਲੋਚਨ ਸਿੰਘ ਦੁਪਾਲਪੁਰ
001-408-915-1268

## ਅੰਧ ਵਿਸ਼ਵਾਸ਼ਾਂ ਨੂੰ ਸਮਝਾਇਆ ਸੀ ਗੁਰੂ ਨਾਨਕ ਨੇ

ਇਕ ਸੁੰਦਰ ਸੰਸਾਰ ਬਣਾਇਆ ਸੀ ਗੁਰੂ ਨਾਨਕ ਨੇ।
ਅੰਧ ਵਿਸ਼ਵਾਸ਼ਾਂ ਨੂੰ ਸਮਝਾਇਆ ਸੀ ਗੁਰੂ ਨਾਨਕ ਨੇ।
ਮਾਤਾ ਤ੍ਰਿਪਤਾ ਦੇ ਘਰ ਜਨਮੇ ਮਹਿਤਾ ਕਾਲੂ ਜੀ ਦੇ ਜਾਏ।
ਰਾਇ ਭੋਇ ਤਲਵੰਡੀ ਅੰਦਰ ਇਕ ਜੋਤੀ ਲੈ ਕੇ ਆਏ।
ਕਿਰਸਾਨੀ ਤੇ ਲੇਖਣ ਨੂੰ ਮਾਨਵਤਾ ਦੇ ਵਿਚ ਪਰੋਇਆ।
ਵਿਸ਼ਵ ਜਗਤ ਦੀ ਵਾਸਤਵਿਕਤਾ ਦੇ ਵਿਚ ਚਾਨਣ ਹੋਇਆ।
ਬੀਬੀ ਸੁਲੱਖਣੀ ਦੇ ਨਾਲ ਸ਼ਾਦੀ ਦੇ ਬੰਧਨ ਵਿਚ ਬੱਝੇ।
ਲਖਮੀ ਚੰਦ ਤੇ ਸ੍ਰੀ ਚੰਦ ਜੀ, ਦੋ ਇਹਨ੍ਹਾਂ ਦੇ ਉੱਦਮੀ ਬੱਚੇ।
ਬੀਬੀ ਨਾਨਕੀ ਅਪਣੀ ਭੈਣ ਦਾ ਢਾਢਾ ਪਿਆਰ ਸੀ ਪਾਇਆ।
ਏਸ ਪਵਿੱਤਰ ਰਿਸ਼ਤੇ ਦਾ ਸੀ ਇਕ ਇਤਿਹਾਸ ਬਣਾਇਆ।
ਬਾਬਾ ਨਾਨਕ ਨੇ ੧ਓ ਦਾ ਐਸਾ ਇਕ ਪ੍ਰਤੀਕ ਬਣਾਇਆ।
ਇਸ ਦੇ ਬਦਲੇ ਅਜਤਕ ਕੋਈ ਦੂਜਾ ਨਾਂਅ ਨਈਂ ਆਇਆ।
ਕਵਿਤਾ ਵਿਚ ਪ੍ਰਤੀਕਾਂ ਬਿੰਬਾਂ ਤਸ਼ਬੀਹਾਂ ਦੇ ਸੂਰਜ।
ਇੰਨਸਾਨੀ ਕਦਰਾਂ ਕੀਮਤਾਂ ਦੀ ਜਿਸ ਵਿਚ ਹੈ ਇਕ ਸੂਰਤ।
ਆਗਾਮੀ ਪੀੜੀਆਂ ਦੇ ਲਈ ਬਾਣੀ ਹੈ ਇਕ ਚੜ੍ਹਦਾ ਸੂਰਜ।
ਮਾਨਵ-ਆਜ਼ਾਦੀ ਦਾ ਅਦੁਭਤ ਨੇਰੇ ਵਿਚ ਨਾ ਖੜ੍ਹਦਾ ਸੂਰਜ।
ਮੀਲ ਹਜ਼ਾਰਾਂ ਪੈਦਲ ਚੱਲ ਕੇ ਚਿੰਤਨ ਨੂੰ ਰੁਸ਼ਨਾਇਆ।
ਸਾਮਾਜਿਕ ਇੰਨਸਾਫ਼ ਲਈ ਖ਼ੁਦ ਨੂੰ ਕਸ਼ਟਾਂ ਦੇ ਵਿਚ ਪਾਇਆ
ਦੰਪਤੀ ਜੀਵਨ ਦੀ ਕੀਤੀ ਹੈ ਬਾਣੀ ਵਿਚ ਵੱਡਿਆਈ।
ਦੈਹਿਕ-ਭੌਤਿਕ ਸੁੱਖਾਂ ਦੀ ਵੀ ਕੀਤੀ ਰਾਹਨੁਮਾਈ।
ਬਾਲਾ ਤੇ ਮਰਦਾਨਾ ਦੋਵੇਂ ਸੱਚੇ ਮਿੱਤਰ ਨਾਲ ਰਹੇ।
ਕੀਰਤਨ ਦੀ ਮਰਿਆਦਾ ਅੰਦਰ ਬਣ ਕੇ ਸੱਚੀ ਢਾਲ ਰਹੇ।
ਦੇਸ਼ ਵਿਦੇਸ਼ਾਂ ਦੀ ਮਾਨਵਤਾ ਨੂੰ ਸਿੱਧੇ ਰਾਹੇ ਪਾਇਆ।
ਰੂਪ ਵਿਧਾਨਾਂ ਵਾਲੀ ਕਵਿਤਾ ਦੇ ਵਿਚ ਜਗਤ ਸਜਾਇਆ।
ਜਾਗਰਣ ਪ੍ਰੇਰਣਾ, ਸੰਘਰਸ਼, ਕਰਤੱਵ, ਵਿਚਾਰਕ ਚਿੰਤਨ ਸ਼ਕਤੀ।
ਇਨਾ ਤੱਤਾਂ ਦੇ ਵਿਚ ਭਰ ਤੀ ਸਾਰੀ ਸਮਤੀ ਭਗਤੀ।
ਅੰਤ ਸਮੇਂ ਵਿਚ ਮਿਹਨਤ ਕਰਕੇ ਖੇਤੀ ਨੂੰ ਅਪਣਾਇਆ।
ਤਾਂ ਫਿਰ 'ਬਾਲਮ' ਬਾਬਾ ਨਾਨਕ, ਨਾਨਕ ਸੀ ਕਹਿਲਾਇਆ।
ਕਰਤਾਰਪੁਰੇ ਵਿਚ 69 ਸਾਲੀਂ ਜੋਤੀ ਜੋਤ ਸਮਾਏ।
ਸਭ ਧਰਮਾਂ ਦੇ ਰਹਿਬਰ ਬਣ ਕੇ ਇਕ ਇੰਨਸਾਨ ਕਹਾਏ।

ਬਲਵਿੰਦਰ ਬਾਲਮ ਗੁਰਦਾਸਪੁਰ
98156-25409

## ਗੁਰੂ ਨਾਨਕ ਦੀ ਸਿੱਖੀ

ਖੰਨਿਉਂ ਤਿੱਖੀ ਵਾਲੋਂ ਨਿੱਕੀ, ਸੌਖੀ ਨਹੀਂ ਕਮਾਉਣੀ ਸਿੱਖੀ,
ਜਿਸ ਨੇ ਤਨ ਮਨ ਨਾਲ ਕਮਾਈ ਪੂਜਣ ਯੋਗ ਬਣਾਉਂਦੀ ਹੈ।
ਗੁਰੂ ਨਾਨਕ ਦੇਵ ਦੀ ਸਿੱਖੀ ਜਿਉਂਣ ਦਾ ਵੱਲ ਸਿਖਾਂਉਦੀ ਹੈ।
ਦੁਨੀਆਂ ਨਾਲੋਂ ਇਸ ਸਿੱਖੀ ਦੀ ਦਿੱਖ ਨਿਆਰੀ ਹੈ,
ਸੱਚੇ ਸਿੱਖ ਨੂੰ ਸਿੱਖੀ ਜਾਨੋਂ ਤੋਂ ਵੱਧ ਪਿਆਰੀ ਹੈ,
ਭਲਾ ਮੰਗੇ ਸਰਬਤ ਦਾ ਕਦੇ ਨਾ ਬੁਰਾ ਤਕਾਉਂਦੀ ਹੈ।
ਗੁਰੂ ਨਾਨਕ ਦੇਵ ਦੀ....।
ਸੰਗਤ ਤੇ ਪੰਗਤ ਸਿੱਖੀ ਦੇ ਵੱਖਰੇ ਵਰਤਾਰੇ ਨੇ,
ਜਾਤ-ਪਾਤ ਦੇ ਦਿੱਤੇ ਜਿਨ੍ਹਾਂ ਸਮੇਟ ਖਿਲਾਰੇ ਨੇ,
ਉਚ ਨੀਚ ਦੇ ਸਾਰੇ ਭਰਮ ਤੇ ਭੇਦ ਮਿਟਾਉਂਦੀ ਹੈ।
ਗੁਰੂ ਨਾਨਕ ਦੇਵ ਦੀ....।
ਏਕਸ ਕੇ ਸਭ ਬਾਰਿਕ ਇਹ ਵਿਚਾਰ ਹੈ ਸਿੱਖੀ ਦਾ,
ਨਾ ਕੋ ਵੈਰੀ ਨਾ ਬਿਗਾਨਾ ਇਹ ਪ੍ਰਚਾਰ ਹੈ ਸਿੱਖੀ ਦਾ,
ਬ੍ਰਾਹਮਣ,ਖੱਤਰੀ,ਵੈਸ਼ ਤੇ ਸ਼ੂਦਰ ਇੱਕੋ ਪਾਲ ਬਿਠਾਉਂਦੀ ਹੈ।
ਗੁਰੂ ਨਾਨਕ ਦੇਵ ਦੀ....।
ਕਰਕੇ ਕਿਰਤ ਤੇ ਵੰਡ ਛੱਕਣ ਦੀ ਭਰਦੀ ਹਾਮੀ ਇਹ,
ਸਗਲ ਸ੍ਰਿਸ਼ਟੀ ਦਾ ਮੰਨਦੀ ਹੈ ਇੱਕ ਸਵਾਮੀ ਇਹ,
ਉਸ ਦੇ ਅੱਗੇ ਹੀ ਬੱਸ ਆਪਣਾ ਸੀਸ ਝੁਕਾਉਂਦੀ ਹੈ।
ਗੁਰੂ ਨਾਨਕ ਦੇਵ ਦੀ....।
ਠੱਗ ਬਿਰਤੀਆਂ ਵਾਲੇ ਸੱਜਣ ਬਣਾਏ ਸਿੱਖੀ ਨੇ,
ਭੂਮੀਏ ਵਰਗੇ ਚੋਰ ਚੋਰੀ ਤੋਂ ਹਟਾਏ ਸਿੱਖੀ ਨੇ,
ਪਾ ਕੇ ਸਿੱਧੇ ਰਾਹੇ ਧਰਮ ਦੀ ਕਾਰ ਕਰਾਉਂਦੀ ਹੈ।
ਗੁਰੂ ਨਾਨਕ ਦੇਵ ਦੀ....।
ਅਸਲੀ ਜੋਗ ਕਮਾਓ ਕਹਿੰਦੀ ਨਾਥ ਜੋਗੀਆਂ ਨੂੰ,
ਦੁਨੀਆਂ ਨਾ ਭਰਮਾਓ ਕਹਿੰਦੀ ਨਾਥ ਜੋਗੀਆਂ ਨੂੰ,
ਸੱਚਾ ਜੋਗ ਕਮਾਵਣ ਦੀ ਇਹ ਜੁਗਤ ਬਤਾਉਂਦੀ ਹੈ।
ਗੁਰੂ ਨਾਨਕ ਦੇਵ ਦੀ....।
ਸਦਾ ਬਖ਼ਸ਼ਦੀ ਆਈ ਹੈ ਇਹ ਮਾਣ ਨਿਮਾਣਿਆਂ ਨੂੰ,
ਤੱਤੀ ਤਵੀ ਬਹਿ ਕੇ ਵੀ ਇਹ ਮੰਨਦੀ ਭਾਣਿਆਂ ਨੂੰ,
ਖੇਡ ਖੇਡ ਕੇ ਅੱਗ ਨਾਲ ਵੀ ਇਹ ਠੰਢ ਵਰਤਾਉਂਦੀ ਹੈ।
ਗੁਰੂ ਨਾਨਕ ਦੇਵ ਦੀ....।
ਦਸ ਗੁਰੂ ਸਾਹਿਬਾਨ ਨੇ ਬਣਤ ਬਣਾਈ ਸਿੱਖੀ ਦੀ,
ਸਿਦਕੀ ਸਿੱਖਾਂ ਕੀਤੀ ਸਫ਼ਲ ਕਮਾਈ ਸਿੱਖੀ ਦੀ,
ਇਹ ਕਮਾਈ ਦਰਗਾਹ ਦੇ ਵਿਚ ਮੁੱਲ ਪਵਾਉਂਦੀ ਹੈ।
ਗੁਰੂ ਨਾਨਕ ਦੇਵ ਦੀ....।
ਰਹਿਣੀ, ਬਹਿਣੀ, ਕਹਿਣੀ ਦੇ ਵਿਚ ਵਿੱਥ ਨਾ ਰਹਿਣ ਦਿੰਦੀ,
ਕਰੇ ਬਿਆਨ ਹਕੀਕਤ ਕੋਈ ਵੀ ਮਿੱਥ ਨਾ ਰਹਿਣ ਦਿੰਦੀ,
ਰੱਖਦੀ ਨਾ ਕੋਈ ਉਹਲਾ ਸੱਚੋ ਸੱਚ ਸੁਣਾਉਂਦੀ ਹੈ।
ਗੁਰੂ ਨਾਨਕ ਦੇਵ ਦੀ....।
ਭਾਗੋ ਦੀ ਪ੍ਰਵਾਹ ਨਹੀਂ ਹੈ ਬਾਬੇ ਦੀ ਸਿੱਖੀ ਨੂੰ,
ਕਰਦੀ ਹੈ ਪ੍ਰਵਾਨ ਲਾਲੋ ਦੀ ਰੁੱਖੀ ਮਿੱਸੀ ਨੂੰ,
ਹੱਕ ਪਰਾਏ ਉਪਰ ਨਾ ਇਹ ਨਜ਼ਰ ਟਿਕਾਉਂਦੀ ਹੈ।
ਗੁਰੂ ਨਾਨਕ ਦੇਵ ਦੀ....।
ਧਰ ਕੇ ਸੀਸ ਤਲੀ 'ਤੇ ਲੜਦੀ ਆਈ ਇਹ ਸਿੱਖੀ,
ਮਜ਼ਲੂਮਾਂ ਲਈ 'ਚੋਹਲਾ' ਸਦਾ ਸਹਾਈ ਇਹ ਸਿੱਖੀ,
'ਰਮੇਸ਼ ਬੱਗੇ' ਦੀ ਕਲਮ ਤੋਂ ਇਹ ਕਵਿਤਾ ਲਿਖਵਾਉਂਦੀ ਹੈ।
ਗੁਰੂ ਨਾਨਕ ਦੇਵ ਦੀ ਸਿੱਖੀ ਜਿਉਣ ਦਾ ਵੱਲ ਸਿਖਾਉਂਦੀ ਹੈ।

-ਰਮੇਸ਼ ਬੱਗਾ ਚੋਹਲਾ

## ਸਿਜਦਾ

ਮਾਨਵਤਾ ਦਾ ਆਸ਼ਕ ਸੀ ਜੋ, ਗਿਆਨੀ ਤੇ ਵਿਗਿਆਨੀ।
ਗੁਰੂ ਨਾਨਕ ਜਿਹਾ ਜੱਗ ਤੇ ਲੋਕੋ, ਮਿਲਣਾ ਨਹੀਂ ਕੋਈ ਸਾਨੀ।

ਹਿੰਦੋਸਤਾਨ ਦਾ ਚੱਪਾ-ਚੱਪਾ, ਦੇਸ਼-ਵਿਦੇਸ਼ ਸੀ ਗਾਹਿਆ।
ਮਰਦਾਨੇ ਨੂੰ ਸਾਥੀ ਲੈ ਕੇ, ਰੱਬੀ ਨਾਦ ਸੁਣਾਇਆ।

ਸੱਜਣ ਠੱਗ ਜਾਂ ਕੌਡਾ ਰਾਖਸ਼, ਜਾਂ ਫਿਰ ਵਲੀ ਕੰਧਾਰੀ।
ਲੋਕ-ਭਲਾਈ ਕਰਨ ਲੱਗੇ, ਸਭ ਭੇਖੀ ਤੇ ਹੰਕਾਰੀ।

ਕਰਮਕਾਂਡ ਤੇ ਜਾਤ-ਪਾਤ ਦਾ, ਭੇਦ ਮਿਟਾਇਆ ਬਾਬੇ।
ਲਾਲੋ ਨੂੰ ਉਸ ਗਲ਼ ਨਾਲ ਲਾਇਆ, ਭਾਗੋ ਵਰਗੇ ਜਾਗੇ।

ਮੰਗਿਆ ਸਰਬੱਤ ਦਾ ਭਲਾ, ਤੇ ਸਭ ਨੂੰ ਸੀ ਇੱਕ ਕੀਤਾ।
ਨਾਰੀ ਨੂੰ ਉੱਚ-ਰੁਤਬਾ ਦਿੱਤਾ, ਪਾਟਿਆਂ ਨੂੰ ਉਸ ਸੀਤਾ।

ਬਾਬਰ ਨੂੰ ਉਸ ਜਾਬਰ ਕਹਿ ਕੇ, ਫਿੱਟ ਲਾਹਨਤ ਸੀ ਪਾਈ।
ਗੁਰੂ ਬਾਬੇ ਦੇ ਕੌਤਕ ਅੱਜ ਤੱਕ, ਗਾਵੇ ਸੁਣੇ ਲੋਕਾਈ।

ਹਿੰਦੂ-ਮੁਸਲਿਮ ਦੱਬੇ-ਕੁਚਲੇ, ਉਸ ਲਈ ਸਨ ਇਕ ਜੈਸੇ।
ਕੁੱਲ ਦੁਨੀਆਂ ਲਈ ਅਜਬ ਬਾਤ ਹੈ, ਕੰਮ ਕੀਤੇ ਨੇ ਕੈਸੇ।

ਨਾਥਾਂ, ਪੀਰਾਂ, ਜੋਗੀਆਂ ਨੇ ਜਦ, ਸੁਣੀ ਗੁਰੂ ਦੀ ਬਾਣੀ।
ਮਿਟ ਗਈ ਹਉਮੈ ਸੀਸ ਝੁਕਾਇਆ, ਬਣ ਗਏ ਉਹਦੇ ਹਾਣੀ।

ਲਹਿਣੇ ਨੂੰ ਗੁਰੂ ਅੰਗਦ ਬਣਾ ਕੇ, ਸੌਂਪ ਦਿੱਤੀ ਗੁਰਿਆਈ।
ਪੁੱਤਰਾਂ ਨੂੰ ਇੱਕ ਪਾਸੇ ਕੀਤਾ, ਰੀਤੀ ਨਵੀਂ ਚਲਾਈ।

ਗੁਰੂ ਬਾਬੇ ਦਾ ਜਸ ਤੇ ਬਾਣੀ, ਸੁਣੀ ਬੇਟੀ ਜਦ 'ਰੂਹੀ'।
ਨਿੱਤ ਸਵੇਰੇ 'ਜਪੁਜੀ' ਪੜ੍ਹਦੀ, ਕਰਦੀ ਤੂੰ ਹੀ ਤੂੰ ਹੀ।

ਆਓ ਸਾਰੇ ਰਲ਼ ਕੇ ਆਪਾਂ, ਬਾਣੀ ਗੁਰੂ ਦੀ ਗਾਈਏ।
ਚੜ੍ਹਦੀ ਕਲਾ 'ਚ ਰਹੀਏ, ਨਾਲ਼ੇ ਸਭ ਦੀ ਖ਼ੈਰ ਮਨਾਈਏ।

-ਪ੍ਰੋ. ਨਵ ਸੰਗੀਤ ਸਿੰਘ

## ਵਡਿਆਈ ਔਰਤ ਨੂੰ

ਰਿਸ਼ੀ ਮੁਨੀ ਕਈ ਮੰਨਦੇ ਰਹੇ ਬੁਰਿਆਈ ਔਰਤ ਨੂੰ।
ਗੁਰੂ ਨਾਨਕ ਦੇਵ ਨੇ ਦਿੱਤੀ ਹੈ ਵਡਿਆਈ ਔਰਤ ਨੂੰ।
ਕਿਸੇ ਕਿਹਾ ਬਘਿਆੜੀ ਇਸਨੂੰ ਕਿਸੇ ਨੇ ਜੁੱਤੀ ਪੈਰਾਂ ਦੀ,
ਇਸ ਦੇ ਹੱਕ ਵਿਚ ਕਲਮ ਕਦੇ ਨਾ ਭੁਗਤੀ ਸ਼ਾਇਰਾਂ ਦੀ,
ਬਖ਼ਸ਼ੀ ਨਹੀਂ ਵਿਦਵਾਨਾਂ ਨੇ ਚੰਗਿਆਈ ਔਰਤ ਨੂੰ।
ਗੁਰੂ ਨਾਨਕ....।

ਸਮਝਦੇ ਕਈ ਖਿਡੌਣਾ ਇਸ ਨੂੰ ਮਨ ਪ੍ਰਚਾਵੇ ਦਾ,
ਲੈਂਦੇ ਸੀ ਕਈ ਕੰਮ ਇਸ ਤੋਂ ਲੋਕ ਦਿਖਾਵੇ ਦਾ,
ਠੱਗਿਆ ਕਈ ਚਲਾਕਾਂ ਨਾਲ ਚਤਰਾਈ ਔਰਤ ਨੂੰ।
ਗੁਰੂ ਨਾਨਕ....।

ਇਸ ਦੀ ਕੁੱਖ 'ਚੋਂ ਜਨਮ ਲਿਆ ਰਾਜੇ ਮਹਾਂਰਾਜਿਆਂ ਨੇ,
ਫਿਰ ਵੀ ਲਿਹਾਜ਼ ਨਾ ਕੀਤਾ ਇਸ ਦਾ ਬੇਲਿਹਾਜ਼ਿਆਂ ਨੇ,
ਨਫ਼ਰਤ ਕਰਦੀ ਰਹੀ ਹੈ ਕੁੱਝ ਲੋਕਾਈ ਔਰਤ ਨੂੰ।
ਗੁਰੂ ਨਾਨਕ....।

ਬੀਰ, ਬਹਾਦਰ ਅਪਣੀ ਗੋਦ ਖਿਡਾਏ ਔਰਤ ਨੇ,
ਬੰਦੇ ਤਾਈਂ ਜਿਉਣ ਦੇ ਵੱਲ ਸਿਖਾਏ ਔਰਤ ਨੇ,
ਮਿਲਦੀ ਫਿਰ ਵੀ ਇੱਜ਼ਤ ਨਾ ਮਨ ਚਾਹੀ ਔਰਤ ਨੂੰ।
ਗੁਰੂ ਨਾਨਕ....।

ਘਰ ਪਰਿਵਾਰ ਦਾ ਭਲਾ ਹਮੇਸ਼ਾਂ ਚਾਹਿਆ ਔਰਤ ਨੇ,
ਭੁੱਖੀ ਰਹਿ ਕੇ ਟੱਬਰ ਤਾਈਂ ਰਜਾਇਆ ਔਰਤ ਨੇ,
ਅਕਾਲ ਪੁਰਖ ਨੇ ਭੇਜਿਆ ਕਰਨ ਭਲਾਈ ਔਰਤ ਨੂੰ।
ਗੁਰੂ ਨਾਨਕ....।
ਬਹੁਤੇ ਵਲ-ਛਲ ਕਰਨੇ ਨਹੀਂ ਹਨ ਆਉਂਦੇ ਔਰਤ ਨੂੰ,
ਦਗੇਬਾਜ਼ ਫ਼ਰੇਬੀ ਕਦੇ ਨਹੀਂ ਜੇ ਭਾਉਂਦੇ ਔਰਤ ਨੂੰ,
ਚੰਗੀ ਲੱਗਦੀ ਹੁੰਦੀ ਸਿਰਫ ਸਚਾਈ ਔਰਤ ਨੂੰ।
ਗੁਰੂ ਨਾਨਕ....।

ਕਿਹਾ ਬਾਬੇ ਨੇ ਮੰਦੇ ਬੋਲ ਨਾ ਬੋਲੋ ਇਨ੍ਹਾਂ ਨੂੰ,
ਢੋਰ ਗਵਾਰਾਂ ਨਾਲ ਕਦੇ ਨਾ ਤੋਲੋ ਇਨ੍ਹਾਂ ਨੂੰ,
ਮਾਂ ਭੈਣ ਜਿਹੀ ਜਾਣੋਂ ਦੇਖ ਪਰਾਈ ਔਰਤ ਨੂੰ।
ਗੁਰੂ ਨਾਨਕ....।

ਜਿਸ ਘਰ ਦੇ ਵਿਚ ਔਰਤ ਦਾ ਸਤਿਕਾਰ ਨਹੀਂ ਹੁੰਦਾ,
'ਬੱਗਾ' ਕਹਿੰਦਾ ਉਸ ਘਰ ਦੇ ਵਿਚ ਪਿਆਰ ਨਹੀਂ ਹੁੰਦਾ,
'ਚੋਹਲੇ' ਵਾਲਾ ਜਾਵੇ ਸੀਸ ਝੁਕਾਈ ਔਰਤ ਨੂੰ।

- ਰਮੇਸ਼ ਬੱਗਾ ਚੋਹਲਾ

Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD